ਪੰਜਾਬੀ ਵੀਰ ਪਰੰਪਰਾ 17ਵੀਂ ਸਦੀ

ਲੇਖਕ
ਸ਼ਮਸ਼ੇਰ ਸਿੰਘ ਅਸ਼ੋਕ

ਪੰਜਾਬੀ ਯੂਨੀਵਰਸਿਟੀ, ਪਟਿਆਲਾ

1971

ਪਹਿਲੀ ਵਾਰ : 1100

ਸ. ਅਮਰੀਕ ਸਿੰਘ, ਐਮ. ਏ., ਰਜਿਸਟਰਾਰ, ਪੰਜਾਬੀ ਯੂਨੀਵਰਸਿਟੀ, ਪਟਿਆਲਾ ਦੁਆਰਾ ਪ੍ਰਕਾਸ਼ਿਤ
ਅਤੇ ਜਸਪਾਲ ਪ੍ਰਿੰਟਿੰਗ ਪ੍ਰੈਸ, ਕਟੜਾ ਕਨ੍ਹਈਆਂ, ਅੰਮ੍ਰਿਤਸਰ ਦੁਆਰਾ ਮੁਦ੍ਰਿਤ ।

ਮੁੱਖ ਸ਼ਬਦ

ਪੰਜਾਬ, ਜਿਸ ਦੀ ਵੀਰ ਪਰੰਪਰਾ ਇਸ ਪੁਸਤਕ ਰਾਹੀਂ ਪੇਸ਼ ਕੀਤੀ ਜਾ ਰਹੀ ਹੈ, ਦਰ ਅਸਲ ਉਹ ਸਾਂਝਾ ਪੰਜਾਬ ਹੈ ਜਿਸ ਦਾ ਨਕਸ਼ਾ ਪੰਜਾਬ ਦੇ ਵਸਨੀਕ ਰਲ-ਮਿਲ ਕੇ ਗੁਰੂ ਨਾਨਕ-ਕਾਲ ਤੋਂ ਸਿੱਖ-ਰਾਜ ਦੇ ਸਮੇਂ ਤਕ ਉਲੀਕਦੇ ਚਲੇ ਆਏ ਹਨ।

ਇਸ ਤੋਂ ਪਹਿਲਾਂ ਪੰਜਾਬ ਕ੍ਰਮ-ਅਨੁਸਾਰ ਵੇਦਿਕ ਕਾਲ ਤੋਂ ਲੈ ਕੇ ਪੁਰਾਣਿਕ ਕਾਲ, ਬ੍ਰਾਹਮਣੀ ਕਾਲ, ਰਾਜਪੂਤ ਕਾਲ ਤੇ ਮੁਸਲਿਮ ਕਾਲ ਤਕ ਅਨੇਕ ਰੂਪ ਧਾਰਣ ਕਰਦਾ ਜਾਂ ਸਮੇਂ ਦੇ ਮੁਤਾਬਿਕ ਵੱਖੋ ਵੱਖ ਸ਼ਕਲਾਂ ਵਿਚ—ਕਦੇ ਸਪਤ ਸਿੰਧੂ ਤੇ ਕਦੇ ਵਾਹੀਕ ਜਾਂ ਪੰਚ ਨਦ ਪ੍ਰਦੇਸ਼ ਬਣ ਕੇ—ਹਮੇਸ਼ਾ ਵਟੀਜਦਾ ਚਲਿਆ ਆਇਆ ਹੈ। ਮਹਾਨ ਅਕਬਰ ਦੇ ਸਮੇਂ, ਜਿਵੇਂ ਕਿ ਆਈਨਿ ਅਕਬਰੀ (ਅਬੂਲ ਫ਼ਜ਼ਲ) ਤੋਂ ਪਤਾ ਲਗਦਾ ਹੈ, ਪੰਜਾਬ ਕੇਵਲ ਲਾਹੌਰ ਦੇ ਸੂਬੇ ਤਕ ਹੀ ਸੀਮਿਤ ਸੀ। ਸੂਬਾ ਮੁਲਤਾਨ (ਲਹਿੰਦਾ) ਤੇ ਸੂਬਾ ਕਸ਼ਮੀਰ (ਇਲਾਕਾ ਪਹਾੜ) ਇਸ ਤੋਂ ਵੱਖ ਭੂ-ਭਾਗ ਸਨ।

ਪਿੱਛੋਂ 19ਵੀਂ ਸਦੀ ਵਿਚ ਸ਼ੇਰਿ ਪੰਜਾਬ ਮਹਾਰਾਜਾ ਰਣਜੀਤ ਸਿੰਘ ਨੇ ਸਿੱਖਾਂ ਦੀਆਂ 12 ਮਿਸਲਾਂ ਨੂੰ ਇਕ ਕਰ ਕੇ ਸਿੱਖ-ਰਾਜ ਦਾ ਰੂਪ ਦਿੱਤਾ ਤੇ ਮੁਲਤਾਨ, ਕਸ਼ਮੀਰ, ਪਿਸ਼ਾਵਰ ਆਦਿ ਇਲਾਕੇ ਫ਼ਤਿਹ ਕਰ ਕੇ ਪੰਜਾਬ ਦੀ ਨਵੀਂ ਰੂਪ-ਰੇਖਾ ਬਣਾਈ। ਪੰਜਾਬ ਦੀ ਹੱਦ ਉਸ ਸਮੇਂ ਦਰਿਆ ਜਮੁਨਾ ਤਕ ਸੀ, ਜਿਸ ਵਿਚ ਅੰਬਾਲੇ ਤੋਂ ਲੈ ਕੇ ਸੂਬਾ ਸਰਹੱਦ (ਇਲਾਕਾ ਪਿਸ਼ਾਵਰ, ਬੰਨੂ ਆਦਿ), ਕਸ਼ਮੀਰ ਤੇ ਲੱਦਾਖ਼ ਦੇ ਨਾਲ ਹੀ ਬਾਈ ਧਾਰ ਦੇ ਸਾਰੇ ਹੀ ਪਹਾੜੀ ਇਲਾਕੇ ਵੀ ਸ਼ਾਮਲ ਸਨ।

ਸਿੱਖ-ਰਾਜ ਤੋਂ ਪਿੱਛੋਂ ਸੰਨ 1858 ਵਿਚ ਸਰਕਾਰ ਅੰਗ੍ਰੇਜ਼ੀ ਨੇ, ਸੰਨ 1857 ਦਾ ਗ਼ਦਰ ਖ਼ਤਮ ਹੋਣ ਸਾਰ ਨਵੇਂ ਰਾਜ-ਪ੍ਰਬੰਧ ਦੀ ਸਹੂਲੀਅਤ ਨੂੰ ਮੁੱਖ ਰੱਖ ਕੇ ਦਿੱਲੀ ਸਮੇਤ ਹਰਿਆਣਾ ਪ੍ਰਾਂਤ ਦੇ ਕੁਝ ਇਲਾਕੇ, ਜਿਨ੍ਹਾਂ ਵਿਚ ਗੁੜਗਾਉਂ, ਪਾਣੀਪਤ, ਰੋਹਤਕ, ਹਿੱਸਾਰ ਅਤੇ ਸਰਸਾ ਸ਼ਾਮਲ ਸਨ, ਉੱਤਰ ਪ੍ਰਦੇਸ਼ ਨਾਲੋਂ ਕੱਟ ਕੇ ਪੰਜਾਬ ਦੇ ਨਾਲ ਮਿਲਾ ਦਿੱਤੇ ਤੇ ਪਿਸ਼ਾਵਰ, ਬੰਨੂ ਆਦਿ ਅਟਕੋਂ ਪਾਰ ਦੇ ਇਲਾਕੇ ਸੂਬਾ ਸਰਹੱਦ ਦੇ ਨਾਂ ਹੇਠ ਪੰਜਾਬ ਨਾਲੋਂ ਤੋੜ ਲਏ।

ਇਸ ਤਰ੍ਹਾਂ ਪੰਜਾਂ ਪਾਣੀਆਂ ਦਾ ਦੇਸ ਪੰਜਾਬ, ਜਿਸ ਵਿਚ ਸ਼ੇਰਿ ਪੰਜਾਬ ਮਹਾਰਾਜਾ ਰਣਜੀਤ ਸਿੰਘ ਨੇ ਸਪਤ ਸਿੰਧੂ ਦੇ ਇਲਾਕੇ ਸ਼ਾਮਲ ਕਰ ਕੇ ਇਸ ਨੂੰ ਵਧਾਇਆ ਸੀ, ਅੰਗ੍ਰੇਜ਼ੀ ਹਕੂਮਤ ਨੇ ਸੂਬਾ ਸਰਹੱਦ ਪੰਜਾਬ ਦੇ ਨਾਲੋਂ ਤੋੜ ਕੇ ਤੇ ਦਿੱਲੀ ਡਵੀਜ਼ਨ ਦੇ ਕੁਝ ਨਵੇਂ ਇਲਾਕੇ ਜੋੜ ਕੇ ਇਕ ਪਾਸਿਓਂ ਘਟਾਇਆ ਤੇ ਦੂਜੇ ਪਾਸਿਓਂ ਰਾਜਨੀਤਿਕ ਨੁਕਤਾ ਨਿਗਾਹ ਨਾਲ ਥੋੜਾ ਜਿਹਾ ਵਧਾ ਵੀ ਦਿੱਤਾ।

ਸੰਨ 1947 ਤਕ ਪੰਜਾਬ ਦੀ ਬਾਕਾਇਦਾ ਇਹੋ ਰੂਪ-ਰੇਖਾ ਬਣੀ ਰਹੀ ਤੇ ਫੇਰ ਦੇਸ਼ ਦੇ ਆਜ਼ਾਦ ਹੋਣ ਤੇ ਜਦ ਹਿੰਦੁਸਤਾਨ ਤੇ ਪਾਕਿਸਤਾਨ ਦੋ ਵੱਖੋ ਵੱਖ ਦੇਸ ਬਣ

ਗਏ ਤਾਂ ਵੰਡੀਆਂ ਪੈਣ ਤੇ ਅਧਾ ਪੱਛਮੀ ਪੰਜਾਬ ਬਾਘੇ ਦੀ ਹੱਦ ਤੋਂ ਪਰ੍ਹੇ ਪਾਕਿਸਤਾਨ ਦੇ ਹਿੱਸੇ ਆਇਆ ਤੇ ਬਾਕੀ ਅੱਧਾ ਪੂਰਬੀ ਪੰਜਾਬ ਧੀਰੇ ਧੀਰੇ ਹਰਿਆਣਾ ਪ੍ਰਾਂਤ, ਹਿਮਾਚਲ ਪ੍ਰਦੇਸ਼ ਤੇ ਪੰਜਾਬੀ ਸੂਬਾ ਬਣਨ ਤੇ ਭਾਈ-ਵੰਡ ਦੀ ਤਰ੍ਹਾਂ ਅਜਿਹਾ ਵਟਿਆ ਕਿ ਕੇਵਲ ਅਮ੍ਰਿਤਸਰ, ਗੁਰਦਾਸਪੁਰ, ਹੁਸ਼ਿਆਰਪੁਰ, ਜਲੰਧਰ, ਕਪੂਰਥਲਾ, ਫ਼ੀਰੋਜ਼ਪੁਰ, ਲੁਦਿਹਾਣਾ, ਰੋਪੜ, ਬਠਿੰਡਾ, ਪਟਿਆਲਾ ਤੇ ਸੰਗਰੂਰ ਦੇ ੧੧ ਜ਼ਿਲਿਆਂ ਤਕ ਹੀ ਸੀਮਿਤ ਰਹਿ ਗਿਆ।

ਇਹ ਜੇ ਪੰਜਾਬ ਦੇ ਬਣਨ ਤੇ ਵਟਣ ਦਾ ਸੰਖੇਪ ਜਿਹਾ ਹਾਲ ਤੇ ਇਸ ਦੀ ਕੁਝ ਸੰਕੇਤ ਮਾਤ੍ਰ ਇਤਿਹਾਸਿਕ ਰੂਪ-ਰੇਖਾ। ਹੁਣ ਅੱਗੇ ਪੰਜਾਬ ਦਾ ਭਵਿੱਖ ਕਿਹੋ ਜਿਹਾ ਹੋਵੇਗਾ, ਇਹ ਇਕ ਵੱਖਰਾ ਸਵਾਲ ਹੈ, ਜੋ ਇਸ ਮਜ਼ਮੂਨ ਦੇ ਨਾਲ ਏਨਾ ਸੰਬੰਧ ਨਹੀਂ ਰੱਖਦਾ। ਪੰਜਾਬੀ ਵੀਰ ਪਰੰਪਰਾ (17ਵੀਂ ਸਦੀ ਈ.) ਦਾ ਇਹ ਖ਼ਾਕਾ ਸਿਰਫ਼ ਸਰਬ-ਸਾਂਝੇ ਪੰਜਾਬ ਦੀ ਰੂਪ-ਰੇਖਾ ਨੂੰ ਸਾਮ੍ਹਣੇ ਰੱਖ ਕੇ ਹੀ ਉਲੀਕਿਆ ਗਿਆ ਹੈ, ਜਿਸ ਦੇ ਦੋ ਮੁੱਖ ਭਾਗ ਕੀਤੇ ਗਏ ਹਨ :

(1) ਸਿੱਖਾਂ ਦੀ ਵੀਰ ਪਰੰਪਰਾ (ਸੰਨ 1600 ਤੋਂ 1708 ਤਕ) ਤੇ (2) ਰਾਜਪੂਤਾਂ ਦੀ ਵੀਰ ਪਰੰਪਰਾ (ਸੰਨ 1600 ਤੋਂ 1699 ਈ. ਤਕ)।

ਸਿੱਖ ਵੀਰ ਪਰੰਪਰਾ ਵਿਚ ਪੰਚਮ ਪਾਤਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਤੋਂ ਲੈ ਕੇ ਦਸਮ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਤਕ ਅਤੇ ਰਾਜਪੂਤ ਵੀਰ ਪਰੰਪਰਾ ਵਿਚ ਪੰਜਾਬ ਦੇ ਪਹਾੜੀ ਤੇ ਪੱਧਰ (ਮੈਦਾਨੀ) ਇਲਾਕਿਆਂ ਦੇ ਚੋਣਵੇਂ ਰਾਜਪੂਤ ਜੋਧੇ, ਜੋ 17ਵੀਂ ਸਦੀ ਨਾਲ ਸੰਬੰਧ ਰੱਖਦੇ ਹਨ, ਲਏ ਗਏ ਹਨ। ਪਹਾੜੀ ਇਲਾਕੇ ਦੇ ਸੂਰਜ ਵੰਸ਼ੀ ਤੇ ਚੰਦ੍ਰ ਵੰਸ਼ੀ ਹਿੰਦੂ ਰਾਜਪੂਤ ਹਨ ਤੇ ਮੈਦਾਨੀ ਇਲਾਕੇ ਦੇ ਰਾਜਪੂਤ ਵਿਸ਼ੇਸ਼ ਕਰ ਕੇ ਮੁਸਲਮਾਨ। ਮੁਸਲਮਾਨ ਰਾਜਪੂਤਾਂ ਵਿਚੋਂ ਏਥੇ ਸਿਰਫ਼ ਦੋ ਜੋਧੇ ਲਏ ਗਏ ਹਨ : (1) ਦੁੱਲਾ ਭੱਟੀ ਤੇ (2) ਮਿਰਜ਼ਾ ਖਰਲ। ਵੀਰ ਪਰੰਪਰਾ ਦੇ ਇਹ ਸਾਰੇ ਹੀ ਜੋਧੇ, ਚਾਹੇ ਉਹ ਸਿੱਖ ਹਨ ਜਾਂ ਹਿੰਦੂ ਤੇ ਮੁਸਲਮਾਨ, ਉਨ੍ਹਾਂ ਦੇ ਹਾਲ ਲਿਖਣ ਸਮੇਂ ਉਸ ਸਮੇਂ ਦੇ ਪ੍ਰਚਲਿਤ ਸਾਹਿੱਤ ਜਾਂ ਲੋਕ-ਗੀਤਾਂ (ਵਾਰਾਂ ਆਦਿ) ਤੋਂ ਭਰਪੂਰ ਸਹਾਇਤਾ ਲਈ ਗਈ ਹੈ। ਇਸ ਤੋਂ ਬਿਨਾਂ ਉਸ ਸਮੇਂ ਨਾਲ ਸੰਬੰਧਿਤ ਸਾਹਿੱਤਕ ਤੇ ਇਤਿਹਾਸਿਕ ਖੋਜ-ਪੁਸਤਕਾਂ ਨੂੰ ਵੀ ਅੱਖੋਂ ਓਹਲੇ ਨਹੀਂ ਹੋਣ ਦਿੱਤਾ ਗਿਆ। ਜਿਨ੍ਹਾਂ ਪੁਸਤਕਾਂ ਤੋਂ ਕਿਸੇ ਵੀ ਸ਼ਕਲ ਵਿਚ ਸਹਾਇਤਾ ਲਈ ਹੈ ਉਨ੍ਹਾਂ ਦੀ ਸੂਚੀ ਇਸ ਪੁਸਤਕ ਦੇ ਅੰਤ ਵਿਚ ਧੰਨਵਾਦ ਵਜੋਂ ਜੋੜ ਦਿੱਤੀ ਗਈ ਹੈ, ਤਾਕਿ ਖੋਜ-ਪ੍ਰੇਮੀ ਪਾਠਕ ਇਸ ਸੰਬੰਧ ਵਿਚ ਵੱਖੋ ਵੱਖ ਮੂਲ-ਸੋਮਿਆਂ ਦਾ ਸਹੀ ਸਹੀ ਅਨੁਮਾਨ ਲਗਾ ਸਕਣ।

ਇਸ ਪੁਸਤਕ ਦੇ ਤਿਆਰ ਕਰਨ ਵਿਚ ਮੈਨੂੰ ਜੋ ਬਹੁਮੁੱਲੀ ਸਹਾਇਤਾ ਭਾਸ਼ਾ ਵਿਭਾਗ ਪੰਜਾਬ ਪੁਸਤਕਾਲਯ, ਪਟਿਆਲਾ; ਪੰਜਾਬ ਆਰਕਾਈਵਜ਼ ਵਿਭਾਗ ਪੁਸਤਕਾਲਯ, ਪਟਿਆਲਾ; ਗੁਰੂ ਰਾਮਦਾਸ ਲਾਇਬ੍ਰੇਰੀ, ਅਮ੍ਰਿਤਸਰ ਅਤੇ ਸਿੱਖ ਇਤਿਹਾਸਿਕ ਖੋਜ ਵਿਭਾਗ, ਖ਼ਾਲਸਾ ਕਾਲਜ, ਅਮ੍ਰਿਤਸਰ ਪਾਸੋਂ ਪ੍ਰਾਪਤ ਹੋਈ ਹੈ, ਉਸ ਬਾਰੇ ਮੈਂ ਇਨ੍ਹਾਂ ਪੁਸਤਕਾਲਯਾਂ ਦੇ ਪ੍ਰਬੰਧਕਾਂ ਦਾ ਹਾਰਦਿਕ ਕ੍ਰਿਤਗਜ ਹਾਂ।

—ਸ਼ਮਸ਼ੇਰ ਸਿੰਘ ਅਸ਼ੋਕ

ਵਿਸ਼ੈ-ਸੂਚੀ

ਜ਼ਰੂਰੀ ਸੁਧਾਈ

ਇਸ ਪੁਸਤਕ ਦੇ ਸਫ਼ਾ 105 (ਸਤਰ 15-16) ਪਰ 'ਗੁਰੂ ਸਾਹਿਬ' ਦੀ ਥਾਵੇਂ 'ਮਾਤਾ ਸੁੰਦਰੀ ਜੀ', ਸਫ਼ਾ 125 (ਸਤਰ 28) ਪਰ 'ਬਿਉਂਥਲ' ਦੀ ਥਾਵੇਂ 'ਕਿਉਂਥਲ', ਸਫ਼ਾ 138 (ਸਤਰ 27) ਪਰ 'ਰੰਗ' ਦੀ ਥਾਵੇਂ 'ਝੰਗ' ਤੇ ਸਫ਼ਾ 151 (ਸਤਰ 2) ਪਰ 'ਈ.' ਦੀ ਥਾਵੇਂ 'ਹਿਜਰੀ' ਪੜ੍ਹਨ ਦੀ ਖੇਚਲ ਕਰਨੀ। ਧੰਨਵਾਦੀ ਹੋਵਾਂਗਾ। —ਲੇਖਕ

ਪੰਜਾਬੀ ਵੀਰ ਪਰੰਪਰਾ 17 ਵੀਂ ਸਦੀ

ਲੇਖਕ
ਸ਼ਮਸ਼ੇਰ ਸਿੰਘ ਅਸ਼ੋਕ

ਪੰਜਾਬੀ ਯੂਨੀਵਰਸਿਟੀ, ਪਟਿਆਲਾ

ਪੰਜਾਬੀ ਵੀਰ ਪਰੰਪਰਾ

(ਸਤਾਰ੍ਹਵੀਂ ਸਦੀ ਈ.)

(ੳ)

ਸਿੱਖਾਂ ਦੀ ਵੀਰ ਪਰੰਪਰਾ

ਪਹਿਲਾ ਦੌਰ

'ਗੋਸਾਈਂ ਦਾ ਪਹਿਲਵਾਨੜਾ'[1]—ਸੰਤ ਸਿਪਾਹੀ ਗੁਰੂ ਅਰਜਨ :

ਸਿੱਖ ਧਰਮ ਦੇ ਬਾਨੀ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਆਸਾ ਦੀ ਵਾਰ ਰਾਹੀਂ ਵਾਰ-ਸਾਹਿੱਤ ਦਾ ਮੁੱਢ ਬੰਨ੍ਹ ਕੇ ਪੰਜਾਬੀਆਂ ਦੇ ਦਿਲਾਂ ਵਿਚ ਵੀਰਤਾ ਦਾ ਬੀ ਤਾਂ ਭਾਵੇਂ ਪਹਿਲਾਂ ਹੀ ਬੀਜ ਦਿੱਤਾ ਸੀ, ਜੋ ਛੇਤੀ ਇਕ ਬੂਟਾ ਬਣ ਕੇ ਵਧਣ-ਫੁਲਣ ਲੱਗ ਪਿਆ, ਪਰ ਉਹ ਬੂਟਾ ਪੰਚਮ ਪਾਤਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਸਮੇਂ, ਜੋ ਨਾਮ-ਬਾਣੀ ਦੇ ਬੋਹਿਥ ਹੋਣ ਦੇ ਨਾਲ ਹੀ ਸਭ ਤੋਂ ਵੱਡੇ ਵਾਰ-ਕਾਰ ਤੇ ਵਾਰ-ਸਾਹਿੱਤ ਦੇ ਸੰਪਾਦਕ ਵੀ ਸਨ, ਨਾ ਕੇਵਲ ਦੂਣਾ-ਚੌਗੁਣਾ ਹੋ ਕੇ ਹੀ ਵਧਿਆ-ਫੁੱਲਿਆ, ਸਗੋਂ ਉਸ ਦਾ ਪ੍ਰਭਾਵ ਰੂਹਾਨੀਅਤ ਨੂੰ ਮੁੱਖ ਰੱਖ ਕੇ ਇਕ ਪ੍ਰਕਾਰ ਦੀ ਫੁੱਲ-ਸੁਗੰਧੀ ਬਣ ਦੂਰ-ਨੇੜੇ ਹਰ ਥਾਵੇਂ ਸਰਬੱਤ ਗੁਰ-ਸਿੱਖਾਂ ਦੇ ਰੋਮ ਰੋਮ ਵਿਚ ਸਿੰਜਰ ਗਿਆ।

ਪੰਚਮ ਪਾਤਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ 17ਵੀਂ ਸਦੀ ਦੇ ਪਹਿਲੇ ਸੰਤ ਸਿਪਾਹੀ, ਕਲਾਕਾਰ ਤੇ ਕੁਰਬਾਨੀ ਦੇ ਪੁੰਜ ਸਨ, ਜਿਨ੍ਹਾਂ ਨੇ ਬੜੀ ਦਲੇਰੀ ਨਾਲ ਸ਼ਾਂਤਮਈ ਰਹਿ ਕੇ ਆਜ਼ਾਦੀ ਦੀ ਜੱਦੋ-ਜਹਿਦ ਕੀਤੀ ਤੇ ਦੇਸ਼-ਕੌਮ ਲਈ ਸੰਨ 1606 ਵਿਚ ਆਤਮ-ਬਲੀਦਾਨ ਦਿਤਾ। ਉਸ ਸਮੇਂ ਸਮੁੱਚੇ ਭਾਰਤ ਵਰਸ਼ ਉਤੇ ਮੁਗ਼ਲਾਂ ਦੀ ਹਕੂਮਤ ਸੀ। ਮੁਗ਼ਲ ਹਕੂਮਤ ਦੇ ਮੋਢੀ ਮੀਰ ਬਾਬਰ, ਹਮਾਯੂੰ ਤੇ ਅਕਬਰ ਭਾਵੇਂ ਪਹਿਲਾਂ ਹੀ ਸਿੱਖ ਗੁਰੂਆਂ ਨਾਲ ਬੜਾ ਅੱਛਾ ਵਰਤਾਉ ਰਖਦੇ ਰਹੇ ਸਨ ਤੇ ਸਮਰਾਟ ਅਕਬਰ ਤਾਂ ਇਕ ਪ੍ਰਕਾਰ ਦਾ ਗੁਰੂ ਘਰ ਦਾ ਸੇਵਕ ਹੀ ਬਣ ਗਿਆ ਸੀ, ਜਿਸ ਕਰਕੇ ਉਸ ਦੀ ਦਿਲੀ ਸ਼ਰਧਾ ਤੀਜੇ ਪਾਤਸ਼ਾਹ ਸ੍ਰੀ ਗੁਰੂ ਅਮਰਦਾਸ, ਚੌਥੇ ਪਾਤਸ਼ਾਹ ਸ੍ਰੀ ਗੁਰੂ ਰਾਮਦਾਸ ਤੇ ਪੰਚਮ ਪਾਤਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਨਾਲ ਲਗਾਤਾਰ ਇਕ ਸਮਾਨ ਬਣੀ ਰਹੀ, ਜਿਸ ਵਿਚ ਕਦੇ ਕੋਈ ਫਰਕ ਨਾ ਆਇਆ, ਪਰ ਅਕਬਰ ਤੋਂ ਬਾਦ ਉਸ ਦੇ ਹੀ ਪੁਤ੍ਰ ਜਹਾਂਗੀਰ ਨੇ, ਜੋ ਬੜਾ

---

[1]ਹਉ ਗੋਸਾਈਂ ਦਾ ਪਹਿਲਵਾਨੜਾ ॥ ਮੈਂ ਗੁਰ ਮਿਲਿ ਉਚ ਦੁਮਾਲੜਾ ॥......

ਨਿਹਤੇ ਪੰਜ ਜੁਆਨ ਮੈ, ਗੁਰ ਥਾਪੀ ਦਿਤੀ ਕੰਡਿ ਜੀਉ ॥

(ਸਿਰੀ ਰਾਗੁ ਮਹਲਾ ੫)

ਸ਼ਰਾਬੀ, ਅਫ਼ੀਮੀ, ਅੱਯਾਸ਼ ਤੇ ਪਿਤਾ-ਪੁਰਖੀ ਦੀ ਰੀਤਿ ਤੋਂ ਹਮੇਸ਼ਾ ਉਲਟ ਚੱਲਣ ਵਾਲਾ ਸੀ, ਇਸ ਸ਼ਰਧਾ-ਭਾਵ ਨੂੰ ਤਅੱਸੁਬ ਵਿਚ ਆ ਕੇ ਇਕ ਦਮ ਛਿੱਕੂ ਤੇ ਟੰਗ ਦਿਤਾ। ਸ੍ਰੀ ਗੁਰੂ ਅਰਜਨ ਦੇਵ ਜੀ ਜਹਾਂਗੀਰ ਦੇ ਇਸ ਨੀਤਿਕ ਪਰਿਵਰਤਨ ਤੋਂ, ਜੋ ਅਕਬਰ ਦੇ ਸਮੇਂ ਤੋਂ ਹੀ ਆਪਣਾ ਪ੍ਰਭਾਵ ਦੱਸ ਰਿਹਾ ਸੀ, ਕੋਈ ਅਨਜਾਣ ਨਹੀਂ ਸਨ, ਪਰ ਉਨ੍ਹਾਂ ਨੇ ਸਿੱਖ ਧਰਮ ਵਿਚ ਸਰਬ ਸਾਂਝ ਦਾ ਉਹੋ ਤਰੀਕਾ ਬੜੀ ਦ੍ਰਿੜ੍ਹਤਾ ਨਾਲ ਅਪਣਾਈ ਰੱਖਿਆ, ਜਿਸ ਦਾ ਮੁੱਢ ਹਿੰਦੂ-ਮੁਸਲਮਾਨਾਂ ਦੀ ਏਕਤਾ ਨੂੰ ਮੁੱਖ ਰੱਖ ਕੇ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਬੰਨ੍ਹਿਆ ਸੀ।

ਸ੍ਰੀ ਗੁਰੂ ਨਾਨਕ ਦੇਵ ਜੀ ਦਾ ਸਹਿਚਾਰ ਹਿੰਦੂਆਂ ਤੇ ਮੁਸਲਮਾਨਾਂ ਨਾਲ ਮੁੱਢੋਂ ਹੀ ਇਕੋ ਜਿਹਾ ਸੀ। ਹਿੰਦੂ ਸਾਧੂ-ਵਿਦਵਾਨ ਤੇ ਮੁਸਲਮਾਨ ਸੂਫ਼ੀ ਫ਼ਕੀਰ ਉਨ੍ਹਾਂ ਦੀ ਨਿਗਾਹ ਵਿਚ ਇਕ ਸਨ। ਇਸੇ ਕਾਰਣ ਗੁਰ ਨਾਨਕ ਦੇ ਪੰਜਵੇਂ ਗੱਦੀ ਨਸ਼ੀਨ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਜਦ ਸੰਨ 1588 ਈ. ਵਿਚ ਅਮ੍ਰਿਤਸਰ ਦੇ ਸਥਾਨ ਪਰ ਸ੍ਰੀ ਹਰਿਮੰਦਿਰ ਸਾਹਿਬ ਦੀ ਨੀਂਹ ਰੱਖੀ ਤਾਂ ਇਸ ਦੀ ਪਹਿਲੀ ਇੱਟ ਲਾਹੌਰ ਦੇ ਪ੍ਰਸਿੱਧ ਸੂਫ਼ੀ ਫ਼ਕੀਰ ਸਾਈਂ ਮੀਆਂ ਮੀਰ ਜੀ ਦੇ ਹੱਥੋਂ ਰਖਵਾਈ। ਗੁਰੂ ਜੀ ਨੇ ਇਹ ਹਰਿਮੰਦਿਰ ਚੂੰਕਿ ਗੁਰਮਤ ਦੇ ਪ੍ਰਚਾਰ ਦਾ ਪ੍ਰਧਾਨ ਕੇਂਦ੍ਰ ਥਾਪਣਾ ਸੀ, ਇਸ ਲਈ ਉਸ ਪ੍ਰਚਾਰ ਦੀ ਸਦੀਵੀ ਪਕਿਆਈ ਵਾਸਤੇ ਇਸ ਵਿਚ ਗੁਰੂ ਸਾਹਿਬਾਨ ਦੇ ਅੰਮ੍ਰਿਤ-ਬਾਣੀ ਰੂਪ ਸ਼ੁਭ ਉਪਦੇਸ਼ਾਂ ਦਾ ਸੰਗ੍ਰਹਿ ਬਤੌਰ ਇਕ ਧਰਮ-ਗ੍ਰੰਥ ਦੇ ਹੋਣਾ ਵੀ ਨਿਹਾਇਤ ਜ਼ਰੂਰੀ ਸੀ, ਜਿਸ ਕਾਰਨ ਗੁਰੂ ਅਰਜਨ ਨੇ ਜਾਤਿ-ਪਾਤਿ, ਊਚ-ਨੀਚ ਤੇ ਧਾਰਮਿਕ ਮੱਤਭੇਦ ਦੇ ਵਲ-ਵਿਤਕਰੇ ਤੋਂ ਇਕ ਪਾਸੇ ਰਹਿਕੇ ਗੁਰਬਾਣੀ ਦੇ ਨਾਲ ਹੀ ਹਿੰਦੂ ਭਗਤ ਰਾਮਾਨੰਦ, ਪਰਮਾਨੰਦ ਦੀ ਬਾਣੀ, ਪਛੜੀਆਂ ਸ਼੍ਰੇਣੀਆਂ ਦੇ ਭਗਤ ਕਬੀਰ, ਰਵਿਦਾਸ, ਨਾਮਦੇਵ, ਸੈਣ, ਭੀਖਨ, ਸਧਨਾ ਕਸਾਈ ਆਦਿ ਦੀ ਬਾਣੀ ਅਤੇ ਇਸੇ ਤਰ੍ਹਾਂ ਇਸਲਾਮ ਦੇ ਸਭ ਤੋਂ ਵੱਡੇ ਪ੍ਰਚਾਰਕ ਸ਼ੇਖ ਫ਼ਰੀਦ ਜੀ ਦੀ ਬਾਣੀ ਨੂੰ ਇਕ ਸਾਰ ਅਪਣਾਇਆ ਤੇ ਇਕੋ ਜਿਹਾ ਦਰਜਾ ਦੇ ਕੇ ਸ੍ਰੀ ਆਦਿ ਗ੍ਰੰਥ ਵਿਚ ਇਨ੍ਹਾਂ ਸਭਨਾਂ ਨੂੰ ਸਨਮਾਨਿਆ। ਗੁਰੂ ਸਾਹਿਬ ਦੇ ਇਨ੍ਹਾਂ ਨਿਰਪੱਖ ਖਿਆਲਾਂ ਤੋਂ ਪ੍ਰਭਾਵਿਤ ਹੋ ਕੇ ਹੀ ਉਨ੍ਹਾਂ ਦੇ ਦਰਬਾਰ ਵਲ ਹਿੰਦੂ ਤੇ ਮੁਸਲਮਾਨ ਠੀਕ ਓਕਣ ਹੀ ਝੁਕਣ ਲਗ ਪਏ, ਜੀਕਣ ਉਹ ਇਸ ਤੋਂ 70 ਕੁ ਸਾਲ ਪਹਿਲਾਂ ਕਰਤਾਰਪੁਰ ਵਿਖੇ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਵਲ ਝੁਕੇ ਸਨ। ਮੁਗ਼ਲ ਸਮਰਾਟ ਅਕਬਰ, ਜਿਸ ਦੀ ਨਿਗਾਹ ਵਿਚ ਹਿੰਦੂ ਤੇ ਮੁਸਲਮਾਨ ਇੱਕੋ ਦਰਜਾ ਰਖਦੇ ਸਨ, ਗੁਰੂ ਅਰਜਨ ਦੇ ਇਸ ਨੇਕ ਸੁਭਾਉ ਤੋਂ ਡਾਢਾ ਖ਼ੁਸ਼ ਸੀ, ਪਰ ਪਿੱਛੋਂ ਬਾਦਸ਼ਾਹ ਜਹਾਂਗੀਰ ਨੇ ਪਿਤਾ-ਪੁਰਖੀ ਦੇ ਇਹ ਸਾਰੇ ਸ਼ੁਭ ਗੁਣ ਭੁਲਾ ਕੇ ਨਾ ਕੇਵਲ ਗੁਰੂ ਸਾਹਿਬ ਵਲ ਗਹਿਰੀ ਨਜ਼ਰ ਨਾਲ ਹੀ ਤੱਕਿਆ, ਸਗੋਂ ਜਿਸ ਤਰ੍ਹਾਂ ਕਿ ਤੁਜ਼ਕਿ ਜਹਾਂਗੀਰੀ ਵਿਚ ਉਸ ਦਾ ਆਪਣਾ ਹੀ ਕਥਨ ਹੈ, ਉਹ ਕਈ ਤਰ੍ਹਾਂ ਦੇ ਬਹਾਨੇ ਬਣਾ ਕੇ ਪੱਕੇ ਤੌਰ ਤੇ ਗੁਰਮਤ ਦੇ ਪ੍ਰਚਾਰ ਨੂੰ ਬੰਦ ਕਰਨ ਉਤੇ ਤੁਲ ਗਿਆ।

ਸ੍ਰੀ ਗੁਰੂ ਅਰਜਨ ਦੇਵ ਜੀ ਨੇ, ਸ਼ਾਇਦ ਪਹਿਲਾਂ ਹੀ ਨਿਕਟ ਭਵਿੱਖ ਵਿਚ ਹੋਣ ਵਾਲੇ ਅਜਿਹੇ ਰਾਜਸੀ ਪਰਿਵਰਤਨਾਂ ਦਾ ਅਨੁਮਾਨ ਲਗਾ ਕੇ, ਬੜੀ ਦੂਰੰਦੇਸ਼ੀ ਤੇ ਤੇਜ਼ੀ ਨਾਲ ਪਹਿਲਾਂ ਅਮ੍ਰਿਤਸਰ ਦੇ ਸਥਾਨ ਪਰ ਸ੍ਰੀ ਹਰਿਮੰਦਿਰ (ਦਰਬਾਰ ਸਾਹਿਬ) ਦੀ ਤਾਮੀਰ ਕਰਵਾਈ ਤੇ ਫੇਰ ਸ੍ਰੀ ਗੁਰੂ ਨਾਨਕ ਦੇਵ ਜੀ ਆਦਿ ਗੁਰੂਆਂ ਦੀ ਬਾਣੀ ਇਕੱਤ੍ਰ ਕਰਕੇ

ਸ੍ਰੀ ਗੁਰੂ ਗ੍ਰੰਥ ਜੀ ਦੀ ਬੀੜ ਦਾ ਸੰਪਾਦਨ ਕੀਤਾ ਤੇ ਉਹ ਬੀੜ ਸ੍ਰੀ ਹਰਿਮੰਦਿਰ ਸਾਹਿਬ ਵਿਚ ਸਥਾਪਨ ਕਰ ਦਿੱਤੀ। ਇਸ ਤਰ੍ਹਾਂ ਗੁਰਸਿੱਖੀ ਦੇ ਬੂਟੇ ਨੂੰ ਵਧਦਾ-ਫੁਲਦਾ ਰੱਖਣ ਲਈ ਪੱਕੇ ਬਾਨ੍ਹਣੂ ਬੰਨ੍ਹ ਕੇ ਫੇਰ ਆਪ ਬੜੀ ਦਲੇਰੀ ਨਾਲ ਭਵਿੱਖ ਵਿਚ ਆਉਣ ਵਾਲੇ ਕਹਿਰੀ ਸਮੇਂ ਦੀ ਉਡੀਕ ਕਰਨ ਲੱਗੇ।

ਮੁਗ਼ਲ ਬਾਦਸ਼ਾਹ ਜਹਾਂਗੀਰ, ਜਿਵੇਂ ਕਿ ਤੁਜ਼ਕਿ ਜਹਾਂਗੀਰੀ ਵਿਚ ਲਿਖਿਆ ਹੈ, ਗੁਰੂ ਸਾਹਿਬ ਵਲ ਹਿੰਦੂ ਵੀ ਝੁਕ ਰਹੇ ਸਨ ਤੇ ਮੁਸਲਮਾਨ ਵੀ, ਇਸ ਲਈ ਦੇਰ ਤੋਂ ਚਾਹੁੰਦਾ ਸੀ ਕਿ ਕਿਵੇਂ ਨ ਕਿਵੇਂ ਕੋਈ ਬਹਾਨਾ ਬਣਾ ਕੇ ਗੁਰੂ ਜੀ ਦੇ ਇਸ ਪ੍ਰਚਾਰ ਨੂੰ, ਜੋ ਲਗਾਤਾਰ ਕਈ ਪੁਸ਼ਤਾਂ ਤੋਂ ਚਲ ਰਿਹਾ ਸੀ, ਰੋਕ ਦਿੱਤਾ ਜਾਵੇ। ਸੋ ਹੁਣ ਉਹ ਇਸ ਬਾਰੇ ਕਿਸੇ ਬਹਾਨੇ ਦੀ ਤਲਾਸ਼ ਕਰਨ ਲੱਗਾ।

ਸ੍ਰੀ ਗੁਰੂ ਅਰਜਨ ਦੇਵ ਜੀ ਮੁਗ਼ਲ ਸਮਰਾਟ ਜਹਾਂਗੀਰ ਦੀਆਂ ਵਧੀਕੀਆਂ ਦੇ ਕਾਰਣ ਕਿਵੇਂ ਸ਼ਹੀਦ ਹੋਏ, ਇਹ ਦੱਸਣ ਤੋਂ ਪਹਿਲਾਂ ਜੇ ਏਥੇ ਸਮਰਾਟ ਅਕਬਰ ਦੇ ਮੁਕਾਬਲੇ ਤੇ ਜਹਾਂਗੀਰ ਦੀਆਂ ਮੁੱਢਲੀਆਂ ਪ੍ਰਵ੍ਰਿਤੀਆਂ ਸਮੇਤ ਉਸ ਦੇ ਕੋਝੇ ਵਰਤਾਉ ਦਾ ਖ਼ਾਕਾ ਉਸ ਦੇ ਨਤੀਜਿਆਂ ਸਮੇਤ ਸੰਖੇਪ ਰੂਪ ਵਿਚ ਦੇ ਦਿੱਤਾ ਜਾਵੇ ਤਾਂ ਇਹ ਘਟਨਾ ਨਿਰਸੰਦੇਹ ਹੋਰ ਵੀ ਸਪੱਸ਼ਟ ਹੋ ਜਾਵੇਗੀ। ਮੁਗ਼ਲੇਈ ਇਤਿਹਾਸ ਦੇ ਕਥਨ ਅਨੁਸਾਰ ਇਸ ਗੱਲ ਵਿਚ ਕੋਈ ਸ਼ਕ ਨਹੀਂ ਕਿ ਸਮਰਾਟ ਅਕਬਰ ਆਪਣੇ ਵੱਡੇ ਪੁਤ੍ਰ ਸ਼ਾਹਜ਼ਾਦਾ ਸਲੀਮ (ਪਿੱਛੋਂ ਜਹਾਂਗੀਰ) ਦੇ ਨਾਲ ਮੁੱਢ ਤੋਂ ਹੀ ਨਾਰਾਜ਼ ਸੀ ਤੇ ਉਸ ਨੂੰ ਰਾਜ-ਗੱਦੀ ਦੇਣ ਦੇ ਯੋਗ ਨਹੀਂ ਸੀ ਸਮਝਦਾ, ਜਿਸ ਕਰਕੇ ਉਹ ਉਸ ਦੇ ਪੁਤ੍ਰ ਸ਼ਾਹਜ਼ਾਦਾ ਖ਼ੁਸਰੋ ਨੂੰ, ਜੋ ਬੜਾ ਅਕਲਮੰਦ, ਦੂਰੰਦੇਸ਼ ਤੇ ਬੇ-ਐਬ ਨੌਜਵਾਨ ਸੀ, ਬਹੁਤਾ ਸਨੇਹ ਕਰਨ ਲੱਗ ਪਿਆ।

ਅਕਬਰ ਤੇ ਜਹਾਂਗੀਰ ਦੇ ਦਰਮਿਆਨ ਇਸ ਅਣਬਣ ਦਾ ਮੁੱਢ ਇਸ ਤਰ੍ਹਾਂ ਬੱਝਿਆ ਕਿ ਸੋਲ੍ਹਵੀਂ ਸਦੀ ਦੇ ਅੰਤਲੇ ਸਮੇਂ ਜਦ ਅਕਬਰ ਅਜੇ ਲਾਹੌਰ ਹੀ ਸੀ ਤਾਂ ਸ਼ਾਹਜ਼ਾਦਾ ਸਲੀਮ (ਜਹਾਂਗੀਰ) ਦੀ ਨਜ਼ਰ ਉਸ ਦੀ ਪਿਆਰੀ ਕਨੀਜ਼ਕ (ਟਹਿਲਣ) ਅਨਾਰਕਲੀ ਉਤੇ ਜਾ ਪਈ। ਅਕਬਰ ਨੇ ਇਹ ਦੁਖਦਾਈ ਨਜ਼ਾਰਾ ਅੱਖੀਂ ਦੇਖ ਕੇ ਉਹ ਟਹਿਲਣ ਗੁੱਸੇ ਨਾਲ ਜਿਉਂਦੀ ਹੀ ਧਰਤੀ ਵਿਚ ਦਬਵਾ ਦਿੱਤੀ। ਫੇਰ ਇਸੇ ਤਰ੍ਹਾਂ ਸ਼ਾਹਜ਼ਾਦਾ ਸਲੀਮ ਦੇ ਹਮਸ਼ੀਰ ਭਰਾ ਦੁੱਲੇ ਭੱਟੀ ਨੇ ਉਸ ਦੇ ਇਸ਼ਾਰੇ ਨਾਲ ਪਿੰਡੀ ਭੱਟੀਆਂ (ਗੁੱਜਰਾਂਵਾਲਾ) ਤੋਂ ਬਗਾਵਤ ਦਾ ਝੰਡਾ ਚੁੱਕਿਆ ਤਾਂ ਉਹ ਅਕਬਰ ਦੇ ਹੁਕਮ ਨਾਲ ਲਾਹੌਰ ਲਿਆ ਕੇ ਫਾਂਸੀ ਦੇ ਤਖ਼ਤੇ ਉਤੇ ਲਟਕਾ ਦਿੱਤਾ ਗਿਆ। ਸ਼ਾਹਜ਼ਾਦਾ ਸਲੀਮ ਗ਼ਾਲਬਨ ਇਸੇ ਸਮੇਂ ਦੇ ਦੌਰਾਨ ਵਿਚ ਅਲਾਹਾਬਾਦ ਗਵਰਨਰ ਬਣਾ ਕੇ ਭੇਜਿਆ ਗਿਆ। ਅਕਬਰ ਇਸ ਸਮੇਂ ਚੂੰਕਿ ਲਾਹੌਰੋਂ ਹਟ ਕੇ ਆਗਰੇ ਥੀਂ ਹੁੰਦਾ ਹੋਇਆ ਦੱਖਣ ਦੀ ਮੁਹਿਮ ਉਤੇ ਚਲਾ ਗਿਆ ਸੀ, ਇਸ ਲਈ ਸ਼ਾਹਜ਼ਾਦਾ ਸਲੀਮ ਨੇ ਅਲਾਹਾਬਾਦ ਪਹੁੰਚ ਕੇ ਬਗ਼ਾਵਤ ਕਰ ਦਿੱਤੀ ਤੇ ਆਗਰੇ ਉਤੇ, ਜੋ ਉਸ ਸਮੇਂ ਮੁਗ਼ਲ ਹਕੂਮਤ ਦੀ ਰਾਜਧਾਨੀ ਸੀ, ਕਬਜ਼ਾ ਕਰਨਾ ਚਾਹਿਆ, ਪਰ ਪਤਾ ਲੱਗਣ ਤੇ ਅਕਬਰ ਦੱਖਣ ਦੀ ਮੁਹਿਮ ਤੋਂ ਛੇਤੀ ਹੀ ਵਾਪਸ ਆਗਰੇ ਪਰਤਿਆ ਤੇ ਉਸ ਨੇ ਸਲੀਮ ਦੇ ਸਾਰੇ ਇਰਾਦੇ ਰੱਦ ਕਰ ਦਿੱਤੇ।

ਅਕਬਰ ਨੇ ਇਸ ਸਮੇਂ ਮੌਕੇ ਦੀ ਨਜ਼ਾਕਤ ਨੂੰ ਦੇਖ ਕੇ ਅੱਲਾਮਾ ਅਬੂਲ ਫ਼ਜ਼ਲ ਨੂੰ, ਜੋ ਉਸ ਦਾ ਵਜ਼ੀਰਿ ਆਲਾ ਸੀ, ਦੱਖਣ ਦੀ ਮੁਹਿਮ ਤੋਂ ਵਾਪਸ ਬੁਲਾਇਆ। ਪਤਾ

ਲੱਗਣ ਤੇ ਸ਼ਾਹਜ਼ਾਦਾ ਸਲੀਮ ਨੇ ਰਾਜਾ ਬੀਰ ਸਿੰਘ ਦੇਵ ਬੁੰਦੇਲੇ ਰਾਹੀਂ ਅਬੁਲ ਫ਼ਜ਼ਲ ਨੂੰ ਇਕੋ ਹੱਲੇ ਨਾਲ ਰਸਤੇ ਵਿਚ ਹੀ ਨਰਵਰ ਦੇ ਲਾਗੇ ਸਰਾਇ ਬਰਾਰ ਦੇ ਸਥਾਨ ਪਰ ਕਤਲ ਕਰਾ ਦਿੱਤਾ। ਇਹ ਘਟਨਾ 17 ਅਗਸਤ ਸੰਨ 1602 ਈ. ਦੀ ਹੈ। ਇਸ ਤਰ੍ਹਾਂ ਅਬੁਲ ਫ਼ਜ਼ਲ ਨੂੰ ਕਤਲ ਕਰਨ ਤੇ ਸ਼ਾਹਜ਼ਾਦਾ ਸਲੀਮ ਦਾ ਰਾਹ ਸਾਫ਼ ਹੋ ਗਿਆ ਤੇ ਇਸ ਦੇ ਨਾਲ ਹੀ ਸ਼ਾਹਜ਼ਾਦਾ ਖ਼ੁਸਰੋ ਦੇ ਸਭ ਤੋਂ ਵੱਡੇ ਹਮਦਰਦ ਤੇ ਰਿਸ਼ਤੇਦਾਰ ਰਾਜਾ ਮਾਨ ਸਿੰਘ ਦੀ ਬਦਲੀ ਬੰਗਾਲ ਵਿਚ ਹੋਣ ਕਰਕੇ ਤੇ ਸੰਨ 1604 ਵਿਚ ਅਚਾਣਕ ਸ਼ਾਹਜ਼ਾਦਾ ਦਾਨੀਆਲ ਦੀ ਮੌਤ ਦੇ ਕਾਰਣ ਅਕਬਰ ਦਾ ਜ਼ੋਰ ਹੋਰ ਵੀ ਘਟਿਆ। ਇਸ ਲਈ ਉਸ ਦੇ ਅੱਗੇ ਹੁਣ ਸ਼ਾਹਜ਼ਾਦਾ ਸਲੀਮ ਨੂੰ ਰਾਜ ਦਾ ਹੱਕਦਾਰ ਕਰਾਰ ਦੇਣ ਤੋਂ ਸਿਵਾਇ ਹੋਰ ਕੋਈ ਚਾਰਾ ਨਹੀਂ ਸੀ। ਇਨ੍ਹਾਂ ਹੀ ਦਿਨਾਂ ਵਿਚ ਅਕਬਰ ਨੂੰ ਅਚਾਣਕ ਅਤਿਸਾਰ ਦੀ ਬੀਮਾਰੀ ਲੱਗ ਗਈ, ਜੋ ਅਨੇਕਾਂ ਇਲਾਜ ਕਰਨ ਦੇ ਬਾਵਜੂਦ ਹਟ ਨਾ ਸਕੀ। ਕਈ ਇਤਿਹਾਸਕਾਰਾਂ ਦਾ ਮਤ ਹੈ ਕਿ ਉਸ ਨੂੰ ਖਾਣੇ ਵਿਚ ਜ਼ਹਿਰ ਦਿੱਤੀ ਗਈ ਤੇ ਇਸ ਤਰ੍ਹਾਂ ਜ਼ਹਿਰ ਦੇਣ ਵਿਚ ਸ਼ਾਹਜ਼ਾਦਾ ਸਲੀਮ ਦਾ ਖ਼ਾਸ ਹੱਥ ਸੀ, ਪਰ ਖ਼ੈਰ ਇਸ ਬੀਮਾਰੀ ਦਾ ਅਸਲ ਕਾਰਣ ਚਾਹੇ ਕੁਝ ਵੀ ਹੋਵੇ, ਸਮਰਾਟ ਅਕਬਰ ਇਸ ਰੋਗ ਤੋਂ ਬਚ ਨਾ ਸਕਿਆ ਤੇ ਉਹ ਆਖ਼ਰ ਜਹਾਂਗੀਰ ਤੋਂ ਸ਼ਾਹਜ਼ਾਦਾ ਖ਼ੁਸਰੋ ਤੇ ਉਸ ਦੇ ਸਾਥੀਆਂ ਦੇ ਮਾਲ-ਜਾਨ ਦੀ ਸਲਾਮਤੀ ਦਾ ਵਾਦਾ ਲੈ ਕੇ 17 ਅਕਤੂਬਰ ਸੰਨ 1605 ਈ: ਨੂੰ ਇਸ ਦੁਨੀਆਂ ਤੋਂ ਹਮੇਸ਼ਾ ਲਈ ਕੂਚ ਕਰ ਗਿਆ।

ਜਿਸ ਸਮੇਂ ਸ਼ਮਰਾਟ ਅਕਬਰ ਦੀ ਮੌਤ ਹੋਈ ਉਸ ਸਮੇਂ ਜਹਾਂਗੀਰ ਆਗਰੇ ਵਿਚ ਹੀ ਸੀ। ਪਿਤਾ ਦੇ ਅੰਤਿਮ ਸੰਸਕਾਰ ਕਰਨ ਤੋਂ ਬਾਦ ਜਹਾਂਗੀਰ ਨੇ ਉਸ ਦੇ ਸਾਰੇ ਕੀਤੇ ਕਰਾਏ ਵਾਦੇ ਭੁਲਾ ਦਿੱਤੇ ਤੇ ਰਾਜ-ਗੱਦੀ ਤੇ ਬੈਠਦਿਆਂ ਹੀ ਆਪਣੇ ਵੱਡੇ ਪੁਤ੍ਰ ਸ਼ਾਹਜ਼ਾਦਾ ਖ਼ੁਸਰੋ ਨੂੰ ਕਿਲਾ ਆਗਰਾ ਦੇ ਬੰਦੀਖਾਨੇ ਵਿਚ ਡੱਕ ਦਿੱਤਾ ਤਾ ਕਿ ਉਹ ਮੁੜ ਉੱਭਰ ਨਾ ਸਕੇ। ਸੁਰਗਵਾਸੀ ਸਮ੍ਰਾਟ ਅਕਬਰ ਦੇ ਦਰਬਾਰੀ ਅਜੇ ਵੀ ਸ਼ਾਹਜ਼ਾਦਾ ਖ਼ੁਸਰੋ ਦਾ ਪੱਖ ਪੂਰਦੇ ਸਨ, ਇਸ ਲਈ ਥੋੜੇ ਦਿਨਾਂ ਪਿੱਛੋਂ ਇਹੋ ਪਤਾ ਲੱਗਾ ਕਿ ਸ਼ਾਹਜ਼ਾਦਾ ਖ਼ੁਸਰੋ ਕਿਸੇ ਤਰ੍ਹਾਂ ਬੰਦੀਖ਼ਾਨਿਓਂ ਨਿਕਲ ਕੇ ਪੰਜਾਬ ਵਲ ਚਲਾ ਗਿਆ ਹੈ ਤੇ ਸੈਨਿਕ ਸੰਗਠਨ ਕਰ ਰਿਹਾ ਹੈ।

ਜਹਾਂਗੀਰ ਦੇ ਦਰਬਾਰ ਵਿਚ ਇਸ ਸਮੇਂ ਸਭ ਤੋਂ ਵਧੀਕ ਮਨਚਲਾ ਅਮੀਰ ਸ਼ੇਖ਼ ਫ਼ਰੀਦ ਬੁਖ਼ਾਰੀ ਸੀ, ਜੋ ਵੈਰੋਵਾਲ (ਪੰਜਾਬ) ਦਾ ਵਾਸੀ ਤੇ ਪਹਿਲਾਂ ਸਮ੍ਰਾਟ ਅਕਬਰ ਦਾ ਸਿਪਹ ਸਾਲਾਰ ਰਿਹਾ ਅਤੇ ਫੇਰ ਜਹਾਂਗੀਰ ਨੂੰ ਗੱਦੀ ਦਿਵਾਉਣ ਵਿਚ ਪੂਰੀ ਤਰ੍ਹਾਂ ਸਹਾਇਕ ਸਾਬਤ ਹੋਇਆ ਸੀ। ਜਹਾਂਗੀਰ ਨੇ ਪੰਜਾਬੀਆਂ ਦੀ ਨਬਜ਼ ਦਾ ਪਾਰਖੂ ਦੇਖ ਕੇ ਉਸੇ ਨੂੰ ਸ਼ਾਹੀ ਲਸ਼ਕਰ ਦੇ ਕੇ ਸ਼ਾਹਜ਼ਾਦਾ ਖ਼ੁਸਰੋ ਦਾ ਪਿੱਛਾ ਕਰਨ ਵਾਸਤੇ ਭੇਜਿਆ ਤੇ ਉਸ ਦੀ ਸਹਾਇਤਾ ਵਾਸਤੇ ਆਪ ਵੀ ਉਸ ਦੇ ਪਿੱਛੇ ਪਿੱਛੇ ਚਲਿਆ। ਸ਼ਾਹਜ਼ਾਦਾ ਖ਼ੁਸਰੋ ਨਾਲ ਸ਼ੇਖ਼ ਫ਼ਰੀਦ ਦੀ ਇਕ ਟੱਕਰ ਦਰਿਆ ਬਿਆਸ ਲੰਘ ਕੇ ਗੋਇੰਦਵਾਲ ਦੇ ਨੇੜੇ ਹੋਈ, ਜਿਸ ਵਿਚ ਖ਼ੁਸਰੋ ਹਾਰ ਖਾ ਕੇ ਸਾਥੀਆਂ ਸਮੇਤ ਲਾਹੌਰ ਵਲ ਦੌੜ ਗਿਆ। ਫੇਰ ਕਿਸਮਤ ਨੇ ਲਾਹੌਰ ਵੀ ਉਸ ਦੇ ਪੈਰ ਨਾ ਜੰਮਣ ਦਿੱਤੇ, ਜਿਸ ਕਰਕੇ ਉਸ ਨੇ ਰਾਵੀਓਂ ਪਾਰ ਹੋ ਕੇ ਚਨਿਓਟ ਦੇ ਇਲਾਕੇ ਵਲ ਰੁਖ਼ ਕੀਤਾ। ਇਸ ਭੱਜ-ਦੌੜ ਵਿਚ ਉਸ ਦੇ ਕੁਝ ਸਾਥੀ ਮਾਰੇ ਗਏ ਤੇ ਕੁਝ ਇਧਰ ਉਧਰ

ਖਿੰਡ-ਪੁੰਡ ਗਏ । ਇਸ ਹਾਲਤ ਵਿਚ ਜਦ ਉਹ ਦਰਿਆ ਝਨਾਂ ਦੇ ਕੰਢੇ ਪੁੱਜਾ ਤਾਂ ਸੋਧਰਾ ਦੇ ਕੁਝ ਲੋਕਾਂ ਦੀ ਨਮਕ ਹਰਾਮੀ ਦੇ ਕਾਰਣ ਸ਼ਾਹੀ ਫ਼ੌਜਾਂ ਦੇ ਹੱਥ ਗ੍ਰਿਫ਼ਤਾਰ ਹੋਣ ਤੇ ਉਸ ਨੂੰ ਲਾਹੌਰ ਲਿਆਂਦਾ ਗਿਆ । ਉਸ ਦੇ ਸਾਥੀ ਹੁਸੈਨ ਬੇਗ ਤੇ ਅਬਦੁੱਰਹੀਮ ਨੂੰ ਜਹਾਂਗੀਰ ਵਲੋਂ ਪ੍ਰਾਣ-ਦੰਡ ਦੀ ਆਗਿਆ ਹੋਈ । ਸ਼ਾਹਜ਼ਾਦਾ ਖ਼ੁਸਰੋ ਨੂੰ ਪਹਿਲਾਂ ਬੰਦੀ ਖ਼ਾਨੇ ਡੱਕਿਆ ਤੇ ਫੇਰ ਕੁਝ ਚਿਰ ਬਾਦ ਸ਼ਾਹਜ਼ਾਦਾ ਖ਼ੁੱਰਮ (ਸ਼ਾਹਜਹਾਂ) ਦੇ ਹੱਥੀਂ ਬੜੇ ਭੇਤ ਭਰੇ ਢੰਗ ਨਾਲ ਮਰਵਾ ਦਿੱਤਾ ਗਿਆ ਤੇ ਬਾਕੀ ਉਸ ਦੇ ਸਾਥੀ ਸ਼ਾਹਜ਼ਾਦਾ ਕਾਮਰਾਨ ਦੇ ਬਾਗ਼ ਦੇ ਕੋਲ ਨਗਰ ਦੀ ਸੜਕ ਦੇ ਦੋਹੀਂ ਪਾਸੀਂ ਦਰਖ਼ਤਾਂ ਨਾਲ ਰੱਸੇ ਬੰਨ੍ਹ ਕੇ ਪਾਲੋ ਪਾਲ ਫਾਂਸੀਆਂ ਉਤੇ ਲਟਕਾਏ ਗਏ । ਇਸ ਇਬਰਤਨਾਕ ਸਜ਼ਾ ਤੋਂ ਬਾਦ ਜਹਾਂਗੀਰ ਨੇ ਸ਼ਾਹਜ਼ਾਦਾ ਖ਼ੁਸਰੋ ਦੇ ਹੋਰ ਸਹਾਇਕਾਂ ਦੀ ਟੋਲ-ਭਾਲ ਸ਼ੁਰੂ ਕੀਤੀ । ਰਾਜੂ ਅਤੇ ਅੰਬਾ ਨਾਂ ਦੇ ਦੋ ਹੋਰ ਵਿਅਕਤੀ ਸਨ, ਜਿਨ੍ਹਾਂ ਨੇ ਉਸ ਸਮੇਂ ਲਾਹੌਰ ਦੇ ਨੇੜੇ ਲੁੱਟ ਮਾਰ ਸ਼ੁਰੂ ਕਰ ਰੱਖੀ ਸੀ । ਉਹ ਸ਼ਾਹੀ ਹੁਕਮ ਨਾਲ ਕ੍ਰਮ ਅਨੁਸਾਰ ਪ੍ਰਾਣ-ਦੰਡ ਤੇ ਧਨ-ਦੰਡ ਦੇਕੇ ਬੁਰੀ ਤਰ੍ਹਾਂ ਇਕ ਪਾਸੇ ਲਾਏ ਗਏ । ਇਸੇ ਤਰ੍ਹਾਂ ਸ਼ੇਖ ਨਜ਼ਾਮ ਥਾਨੇਸਰੀ ਨੂੰ ਖ਼ੁਸਰੋ ਦੀ ਸਹਾਇਤਾ ਦਾ ਦੋਸ਼ ਲਗਾ ਕੇ ਦੇਸ ਨਿਕਾਲਾ ਦਿੱਤਾ ਗਿਆ ।

ਸਮ੍ਰਾਟ ਜਹਾਂਗੀਰ ਨੇ ਇਸ ਤੋਂ ਬਾਦ, ਜਿਵੇਂ ਕਿ ਤੁਜ਼ਕਿ ਜਹਾਂਗੀਰੀ ਵਿਚ ਲਿਖਿਆ ਹੈ, ਕਸਬਾ ਗੋਇੰਦਵਾਲ ਦੇ ਲਾਗੇ ਵੈਰੋਵਾਲ ਦਾ ਉਹ ਇਲਾਕਾ, ਜਿੱਥੇ ਸ਼ਾਹਜ਼ਾਦਾ ਖ਼ੁਸਰੋ ਨੇ ਜੰਗ ਕਰਕੇ ਹਾਰ ਖਾਧੀ ਸੀ, ਇਸ ਜਿੱਤ ਦੀ ਖ਼ੁਸ਼ੀ ਵਿਚ ਆਪਣੇ ਬਖ਼ਸ਼ੀ ਸ਼ੇਖ਼ ਫ਼ਰੀਦ ਬੁਖ਼ਾਰੀ ਨੂੰ ਇਨਾਮ ਵਜੋਂ ਦੇ ਦਿੱਤਾ ਅਤੇ ਇਸ ਦੇ ਨਾਲ ਹੀ ਮੁਰਤਜ਼ਾ ਖ਼ਾਨ ਦੀ ਉੱਚੀ ਪਦਵੀ ਸਮੇਤ ਪੰਜ ਹਜ਼ਾਰੀ ਮਨਸਬ ਦੇ ਕੇ ਉਸ ਦਾ ਰਾਜ-ਸਨਮਾਨ ਵੀ ਕੀਤਾ । ਮੁਰਤਜ਼ਾ ਖ਼ਾਨ ਨੇ ਉੱਥੇ ਇਸ ਸ਼ੁਕਰਾਨੇ ਵਜੋਂ ਫ਼ਤਿਹਾਬਾਦ ਨਾਮੀ ਨਗਰ ਦੀ ਨੀਂਹ ਰੱਖੀ, ਜੋ ਹੁਣ ਤਕ ਉਸੇ ਯਾਦਗਾਰ ਵਜੋਂ ਤਰਨ ਤਾਰਨੋਂ ਗੋਇੰਦਵਾਲ ਜਾਣ ਵਾਲੀ ਸੜਕ ਉਤੇ ਆਬਾਦ ਹੈ ।

ਇਸ ਤਰ੍ਹਾਂ ਖ਼ੁਸਰੋ ਦੀ ਬਗ਼ਾਵਤ ਤੋਂ ਫ਼ਾਰਿਗ਼ ਹੋ ਕੇ ਸਮ੍ਰਾਟ ਜਹਾਂਗੀਰ ਚੂੰਕਿ ਆਪਣੇ ਪਿਤਾ ਅਕਬਰ ਦੇ ਹੋਰ ਹਾਮੀਆਂ ਤੋਂ ਵੀ ਕਈ ਵਿੰਗੇ-ਟੇਢੇ ਤਰੀਕੇ ਵਰਤ ਕੇ ਬਦਲੇ ਲੈ ਰਿਹਾ ਸੀ, ਇਸ ਲਈ ਹੁਣ ਉਸ ਦੀ ਨਿਗਾਹ ਪੰਚਮ ਪਾਤਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਵਲ ਹੋਈ, ਜੋ ਉਸ ਸਮੇਂ, ਜਿਵੇਂ ਕਿ ਪਹਿਲਾਂ ਦੱਸਿਆ ਗਿਆ ਹੈ, ਅਮ੍ਰਿਤਸਰ ਦੇ ਸਥਾਨ ਪਰ ਸ੍ਰੀ ਹਰਿਮੰਦਿਰ (ਦਰਬਾਰ) ਸਾਹਿਬ ਥਾਪ ਕੇ ਨਾਮ-ਬਾਣੀ ਦੁਆਰਾ ਮਨੁੱਖੀ ਏਕਤਾ ਦਾ ਧੜੱਲੇਦਾਰ ਪ੍ਰਚਾਰ ਕਰ ਰਹੇ ਸਨ । ਸਮ੍ਰਾਟ ਅਕਬਰ ਗੁਰੂ ਜੀ ਦੇ ਇਨ੍ਹਾਂ ਸ਼ੁਭ ਵਿਚਾਰਾਂ ਨਾਲ ਪੂਰੀ ਤਰ੍ਹਾਂ ਸਹਿਮਤ ਸੀ, ਜਿਸ ਕਰਕੇ ਕਈ ਵੇਰ ਗੁਰੂ ਜੀ ਨੂੰ ਮਦਦ ਵੀ ਦਿੰਦਾ ਰਿਹਾ ਸੀ, ਪਰ ਬਾਦਸ਼ਾਹ ਜਹਾਂਗੀਰ, ਜਿਸ ਦੀਆਂ ਅੱਖਾਂ ਉਤੇ ਦੀਨ-ਮਜ਼੍ਹਬ ਦੇ ਬਹਾਨੇ ਤਅੱਸੁਬ ਦੀ ਪੱਟੀ ਬੰਨ੍ਹੀ ਹੋਈ ਸੀ, ਇਸ ਸਰਬ ਸਾਂਝੇ ਸਤ ਧਰਮ ਦੇ ਪ੍ਰਚਾਰ ਨੂੰ ਗਹਿਰੀ ਨਿਗਾਹ ਨਾਲ ਦੇਖਦਾ ਸੀ ਤੇ ਬੜੀ ਦੇਰ ਤੋਂ ਇਸ ਪ੍ਰਚਾਰ ਨੂੰ ਝੂਠੀ ਦੁਕਾਨ ਆਖ ਕੇ ਬੰਦ ਕਰਨ ਦੇ ਬਹਾਨੇ ਸੋਚ ਰਿਹਾ ਸੀ[1], ਇਸ ਲਈ ਉਸ ਨੇ ਬ੍ਰਹਮ ਗਿਆਨੀ ਤੇ ਸਚਾਈ ਦੇ ਪੁੰਜ ਗੁਰੂ ਅਰਜਨ ਉਤੇ ਸ਼ਾਹਜ਼ਾਦਾ ਖ਼ੁਸਰੋ ਦੇ ਹਿਮਾਇਤੀ ਹੋਣ ਦਾ ਦੋਸ਼

[1]ਦੇਖੋ, ਤੁਜ਼ਕਿ ਜਹਾਂਗੀਰੀ (ਫ਼ਾਰਸੀ), ਨਵਲ ਕਿਸ਼ੋਰ ਪ੍ਰੈਸ, ਲਖਨਊ, ਸਫ਼ਾ 35.

ਥੱਪਿਆ[1] ਤੇ ਗੁਰੂ ਸਾਹਿਬ ਨੂੰ ਸਫ਼ਾਈ ਪੇਸ਼ ਕਰਨ ਦੇ ਬਹਾਨੇ ਆਪਣੇ ਖ਼ਾਸ ਅਹਿਦੀਆਂ ਦੇ ਹੱਥੀਂ ਲਾਹੌਰ ਬੁਲਾਇਆ। ਗੁਰੂ ਸਾਹਿਬ ਨੇ ਇਸ ਸਮੇਂ ਗੁਰਗੱਦੀ ਆਪਣੇ ਪੁਤ੍ਰ ਸ੍ਰੀ ਗੁਰੂ ਹਰਿਗੋਬਿੰਦ ਜੀ ਨੂੰ ਦਿੱਤੀ ਤੇ ਆਪ ਲਾਹੌਰ ਨੂੰ ਚੱਲ ਪਏ। ਲਾਹੌਰ ਪੁਜਣ ਤੇ ਪਹਿਲਾਂ ਤਾਂ ਸ਼ਾਹੀ ਹੁਕਮ ਨਾਲ ਰਾਜੂ ਤੇ ਅੰਬਾ ਵਾਂਗ ਉਨ੍ਹਾਂ ਤੋਂ ਡੇਢ ਲੱਖ ਰੁਪਏ ਜੁਰਮਾਨਾ ਬਗ਼ਾਵਤ ਦਾ ਜੁਰਮ ਲਾ ਕੇ ਮੰਗਿਆ ਗਿਆ[2] ਤੇ ਫੇਰ ਅਨੇਕ ਪ੍ਰਕਾਰ ਦੇ ਕਸ਼ਟ ਦਿੱਤੇ ਗਏ।

ਬਾਦਸ਼ਾਹ ਜਹਾਂਗੀਰ ਆਪਣੀ ਕਿਤਾਬ ਤੁਜ਼ਕਿ ਜਹਾਂਗੀਰੀ ਵਿਚ ਸ੍ਰੀ ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ ਬਾਰੇ ਸੰਕੇਤ ਮਾਤ੍ਰ ਇਹ ਸਾਰੇ ਹਾਲ ਦੱਸ ਕੇ ਇਸ ਤਰ੍ਹਾਂ ਲਿਖਦਾ ਹੈ :—

"ਗੋਇੰਦਵਾਲ ਵਿਚ, ਜੋ ਦਰਿਆ ਬਿਆਸ ਦੇ ਕੰਢੇ ਆਬਾਦ ਹੈ, ਅਰਜਨ ਨਾਮੀ ਇਕ ਹਿੰਦੂ ਰਹਿੰਦਾ ਸੀ, ਜਿਸ ਨੇ ਪਵਿਤ੍ਰਤਾ ਅਤੇ ਸਾਧੂ-ਪਣੇ ਦਾ ਪਹਿਰਾਵਾ ਪਹਿਨ ਰੱਖਿਆ ਸੀ। ਇਥੋਂ ਤਕ ਕਿ ਸਾਦਾ ਦਿਲ ਹਿੰਦੂਆਂ ਤੇ ਮੂਰਖ ਅਨਪੜ੍ਹ ਮੁਸਲਮਾਨਾਂ ਨੂੰ ਵੀ ਉਸ ਨੇ ਆਪਣੀ ਚਾਲ-ਢਾਲ ਤੇ ਵਰਤੋਂ-ਵਿਹਾਰ ਨਾਲ ਖਿੱਚ ਲਿਆ ਸੀ ਅਤੇ ਹਰ ਪਾਸੇ ਆਪਣੀ ਫ਼ਕੀਰੀ ਦਾ ਢੰਡੋਰਾ ਫੇਰ ਰੱਖਿਆ ਸੀ। ਲੋਕ ਉਸ ਨੂੰ ਗੁਰੂ ਕਹਿੰਦੇ ਸਨ ਤੇ ਸਾਰੇ ਪਾਸਿਆਂ ਤੋਂ ਅਨਜਾਣ ਲੋਕ ਉਸ ਦੀ ਪੂਜਾ ਕਰਨ ਅਤੇ ਉਸ ਪਰ ਪੂਰੀ ਸ਼੍ਰਧਾ ਪ੍ਰਗਟ ਕਰਨ ਵਾਸਤੇ ਇਕੱਤ੍ਰ ਹੁੰਦੇ ਸਨ। ਤਿੰਨ-ਚਾਰ ਪੀੜ੍ਹੀਆਂ ਤੋਂ ਉਸ ਨੇ ਇਸ ਦੁਕਾਨ ਨੂੰ ਗਰਮ ਕਰ ਰੱਖਿਆ ਸੀ। ਕਈ ਵੇਰ ਸਾਡੀ ਵਿਚਾਰ ਹੋਈ ਕਿ ਉਸ ਦੇ ਇਸ ਵਿਅਰਥ ਕਾਰਜ ਨੂੰ ਰੋਕ ਦੇਈਏ ਜਾਂ ਉਸ ਨੂੰ ਮੁਸਲਮਾਨ ਬਣਾ ਲਈਏ।

ਅੰਤ ਵਿਚ ਜਦ ਖ਼ੁਸਰੋ ਇਸ ਰਸਤਿਓਂ ਲੰਘਿਆ ਤਦ ਇਸ ਅਪ੍ਰਸਿੱਧ ਪੁਰਸ਼ ਨੇ ਉਸ ਦੇ ਕੋਲ ਹਾਜ਼ਰ ਹੋਣ ਦੀ ਸਲਾਹ ਕੀਤੀ। ਖ਼ੁਸਰੋ ਸਬੱਬ ਨਾਲ ਉਸ ਦੇ ਰਹਿਣ ਵਾਲੀ ਥਾਂ ਪਰ ਉਤਰਿਆ ਅਤੇ ਉਹ ਉਸ ਦੇ ਪਾਸ ਆਇਆ ਅਤੇ ਸੇਵਾ ਕੀਤੀ। ਅੱਗੋਂ ਉਸ ਨੇ ਖ਼ੁਸਰੋ ਦੇ ਨਾਲ ਵਿਸ਼ੇਸ਼ ਵਰਤਾਉ ਕੀਤਾ ਤੇ ਉਸ ਦੇ ਮੱਥੇ ਪਰ ਕੇਸਰ ਦਾ ਟਿੱਕਾ ਲਗਾਇਆ ਜਿਸ ਨੂੰ ਹਿੰਦੂ ਲੋਕ ਬੜਾ ਸ਼ੁਭ ਮੰਨਦੇ ਹਨ। ਜਦ ਅਸੀਂ ਇਹ

---

[1]ਇਸ ਸਮੇਂ ਗੁਰੂ ਸਾਹਿਬ ਤੋਂ ਵਿਰੁੱਧ ਇਸ ਤਰ੍ਹਾਂ ਦੋਸ਼ ਥੱਪਣ ਵਿਚ ਸ਼ਾਹੀ ਕਰਮਚਾਰੀਆਂ ਤੋਂ ਬਿਨਾ ਗੁਰੂ ਜੀ ਦਾ ਆਪਣਾ ਹੀ ਭਾਈ ਪ੍ਰਿਥੀ ਚੰਦ ਤੇ ਉਸ ਦਾ ਪੁਤ੍ਰ ਸੋਢੀ ਮਿਹਰਵਾਨ ਮੋਢੀ ਸਨ। (ਦੇਖੋ, ਕੇਸਰ ਸਿੰਘ ਛਿੱਬਰ ਦਾ ਬੰਸਾਵਲੀਨਾਮਾ, ਚਰਣ ਪੰਜਵਾਂ)

[2]ਮੁਹਸਿਨ ਫ਼ਾਨੀ (ਦਬਿਸਤਾਨਿ ਮਜ਼ਾਹਿਬ, ਸਫ਼ਾ 234) ਤੇ ਸੱਯਦ ਮੁਹੰਮਦ ਲਤੀਫ਼ (ਹਿਸਟਰੀ ਆਫ਼ ਦੀ ਪੰਜਾਬ, ਸਫ਼ਾ 254) ਦੇ ਕਥਨ ਅਨੁਸਾਰ ਬਾਦਸ਼ਾਹ ਜਹਾਂਗੀਰ ਵਲੋਂ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਉੱਪਰ ਰਕਮਿ ਸੁਤਰਗ (a large sum) ਅਰਥਾਤ-ਵੱਡੀ ਭਾਰੀ ਰਕਮ ਜੁਰਮਾਨਾ ਹੋਈ ਸੀ ਤੇ ਹੋਰ ਇਤਿਹਾਸਕਾਰਾਂ ਨੇ ਦੋ ਲੱਖ ਰੁਪਏ ਜੁਰਮਾਨਾ ਹੋਣਾ ਲਿਖਿਆ ਹੈ। (ਦੇਖੋ, ਗੁਰ ਪ੍ਰਤਾਪ ਸੂਰਜ, ਰਾਸ਼ਿ ੪, ਅੰਸ਼ੂ ੩੨; ਗਿਆਨੀ ਗਿਆਨ ਸਿੰਘ ਕ੍ਰਿਤ ਤਵਾਰੀਖ਼ ਗੁਰੂ ਖ਼ਾਲਸਾ, ਹਿੱਸਾ ੧, ਨੰਬਰ ੨, ਸਫ਼ਾ ੭੫੪ ਅਤੇ Cambridge History of India, Vol. IV, P. 245)

ਵ੍ਰਿਤਾਂਤ ਸੁਣਿਆ ਤਾਂ ਉਸ ਨੂੰ ਆਪਣੇ ਸਾਮ੍ਹਣੇ ਹਾਜ਼ਰ ਕਰਨ ਦੀ ਆਗਿਆ ਦਿੱਤੀ ਅਤੇ ਉਸ ਦੇ ਘਰ-ਬਾਰ ਤੇ ਸੰਤਾਨ ਨੂੰ ਮੁਰਤਜ਼ਾ ਖ਼ਾਨ ਦੇ ਹਵਾਲੇ ਕਰ ਦਿੱਤਾ। ਉਸ ਦੀ ਕੁਲ ਜਾਇਦਾਦ ਜ਼ਬਤ ਕਰ ਕੇ ਉਸ ਨੂੰ ਮਾਰ ਸੁੱਟਣ ਦਾ ਹੁਕਮ ਦੇ ਦਿੱਤਾ।"

ਇਸ ਤੋਂ ਪਿੱਛੋਂ ਪ੍ਰਸਿੱਧ ਸਿੱਖ ਇਤਿਹਾਸਕਾਰ ਭਾਈ ਕੇਸਰ ਸਿੰਘ ਛਿੱਬਰ ਆਪਣੀ ਪੁਸਤਕ 'ਬੰਸਾਵਲੀ ਨਾਮਾ' ਵਿਚ, ਇਹ ਦੱਸ ਕੇ ਕਿ ਸ੍ਰੀ ਗੁਰੂ ਅਰਜਨ ਦੇਵ ਜੀ ਕਿਵੇਂ ਸ਼ਾਹੀ ਹੁਕਮ ਨਾਲ ਲਾਹੌਰ ਬੁਲਾਏ, ਸੱਤ ਮਹੀਨੇ ਤਸੀਹੇ ਦੇ ਕੇ ਅਤਿਅੰਤ ਦੁਖੀ ਕੀਤੇ, ਦਰਿਆ ਰਾਵੀ ਕੰਢੇ ਤੱਤੀ ਰੇਤ ਉਤੇ ਸੁੱਟ ਕੇ ਸੰਗਸਾਰ ਕੀਤੇ ਤੇ ਫੇਰ ਨਦੀ ਵਿਚ ਪ੍ਰਵਾਹੇ ਗਏ, ਇਹ ਕ੍ਰਮਵਾਰ ਸਾਰੀਆਂ ਘਟਨਾਵਾਂ ਸੰਖੇਪ ਰੂਪ ਵਿਚ ਇਸ ਤਰ੍ਹਾਂ ਪੇਸ਼ ਕਰਦਾ ਹੈ :—

ਨਿਤ ਨਿਤ ਦੀ ਚੁਗਲੀ ਇਕ ਦਿਨ ਫੁਰੀ।
ਸੰਮਤ ਸੋਲਾਂ ਸੌ ਬਾਹਠਵੇਂ ਦਸਤਕ ਟੁਰੀ॥ ੧੦੨॥

ਨਵਾਬ[1] ਕਹਿਆ, ਹਿੰਦੂ ਨੂੰ ਲੈ ਆਓ।
ਕਰੋ ਦਸਤਕ, ਪਿਆਦੇ ਜਾਓ।"

ਤੁਰਕਾਂ ਦਾ ਵਧਿਆ ਸੀ ਜ਼ੋਰ ਅਤੇ ਰਾਜ।
ਰਲ ਮਿਲ ਸਾਹੀਆਂ ਤੇ ਭਾਈਆਂ ਕੀਤਾ ਕੁਕਾਜ॥ ੧੦੩॥

ਸਾਹਿਬ ਸੁਣਿਆ ਜੋ ਚੁਗਲੀ ਹੋਈ।
ਮਨ ਵਿਚ ਗਿਣੀ ਜੋ ਸਕਾ ਭਰਾ ਹੋਇ ਕੇ ਐਸੀ ਕਰੇ ਨ ਕੋਈ।

ਸਾਹਿਬ ਮਥਾ ਟੇਕਿ ਵਿਦਿਆ ਹੋਇ ਗਏ।
ਦੁਸਟ ਚਉਕੜੀ ਵਿਚ ਆਵਤ ਭਏ।

ਜਵਾਬ ਸਵਾਲ ਬਹੁਤ ਹੀ ਹੋਇਆ।
ਭਏ ਕੈਦ, ਦੁਖ ਪਾਇਆ, ਸੁਖ ਖੋਇਆ॥ ੧੩੫॥

ਸਤ ਮਾਸ ਸ੍ਰਮ ਅਤਿ ਪਾਇਆ।
ਦੁਸਟਾਂ ਬਾਦ ਵਡਾ ਸੀ ਉਠਾਇਆ।...

ਓੜਕ ਬੰਧ ਕੇ ਰੇਤੀ ਵਿਚ ਸੁਟਾਏ।
ਜੇਠ ਮਾਸ ਦੀ ਧੁਪ ਪਿੰਡਾ ਸੜ ਜਾਏ।

ਇਕ ਮੁਗਲ ਕਾਫਰ ਨੇ ਇਟ ਚਲਾਈ।
ਨਾਲੇ ਮੂੰਹ ਤੇ ਮੰਦਾ ਅਲਾਈ॥ ੧੩੯॥

ਸੋ ਭਰਵੱਟੇ ਉਪਰ ਚੋਟ ਆ ਲੱਗੀ।
ਚਲਿਆ ਲੋਹੂ, ਧਾਰਾ ਵੱਗੀ।
ਤਿਸੀ ਚੋਟ ਕਰਿ ਛੁਟੀ ਦੇਹ।

[1]ਸ਼ੇਖ਼ ਫ਼ਰੀਦ ਬੁਖ਼ਾਰੀ (ਨਵਾਬ ਮੁਰਤਜ਼ਾ ਖ਼ਾਨ) ਨੇ।

ਥਈ ਸਿਰ ਦੁਸਟ ਦੇ ਖੇਹ[1] ॥ ੧੪੦ ॥
ਡਰਦਾ ਹਿੰਦੂ ਪਾਸ ਨ ਕੋਈ ਜਾਏ ।
ਸੋ ਬਧੇ ਹੋਏ ਹੀ ਦਿੱਤੇ ਨਦੀ ਰੁੜਾਏ ।
ਸੰਮਤ ਸੋਲਾਂ ਸੈ ਤ੍ਰਿਹਟ ਜੇਠ ਮਹੀਨੇ ।
ਚੰਨੋ ਚਾਨਣੀ ਚਉਥ ਜਲ ਵਹਾਇ ਸੋ ਦੀਨੇ ॥ ੧੪੧ ॥

ਤੁਜ਼ਕਿ ਜਹਾਂਗੀਰੀ ਦੇ ਇਸ ਇਤਿਹਾਸਿਕ ਬਿਆਨ ਤੋਂ ਸਾਫ਼ ਪਤਾ ਲਗਦਾ ਹੈ ਕਿ ਬਾਦਸ਼ਾਹ ਜਹਾਂਗੀਰ ਨੇ ਮਜ਼ਹਬੀ ਤਅੱਸੁਬ ਵਿਚ ਆ ਕੇ ਗੁਰੂ ਸਾਹਿਬ ਨੂੰ ਫੜਨ ਤੇ ਮਾਰ ਸੁੱਟਣ ਦਾ ਕਿਵੇਂ ਹੁਕਮ ਦਿੱਤਾ ਤੇ ਇਸ ਦੇ ਨਾਲ ਹੀ ਉਨ੍ਹਾਂ ਦੀ ਸੰਤਾਨ ਨਜ਼ਰਬੰਦ ਰੱਖੀ ਤੇ ਕੁੱਲ ਜਾਇਦਾਦ ਜ਼ਬਤ ਕਰ ਕੇ ਨਵਾਬ ਮੁਰਤਜ਼ਾ ਖ਼ਾਨ ਦੇ ਹਵਾਲੇ ਕੀਤੀ ਗਈ। ਛਿੱਬਰ ਜੀ ਦੇ ਕਥਨ ਅਨੁਸਾਰ ਕਿ ਇਸ ਸਮੇਂ ਕੈਦ ਦੇ ਦੌਰਾਨ ਵਿਚ ਗੁਰੂ ਸਾਹਿਬ ਨੂੰ ਸੱਤ ਮਹੀਨੇ ਅਨੇਕ ਪ੍ਰਕਾਰ ਦੇ ਕਸ਼ਟ ਦਿੱਤੇ ਗਏ ਤੇ ਫੇਰ ਜੇਠ ਦੇ ਮਹੀਨੇ ਤਪਦੇ ਰੇਤ ਵਿਚ ਬੰਨ੍ਹ ਕੇ ਸੁੱਟੇ ਜਾਣ ਤੇ ਉਨ੍ਹਾਂ ਨੂੰ ਹੁਕਮਨ ਸੰਗਸਾਰ ਕੀਤਾ ਗਿਆ ਤੇ ਫੇਰ ਸ਼ਹੀਦ ਹੋਣ ਤੇ ਰਾਵੀ ਨਦੀ ਵਿਚ ਉਨ੍ਹਾਂ ਦਾ ਸਰੀਰ ਪ੍ਰਵਾਹਿਆ ਗਿਆ, ਇਹ ਘਟਨਾ ਹੋਰ ਵੀ ਸਪੱਸ਼ਟ ਹੋ ਜਾਂਦੀ ਹੈ ।

ਭਾਈ ਸੰਤੋਖ ਸਿੰਘ, ਗਿਆਨੀ ਗਿਆਨ ਸਿੰਘ ਆਦਿ ਇਤਿਹਾਸਕਾਰਾਂ ਨੇ, ਜੋ ਇਨ੍ਹਾਂ ਲਿਖਤਾਂ ਤੋਂ ਕਿਸੇ ਕਾਰਣ ਅਨਜਾਣ ਸਨ, ਗੁਰੂ ਅਰਜਨ ਦੀ ਸ਼ਹੀਦੀ ਬਾਦਸ਼ਾਹੀ ਹੁਕਮ ਨਾਲ ਦੀਵਾਨ ਚੰਦੂ ਲਾਲ ਦੇ ਹੱਥੋਂ ਹੋਣੀ ਲਿਖੀ ਹੈ, ਜੋ ਕਿ ਗੁਰੂ ਜੀ ਦਾ ਮੁੱਢੋਂ ਜਾਨੀ ਦੁਸ਼ਮਨ ਸੀ। ਗੁਰੂ ਜੀ ਦੇ ਬਦਲੇ ਦੀਵਾਨ ਚੰਦੂ ਨੇ ਦੋ ਲੱਖ ਰੁਪਏ ਦੇਣੇ ਕੀਤੇ ਤੇ ਉਨ੍ਹਾਂ ਨੂੰ ਆਪਣੀ ਤਹਿਵੀਲ ਵਿਚ ਲੈ ਲਿਆ। (ਦੇਖੋ, ਸ੍ਰੀ ਗੁਰ ਮਹਿਮਾ ਪ੍ਰਕਾਸ਼, ਸਰੂਪ ਦਾਸ, ਭੱਲਾ) ਗੁਰੂ ਸਾਹਿਬ ਨੂੰ ਚੰਦੂ ਨੇ ਇਸ ਸਮੇਂ ਪਹਿਲਾਂ ਹੁਕਮਨ ਭੁੱਖੇ ਰੱਖਿਆ, ਫੇਰ ਗਰਮ ਪਾਣੀ ਦੀ ਦੇਗ ਵਿਚ, ਉਸ ਤੋਂ ਬਾਦ ਤਪਦੀ ਰੇਤ ਅਤੇ ਅੰਤ ਤੱਤੀ ਤਵੀ ਉਤੇ ਬਿਠਾ ਕੇ ਅਨੇਕ ਪ੍ਰਕਾਰ ਦੇ ਕਸ਼ਟ ਦਿਤੇ। ਪਿੱਛੋਂ ਗੁਰੂ ਜੀ ਨੂੰ ਮੁਸਲਮਾਨ ਬਣਨ ਤੇ ਸ੍ਰੀ ਆਦਿ ਗ੍ਰੰਥ ਵਿਚ ਮੁਸਲਮਾਨ ਪੀਰਾਂ-ਪੈਗੰਬਰਾਂ ਦੀ ਤਾਰੀਫ਼ ਦਰਜ ਕਰਨ ਵਾਸਤੇ ਕਿਹਾ ਤੇ ਗਊ ਦੇ ਕੱਚੇ ਚਮੜੇ ਵਿਚ ਬੰਦ ਕਰ ਕੇ ਮਾਰੇ ਜਾਣ ਦਾ ਡਰ ਵੀ ਦਿੱਤਾ, ਪਰ ਇਨ੍ਹਾਂ ਡਰਾਵਿਆਂ ਵਿਚੋਂ ਕੋਈ ਵੀ ਡਰਾਵਾ ਗੁਰੂ ਸਾਹਿਬ ਨੂੰ ਆਪਣੇ ਸਿਦਕ ਤੋਂ ਨੀਚੇ ਨਾ ਡੇਗ ਸਕਿਆ, ਜਿਸ ਕਰ ਕੇ ਉਹ ਹਸਦੇ ਹਸਦੇ ਤੇ ਜਹਾਂਗੀਰ ਦੇ ਹੁਕਮ ਨਾਲ ਇਸ ਤਸ਼ੱਦਦ ਨੂੰ ਰੱਬ ਦਾ ਭਾਣਾ ਮੰਨ ਕੇ ਜੇਠ ਸੁਦੀ 4 ਸੰਮਤ 1663 ਬਿ. (ਮੁਤਾਬਿਕ ਸੰਨ 1606 ਈ.) ਨੂੰ ਲਾਹੌਰ ਦੇ ਕਿਲੇ ਲਾਗੇ ਦਰਿਆ ਰਾਵੀ ਦੇ ਕੰਢੇ, ਜਿਥੇ ਉਨ੍ਹਾਂ ਦੀ ਯਾਦ ਵਿਚ ਗੁਰਦੁਆਰਾ ਡੇਹਰਾ ਸਾਹਿਬ ਬਣਿਆ ਹੋਇਆ ਹੈ, ਸ਼ਹੀਦ ਹੋ ਕੇ ਆਪਣਾ ਨਾਮ ਹਮੇਸ਼ਾਂ ਲਈ ਅਮਰ ਕਰ ਗਏ।

ਸ੍ਰੀ ਗੁਰੂ ਅਰਜਨ ਦੇਵ ਜੀ, ਜਿਸ ਤਰ੍ਹਾਂ ਕਿ ਮੁੱਢ ਵਿਚ ਹੀ ਦੱਸਿਆ ਗਿਆ ਹੈ,

---

[1]ਮੁਹਸਿਨ ਫ਼ਾਨੀ ਨੇ ਵੀ ਆਪਣੀ ਕਿਤਾਬ ਦਬਿਸਤਾਨਿ ਮਜ਼ਾਹਿਬ (ਸਫ਼ਾ 234) ਪਰ ਇਸ ਕਥਨ ਦੀ ਪੁਸ਼ਟੀ ਕੀਤੀ ਹੈ ਤੇ ਲਿਖਿਆ ਹੈ ਕਿ ਗੁਰੂ ਸਾਹਿਬ ਚੰਗੀ ਤਰ੍ਹਾਂ ਬੰਨ੍ਹ ਕੇ ਰੇਤ ਵਿਚ ਸੁਟਾਏ ਗਏ ਸਨ, ਜਿਸ ਕਰਕੇ ਉਥੇ ਸੂਰਜ ਦੀ ਗਰਮੀ ਤੇ ਸਰਕਾਰੀ ਕਰਮਚਾਰੀਆਂ ਦੇ ਤਸ਼ੱਦਦ ਕਾਰਣ ਗੁਰੂ ਜੀ ਦਾ ਦੇਹਾਂਤ ਹੋਇਆ ਸੀ।

ਪੂਰੇ ਪੂਰੇ ਸੰਤ ਸਿਪਾਹੀ ਤੇ ਸ਼ਾਂਤਮਈ ਰਹਿੰਦੇ ਹੋਏ ਮਨ ਵਚਨ ਕਰਮ ਤੋਂ ਕਰਮਵੀਰ ਤੇ ਸੂਰਵੀਰ ਸਨ, ਜਿਸ ਕਰਕੇ ਉਨ੍ਹਾਂ ਨੇ ਨਾ ਕੇਵਲ ਸ੍ਰੀ ਹਰਿਮੰਦਿਰ (ਦਰਬਾਰ) ਸਾਹਿਬ ਰਚ ਕੇ ਤੇ ਉਸ ਵਿਚ ਸ੍ਰੀ ਆਦਿ ਗ੍ਰੰਥ ਜੀ ਦੀ ਸਥਾਪਨਾ ਕਰ ਕੇ ਗੁਰਮਤ ਦੇ ਪ੍ਰਚਾਰ ਨੂੰ ਹੀ ਪੱਕੀਆਂ ਲੀਹਾਂ ਤੇ ਚਲਾਇਆ, ਸਗੋਂ ਸ੍ਰੀ ਆਦਿ ਗ੍ਰੰਥ ਵਿਚ 22 ਅਧਿਆਤਮਕ ਵਾਰਾਂ ਦਾ ਸੰਪਾਦਨ ਕਰਕੇ, ਜਿਨ੍ਹਾਂ ਵਿਚ ਗੁਰੂ ਅਰਜਨ ਸਾਹਿਬ ਦੀਆਂ ਆਪਣੀਆਂ ਛੇ ਵਾਰਾਂ ਵੀ ਸ਼ਾਮਲ ਹਨ, ਸਿੱਖਾਂ ਨੂੰ ਇਕ ਸਾਂਝੀ ਕੌਮੀਅਤ ਦੀ ਸ਼ਕਲ ਦੇਣ ਲਈ ਵੀਰਤਾ ਦੀ ਰੰਗਣ ਵਿਚ ਰੰਗਿਆ ਤੇ ਪੂਰੇ ਪੂਰੇ ਅਗਾਂਹ ਵਧੂ, ਇਨਸਾਨੀਅਤ ਦੇ ਰਹਨੁਮਾ ਤੇ ਦੇਸ਼-ਭਗਤ ਹੋਣ ਦਾ ਰਾਹ ਦਿਖਾਇਆ। ਰੂਹਾਨੀਅਤ ਭਰੀ ਵੀਰਤਾ ਦੀਆਂ ਪ੍ਰਤੀਕ ਸ੍ਰੀ ਆਦਿ ਗ੍ਰੰਥ ਜੀ ਦੀਆਂ 22 ਵਾਰਾਂ, ਜੋ ਗੁਰੂ ਅਰਜਨ ਨੇ ਸੰਪਾਦਿਤ ਕੀਤੀਆਂ, ਉਨ੍ਹਾਂ ਦੇ ਲੇਖਕਾਂ ਦੀ ਨਾਮਾਵਲੀ ਸਹਿਤ ਕ੍ਰਮ ਅਨੁਸਾਰ ਇਸ ਪ੍ਰਕਾਰ ਹਨ—

(ੳ) (1) ਵਾਰ ਮਾਝ ਮਹਲਾ ੧ (ਗੁਰੂ ਨਾਨਕ),
(2) ਵਾਰ ਆਸਾ ਮਹਲਾ ੧ (ਗੁਰੂ ਨਾਨਕ),
(3) ਮਲਾਰ ਕੀ ਵਾਰ ਮਹਲਾ ੧ (ਗੁਰੂ ਨਾਨਕ)।

(ਅ) (1) ਗੂਜਰੀ ਕੀ ਵਾਰ ਮਹਲਾ ੩ (ਗੁਰੂ ਅਮਰ ਦਾਸ),
(2) ਵਾਰ ਸੂਹੀ ਕੀ ਮਹਲਾ ੩ (ਗੁਰੂ ਅਮਰ ਦਾਸ),
(3) ਰਾਮ ਕਲੀ ਕੀ ਵਾਰ ਮਹਲਾ ੩ (ਗੁਰੂ ਅਮਰ ਦਾਸ),
(4) ਮਾਰੂ ਕੀ ਵਾਰ ਮਹਲਾ ੩ (ਗੁਰੂ ਅਮਰ ਦਾਸ)।

(ੲ) (1) ਸ੍ਰੀ ਰਾਗ ਕੀ ਵਾਰ ਮਹਲਾ ੪ (ਗੁਰੂ ਰਾਮਦਾਸ),
(2) ਰਾਗ ਗਉੜੀ ਕੀ ਵਾਰ ਮਹਲਾ ੪ (ਗੁਰੂ ਰਾਮਦਾਸ),
(3) ਬਿਹਾਗੜੇ ਕੀ ਵਾਰ ਮਹਲਾ ੪ (ਗੁਰੂ ਰਾਮਦਾਸ),
(4) ਵਡਹੰਸ ਕੀ ਵਾਰ ਮਹਲਾ ੪ (ਗੁਰੂ ਰਾਮਦਾਸ),
(5) ਸੋਰਠਿ ਕੀ ਵਾਰ ਮਹਲਾ ੪ (ਗੁਰੂ ਰਾਮਦਾਸ),
(6) ਬਿਲਾਵਲ ਕੀ ਵਾਰ ਮਹਲਾ ੪ (ਗੁਰੂ ਰਾਮਦਾਸ),
(7) ਸਾਰੰਗ ਕੀ ਵਾਰ ਮਹਲਾ ੪ (ਗੁਰੂ ਰਾਮਦਾਸ),
(8) ਕਾਨੜੇ ਕੀ ਵਾਰ ੪ (ਗੁਰੂ ਰਾਮਦਾਸ)।

(ਸ) (1) ਗਉੜੀ ਕੀ ਵਾਰ ਮਹਲਾ ੫ (ਗੁਰੂ ਅਰਜਨ),
(2) ਗੂਜਰੀ ਕੀ ਵਾਰ ਮਹਲਾ ੫ (ਗੁਰੂ ਅਰਜਨ),
(3) ਵਾਰ ਜੈਤਸਰੀ ਮਹਲਾ ੫ (ਗੁਰੂ ਅਰਜਨ),
(4) ਰਾਮਕਲੀ ਕੀ ਵਾਰ ਮਹਲਾ ੫ (ਗੁਰੂ ਅਰਜਨ),
(5) ਮਾਰੂ ਕੀ ਵਾਰ ਮਹਲਾ ੫ (ਗੁਰੂ ਅਰਜਨ),
(6) ਬਸੰਤ ਕੀ ਵਾਰ ਮਹਲਾ ੫ (ਗੁਰੂ ਅਰਜਨ)।

(ਹ) (1) ਰਾਮਕਲੀ ਕੀ ਵਾਰ ਰਾਇ ਬਲਵੰਡ ਤਥਾ ਸਤੈ ਡੂਮ ਆਖੀ।

'ਵਾਰ' ਵੀਰ-ਸਾਹਿੱਤ ਦਾ ਇਕ ਅਨਿੱਖੜਵਾਂ ਅੰਗ ਹੈ ਤੇ ਵਾਰ ਦਾ ਅੱਖਰੀ ਅਰਥ ਹੈ ਜੰਗ ਨਾਮਾ। ਜੰਗ ਦੋ ਕਿਸਮ ਦੇ ਹੁੰਦੇ ਹਨ : (1) ਅੰਦਰੂਨੀ ਜੰਗ ਤੇ ਬੈਰੂਨੀ

ਜਾਂ ਬਾਹਰਲੇ ਜੰਗ। ਅੰਦਰੂਨੀ ਜੰਗ ਹਮੇਸ਼ਾ ਇਨਸਾਨ ਦੀਆਂ ਅੰਦਰਲੀਆਂ ਮਨ ਜਾਂ ਅੰਤਰਾਤਮੇ ਦੀਆਂ ਚੰਗੀਆਂ-ਮਾੜੀਆਂ ਪ੍ਰਵ੍ਰਿਤੀਆਂ ਨਾਲ ਸੰਬੰਧ ਰਖਦੇ ਹਨ, ਜੋ ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ ਤੇ ਸਤਿ, ਸੰਤੋਖ, ਦਯਾ, ਧੀਰਜ ਤੇ ਧਰਮ ਦੇ ਵਿਚਕਾਰ ਹਮੇਸ਼ਾ ਪਰਸਪਰ ਚਲਦੇ ਹੀ ਰਹਿੰਦੇ ਹਨ ਤੇ ਬਾਹਰਲੇ ਜੰਗ-ਜੁੱਧ, ਜੋ ਸਾਡੇ ਇਤਿਹਾਸ ਦਾ ਇਕ ਖ਼ਾਸ ਅੰਗ ਬਣੇ ਹੋਏ ਹਨ, ਇਸ ਜੁੱਧ-ਰੀਤੀ ਦੇ ਅੰਤਲੇ ਪੜਾਉ ਹਨ। ਇਹ ਜੰਗ-ਜੁੱਧ ਉਪਰੋਕਤ ਅੰਦਰੂਨੀ ਲੜਾਈਆਂ ਦੇ ਮੁਕਾਬਲੇ ਤੇ, ਜੋ ਜਨ-ਸਮਾਜ ਦਾ ਜ਼ਰੂਰੀ ਅੰਗ ਹਨ, ਵਧੇਰੇ ਸਾਫ਼, ਸਪੱਸ਼ਟ ਤੇ ਖ਼ੂਨੀ ਰੂਪ ਧਾਰ ਕੇ ਕਈ ਵੇਰ ਸਾਡੇ ਸਾਮ੍ਹਣੇ ਆਉਂਦੇ ਰਹਿੰਦੇ ਹਨ। ਇਨ੍ਹਾਂ ਛੇਕੜੇ ਜੰਗ-ਜੁੱਧਾਂ ਦੇ ਡਰ ਤੋਂ ਬਚਣ ਲਈ ਜਨ-ਸਮਾਜ ਨੂੰ ਹਮੇਸ਼ਾ ਨਿਆਇਕਾਰੀ ਜਾਂ ਇਨਸਾਫ਼ ਪਸੰਦ ਰਾਜ-ਸ਼ਕਤੀ ਤੇ ਉਸ ਦੇ ਅਧੀਨ ਫ਼ੌਜ ਦਾ ਸਹਾਰਾ ਲੈਣਾ ਪੈਂਦਾ ਹੈ। ਜਨ-ਸਮਾਜ ਦੇ ਆਤਮਿਕ ਜਾਂ ਅੰਦਰਲੇ ਝਗੜੇ ਨਿਬੇੜਨ ਵਾਸਤੇ, ਜੋ ਉਸ ਦੀ ਉੱਚੀ-ਨੀਵੀਂ ਮਾਨਸਿਕ ਅਵਸਥਾ ਦੀ ਉਪਜ-ਨਿਪਜ ਹੁੰਦੇ ਹਨ, ਭਾਵੇਂ ਕਈ ਵੇਰ ਰਾਜ-ਸ਼ਕਤੀ ਦੇ ਅਧੀਨ ਪੁਲਿਸ, ਅਦਾਲਤ ਆਦਿ ਦਾ ਸਹਾਰਾ ਲੈਣਾ ਪੈਂਦਾ ਹੈ, ਪਰ ਗੁਰੂ, ਸੰਤ, ਭਗਤ ਜਾਂ ਗੁਰਮੁਖ ਲੋਕ, ਜਿਨ੍ਹਾਂ ਦੇ ਅੰਤਰਾਤਮੇ ਵਿਚ ਅਕਾਲ ਪੁਰਖ ਦਾ ਦਾ ਭੈ ਤੇ ਉਸ ਦੇ ਨਾਮ-ਸਿਮਰਨ ਦੀ ਚਿਣਗ ਲੱਗੀ ਹੋਈ ਹੋਵੇ, ਹਮੇਸ਼ਾ ਡਟ ਕੇ ਸਤਿ, ਸੰਤੋਖ, ਦਯਾ, ਧਰਮ ਤੇ ਧੀਰਜ ਦੇ ਸਹਾਰੇ ਕਾਮ, ਕ੍ਰੋਧ, ਲੋਭ, ਮੋਹ ਤੇ ਅਹੰਕਾਰ ਦਾ ਟਾਕਰਾ ਕਰਦੇ ਹੋਏ ਇਨ੍ਹਾਂ ਉਤੇ ਪੂਰੀ ਤਰ੍ਹਾਂ ਫ਼ਤੇ ਪ੍ਰਾਪਤ ਕਰਦੇ ਹਨ। ਸ੍ਰੀ ਗੁਰੂ ਅਰਜਨ ਦੇਵ ਜੀ ਨੇ ਸ੍ਰੀ ਆਦਿ ਗ੍ਰੰਥ ਦੀਆਂ ਗੁਰੂ ਨਾਨਕ ਦੇ ਸਮੇਂ ਤੋਂ ਚਲੀਆਂ ਆ ਰਹੀਆਂ ਇਨ੍ਹਾਂ ਅਧਿਆਤਮਕ ਵਾਰਾਂ ਵਿਚ, ਜਿਨ੍ਹਾਂ ਦਾ ਵੇਰਵਾ ਪਹਿਲਾਂ ਦਿੱਤਾ ਗਿਆ ਹੈ, ਇਨ੍ਹਾਂ ਹੀ ਰੂਹਾਨੀ ਜੰਗਾਂ-ਜੁੱਧਾਂ ਦਾ ਜ਼ਿਕਰ ਕੀਤਾ ਹੈ, ਜਿਵੇਂ ਕਿ ਇਨ੍ਹਾਂ ਵਾਰਾਂ ਵਿਚ ਹੀ ਅਨੇਕ ਥਾਵੀਂ ਲਿਖਿਆ ਹੈ :—

(1) ਸੋ ਸੂਰਾ ਵਰੀਆਮੁ ਜਿਨਿ ਵਿਚਹੁ ਦੁਸਟ ਅਹੰਕਰਣੁ ਮਾਰਿਆ ॥

(ਵਾਰ ਸ੍ਰੀ ਰਾਗ, ਮ: ੩)

(2) ਪੰਜੇ ਬਧੇ ਮਹਾਬਲੀ ਕਰਿ ਸਚਾ ਢੋਆ ॥

(ਬਸੰਤ ਕੀ ਵਾਰ ਮ: ੫)

(3) ਕਾਮੁ ਕ੍ਰੋਧੁ ਲੋਭੁ ਛੋਡੀਐ, ਦੀਜੈ ਅਗਨਿ ਜਲਾਇ ॥

(ਵਾਰ ਗੂਜਰੀ ਮ: ੫)

(4) ਸੂਰਵੀਰ ਵਰੀਆਮ ਕਿਨੈ ਨ ਹੋੜੀਐ ॥
ਫਉਜ ਸਤਾਣੀ ਹਾਠ ਪੰਚਾ ਜੋੜੀਐ ॥
ਗੁਰੁ ਪੂਰਾ ਆਰਾਧਿ ਬਿਖਮ ਦਲ ਫੋੜੀਐ ॥ (ਵਾਰ ਗੂਜਰੀ ਮ: ੫)

(5) ਮਨਮੁਖ ਮਰਹਿ ਅਹੰਕਾਰਿ, ਮਰਣੁ ਵਿਗਾੜਿਆ ॥

(ਵਾਰ ਸ੍ਰੀ ਰਾਗੁ ਮ: ੫)

ਗੁਰੂ ਸਾਹਿਬ ਆਪਣੀ ਬਾਣੀ ਵਿਚ ਇਸੇ ਕਾਰਣ ਕਾਮ, ਕ੍ਰੋਧ, ਲੋਭ, ਮੋਹ ਆਦਿ ਪੰਜ ਵਿਕਾਰਾਂ ਨੂੰ ਜਿੱਤ ਕੇ ਆਤਮਾ ਦੀ ਸ਼ੁੱਧੀ ਅਤੇ ਉੱਚਤਾ ਉਤੇ ਹੀ ਵਧੇਰੇ ਜ਼ੋਰ ਦਿੰਦੇ ਰਹੇ ਹਨ ਤੇ ਉਨ੍ਹਾਂ ਨੇ ਸੂਰਵੀਰ, ਵਰੀਆਮ ਤੇ ਜੋਧਾ ਉਸੇ ਵਿਅਕਤੀ ਨੂੰ ਮੰਨਿਆ ਹੈ ਜੋ

ਨਾਮ-ਬਾਣੀ ਦੇ ਸਹਾਰੇ ਇਨ੍ਹਾਂ ਵਿਕਾਰਾਂ ਤੋਂ ਰਹਿਤ ਹੋ ਕੇ ਮਨ ਉਤੇ ਪੂਰੀ ਤਰ੍ਹਾਂ ਕਾਬੂ ਪਾ ਲਵੇ, ਤੇ ਇਸੇ ਲਈ ਕਥਨ ਕੀਤਾ ਹੈ :—

ਜਾ ਕਉ ਹਰਿ ਰੰਗੁ ਲਾਗੋ ਇਸੁ ਜੁਗ ਮਹਿ, ਸੋ ਕਹੀਅਤ ਹੈ ਸੂਰਾ ॥
ਆਤਮ ਜਿਣੈ ਸਗਲ ਵਸਿ ਤਾ ਕੈ, ਜਾ ਕਾ ਸਤਿਗੁਰੁ ਪੂਰਾ ॥

(ਧਨਾਸਰੀ ਮਹਲਾ ੫)

ਇਸੇ ਤਰ੍ਹਾਂ ਗੁਰੂ ਅਰਜਨ ਨੇ ਇਕ ਥਾਵੇਂ ਆਪਣੀ ਬਾਣੀ ਵਿਚ ਇਸ ਅਧਿਆਤਮਕ ਘੋਲ ਨੂੰ ਬੜੇ ਵਾਜੇ-ਗਾਜਿਆਂ ਦੇ ਦਰਮਿਆਨ ਮੱਲ-ਜੁੱਧ ਜਾਂ ਛਿੰਝ ਦਾ ਅਖਾੜਾ ਤੇ ਆਪਣੇ ਆਪ ਨੂੰ ਇਸ ਅਖਾੜੇ ਵਿਚ ਉਸ ਅਕਾਲ ਪੁਰਖ (ਗੋਸਾਈਂ) ਦਾ ਪਹਿਲਵਾਨੜਾ ਦੱਸ ਕੇ ਬੜੇ ਦਿਲਕਸ਼ ਅਲੰਕਾਰਿਕ ਢੰਗ ਨਾਲ ਇਸ ਤਰ੍ਹਾਂ ਚਿਤ੍ਰਿਆ ਹੈ :

ਹਉ ਗੋਸਾਈ ਦਾ ਪਹਿਲਵਾਨੜਾ ॥
ਮੈ ਗੁਰ ਮਿਲਿ ਉਚ ਦੁਮਾਲੜਾ ॥
ਸਭ ਹੋਈ ਛਿੰਝ ਇਕਠੀਆ,
ਦਯੁ ਬੈਠਾ ਵੇਖੈ ਆਪਿ ਜੀਉ ॥੧੭॥
ਵਾਤ ਵਜਨਿ ਟੰਮਕ ਭੇਰੀਆ ॥
ਮਲ ਲਥੇ ਲੈਦੇ ਫੇਰੀਆ ॥
ਨਿਹਤੇ ਪੰਜ ਜੁਆਨ ਮੈ,
ਗੁਰ ਥਾਪੀ ਦਿਤੀ ਕੰਡਿ ਜੀਉ ॥੧੮॥

(ਸ੍ਰੀ ਰਾਗੁ ਮਹਲਾ ੫)

ਗੁਰੂ ਸਾਹਿਬ ਦੇ ਇਸ ਵਾਰ-ਸਾਹਿੱਤ ਦੇ ਨਕਸ਼ਿ ਕਦਮ ਤੇ ਚੱਲ ਕੇ ਹੀ ਉਨ੍ਹਾਂ ਦੇ ਦਰਬਾਰੀ ਕਵੀ ਭਾਈ ਗੁਰਦਾਸ ਨੇ ੪੦ ਵਾਰਾਂ ਰਚੀਆਂ, ਜੋ ਹੁਣ ਵਾਰਾਂ ਗਜਾਨ ਰਤਨਾਵਲੀ ਜਾਂ ਵਾਰਾਂ ਭਾਈ ਗੁਰਦਾਸ ਦੇ ਨਾਂ ਤੇ ਮਸ਼ਹੂਰ ਹਨ ।

ਸ੍ਰੀ ਗੁਰੂ ਅਰਜੰਨ ਦੇਵ ਜੀ ਇਸ ਤਰ੍ਹਾਂ, ਜਿਵੇਂ ਕਿ ਉਨ੍ਹਾਂ ਦੀ ਬਾਣੀ ਤਥਾ ਵਾਰ-ਸਾਹਿੱਤ ਤੋਂ ਸਪਸ਼ਟ ਹੁੰਦਾ ਹੈ, ਕਥਨੀ-ਕਰਨੀ ਦੇ ਪੂਰੇ, ਵਚਨ ਦੇ ਸੂਰੇ, ਆਪਣੇ ਸਮੇਂ ਦੇ ਇਕ ਵੱਡੇ ਅਧਿਆਤਮਕ ਮੋਢੀ, ਸਾਹਿੱਤ ਦੇ ਮਹਾਨ ਕਲਾਕਾਰ, ਮਨ ਵਚਨ ਕਰਮ ਤੋਂ ਬੜੇ ਸਾਫ਼, ਸ਼ੁੱਧ ਤੇ ਅਗਾਂਹ ਵਧੂ ਸ਼ੁਭ ਪ੍ਰਵਿਰਤੀਆਂ ਦੇ ਮਾਲਕ, ਹੱਦ ਦਰਜੇ ਦੇ ਸਮਾਜ ਸੁਧਾਰਕ, ਸੱਚੇ ਦੇਸ਼-ਭਗਤ, ਮਤ-ਭੇਦ ਤੋਂ ਰਹਿਤ, ਵਿਸ਼ੂ ਭ੍ਰਾਤ੍ਰਿਭਾਵ ਦੀ ਭਾਵਨਾ ਵਿਚ ਪੂਰੀ ਤਰ੍ਹਾਂ ਸੰਪੰਨ ਅਤੇ ਉਸ ਸਮੇਂ ਦੀ ਹਿੰਦੂ-ਮੁਸਲਿਮ ਜਨਤਾ ਦੇ ਦੁਮੇਲ ਵਿਚ ਏਕਤਾ ਦੇ ਇਕੋ ਇਕ ਪ੍ਰਤੀਕ ਸਨ । ਉਨ੍ਹਾਂ ਦੀ ਇਸ ਅਹਿਮੀਅਤ ਨੂੰ ਮੁਗ਼ਲ ਸਮ੍ਰਾਟ ਅਕਬਰ ਤਾਂ ਪੂਰੀ ਤਰ੍ਹਾਂ ਸਮਝਦਾ ਸੀ ਜਿਸ ਕਰ ਕੇ ਉਹ ਉਮਰ ਭਰ ਚੰਗਾ ਮਿਲਵਰਤਨ ਦਿੰਦਾ ਰਿਹਾ, ਪਰ ਪਿੱਛੋਂ ਉਸ ਦੇ ਹੀ ਪੁਤ੍ਰ ਸਮ੍ਰਾਟ ਜਹਾਂਗੀਰ ਨੇ ਆਪਣੀ ਕੋਤਾਹ-ਅੰਦੇਸ਼ੀ ਦੇ ਕਾਰਣ ਅਜਿਹੇ ਅਦੁਤੀ ਰੂਹਾਨੀ ਰਹਿਬਰ ਤੇ ਕਲਾਕਾਰ ਨੂੰ ਆਪਣੀ ਹਠ ਧਰਮੀ ਦੇ ਕਾਰਣ ਬਹਾਨੇ ਨਾਲ ਸ਼ਹੀਦ ਕਰਕੇ ਹਮੇਸ਼ਾਂ ਲਈ ਮੁਗਲ ਹਕੂਮਤ ਦੇ ਰਾਹ ਵਿਚ ਕੰਡੇ ਬੀਜ ਦਿੱਤੇ, ਜਿਸ ਤੋਂ ਸ਼ਾਂਤ ਮਈ ਰਹਿਣ ਵਾਲੇ ਸਿੱਖਾਂ ਵਿਚ ਅਥਾਹ ਜੋਸ਼ ਜਾਗਿਆ ਤੇ ਉਹ ਛੇਤੀ ਹੀ ਮੁਗ਼ਲ ਹਕੂਮਤ ਦੇ ਮੁਕਾਬਲੇ ਤੇ ਸਨੱਧ ਬੱਧ ਹੋਣ ਲੱਗ ਪਏ ।

ਸਿੱਖਾਂ ਦੀ ਵੀਰ ਪਰੰਪਰਾ

ਦੂਜਾ ਦੌਰ

'ਦਲ ਭੰਜਨ ਗੁਰੁ ਸੂਰਮਾ'[1]

ਸ੍ਰੀ ਗੁਰੂ ਹਰਿਗੋਬਿੰਦ ਜੀ

ਗੁਰਗੱਦੀ ਤੇ ਫੌਜੀ ਜੀਵਨ ਦਾ ਮੁੱਢ :

ਸ੍ਰੀ ਗੁਰੂ ਅਰਜਨ ਦੇਵ ਜੀ ਤੋਂ ਬਾਦ, ਜਿਵੇਂ ਕਿ ਪਿੱਛੇ ਦੱਸਿਆ ਗਿਆ ਹੈ, ਉਨ੍ਹਾਂ ਦੀ ਥਾਵੇਂ ਛੇਵੇਂ ਪਾਤਸ਼ਾਹ ਸ੍ਰੀ ਗੁਰੂ ਹਰਿਗੋਬਿੰਦ ਜੀ, ਜੋ 'ਦਲ ਭੰਜਨ ਗੁਰੂ ਸੂਰਮਾ' ਦੇ ਵਿਸ਼ੇਸ਼ਣ ਨਾਲ ਮਸ਼ਹੂਰ ਸਨ, ਗੱਦੀ ਨਸ਼ੀਨ ਹੋਏ ਤੇ ਉਨ੍ਹਾਂ ਤੋਂ ਸਿੱਖਾਂ ਦੀ ਵੀਰ ਪਰੰਪਰਾ ਦਾ ਦੂਜਾ ਦੌਰ ਸ਼ੁਰੂ ਹੋਇਆ। ਸ੍ਰੀ ਗੁਰੂ ਹਰਿਗੋਬਿੰਦ ਜੀ ਦਾਂ ਸਮਾਂ ਸੰਮਤ 1652 ਬਿ. (ਮੁਤਾਬਿਕ ਸੰਨ 1595 ਈ.) ਤੋਂ ਸੰਮਤ 1701 ਬਿ. (ਮੁਤਾਬਿਕ ਸੰਨ 1644 ਈ.) ਤਕ ਹੈ। ਇਸ ਹਿਸਾਬ ਦੇ ਨਾਲ ਸ੍ਰੀ ਗੁਰੂ ਹਰਿਗੋਬਿੰਦ ਜੀ ਜਦ ਆਪਣੇ ਪਿਤਾ ਦੀ ਸ਼ਹੀਦੀ ਤੋਂ ਬਾਦ ਸੰਨ 1606 ਵਿਚ ਗੱਦੀ ਨਸ਼ੀਨ ਹੋਏ ਤਾਂ ਉਨ੍ਹਾ ਦੀ ਉਮਰ ਮਸਾਂ 12 ਕੁ ਵਰ੍ਹਿਆਂ ਦੀ ਸੀ। ਇਸ ਉਮਰ ਵਿਚ ਹੀ ਉਹ ਬੜੇ ਅਕਲਮੰਦ, ਦੂਰ-ਅੰਦੇਸ਼ ਤੇ ਹਰ ਪ੍ਰਕਾਰ ਦੇ ਇਲਮ ਹੁਨਰ ਦੇ ਧਨੀ ਹੋ ਗਏ ਸਨ। ਗੁਰ ਬਿਲਾਸ ਪਾ: 6 ਦੇ ਕਥਨ ਅਨੁਸਾਰ ਗੁਰੂ ਅਰਜਨ ਜੀ ਦੇ ਹੁਕਮ ਨਾਲ ਬਚਪਨ ਵਿਚ ਹੀ ਉਨ੍ਹਾਂ ਨੇ ਬਾਬਾਂ ਬੁੱਢਾ ਜੀ ਤੋਂ, ਜੋ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਹਜ਼ੂਰੀ ਸਿੱਖ ਸਨ, ਵਿਦਜਾ ਪ੍ਰਾਪਤ ਕੀਤੀ ਤੇ ਫੇਰ ਹੋਰ ਉਸਤਾਦਾਂ ਤੋਂ ਘੋੜੇ ਦੀ ਸਵਾਰੀ ਤੇ ਸ਼ਸਤ੍ਰ-ਅਸਤ੍ਰ ਵਿਦਜਾ ਦਾ ਚੰਗਾ ਅਭਿਆਸ ਕੀਤਾ। ਇਹ ਇਸ ਕਾਰਣ ਕਿ ਸਮ੍ਰਾਟ ਅਕਬਰ ਦੇ ਸੁਰਗਵਾਸ ਤੋਂ ਛੇ ਕੁ ਸਾਲ ਪਹਿਲਾਂ ਹੀ ਮੁਗ਼ਲ ਹਕੂਮਤ ਸ਼ਾਹਜ਼ਾਦੇ ਸਲੀਮ (ਜਹਾਂਗੀਰ) ਦੀਆਂ ਵਧੀਕੀਆਂ ਦੇ ਕਾਰਣ ਅਮਨ ਦੇ ਪੱਖ ਤੋਂ ਕੁਝ ਡਿੱਕੋ ਡੋਲੇ ਖਾਣ ਲੱਗ ਪਈ ਸੀ, ਜਿਸ ਕਰ ਕੇ ਸਿੱਖਾਂ ਦਾ ਭਵਿੱਖ ਤਾਂ ਖ਼ਾਸ ਤੌਰ ਤੇ ਖ਼ਤਰੇ ਵਿਚ ਸੀ। ਇਸ ਖ਼ਤਰੇ ਤੋਂ ਬਚਣ ਲਈ ਕੁਝ ਅਗਾਊ ਪੇਸ਼ ਬੰਦੀਆਂ ਹੋਣੀਆਂ ਜ਼ਰੂਰੀ ਸਨ।

ਸ੍ਰੀ ਗੁਰੂ ਹਰਿਗੋਬਿੰਦ ਜੀ ਨੇ ਗੁਰ-ਗੱਦੀ ਪਰ ਬੈਠਦਿਆਂ ਹੀ ਸਰਕਾਰੀ ਬੰਦਸ਼ਾਂ

---

[1]ਪੰਜ ਪਿਆਲੇ ਪੰਜ ਪੀਰ, ਛਠਮ ਪੀਰ ਬੈਠਾ ਗੁਰੁ ਭਾਰੀ ॥
ਅਰਜਨ ਕਾਇਆਂ ਪਲਟ ਕੈ, ਮੂਰਤਿ ਹਰਿ ਗੋਬਿੰਦ ਸਵਾਰੀ ॥...
ਦਲ ਭੰਜਨ ਗੁਰੁ ਸੂਰਮਾ, ਵਡ ਜੋਧਾ ਬਹੁ ਪਰਉਪਕਾਰੀ ॥...
(ਭਾਈ ਗੁਰਦਾਸ, ਵਾਰ ੧/੪੮)

ਦੇ ਬਾਵਜੂਦ, ਜੋ ਬਾਦਸ਼ਾਹ ਜਹਾਂਗੀਰ ਨੇ ਲਗਾਈਆਂ ਸਨ, ਵੀਰਤਾ ਦੀ ਨਿਸ਼ਾਨੀ ਵਜੋਂ, ਦੋ ਤਲਵਾਰਾਂ (ਇਕ ਮੀਰੀ ਦੀ ਤੇ ਦੂਜੀ ਪੀਰੀ ਦੀ) ਪਹਿਨੀਆਂ, ਸਿਰ ਉਤੇ ਸੋਇਨ ਕਲਗੀ ਸਜਾਈ ਤੇ ਗੁਰਿਆਈ ਦੀਆਂ ਪੁਰਾਤਨ ਨਿਸ਼ਾਨੀਆਂ ਸੇਲੀ, ਟੋਪੀ ਆਦਿ ਸਿੱਖਾਂ ਦੇ ਬੇਨਤੀ ਕਰਨ ਦੇ ਬਾਵਜੂਦ ਇਹ ਕਹਿ ਕੇ ਤੋਸ਼ੇਖਾਨੇ ਜਮ੍ਹਾ ਕਰਵਾ ਦਿੱਤੀਆਂ ਕਿ—

ਜੋ ਬਦਲਾ ਪਿਤ ਸੇਲੀ ਪੱਯੈ ॥
ਤੋ ਹਮ ਸੇਲੀ ਸੀਸ ਧਰੱਯੈ ॥
ਸਸਤ੍ਰ ਧਾਰ ਜੇ ਬਦਲਾ ਪਾਵੈਂ ॥
ਸਸਤ੍ਰ ਧਰਨ ਹਮ ਕੋ ਬਨ ਆਵੈਂ ॥
ਰਵਿ ਬੰਸੀ ਹਮ ਛਤ੍ਰੀ ਜਾਤ ॥
ਹਮ ਕੋ ਸਦ ਹੀ ਜੁੱਧ ਸੁਹਾਤ[1] ॥

ਤੇ ਇਸ ਦੇ ਨਾਲ ਹੀ ਗੁਰੂ ਸਾਹਿਬ ਨੇ ਸ਼ਾਹੀ ਠਾਠ ਬਣਾ ਕੇ ਸਿੱਖਾਂ ਨੂੰ ਸ਼ਸਤ੍ਰ ਧਾਰੀ ਹੋਣ ਲਈ ਹੁਕਮ ਦਿੱਤਾ ਤੇ ਸ੍ਰੀ ਹਰਿਮੰਦਿਰ (ਦਰਬਾਰ) ਸਾਹਿਬ ਦੇ ਸਾਮ੍ਹਣੇ ਭਵਿੱਖ ਵਿਚ ਅਜਿਹੇ ਹੋਣ ਵਾਲੇ ਰਾਜਨੀਤਿਕ ਕੰਮਾਂ ਲਈ ਅਕਾਲ ਬੁੰਗੇ ਦੀ ਰਚਨਾ ਸੰਮਤ 1665 ਵਿਚ ਰਚ ਕੇ ਸ਼ਾਹੀ ਦਰਬਾਰ ਕਰਨੇ ਸ਼ੁਰੂ ਕਰ ਦਿੱਤੇ। ਆਪਣੇ ਸਿੱਖ ਜੋਧਿਆਂ ਨੂੰ ਵੀਰ ਰਸ ਦਾ ਪਾਹ ਚਾੜ੍ਹਨ ਤੇ ਉਤਸਾਹ ਦੇਣ ਲਈ ਦੋ ਪ੍ਰਸਿੱਧ ਢਾਡੀ ਮੀਰ ਨੱਥ ਮਲ (ਨੱਥਾ) ਤੇ ਅਬਦੁੱਲਾ, ਜੋ ਪਿੰਡ ਸੁਰ ਸਿੰਘ ਦੇ ਵਸਨੀਕ ਸਨ, ਬੜੇ ਮਾਣ ਨਾਲ ਬੁਲਾ ਕੇ ਆਪਣੇ ਦਰਬਾਰ ਵਿਚ ਰੱਖੇ। ਇਹ ਦੋਵੇਂ ਢਾਡੀ ਉਸ ਸਮੇਂ, ਜਿਵੇਂ ਕਿ ਰਾਜ ਦਰਬਾਰਾਂ ਦਾ ਆਮ ਰਿਵਾਜ ਸੀ, ਗੁਰੂ ਜੀ ਦੀ ਆਗਿਆ ਨਾਲ ਰੋਜ਼ ਗੁਰਬਾਣੀ ਦੇ ਕੀਰਤਨ ਤੋਂ ਬਾਦ ਬੜੇ ਉਤਸਾਹ ਨਾਲ ਜੋਧਿਆਂ ਦੀਆਂ ਵਾਰਾਂ ਅਥਵਾ ਉਨ੍ਹਾਂ ਦੇ ਵੀਰ ਰਸੀ ਕਥਾ-ਪ੍ਰਸੰਗ ਜੋਸ਼ੀਲੀ ਤੇ ਓਜ ਭਰੀ ਕਵਿਤਾ ਵਿਚ ਸੁਣਾਉਣ ਲੱਗੇ।

ਗੁਰੂ ਹਰਿਗੋਬਿੰਦ ਜੀ ਨੇ, ਜਿਵੇਂ ਕਿ ਪਹਿਲਾਂ ਦੱਸਿਆ ਗਿਆ ਹੈ, ਸੰਮਤ 1665 ਬਿ. (ਮੁਤਾਬਿਕ ਸੰਨ 1608 ਈ.) ਵਿਚ ਸ੍ਰੀ ਦਰਬਾਰ ਸਾਹਿਬ ਦੇ ਸਾਮ੍ਹਣੇ ਅਕਾਲ ਤਖ਼ਤ ਜਾਂ ਅਕਾਲ ਬੁੰਗਾ ਥਾਪ ਕੇ ਇਕ ਪ੍ਰਕਾਰ ਦਾ ਆਪਣੇ ਰਾਜਸੀ ਤੇ ਫੌਜੀ ਜੀਵਨ ਦਾ ਮੁੱਢ ਬੰਨ੍ਹਿਆ ਤੇ ਫੇਰ ਨਿੱਤ ਸਨੱਧ ਬੱਧ ਘੋੜ-ਸਵਾਰ ਲੈ ਕੇ ਅੰਮ੍ਰਿਤਸਰ ਦੇ ਨੇੜੇ ਤੇੜੇ ਜੂਹਾਂ ਵਿਚ ਸ਼ਿਕਾਰ ਖੇਡਣਾ ਸ਼ੁਰੂ ਕਰ ਦਿੱਤਾ। ਸਿੱਖਾਂ ਨੂੰ ਸ਼ਸਤ੍ਰ-ਅਸਤ੍ਰਾਂ ਦੀ ਸਿਖਲਾਈ ਲਈ ਬਾਕਾਇਦਾ ਹੁਕਮ ਵੀ ਜਾਰੀ ਕੀਤੇ। ਮੀਰ ਨੱਥ ਮੱਲ ਤੇ ਅਬਦੁੱਲੇ ਢਾਡੀ ਨੇ, ਜਿਵੇਂ ਕਿ ਗੁਰਬਿਲਾਸ ਪਾਤਸ਼ਾਹੀ 6 ਵਿਚ ਲਿਖਿਆ ਹੈ, ਲਗ ਭਗ ਦੋ ਮਹੀਨਿਆਂ ਵਿਚ ਸ੍ਰੀ ਆਦਿ ਗ੍ਰੰਥ ਜੀ ਦੀਆਂ 22 ਵਾਰਾਂ ਦੇ ਆਧਾਰ ਤੇ ਅਨੇਕ ਜੋਧਿਆਂ ਦੇ ਜੁੱਧਾਂ ਦੀਆਂ ਵਾਰਾਂ ਰਚ ਸੁਣਾਈਆਂ, ਜਿਨ੍ਹਾਂ ਵਿਚੋਂ 9 ਵਾਰਾਂ ਗੁਰੂ ਜੀ ਨੂੰ ਵਧੇਰੇ ਪਸੰਦ ਆਈਆਂ ਤੇ ਉਨ੍ਹਾਂ ਵਾਰਾਂ ਦੀਆਂ ਧੁਨਾਂ ਉਤੇ ਸ੍ਰੀ ਆਦਿ ਗ੍ਰੰਥ ਜੀ ਦੀਆਂ ਵਾਰਾਂ ਗਾਉਣ ਦਾ ਹੁਕਮ ਦਿੱਤਾ। ਉਹ ਨੌ ਧੁਨਾਂ ਤੇ ਵਾਰਾਂ ਇਹ ਹਨ:—

(1) ਵਾਰ ਮਾਝ ਮ: ੧, ਮਲਕ ਮੁਰੀਦ ਤਥਾ ਚੰਦ੍ਰਹੜਾ ਸੋਹੀਆਂ ਕੀ ਧੁਨੀ,

---

[1]ਦੇਖੋ, ਗੁਰਬਿਲਾਸ ਪਾ: ੬, ਅਧਿਆਇ ੮।

(2) ਵਾਰ ਗਉੜੀ ਮ: ੫, ਰਾਇ ਕਮਾਲ ਤਥਾ ਮੌਜਦੀ ਕੀ ਧੁਨੀ,
(3) ਵਾਰ ਆਸਾ ਮ: ੧, ਟੁੰਡੇ ਅਸ ਰਾਜੇ ਕੀ ਧੁਨੀ,
(4) ਵਾਰ ਗੂਜਰੀ ਮ: ੫, ਸਕੰਦਰ ਬਹਰਾਮ ਕੀ ਧੁਨੀ,
(5) ਵਡਵੰਸ ਕੀ ਵਾਰ ਮ: ੪, ਲਲਾ ਬਹਲੀਮਾ ਕੀ ਧੁਨੀ,
(6) ਰਾਮ ਕਲੀ ਕੀ ਵਾਰ ਮ: ੫, ਜੋਧੇ ਬੀਰੇ ਪੂਰਬਾਣੀ ਕੀ ਧੁਨੀ,
(7) ਵਾਰ ਸਾਰੰਗ ਮ: ੪, ਰਾਇ ਮਹਮੇ ਹਸਨੇ ਕੀ ਧੁਨੀ,
(8) ਵਾਰ ਮਲਾਰ ਮ: ੧, ਰਾਣੇ ਕੈਲਾਸ ਮਾਲਦੇਵ ਕੀ ਧੁਨੀ,
(9) ਵਾਰ ਕਾਨੜਾ ਮ: ੪, ਮੂਸੇ ਕੀ ਵਾਰ ਕੀ ਧੁਨੀ ।

ਇਹ ਨੌ ਧੁਨਾਂ ਸ੍ਰੀ ਆਦਿ ਗ੍ਰੰਥ ਜੀ ਦੀ ਬੀੜ ਵਿਚ ਪਹਿਲਾਂ ਮੌਜੂਦ ਨਹੀਂ ਸਨ, ਜੋ ਪਿੱਛੋਂ ਵੀਰ-ਰਸ ਤੇ ਵੀਰ-ਪਰੰਪਰਾ ਨੂੰ ਮੁਖ ਰੱਖ ਕੇ ਸ੍ਰੀ ਗੁਰੂ ਹਰਿਗੋਬਿੰਦ ਜੀ ਦੇ ਹੁਕਮ ਨਾਲ ਦਰਜ ਕੀਤੀਆਂ ਗਈਆਂ । ਇਨ੍ਹਾਂ ਧੁਨਾਂ ਤੋਂ ਬਗ਼ੈਰ ਹੋਰ ਵੀ ਬਹੁਤ ਸਾਰੀਆਂ ਵਾਰਾਂ ਇਨ੍ਹਾਂ ਢਾਡੀਆਂ ਨੇ ਰਚੀਆਂ ਤੇ ਗੁਰ-ਦਰਬਾਰ ਵਿਚ ਸੁਣਾਈਆਂ, ਪਰ ਉਨ੍ਹਾਂ ਦੇ ਪ੍ਰਮਾਣ ਸਿਵਾਇ ਗੁਰੂ ਸਾਹਿਬ ਦੇ ਚਾਰ ਧਰਮ-ਜੁੱਧਾਂ ਦੀਆਂ ਵਾਰਾਂ ਤੇ ਕੁਝ ਫੁਟਕਲ ਪਉੜੀਆਂ ਤੋਂ, ਜਿਨ੍ਹਾਂ ਦੇ ਉਦਾਹਰਣ ਅੱਗੇ ਚੱਲ ਕੇ ਕ੍ਰਮ ਅਨੁਸਾਰ ਦਿੱਤੇ ਜਾਣਗੇ, ਹੋਰ ਵਾਰਾਂ ਕਿਸੇ ਪੁਸਤਕਾਲੇ ਜਾਂ ਵਾਰ-ਸੰਗ੍ਰਹਿ ਵਿਚ ਨਹੀਂ ਮਿਲਦੀਆਂ । ਮਾਲੂਮ ਹੁੰਦਾ ਹੈ ਕਿ ਅਜਿਹੀਆਂ ਵਾਰਾਂ ਉਨ੍ਹਾਂ ਢਾਡੀਆਂ ਦੇ ਖ਼ਾਨਦਾਨਾਂ ਵਿਚ ਜ਼ਬਾਨੀ-ਰਸਾਨੀ ਹੀ ਯਾਦ ਚਲੀਆਂ ਆਉਣ ਕਰ ਕੇ ਹੋਰ ਅਨੇਕਾਂ ਇਤਿਹਾਸਿਕ ਯਾਦਗਾਰਾਂ ਵਾਂਗ ਹਮੇਸ਼ਾਂ ਵਾਸਤੇ ਲੁਪਤ ਹੋ ਗਈਆਂ, ਜਿਸ ਕਰ ਕੇ ਹੁਣ ਕਿਤੋਂ ਨਹੀਂ ਮਿਲ ਸਕਦੀਆਂ ।

ਸ੍ਰੀ ਗੁਰੂ ਹਰਿਗੋਬਿੰਦ ਜੀ ਦੀ ਇਸ ਸਮੇਂ ਦੀ ਨਿੱਤ ਕ੍ਰਿਆ, ਜੋ ਗੁਰ-ਦਰਬਾਰ ਦਾ ਇਕ ਜ਼ਰੂਰੀ ਅੰਗ ਮੰਨੀ ਜਾਂਦੀ ਹੈ, ਇਸ ਪ੍ਰਕਾਰ ਸੀ : ਗੁਰੂ ਸਾਹਿਬ ਨੇ ਅਕਾਲ ਤਖ਼ਤ ਰਚਣਸਾਰ ਬਾਬਾ ਬੁੱਢਾ ਜੀ ਨੂੰ, ਜੋ ਗੁਰੂ ਨਾਨਕ ਦੇ ਹਜ਼ੂਰੀ ਸਿੱਖਾਂ ਵਿਚੋਂ ਇਕ ਸਨ, ਹੁਕਮ ਦਿੱਤਾ ਕਿ ਪਹਿਲਾਂ ਅਕਾਲ ਤਖ਼ਤ ਦੀ ਪੂਜਾ ਕਰੋ ਤੇ ਫੇਰ ਸ੍ਰੀ ਦਰਬਾਰ ਸਾਹਿਬ (ਹਰਿਮੰਦਿਰ ਜੀ) ਦੀ। ਸ੍ਰੀ ਦਰਬਾਰ ਸਾਹਿਬ ਦੀ ਪ੍ਰਕਰਮਾਂ ਵਿਖੇ ਨਿਤ ਪ੍ਰਤੀ ਸ਼ਬਦ, ਕੀਰਤਨ ਦੀਆਂ ਪੰਜ ਚੌਂਕੀਆਂ[1] ਦਾ ਨਿਯਮ ਬੰਨ੍ਹ ਕੇ ਗੁਰਬਾਣੀ ਦੇ ਅਮ੍ਰਿਤ-ਪ੍ਰਵਾਹ ਦੀ ਰੀਤਿ ਚਲਾਈ ਤੇ ਹੁਕਮ ਦਿੱਤਾ ਕਿ ਪਹਿਲਾਂ ਨਿੱਤ ਸਵੇਰੇ ਪਹਿਰ ਦੇ ਤੜਕੇ ਆਸਾ ਦੀ ਵਾਰ ਦਾ ਅਖੰਡ ਕੀਰਤਨ ਹੋਵੇ, ਤੇ ਫੇਰ ਅੱਧਾ ਪਹਿਰ ਦਿਨ ਚੜ੍ਹੇ ਅਨੰਦ ਦੀ ਦੂਜੀ ਚੌਕੀ, ਉਸ ਤੋਂ ਬਾਦ ਸਵਾ ਪਹਿਰ ਦਿਨ ਚੜ੍ਹੇ ਤੀਜੀ ਚੌਕੀ ਚਰਣ ਕਮਲ ਦੀ ਸ਼ੁਰੂ ਹੋਵੇ । ਇਸ ਤੋਂ ਬਾਦ ਗੁਰੂ ਸਾਹਿਬ ਚਾਰ ਘੜੀ ਆਰਾਮ ਕਰਕੇ ਫੇਰ ਤ੍ਰਿਕਾਲਾਂ ਨੂੰ ਲਗ ਭਗ ਡੇਢ ਪਹਿਰ ਦਿਨ ਰਹਿੰਦੇ ਨਾਲ ਸੈਰ-ਸ਼ਿਕਾਰ ਵਾਸਤੇ ਚੋਣਵੇਂ ਸਿਖ-ਸਵਾਰਾਂ ਨੂੰ ਲੈ ਕੇ ਚੜ੍ਹਦੇ ਸਨ । ਫੇਰ ਉਥੋਂ ਵਾਪਸ ਆਉਂਦਿਆਂ ਹੀ ਅੱਧ ਕੁ ਪਹਿਰ ਦਿਨ ਰਹਿੰਦੇ ਨਾਲ

---

[1]ਚੌਕੀ ਪਾਂਚ ਸ਼ਬਦ ਕੀ ਸੁਨੈ ॥ ਪਾਛੈ ਗੁਰੁ ਨਾਨਕ ਜਸ ਗੁਨੈ ॥ ੯੧ ॥
ਰਹੀ ਜਾਮ ਨਿਸਿ ਆਸਾ ਵਾਰ ॥ ਕਰਿ ਇਸਨਾਨ ਸੁਨੈ ਹਿਤ ਧਾਰ ॥...੯੨ ॥

(ਗੁਰ ਬਿਲਾਸ ਪਾਤਸ਼ਾਹੀ ੬, ਅਧਿਆਇ ੮)

ਸ੍ਰੀ ਅਕਾਲ ਤਖ਼ਤ ਪਰ ਵਿਰਾਜਮਾਨ ਹੋ ਕੇ ਸੋਦਰ ਦੀ ਚੌਕੀ ਦਾ ਦੀਵਾਨ ਲਾਉਣਾ, ਉਸ ਤੋਂ ਬਾਦ ਭਰੇ ਦਰਬਾਰ ਵਿਚ ਆਪਣੇ ਢਾਡੀ ਨੱਥ ਮੱਲ ਤੇ ਅਬਦੁੱਲੇ ਪਾਸੋਂ ਅਨੇਕ ਜੰਗਾਂ-ਜੁੱਧਾਂ ਦੀਆਂ ਵਾਰਾਂ ਸੁਣਨਾ, ਫੇਰ ਸ਼ਾਮ ਨੂੰ ਪੰਜਵੀਂ ਸ਼ਬਦ-ਚੌਂਕੀ ਰਾਗ ਕਾਨੜੇ ਦੀ ਹੋਣੀ, ਇਸ ਚੌਕੀ ਦਾ ਭੋਗ ਪੈਣ ਤੇ ਫੇਰ ਸੋਹਿਲਾ ਰਾਗ ਗਉੜੀ ਦੀਪਕੀ ਮਹਲਾ ੧ ਆਦਿ ਸ਼ਬਦਾਂ ਦਾ ਬਾਕਾਇਦਾ ਪਾਠ ਹੋਣਾ। ਇਹ ਸੀ ਸ੍ਰੀ ਗੁਰੂ ਹਰਿਗੋਬਿੰਦ ਜੀ ਦੀ ਮੁੱਢਲੀ ਨਿਤ ਕ੍ਰਿਯਾ ਜਿਸ ਵਿਚ ਕਦੇ ਕੋਈ ਫ਼ਰਕ ਨਹੀਂ ਸੀ ਪੈਣ ਦਿੱਤਾ ਜਾਂਦਾ।

ਕਿਲ੍ਹਾ ਗੁਆਲੀਅਰ ਦੀ ਨਜ਼ਰਬੰਦੀ :

ਸ੍ਰੀ ਗੁਰੂ ਹਰਿਗੋਬਿੰਦ ਜੀ ਨੇ ਜਦ ਸਿੱਖਾਂ ਨੂੰ ਏਕਣ ਧੀਰੇ ਧੀਰੇ ਸਨੱਧ ਬੱਧ ਕਰਨਾ ਸ਼ੁਰੂ ਕੀਤਾ ਤਾਂ ਬਹੁਤੀ ਦੇਰ ਕਰਨੀ ਠੀਕ ਨਾ ਸਮਝ ਕੇ ਸਭ ਤੋਂ ਪਹਿਲਾਂ ਦੁਸ਼ਟ ਚੰਦੂ ਸ਼ਾਹੀ ਤੋਂ, ਜਿਸ ਨੇ ਲਾਹੌਰ ਵਿਖੇ ਸ੍ਰੀ ਗੁਰੂ ਅਰਜਨ ਦੇਵ ਜੀ ਨੂੰ ਤਸੀਹੇ ਦੇ ਕੇ ਸ਼ਹੀਦ ਕਰਵਾਇਆ ਸੀ, ਪ੍ਰਣ ਕਰ ਕੇ ਬਦਲਾ ਲੈਣ ਦਾ ਜਤਨ ਕੀਤਾ ਤੇ ਇਸ ਸੰਬੰਧ ਵਿਚ ਪਹਿਲਾਂ ਸਾਰੀਆਂ ਸ਼ਿਕਾਇਤਾਂ ਲਿਖ ਕੇ ਬਾਦਸ਼ਾਹ ਜਹਾਂਗੀਰ ਪਾਸ ਭੇਜੀਆਂ ਤੇ ਫੇਰ ਲਾਹੌਰ ਦੇ ਪ੍ਰਸਿਧ ਸ਼ਾਹੀ ਅਹਿਲਕਾਰ ਤੇ ਹਕੀਮ ਵਜ਼ੀਰ ਖ਼ਾਨ ਦੀ ਸਲਾਹ ਨਾਲ, ਜੋ ਮੁੱਢੋਂ ਹੀ ਗੁਰੂ ਘਰ ਦਾ ਪਰਮ ਪ੍ਰੇਮੀ ਸੀ, ਆਪ ਬਾਦਸ਼ਾਹ ਜਹਾਂਗੀਰ ਨੂੰ ਮਿਲਣ ਵਾਸਤੇ ਦਿੱਲੀ ਗਏ। ਇਹ ਸੁਣ ਕੇ ਸੋਢੀ ਮਿਹਰਵਾਨ ਬੜਾ ਤਿਲ ਮਲਾਇਆ ਤੇ ਉਸ ਨੇ ਆਪਣੇ ਪਿਤਾ ਪ੍ਰਿਥੀ ਚੰਦ (ਮੀਣੇ) ਦੀ ਰਾਇ ਨਾਲ ਲਾਹੌਰ ਦੇ ਸ਼ਾਹੀ ਖਤ੍ਰੀਆਂ—ਚੰਦੂ ਸ਼ਾਹੀ, ਭਗਤ ਕਾਨ੍ਹਾ ਮੁਤਸੱਦੀ ਆਦਿ ਰਾਹੀਂ ਦਿੱਲੀ ਦੇ ਪੁਰੀ ਖਤ੍ਰੀਆਂ ਨੂੰ, ਜੋ ਸ਼ਾਹੀਆਂ ਦੇ ਕੁੜਮ ਤੇ ਮੁਗਲ ਦਰਬਾਰ ਦੇ ਖ਼ਾਸ ਕਰਮਚਾਰੀ ਸਨ, ਗੁਰੂ ਜੀ ਤੋਂ ਵਿਰੁੱਧ ਚੁੱਕਿਆ, ਜਿਸ ਕਰ ਕੇ ਬਾਦਸ਼ਾਹ ਜਹਾਂਗੀਰ ਪਾਸ ਚੁਗਲੀ ਹੋਣ ਤੇ ਕਿ ਗੁਰੂ ਸਾਹਿਬ ਹਥਿਆਰ ਬੰਦ ਸਿਪਾਹੀ ਰੱਖ ਕੇ ਉਨ੍ਹਾਂ ਨੂੰ ਜੰਗੀ ਸਿੱਖਿਆ ਦੇ ਰਹੇ ਹਨ, ਸ੍ਰੀ ਗੁਰੂ ਹਰਿਗੋਬਿੰਦ ਜੀ, ਸ੍ਰੀ ਗੁਰੂ ਅਰਜਨ ਦੇਵ ਨੂੰ ਬਾਦਸ਼ਾਹ ਵਲੋਂ ਹੋਏ ਦੋ ਲੱਖ ਰੁਪਏ ਜੁਰਮਾਨੇ ਦੇ ਬਕਾਏ ਦੀ ਵਸੂਲੀ ਦਾ ਬਹਾਨਾ ਲਾ ਕੇ ਨਜ਼ਰਬੰਦ ਕਰ ਕੇ ਸ਼ਾਹੀ ਹੁਕਮ ਨਾਲ ਗੁਆਲੀਅਰ ਦੇ ਕਿਲ੍ਹੇ ਵਿਚ, ਜਿੱਥੇ ਕਿ ਬਹੁਤ ਸਾਰੇ ਹੋਰ ਵੀ ਸਿਆਸੀ ਕੈਦੀ ਰਹਿੰਦੇ ਸਨ, ਭੇਜੇ ਗਏ। ਉਨ੍ਹਾਂ ਸਿਆਸੀ ਕੈਦੀਆਂ ਵਿਚ, ਜੋ ਕਿਲ੍ਹਾ ਗੁਆਲੀਅਰ ਵਿਚ ਰੱਖੇ ਜਾਂਦੇ ਸਨ, ਬਹੁਤੇ ਹਿੰਦੂ ਰਾਜੇ-ਰਾਣੇ ਤੇ ਕੁਝ ਮੁਸਲਮਾਨ ਬਾਗੀ ਵੀ ਸਨ। ਕਿਸ਼ਤਵਾੜ ਦਾ ਰਾਜਾ ਕੌਰ ਸਿੰਘ ਤੇ ਸਰਹਿੰਦ ਦਾ ਸ਼ੇਖ਼ ਅਹਿਮਦ ਮੁਜੱਦਦ ਅਲਫ਼ ਸਾਨੀ ਵੀ, ਜਿਵੇਂ ਕਿ ਤਾਰੀਖ਼ਿ ਕਿਸ਼ਤਵਾੜ ਤੇ ਤੁਜ਼ਕਿ ਜਹਾਂਗੀਰੀ ਵਿਚ ਲਿਖਿਆ ਹੈ, ਜਹਾਂਗੀਰ ਦੇ ਹੁਕਮ ਨਾਲ ਗ੍ਰਿਫ਼ਤਾਰ ਹੋਣ ਤੇ ਕਿਲ੍ਹਾ ਗੁਆਲੀਅਰ ਵਿਚ ਹੀ ਭੇਜੇ ਗਏ ਸਨ।

ਇਸ ਤਰ੍ਹਾਂ ਗੁਰੂ ਸਾਹਿਬ ਦੀ ਨਜ਼ਰਬੰਦੀ ਸੁਣ ਕੇ ਸਿੱਖਾਂ ਦੀ ਚਿੰਤਾ ਵਧੀ ਤੇ ਉਹ ਪੰਜਾਬ ਤੋਂ ਰੋਜ਼ਾਨਾ ਬੜੇ ਸ਼ਰਧਾ-ਭਾਵ ਨਾਲ ਅਰਦਾਸਾਂ ਕਰਦੇ ਹੋਏ ਜੱਥਿਆਂ ਦੀ ਸ਼ਕਲ ਵਿਚ ਗੁਆਲੀਅਰ ਪਹੁੰਚਣੇ ਸ਼ੁਰੂ ਹੋ ਗਏ। ਗੁਆਲੀਅਰ ਦਾ ਹਰਿਦਾਸ ਨਾਮੀ ਕਿਲੇਦਾਰ ਪਹਿਲਾਂ ਹੀ ਗੁਰੂ ਜੀ ਦਾ ਪੱਕਾ ਸ਼ਰਧਾਲੂ ਸੀ, ਜਿਸ ਕਰ ਕੇ ਉਥੇ ਉਸ ਨੇ ਗੁਰੂ ਸਾਹਿਬ ਦਾ ਬਹੁਤ ਅੱਛਾ ਸੁਆਗਤ ਕੀਤਾ। ਗੁਰੂ ਸਾਹਿਬ ਅਜੇ ਇਸ ਤਰ੍ਹਾਂ ਮਸਾਂ ਥੋੜਾ ਚਿਰ ਹੀ ਉਥੇ ਨਜ਼ਰਬੰਦ ਰਹੇ ਸਨ ਕਿ ਅਚਾਣਕ ਨਵਾਬ ਵਜ਼ੀਰ ਖ਼ਾਨ ਚਨਿਓਟੀ ਤੇ

ਸਾਈਂ ਮੀਆਂ ਮੀਰ ਜੀ ਨੂੰ, ਜੋ ਗੁਰੂ ਘਰ ਦੇ ਪਰਮ ਸ਼ਰਧਾਲੂ ਸਨ, ਇਸ ਬਾਰੇ ਪਤਾ ਲੱਗਾ ਤਾਂ ਉਨ੍ਹਾਂ ਦੇ ਜ਼ੋਰ ਪਾਉਣ ਤੇ ਬਾਦਸ਼ਾਹ ਨੂੰ ਆਪਣੀ ਇਸ ਗ਼ਲਤੀ ਦਾ ਅਹਿਸਾਸ ਹੋਇਆ ਜੋ ਉਸ ਨੇ ਪਹਿਲਾਂ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਨਾਲ ਤਸ਼ੱਦਦ ਵਰਤ ਕੇ ਕੀਤੀ ਤੇ ਫੇਰ ਉਨ੍ਹਾਂ ਦੇ ਨੌਜਵਾਨ ਸੁਪੁਤ੍ਰ ਗੁਰੂ ਹਰਿਗੋਬਿੰਦ ਜੀ ਨੂੰ ਅਕਾਰਣ ਹੀ ਗੁਆਲੀਅਰ ਨਜ਼ਰਬੰਦ ਕੀਤਾ ਸੀ। ਸੋ ਇਸੇ ਕਾਰਣ ਉਸ ਨੇ ਗੁਰੂ ਜੀ ਨੂੰ ਕੁਝ ਹੋਰ ਸਿਆਸੀ ਕੈਦੀਆਂ ਸਮੇਤ ਝੱਟ ਪੱਟ ਰਿਹਾ ਕਰਨ ਦਾ ਹੁਕਮ ਦੇ ਦਿੱਤਾ। ਇਹ ਹੁਕਮ ਜਾਰੀ ਹੋਣ ਦੇ ਬਾਵਜੂਦ ਵੀ ਗੁਰੂ ਸਾਹਿਬ ਨੇ ਉਤਨਾ ਚਿਰ ਕਿਲੇ ਤੋਂ ਬਾਹਰ ਨਿਕਲਨਾ ਪਸੰਦ ਨਾ ਕੀਤਾ ਜਿਤਨਾ ਚਿਰ ਕਿ ਨਾਲ ਦੇ ਹੋਰ ਸਿਆਸੀ ਕੈਦੀ ਨਾ ਛੱਡੇ ਜਾਂਦੇ ਤੇ ਗੁਰੂ ਘਰ ਦੇ ਗੁਨਾਹੀ ਦੀਵਾਨ ਚੰਦੂ ਸ਼ਾਹੀ ਨੂੰ ਪਰਿਵਾਰ ਸਮੇਤ ਫੜ ਕੇ ਗੁਰੂ ਜੀ ਦੇ ਹਵਾਲੇ ਨਾ ਕੀਤਾ ਜਾਂਦਾ। ਆਖ਼ਰ ਜਹਾਂਗੀਰ ਨੂੰ ਇਹ ਗੱਲ ਮੰਨਣੀ ਪਈ ਤੇ ਦੀਵਾਨ ਚੰਦੂ ਦੀ ਗ੍ਰਿਫਤਾਰੀ ਬਾਰੇ ਹੁਕਮ ਵੀ ਮਜਬੂਰਨ ਹਾਕਮ ਲਾਹੌਰ ਦੇ ਨਾਂ ਜਾਰੀ ਕਰਨਾ ਪਿਆ ਅਤੇ ਇਸ ਤਰ੍ਹਾਂ ਸ੍ਰੀ ਗੁਰੂ ਹਰਿਗੋਬਿੰਦ ਜੀ ਹੋਰ ਸਾਰੇ ਸਿਆਸੀ ਕੈਦੀਆਂ ਸਮੇਤ, ਜਿਨ੍ਹਾਂ ਵਿਚ ਇਲਾਕਾ ਪਹਾੜ ਦੇ ਬਹੁਤ ਸਾਰੇ ਰਾਜੇ-ਰਾਣੇ ਵੀ ਸ਼ਾਮਲ ਸਨ, ਗੁਆਲੀਅਰ ਦੇ ਕਿਲੇ ਵਿਚੋਂ ਰਿਹਾ ਹੋ ਗਏ। ਇਹ ਵਾਕਿਆ ਸੰਨ 1622 ਈ. ਦਾ ਹੈ।

ਦੀਵਾਨ ਚੰਦੂ ਸ਼ਾਹੀ ਤੋਂ ਪਿਤਾ ਦਾ ਬਦਲਾ :

ਸ੍ਰੀ ਗੁਰੂ ਹਰਿਗੋਬਿੰਦ ਜੀ ਇਸ ਤਰ੍ਹਾਂ ਗੁਆਲੀਅਰ ਦੇ ਕਿਲੇ 'ਚੋਂ ਰਿਹਾ ਹੋ ਕੇ ਪਹਿਲਾਂ ਦਿੱਲੀ ਪਹੁੰਚ ਕੇ ਬਾਦਸ਼ਾਹ ਜਹਾਂਗੀਰ ਨੂੰ ਮਿਲੇ, ਜਿੱਥੇ ਬਾਦਸ਼ਾਹ ਨੇ ਗੁਰੂ ਜੀ ਦਾ ਬੜਾ ਅੱਛਾ ਆਦਰ-ਭਾਉ ਕੀਤਾ ਤੇ ਫੇਰ ਗੁਰੂ ਸਾਹਿਬ ਉਥੋਂ ਸ਼ਾਹੀ ਪਰਵਾਨੇ ਸਮੇਤ ਲਾਹੌਰ ਅੱਪੜੇ। ਲਾਹੌਰ ਦੇ ਹਾਕਮ ਨੇ ਸ਼ਾਹੀ ਹੁਕਮ ਦੇਖਦਿਆਂ ਹੀ ਪਰਿਵਾਰ ਸਮੇਤ ਦੀਵਾਨ ਚੰਦੂ ਸ਼ਾਹੀ ਨੂੰ ਗ੍ਰਿਫਤਾਰ ਕਰ ਕੇ ਗੁਰੂ ਸਾਹਿਬ ਦੇ ਹਵਾਲੇ ਕਰ ਦਿੱਤਾ ਤੇ ਉਸ ਦੀ ਸਾਰੀ ਜਾਇਦਾਦ ਜ਼ਬਤ ਕਰ ਲਈ। ਇਹ ਦੇਖ ਕੇ ਪ੍ਰਿਥੀ ਚੰਦ ਦੇ ਪੁਤ੍ਰ ਸੋਢੀ ਮਿਹਰਵਾਨ ਜੀ, ਜੋ ਗੁਰੂ ਸਾਹਿਬ ਤੋਂ ਵਿਰੁੱਧ ਹਾਕਮ ਲਾਹੌਰ ਪਾਸ ਉਜ਼ਰਦਾਰੀਆਂ ਕਰਦੇ ਫਿਰਦੇ ਸਨ, ਡਰਦੇ ਮਾਰੇ ਕਿਸੇ ਪਾਸੇ ਲੁਕ ਗਏ। ਸਿੱਖਾਂ ਨੇ ਗੁਰੂ ਜੀ ਦੇ ਹੁਕਮ ਨਾਲ ਦੀਵਾਨ ਚੰਦੂ ਸ਼ਾਹੀ ਨੂੰ ਪਰਿਵਾਰ ਸਮੇਤ ਰੱਸਿਆਂ ਨਾਲ ਬੰਨ੍ਹ ਕੇ ਨਰੜ ਲਿਆ ਤੇ ਉਸੇ ਤਰ੍ਹਾਂ ਤੱਤੀਆਂ ਲੋਹਾਂ ਉਤੇ ਬਿਠਾ ਕੇ, ਸਰੀਰ ਉਪਰ ਤਪਦੀ ਰੇਤ ਪਾ ਕੇ ਸਾੜਿਆ ਤੇ ਲਾਹੌਰ ਦੀਆਂ ਗਲੀਆਂ ਵਿਚ ਫੇਰ ਕੇ, ਬੁਰੀ ਤਰ੍ਹਾਂ ਮਾਰਿਆ, ਜਿਸ ਤਰ੍ਹਾਂ ਕਿ ਉਸ ਨੇ ਇਸ ਤੋਂ ਪਹਿਲਾਂ ਸ੍ਰੀ ਗੁਰੂ ਅਰਜਨ ਦੇਵ ਜੀ ਨੂੰ ਤਸੀਹ ਦੇ ਕੇ ਸ਼ਹੀਦ ਕੀਤਾ ਸੀ।

ਇਸ ਤੋਂ ਪਿੱਛੋਂ ਸ੍ਰੀ ਗੁਰੂ ਹਰਿਗੋਬਿੰਦ ਜੀ ਨੇ ਗੁਰੂ-ਪਿਤਾ ਦੇ ਸਮਾਧੀ-ਸਥਾਨ ਪਰ, ਜੋ ਲਾਹੌਰ ਦੇ ਕਿਲੇ ਦੇ ਸਾਮ੍ਹਣੇ ਹੈ, ਗੁਰਦੁਆਰਾ ਦੇਹਰਾ ਸਾਹਿਬ ਗੁਰੂ ਜੀ ਦੀ ਸ਼ਹੀਦੀ ਦੀ ਯਾਦਗਾਰ ਵਜੋਂ ਬਣਾਇਆ ਤੇ ਡੱਬੀ ਬਾਜ਼ਾਰ ਵਿਖੇ ਗੁਰਦੁਆਰਾ ਬਾਉਲੀ ਸਾਹਿਬ ਦੀ ਸਥਾਪਨਾ ਵੀ ਕੀਤੀ। ਇਸ ਤੋਂ ਬਾਦ ਗੁਰੂ ਸਾਹਿਬ ਲਾਹੌਰ ਦੇ ਸਤਿ-ਸੰਗੀਆਂ—ਸੂਫ਼ੀ ਫ਼ਕੀਰ ਸਾਈਂ ਮੀਆਂ ਮੀਰ ਤੇ ਹੋਰ ਗੁਰਸਿੱਖਾਂ ਨੂੰ ਦਰਸ਼ਨ ਦੇ ਕੇ ਨਿਹਾਲ ਕਰਦੇ ਹੋਏ ਪਹਿਲਾਂ ਅਮ੍ਰਿਤਸਰ ਤੇ ਫਿਰ ਦਰਿਆ ਬਿਆਸਾ ਕੰਢੇ ਰੁਹੇਲੇ ਪਿੰਡ ਪਹੁੰਚੇ, ਜੋ ਕਿ ਦੀਵਾਨ ਚੰਦੂ ਸ਼ਾਹੀ ਦੀ ਮਲਕੀਅਤ ਹੋਣ ਕਰਕੇ ਸ਼ਾਹੀ ਹੁਕਮ ਨਾਲ ਉਸ ਸਮੇਂ

ਢਾਹ ਦਿੱਤਾ ਗਿਆ ਸੀ। ਗੁਰੂ ਸਾਹਿਬ ਨੇ ਰੁਹੇਲੇ ਦੇ ਥੇਹ ਉਤੇ ਕਬਜ਼ਾ ਕਰਕੇ ਆਪਣੇ ਨਾਂ ਉਤੇ ਸ੍ਰੀ ਹਰਿਗੋਬਿੰਦ ਪੁਰ ਨਾਮੇ ਨਵੇਂ ਨਗਰ ਦੀ ਨੀਂਹ ਰੱਖ ਦਿਤੀ। ਉਸੇ ਸਮੇਂ ਤੋਂ ਇਹ ਨਗਰ ਉਥੇ ਹੁਣ ਤਕ ਉਸੇ ਤਰ੍ਹਾਂ ਆਬਾਦ ਹੈ ਤੇ ਗੁਰੂ ਸਾਹਿਬ ਦੀ ਇਸ ਵੀਰਤਾ ਦੀ ਯਾਦ ਤਾਜ਼ੀ ਕਰ ਰਿਹਾ ਹੈ। ਇਸੇ ਤਰ੍ਹਾਂ ਗੁਰੂ ਸਾਹਿਬ ਨੇ ਬੜੀ ਦੂਰ-ਅੰਦੇਸ਼ੀ ਨਾਲ ਸ੍ਰੀ ਹਰਿਗੋਬਿੰਦ ਪੁਰ ਤੋਂ ਬਾਦ ਦਰਿਆ ਸਤਲੁਜੋਂ ਪਾਰ ਜਾ ਕੇ ਇਕ ਹੋਰ ਨਵਾਂ ਨਗਰ ਕੀਰਤ ਪੁਰ ਵਸਾਇਆ, ਤਾਕਿ ਭਵਿੱਖ ਵਿਚ ਇਹ ਸਥਾਨ ਉਨ੍ਹਾਂ ਦੇ ਕੰਮ ਆ ਸਕੇ।

ਚਰਣ-ਪਾਹੁਲ ਦੀ ਮਰਯਾਦਾ ਵਿਚ ਪਰਿਵਰਤਨ :

ਸ੍ਰੀ ਗੁਰੂ ਹਰਿਗੋਬਿੰਦ ਜੀ ਨੇ ਇਸ ਸਮੇਂ ਸਿੱਖ-ਪੰਥ ਵਿਚ ਵੀਰਤਾ ਦਾ ਅਥਾਹ ਜੋਸ਼ ਭਰ ਕੇ ਨਵ-ਜੀਵਨ ਦਾ ਸੰਚਾਰ ਕਰਨ ਲਈ ਪੁਰਾਣਾ ਚਰਣ-ਪਾਹੁਲ ਦਾ ਤਰੀਕਾ, ਜੋ ਪਹਿਲਾਂ ਇਕੋ ਵਿਅਕਤੀ ਕਰ ਸਕਦਾ ਸੀ, ਕੁਝ ਬਦਲਿਆ ਤੇ ਪੰਜ ਸਿਖਾਂ ਨੂੰ ਪਾਹੁਲ ਦੇਣ ਦੇ ਸਾਰੇ ਅਧਿਕਾਰ ਦੇ ਕੇ ਸਿੱਖ ਰਹਿਤ-ਮਰਯਾਦਾ ਨਵੇਂ ਸਿਰਿਓਂ ਪੰਚਾਇਤੀ ਅਸੂਲਾਂ ਦੇ ਮੁਤਾਬਿਕ ਚਲਾਈ ਤੇ ਫੇਰ ਅੱਗੇ ਚੱਲ ਕੇ ਗੁਰੂ ਗੋਬਿੰਦ ਸਿੰਘ ਜੀ ਨੇ ਪੰਜ ਪਿਆਰਿਆਂ ਦੀ ਚੋਣ ਦੀ ਰੀਤਿ ਵੀ ਇਸੇ ਮਰਯਾਦਾ ਵਿਚ ਕੁਝ ਲੋੜੀਂਦੇ ਸੁਧਾਰ ਕਰਕੇ ਅਪਣਾਈ। ਪ੍ਰਸਿੱਧ ਇਤਿਹਾਸਕਾਰ ਭਾਈ ਕੇਸਰ ਸਿੰਘ ਛਿੱਬਰ ਇਸ ਬਾਰੇ ਲਿਖਦਾ ਹੈ :

ਜਿਸ ਨੂੰ ਸਿਖ ਹੋਵਣ ਦੀ ਹੋਵੈ ਅਤਿ ਚਾਹਾ। ਸੋ ਉਥੈ ਚਲ ਜਾਵੈ ਖਾਹਮਖਾਹ।

ਹੱਛਾ ਸੁਰਾ ਕਟੋਰਾ ਕਰ ਵਿਚ ਪਾਨੀ ਪਾਨਾ। ਪੰਜਾਂ ਸਿਖਾਂ ਦੇ ਅੰਗੂਠੇ ਸਜੇ ਪੈਰ ਉਪਰ ਪਾਨੀ ਪਾਨਾ।

ਤਿਸ ਪਾਨੀ ਉਪਰ ਪੰਜ ਪਉੜੀਆਂ ਜਪੁਜੀ ਪੜਨਾ। ਫੇਰ ਪੰਜ ਪਉੜੀਆਂ ਅਨੰਦ ਉਚਰਨਾ।

ਸੋ ਪਾਨੀ ਸਿਖ ਨੂੰ ਚਰਨਾਮ੍ਰਿਤ ਕਰ ਦੇਣਾ। ਕਰ ਅਰਦਾਸ ਪ੍ਰਸਾਦ ਵਰਤਾਇ ਲੈਣਾ ॥ ੧੧੧ ॥

ਉਪਦੇਸ ਕਰ ਸਿਖੀ ਦਾ ਸਿਖ ਨੂੰ ਨਾਲ ਮਿਲਾਣਾ। ਬਿਨਾ ਗੁਰੂ ਕੇ ਘਰ ਸਿਖ ਹੋਰ ਥੇ ਨ ਜਾਣਾ।

ਧਰਮ ਦੀ ਕਿਰਤ ਕੁਸੰਗਤਿ ਦਾ ਤਿਆਗ। ਉਹ ਸਿਖ ਹੋਆ ਗੁਰੂ ਕਾ ਉਜਲ ਭਾਗ ॥ ੧੧੨ ॥

ਐਸੇ ਗੁਰੁ ਦੀਖਿਆ ਸਾਹਿਬ ਠਹਰਾਈ। ਆਵਣ ਜੋ ਲਗੀ ਬਹੁਤ ਲੋਕਾਈ ॥ ੧੧੩ ॥

(ਦੇਖੋ, ਬੰਸਾਵਲੀ ਨਾਮਾ, ਚਰਣ ਛੇਵਾਂ)

ਵਿਆਹ ਤੇ ਸੰਤਾਨ :

ਚਰਣ-ਪਾਹੁਲ ਤੇ ਵੀਰਤਾ ਦੀ ਇਹ ਮਰਯਾਦਾ, ਜਿਸ ਦੀ ਵਾਗਡੋਰ ਪੰਜ ਸਿੱਖਾਂ ਦੇ ਹੱਥ ਵਿਚ ਸੀ, ਨਾ ਕੇਵਲ ਹੋਰ ਸਿੱਖ ਸੰਗਤਾਂ ਉਤੇ ਹੀ, ਸਗੋਂ ਗੁਰੂ ਘਰ ਤੇ ਗੁਰੂ ਸਾਹਿਬ ਦੀ ਸੰਤਾਨ ਉਤੇ ਵੀ ਪੂਰੀ ਤਰ੍ਹਾਂ ਹਾਵੀ ਹੁੰਦੀ ਰਹੀ।

ਸ੍ਰੀ ਗੁਰੂ ਹਰਿਗੋਬਿੰਦ ਜੀ ਦੇ ਤਿੰਨ ਵਿਆਹ ਹੋਏ ਸਨ :

(1) ਪਹਿਲਾ ਵਿਆਹ ਦਮੋਦਰੀ ਜੀ ਦੇ ਨਾਲ ਹੋਇਆ, ਜਿਸ ਦੇ ਕੁੱਖੋਂ

ਬੀਬੀ ਵੀਰੋ ਜੀ ਸੰਮਤ 1668 ਵਿਚ, ਬਾਬਾ ਗੁਰਦਿੱਤਾ ਜੀ ਸੰਮਤ 1670 ਵਿਚ ਅਤੇ ਬਾਬਾ ਅਣੀ ਰਾਇ ਜੀ ਸੰਮਤ 1675 ਵਿਚ, ਪੈਦਾ ਹੋਏ। ਮਾਤਾ ਦਮੋਦਰੀ ਜੀ ਪਿੰਡ ਡੱਲਾ (ਜਾਲੰਧਰ-ਦੁਆਬ) ਦੇ ਖਤ੍ਰੀ ਨਾਰਾਇਣ ਦਾਸ ਦੀ ਸੁਪੁਤ੍ਰੀ ਸਨ।

(2) ਦੂਜਾ ਵਿਆਹ ਨਾਨਕੀ ਜੀ ਦੇ ਨਾਲ ਸੰਮਤ 1670 ਬਿ. ਵਿਚ ਹੋਇਆ। ਇਸ ਦੀ ਕੁੱਖੋਂ ਬਾਬਾ ਅਟਲ ਰਾਇ ਜੀ ਸੰਮਤ 1676 ਵਿਚ ਅਤੇ ਸ੍ਰੀ ਗੁਰੂ ਤੇਗ ਬਹਾਦੁਰ ਜੀ ਸੰਮਤ 1678 ਵਿਚ ਪੈਦਾ ਹੋਏ। ਮਾਤਾ ਨਾਨਕੀ ਜੀ ਹਰੀ ਚੰਦ ਲੰਬ ਖਤ੍ਰੀ ਬਕਾਲੇ ਵਾਲੇ ਦੀ ਸੁਪੁਤ੍ਰੀ ਸਨ।

(3) ਤੀਜਾ ਵਿਆਹ ਦਯਾ ਰਾਮ ਮਰਵਾਹੇ ਖਤ੍ਰੀ ਦੀ ਬੇਟੀ ਮਹਾ ਦੇਵੀ ਜੀ ਦੇ ਨਾਲ ਪਿੰਡ ਮੰਡਿਆਲੀ ਇਲਾਕਾ ਲਾਹੌਰ ਵਿਖੇ ਸੰਮਤ 1673 ਵਿਚ ਹੋਇਆ ਸੀ। ਮਾਤਾ ਮਹਾ ਦੇਵੀ ਜੀ ਦੇ ਸੁਪੁਤ੍ਰ ਬਾਬਾ ਸੂਰਜ ਮਲ ਜੀ ਸਨ, ਜਿਨ੍ਹਾਂ ਦਾ ਜਨਮ ਸੰਮਤ 1674 ਬਿ. ਵਿਚ ਹੋਇਆ ਸੀ।

ਇਨ੍ਹਾਂ ਸੁਪੁਤ੍ਰਾਂ ਵਿਚੋਂ ਬਾਬਾ ਅਟਲ ਰਾਇ ਜੀ ਛੋਟੀ ਉਮਰੇ ਤੇ ਬਾਬਾ ਅਣੀ ਰਾਇ ਜੀ ਅਣ-ਵਿਆਹੇ ਹੀ ਸੁਰਗਵਾਸ ਹੋ ਗਏ! ਬਾਬੇ ਗੁਰਦਿੱਤੇ ਦੀ ਸੰਤਾਨ ਕਰਤਾਰਪੁਰੀਏ ਸੋਢੀ ਤੇ ਬਾਬਾ ਸੂਰਜ ਮਲ ਦੀ ਸੰਤਾਨ ਸ੍ਰੀ ਆਨੰਦਪੁਰ ਸਾਹਿਬ ਦੇ ਸੋਢੀ ਹਨ। ਤੀਜੇ ਮਹਲ ਮਾਤਾ ਨਾਨਕੀ ਜੀ ਦੇ ਸੁਪੁਤ੍ਰ ਸ੍ਰੀ ਗੁਰੂ ਤੇਗ ਬਹਾਦੁਰ ਜੀ ਹੋਏ, ਜਿਨ੍ਹਾਂ ਦੀ ਸੰਤਾਨ ਦਸਮ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਤੇ ਫੇਰ ਉਨ੍ਹਾਂ ਦੀ ਸੰਤਾਨ ਸਮੁੱਚਾ ਖ਼ਾਲਸਾ-ਪੰਥ ਮੰਨਿਆ ਗਿਆ।

ਜਹਾਂਗੀਰ ਦਾ ਸਮਾਂ ਤੇ ਗੁਰੂ ਸਾਹਿਬ :

ਬਾਦਸ਼ਾਹ ਜਹਾਂਗੀਰ ਦੇ ਕਥਨ ਅਨੁਸਾਰ, ਜਿਵੇਂ ਕਿ ਤੁਜ਼ਕਿ-ਜਹਾਂਗੀਰੀ ਵਿਚ ਲਿਖਿਆ ਹੈ, ਪੰਚਮ ਪਾਤਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਸਿਆਸਤ ਦੇ ਕੇ ਸ਼ਹੀਦ ਕੀਤੇ ਗਏ ਸਨ ਤੇ ਪਰਿਵਾਰ ਸਮੇਤ ਉਨ੍ਹਾਂ ਦੀ ਜਾਇਦਾਦ ਮੁਰਤਜ਼ਾ ਖ਼ਾਨ ਦੇ ਹਵਾਲੇ ਕੀਤੀ ਗਈ ਸੀ। ਸੋ ਸ੍ਰੀ ਗੁਰੂ ਅਰਜਨ ਦੇਵ ਜੀ ਤੋਂ ਬਾਦ ਉਸੇ ਸਮੇਂ ਤੋਂ ਉਨ੍ਹਾਂ ਦੇ ਸੁਪੁਤ੍ਰ ਸ੍ਰੀ ਗੁਰੂ ਹਰਿਗੋਬਿੰਦ ਜੀ ਭਾਵੇਂ ਗੱਦੀ ਨਸ਼ੀਨ ਤਾਂ ਹੋ ਗਏ, ਪਰ ਮੁਗ਼ਲ ਹਕੂਮਤ ਦੀ ਚੌਕੀ, ਜੋ ਅੰਮ੍ਰਿਤਸਰ ਵਿਖੇ ਬਾਦਸ਼ਾਹ ਜਹਾਂਗੀਰ ਦੇ ਹੁਕਮ ਨਾਲ ਬਿਠਾਈ ਗਈ ਸੀ, ਹਟ ਨਾ ਸਕੀ ਤੇ ਕਿਸੇ ਨਾ ਕਿਸੇ ਸ਼ਕਲ ਵਿਚ ਕਾਫ਼ੀ ਸਮੇਂ ਤਕ ਕਾਇਮ ਰਹੀ ਤੇ ਗੁਰੂ ਸਾਹਿਬ ਕਈ ਵੇਰ ਸ਼ਾਹੀ ਸਵਾਰੀ ਦੇ ਨਾਲ ਹਮ-ਰਕਾਬ ਹੋਣ ਲਈ ਹੁਕਮ ਭੇਜ ਕੇ ਬੁਲਾਏ ਜਾਂਦੇ ਰਹੇ। ਆਖ਼ਰ ਜਦ ਬਾਦਸ਼ਾਹ ਜਹਾਂਗੀਰ ਦਮੇ ਦੇ ਰੋਗ ਕਾਰਣ ਸੰਮਤ 1684 ਬਿ. (ਮੁਤਾਬਿਕ ਅਕਤੂਬਰ, ਸੰਨ 1627 ਈ.) ਵਿਚ ਕਸ਼ਮੀਰ ਤੋਂ ਮੁੜਦਾ ਹੋਇਆ ਰਸਤੇ ਵਿਚ ਹੀ ਮਰ ਗਿਆ ਤੇ ਲਾਹੌਰ ਲਿਆ ਕੇ ਸ਼ਾਹਦਰੇ ਦਫ਼ਨਾਇਆ ਗਿਆ ਤਾਂ ਉਸ ਦੀ ਥਾਵੇਂ ਸ਼ਾਹਜਹਾਂ ਦੇ ਗੱਦੀ ਨਸ਼ੀਨ ਹੋਣ ਤੇ ਗੁਰੂ ਸਾਹਿਬ ਨੂੰ ਕੁਝ ਆਜ਼ਾਦੀ ਮਿਲੀ ਤੇ ਲੱਗੀਆਂ ਹੋਈਆਂ ਬੰਦਸ਼ਾਂ ਕਿਸੇ ਹੱਦ ਤਕ ਨਰਮ ਹੋਈਆਂ।

ਸ਼ਾਹ ਜਹਾਂ ਦੀ ਹਕੂਮਤ ਤੇ ਗੁਰੂ ਹਰਿਗੋਬਿੰਦ ਜੀ :

ਸ਼ਾਹਜ਼ਾਦਾ ਖ਼ੁੱਰਮ, ਜੋ ਪਿੱਛੋਂ ਭਾਰਤ ਦੇ ਰਾਜ-ਸਿੰਘਾਸਨ ਉਤੇ ਬੈਠ ਕੇ ਸ਼ਾਹਜਹਾਂ ਦੇ ਨਾਂ ਨਾਲ ਮਸ਼ਹੂਰ ਹੋਇਆ, ਭਾਵੇਂ ਆਪਣੇ ਪਿਉ ਜਹਾਂਗੀਰ ਵਰਗਾ ਅਮਲੀ ਤੇ ਅੱਯਾਸ਼ ਤਾਂ ਨਹੀਂ ਸੀ, ਪਰ ਫੇਰ ਵੀ ਬਹੁਤਾ ਨਫ਼ਾਸਤ ਪਸੰਦ ਹੋਣ ਕਰ ਕੇ ਜਿਤਨਾ ਜ਼ੋਰ ਉਪਰਲੀ ਦਰਬਾਰੀ ਤੜਕ ਭੜਕ ਤੇ ਸ਼ਿੰਗਾਰਕ ਰੁਚੀਆਂ ਉਤੇ ਲਾਉਂਦਾ ਸੀ, ਉਤਨਾ ਜ਼ੋਰ ਉਸ ਦਾ ਰਾਜ-ਪ੍ਰਬੰਧ ਦੇ ਸੁਧਾਰ ਤੇ ਗ਼ਰੀਬ ਰਿਆਯਾ ਨੂੰ ਇਨਸਾਫ਼ ਦੇਣ ਉਤੇ ਨਹੀਂ ਸੀ ਲਗਦਾ। ਇਸ ਕਾਰਣ ਦੀਨ-ਮਜ਼ਹਬ ਦੇ ਨਾਂ ਤੇ ਮੁੱਲਾਂ-ਮੁਲਾਣੇ ਉਸ ਦੇ ਗਲ ਪੈ ਕੇ ਕੁਝ ਅਨਹੋਣੀਆਂ ਤੇ ਨਾਵਾਜਿਬ ਗੱਲਾਂ ਉਸ ਤੋਂ ਮੱਲੋ ਜ਼ੋਰੀ ਕਰਵਾਣ ਲੱਗੇ, ਜਿਸ ਕਰ ਕੇ ਹਿੰਦੂਆਂ ਦੇ ਮੰਦਿਰ ਢਾਹੇ ਜਾਣ ਲੱਗ ਪਏ। ਆਮ ਹਿੰਦੂ-ਮੁਸਲਮਾਨਾਂ ਦੀਆਂ ਪਰਸਪਰ ਸ਼ਾਦੀਆਂ ਦੀ ਰਸਮ, ਜੋ ਪੁਰਾਤਨ ਸਮੇਂ ਤੋਂ ਚਲੀ ਆ ਰਹੀ ਸੀ, ਹੁਕਮਨ ਬੰਦ ਕਰ ਦਿੱਤੀ ਗਈ। ਜੋ ਹਿੰਦੂ ਮੁਸਲਮਾਨ ਲੜਕੀਆਂ ਨਾਲ ਸ਼ਾਦੀ ਕਰ ਲੈਂਦੇ ਸਨ ਉਹ ਧੱਕੇ ਨਾਲ ਮੁਸਲਮਾਨ ਬਣਾਏ ਜਾਣ ਲੱਗੇ। ਜੇ ਇਸ ਸਮੇਂ ਬਾਦਸ਼ਾਹ ਸ਼ਾਹਜਹਾਂ ਵਲੋਂ ਇਸ ਤਰ੍ਹਾਂ ਦੀ ਸੀਨਾਜ਼ੋਰੀ ਨਾ ਵਰਤੀ ਜਾਂਦੀ ਤੇ ਉਹ ਮਹਾਨ ਅਕਬਰ ਵਾਂਗ ਹੀ ਫ਼ਿਰਕੇਦਾਰੀ ਦੇ ਤਅੱਸੁਬ ਤੋਂ ਇਕ ਪਾਸੇ ਰਹਿੰਦਾ ਤੇ ਓਪਰਾਪਣ ਛੱਡ ਕੇ ਹਿੰਦੂਆਂ ਦੇ ਨਾਲ ਹੀ ਸ੍ਰੀ ਗੁਰੂ ਹਰਿਗੋਬਿੰਦ ਜੀ ਤੇ ਉਨ੍ਹਾਂ ਦੇ ਸਿੱਖਾਂ ਨੂੰ ਸ਼ੁਧਾ-ਭਾਵ ਨਾਲ ਅਪਣਾਉਂਦਾ ਤਾਂ ਸਿੱਖਾਂ ਨੂੰ ਮੁਗ਼ਲ ਹਕੂਮਤ ਦੇ ਨਾਲ ਲੋਹਾ ਲੈਣ ਦੀ ਲੋੜ ਨਹੀਂ ਸੀ ਪੈਣੀ ਤੇ ਸਿੱਖ-ਮੁਗ਼ਲ ਜਾਂ ਸਿੱਖ-ਮੁਸਲਿਮ ਏਕਤਾ ਹੋਣ ਤੇ ਪੰਜਾਬ ਦਾ ਨਕਸ਼ਾ ਕੁਝ ਹੋਰ ਹੀ ਹੋਣਾ ਸੀ, ਪਰ ਅਫ਼ਸੋਸ ਦੀ ਗੱਲ ਹੈ ਕਿ ਸ਼ਾਹਜਹਾਂ ਵਰਗਾ ਕਲਾ-ਪ੍ਰੇਮੀ ਬਾਦਸ਼ਾਹ ਇਸ ਪਾਸੇ ਕੋਈ ਧਿਆਨ ਨਾ ਦੇ ਸਕਿਆ। ਮੁਗ਼ਲ ਦਰਬਾਰ ਦੀ ਇਹ ਹਾਲਤ ਦੇਖ ਕੇ ਸ੍ਰੀ ਗੁਰੂ ਹਰਿਗੋਬਿੰਦ ਜੀ ਲਾਹੌਰ ਜਾਣੋਂ ਸੰਕੋਚ ਕਰਨ ਲੱਗੇ ਤੇ ਸਿੱਖਾਂ ਨੇ ਮੁਗ਼ਲਾਂ ਨਾਲੋਂ ਤੋੜ-ਵਿਛੋੜੀ ਕਰ ਕੇ ਗੁਰੂ ਸਾਹਿਬ ਦੀ ਕਮਾਨ ਹੇਠ ਆਪਣਾ ਬਾਹੂ-ਬਲ ਪਰਖਣ ਉਤੇ ਜ਼ੋਰ ਦੇਣਾ ਸ਼ੁਰੂ ਕੀਤਾ।

ਗੁਰੂ ਹਰਿਗੋਬਿੰਦ ਜੀ ਦੀ ਜੱਦੋਜਹਿਦ :

ਬਾਦਸ਼ਾਹ ਸ਼ਾਹਜਹਾਂ ਦਾ ਇਹ ਰੁੱਖਾਪਣ ਸ੍ਰੀ ਗੁਰੂ ਹਰਿਗੋਬਿੰਦ ਜੀ ਨੇ ਜਹਾਂਗੀਰ ਦੀ ਮੌਤ ਤੋਂ ਦਸ ਸਾਲ ਪਹਿਲਾਂ ਸੰਨ 1617 ਈ. ਵਿਚ ਹੀ, ਜਦੋਂ ਉਹ ਅਜੇ ਸ਼ਾਹਜ਼ਾਦਾ (ਖ਼ੁੱਰਮ) ਹੀ ਸੀ, ਚੰਗੀ ਤਰ੍ਹਾਂ ਪਰਖ ਲਿਆ ਸੀ, ਜਿਸ ਕਰ ਕੇ ਗੁਰੂ ਸਾਹਿਬ, ਜਿਵੇਂ ਕਿ ਭਾਈ ਕੇਸਰ ਸਿੰਘ ਛਿੱਬਰ ਨੇ ਲਿਖਿਆ ਹੈ, ਪੂਰੀ ਪੂਰੀ ਇਹਤਿਆਤ ਰੱਖਣ ਲੱਗ ਪਏ ਸਨ :—

> ਸਾਹਿਬ ਪਕੜੀ ਤੇਗ, ਰੱਖਣ ਲੱਗੇ ਚਾਕਰ।
> ਖੇਡਨ ਸਿਕਾਰ, ਸਿਖਾਂ ਨੂੰ ਨਾਲ ਲੈ ਜਾ ਕਰ ॥ ੧੦੬ ॥

(ਦੇਖੋ, ਬੰਸਾਵਲੀ ਨਾਮਾ, ਛੇਵਾਂ ਚਰਣ)

ਪਰ ਇਸ ਸਮੇਂ ਗੁਰੂ ਜੀ ਦੇ ਤਾਏ (ਪ੍ਰਿਥੀ ਚੰਦ) ਦਾ ਪੁਤ੍ਰ ਸੋਢੀ ਮਿਹਰਵਾਨ, ਜੋ ਸੰਨ 1618 ਈ: ਵਿਚ ਪ੍ਰਿਥੀ ਚੰਦ ਦੀ ਮ੍ਰਿਤੂ ਹੋਣ ਤੇ ਬਹੁਤਾ ਚਿਰ ਲਾਹੌਰ ਹੀ ਰਹਿਣ ਲੱਗ ਪਿਆ ਸੀ, ਗੁਰੂ ਹਰਿਗੋਬਿੰਦ ਜੀ ਤੋਂ ਵਿਰੁੱਧ ਸ਼ਾਹੀਆਂ ਤੇ ਪੁਰੀ ਖਤ੍ਰੀਆਂ ਨਾਲ ਮਿਲ ਕੇ ਕੁਝ ਸਾਜ਼ਿਸ਼ ਘੜਨ ਲੱਗ ਪਿਆ। ਉਸ ਨੇ ਆਪਣੇ ਇਸ ਆਪ-ਹੁਦਰੇਪਣ ਦੇ

ਕਾਰਣ ਮੁਗ਼ਲ ਦਰਬਾਰ ਦੇ ਹੋਰ ਨੇੜੇ ਹੋਣ ਲਈ ਹਜ਼ਰਤ ਮੁਹੰਮਦ ਸਾਹਿਬ ਬਾਰੇ ਆਦਿ ਕਥਾ ਹਜ਼ਰਤ ਮੁਹੰਮਦ ਕੀ, ਮਸਲਾ ਹਸਨ ਹੁਸੈਨ ਕਾ, ਕਥਾ ਬਾਬੇ ਆਦਮ ਮੁਸੱਫੀ ਕੀ, ਕਿੱਸਾ ਸੁਲੇਮਾਨ ਪੈਕੰਬਰ ਕਾ, ਗੁਫਤਾਰ ਸਾਦਕਾਂ ਦੀ, ਵਾਰ ਪੀਰਾਂ ਦੀ ਆਦਿ ਤਾਰੀਫੀ ਗੱਦ-ਪੱਦ ਰੂਪ ਪੁਸਤਕਾਂ ਰਚ ਕੇ ਅਜਿਹੀ ਉਲਟੀ ਚਾਲ ਚਲਾ ਦਿੱਤੀ, ਜੋ ਪਹਿਲਾਂ ਸ੍ਰੀ ਆਦਿ ਗ੍ਰੰਥ ਦੀ ਰਚਨਾ ਕਰਨ ਸਮੇਂ ਜਾਂ ਉਸ ਤੋਂ ਪਿੱਛੋਂ ਮੁਗ਼ਲ ਹਕੂਮਤ ਵਲੋਂ ਜ਼ੋਰ ਪੈਣ ਤੇ ਵੀ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਨਹੀਂ ਅਪਣਾਈ ਸੀ। ਇਸ ਲਈ ਸ਼ਾਹਜਹਾਂ ਦੇ ਦਰਬਾਰ ਵਿਚ ਸੋਢੀ ਮਿਹਰਵਾਨ ਦਾ ਮਾਣ ਵਧਣਾ ਇਕ ਕੁਦਰਤੀ ਗੱਲ ਸੀ।

ਪਿੱਛੋਂ ਇਕ ਵੇਰ ਸ੍ਰੀ ਗੁਰੂ ਹਰਿਗੋਬਿੰਦ ਜੀ ਨੇ, ਜਦ ਉਹ ਲਾਹੌਰ ਗਏ, ਤਾਂ ਆਪਣੇ ਭਾਈ ਸੋਢੀ ਮਿਹਰਵਾਨ ਨੂੰ ਬੜੇ ਮਿੱਠੇ ਤਰੀਕੇ ਨਾਲ ਸਮਝਾ-ਬੁਝਾ ਕੇ ਅਜਿਹੀਆਂ ਨਾਵਾਜਿਬ ਗੱਲਾਂ ਤੋਂ ਵਰਜਿਆ ਤੇ ਆਪਣੇ ਨਾਲ ਮਿਲਾਉਣ ਦਾ ਜਤਨ ਵੀ ਕੀਤਾ, ਪਰ ਉਹ ਇਸ ਤਰ੍ਹਾਂ ਜਤਨ ਕਰਨ ਤੇ ਵੀ ਸਿੱਧੇ ਰਾਹ ਤੇ ਨਾ ਆ ਸਕਿਆ, ਸਗੋਂ ਗੁਰੂ ਸਾਹਿਬ ਦੇ ਨਾਲ ਹੋਰ ਵੀ ਕੌੜਾ-ਕੁਸੈਲਾ ਹੋ ਕੇ ਜਿਦਣ ਲੱਗ ਪਿਆ। ਆਖ਼ਰ ਬਾਦਸ਼ਾਹ ਪਾਸ ਲਾਹੌਰ ਦੇ ਖ਼ੁਫੀਆ ਅਫਸਰਾਂ ਰਾਹੀਂ ਚੂੰਕਿ ਰੋਜ਼ਾਨਾ ਉਲਟ ਇਤਲਾਹਾਂ ਪਹੁੰਚਦੀਆਂ ਰਹਿੰਦੀਆਂ ਸਨ, ਤੇ ਸ਼ਾਹਜਹਾਂ ਵੀ ਸੋਢੀ ਮਿਹਰਵਾਨ ਦੇ ਇਸ ਸੁਭਾਉ ਤੋਂ ਅਨਜਾਣ ਨਹੀਂ ਸੀ। ਸੋਢੀ ਸਾਹਿਬ ਦਾ ਇਰਾਦਾ ਮੁਗ਼ਲ ਹਕੂਮਤ ਦੀ ਮਦਦ ਨਾਲ ਕਿਸੇ ਤਰੀਕੇ ਜ਼ੋਰ ਪਾ ਕੇ ਗੁਰੂ ਸਾਹਿਬ ਤੋਂ ਗੁਰਿਆਈ ਖੋਹਣ ਦਾ ਸੀ, ਇਸੇ ਕਾਰਣ ਉਸ ਨੇ ਆਪਣੀ ਕਾਵਜ-ਰਚਨਾ ਵਿਚ ਨਿਝੱਕ ਹੋ ਕੇ ਉਪਮਾ ਕਰਦਿਆਂ ਹੋਇਆਂ ਹਜ਼ਰਤ ਮੁਹੰਮਦ ਸਾਹਿਬ ਆਦਿ ਬਾਰੇ ਲਿਖ ਕੇ ਪਾਸਾ ਕੁਝ ਹੋਰ ਹੀ ਪਲਟਣਾ ਸ਼ੁਰੂ ਕਰ ਦਿੱਤਾ :—

(1) ਹਦਰਥ ਕਾ ਦੀਨ ਕਾਇਮੋ ਦੁਹਾ ਜਹਾਨਾਂ ਮਾਹਿ।......

(2) ਰਤੇ ਰੰਗ ਅਲਾਹ ਦੇ ਪੈਕੰਬਰ ਨਾਉ ਲਏਨਿ।
ਕਰਹਿ ਨਿਵਾਜਾ ਰੋਜ ਰਹਿ, ਦਾਇਮ ਖੈਰ ਕਰੇਨਿ॥

(ਦੇਖੋ, ਵਾਰ ਪੀਰਾਂ ਕੀ)[1]

ਅਮ੍ਰਿਤਸਰ ਦਾ ਜੁੱਧ (1628 ਈ.) :

ਸ੍ਰੀ ਗੁਰੂ ਹਰਿਗੋਬਿੰਦ ਜੀ ਦੀ ਇਹ ਮੁੱਢਲੀ ਜੱਦੋਜਹਿਦ ਸੀ। ਇਸ ਸਮੇਂ ਉਨ੍ਹਾਂ ਨੇ ਸਿੱਖਾਂ ਨੂੰ ਸਨੱਧ ਬੱਧ ਹੋਣ ਦਾ ਹੁਕਮ ਦੇ ਕੇ ਪੂਰੀ ਤਰ੍ਹਾਂ ਤਿਆਰ ਕਰ ਲਿਆ ਸੀ, ਤਾਕਿ ਜੇ ਲੋੜ ਪਵੇ ਤਾਂ ਪੂਰੀ ਪੂਰੀ ਹਿਫ਼ਾਜ਼ਿਤ ਹੋ ਸਕੇ। ਮੁਹਸਨ ਫ਼ਾਨੀ ਦੇ ਕਥਨ ਅਨੁਸਾਰ ਸਿੱਖ ਗੁਰੂ ਸਾਹਿਬ ਨੂੰ ਨਾ ਕੇਵਲ ਈਸ਼੍ਵਰ ਦਾ ਅਵਤਾਰ ਹੀ ਮੰਨਦੇ ਸਨ, ਸਗੋਂ ਸਾਖਿਆਤ ਰੱਬ ਸਮਝਦੇ ਸਨ। ਉਧਰ ਸ਼ਾਹਜਹਾਂ ਮੁਲਾਣਿਆਂ ਦੇ ਅਸਰ ਹੇਠ ਹਿੰਦੂਆਂ ਦੇ ਮੰਦਰਾਂ ਦੀ ਢਾਹ-ਢਹਾਈ ਦੇ ਨਾਲ ਹੀ ਰਾਜਨੀਤਕ ਲਾਲਚ ਨੂੰ ਮੁੱਖ ਰੱਖ ਕੇ ਆਪਣੇ ਰਾਹ ਦੇ ਕੰਡੇ ਤੇ ਟੋਏ-ਟਿੱਬੇ ਸਾਫ਼ ਕਰ ਰਿਹਾ ਸੀ। ਉਹ ਇਸ ਤਰ੍ਹਾਂ ਕਿ ਪਹਿਲਾਂ ਉਸ ਨੇ ਆਪਣੇ ਵੱਡੇ ਭਾਈ ਖ਼ੁਸਰੋ ਨੂੰ, ਜੋ ਪਿਤਾ ਦੇ ਹੁਕਮ ਨਾਲ ਕੁਝ ਚਿਰ ਤੋਂ ਉਸ ਦੀ ਕੈਦ ਵਿਚ ਸੀ, ਪੁਰਾਣੇ ਖ਼ਾਨਦਾਨੀ ਸੁਭਾਉ ਦੇ ਅਨੁਸਾਰ ਗੁਪਤ ਤਰੀਕੇ ਨਾਲ ਮਰਵਾ ਕੇ

---

[1] ਸਿੱਖੀ ਤੇ ਸਿੱਖ ਇਤਿਹਾਸ (ਸ਼ਮਸ਼ੇਰ ਸਿੰਘ ਅਸ਼ੋਕ), ਸੰਨ ੧੯੫੧, ਸਫ਼ਾ ੯੩।

ਇਕ ਪਾਸੇ ਕੀਤਾ ਤੇ ਫੇਰ ਸ਼ਾਹਜ਼ਾਦਾ ਸ਼ਹਿਰਯਾਰ, ਜਿਸ ਨੂੰ ਬੇਗਮ ਨੂਰਜਹਾਂ ਜਹਾਂਗੀਰ ਦੇ ਸਹਾਰੇ ਨਾਲ ਸ਼ਾਹੀ ਤਖ਼ਤ ਉਤੇ ਬਿਠਾਉਣ ਦਾ ਜਤਨ ਕਰ ਰਹੀ ਸੀ, ਸ਼ਾਹਜ਼ਾਦਾ ਬੁਲਾਕੀ, ਸ਼ਾਹਜ਼ਾਦਾ ਦਾਨੀਆਲ ਦਾ ਪੁਤ੍ਰ ਤਹਮੂਰ ਸ਼ਾਹ ਤੇ ਹੋਸ਼ੰਗ ਸ਼ਾਹ ਲਾਹੌਰ ਦੇ ਸਥਾਨ ਪਰ ਕਤਲ ਕਰਵਾ ਕੇ ਸਿੱਧੇ ਬਹਿਸ਼ਤ ਭੇਜ ਦਿੱਤੇ ।[1]

ਸ਼ਾਹਜਹਾਂ ਵਲੋਂ ਇਹ ਵਧੀਕੀ ਨਾ ਕੇਵਲ ਹਿੰਦੂ ਮੁਸਲਮਾਨ ਰਿਆਯਾ ਜਾਂ ਆਪਣੇ ਪਿਤਾ-ਪਿਤਾਮਾ ਅਕਬਰ ਤੇ ਜਹਾਂਗੀਰ ਦੇ ਖ਼ਾਨਦਾਨ ਨਾਲ ਹੀ ਹੋਈ, ਸਗੋਂ ਇਸ ਦਾ ਨਜ਼ਲਾ ਗੁਰੂ ਕੇ ਸਿੱਖਾਂ ਉਤੇ ਵੀ ਝੜਨ ਲੱਗ ਪਿਆ ਸੀ। ਮੁਗ਼ਲ ਹਾਕਮ ਸਿੱਖਾਂ ਨੂੰ ਰਾਹਜ਼ਨ ਜਾਂ ਧਾੜੇਮਾਰ ਆਖ ਕੇ ਤੰਗ ਕਰਨ ਲੱਗ ਪਏ ਸਨ, ਇੱਥੋਂ ਤਕ ਕਿ ਕਾਬਲ, ਪਿਸ਼ਾਵਰ ਆਦਿ ਸਥਾਨਾਂ ਤੋਂ ਅਮ੍ਰਿਤਸਰ ਆ ਰਹੀਆਂ ਸਿੱਖ-ਸੰਗਤਾਂ ਨੂੰ ਕਿਸੇ ਨਾ ਕਿਸੇ ਬਹਾਨੇ ਲੁੱਟਿਆ ਤੇ ਉਨ੍ਹਾਂ ਦਾ ਮਾਲ-ਮਤਾਹ ਜਾਂ ਪਸ਼ੂ-ਧਨ, ਜੋ ਵੀ ਤੁਹਫੇ ਵਜੋਂ ਉਹ ਗੁਰੂ ਜੀ ਦੇ ਦਰਬਾਰ ਵਿਚ ਲੈ ਆਉਂਦੇ ਸਨ, ਅਮ੍ਰਿਤਸਰ ਪਹੁੰਚਣ ਤੋਂ ਪਹਿਲਾਂ ਪਹਿਲਾਂ ਰਸਤੇ ਵਿਚ ਹੀ ਲਾਹੌਰ ਆਦਿ ਥਾਵੀਂ ਖੋਹ ਲਿਆ ਜਾਂਦਾ ਸੀ। ਭਾਈ ਬਿਧੀ ਚੰਦ ਦੇ ਘੋੜੇ, ਜੋ ਉਹ ਬੜੀ ਦਲੇਰੀ ਨਾਲ ਲਾਹੌਰ ਦੇ ਸ਼ਾਹੀ ਅਸਤਬਲ 'ਚੋਂ ਲੈ ਕੇ ਗਿਆ ਸੀ, ਜਿਸ ਬਾਰੇ ਮੁਕੰਮਲ ਵੇਰਵਾ ਅੱਗੇ ਦਿੱਤਾ ਜਾਵੇਗਾ, ਮੁਗ਼ਲ ਹਕੂਮਤ ਦੀ ਇਸੇ ਬੇਇਨਸਾਫ਼ੀ ਨਾਲ ਸੰਬੰਧ ਰਖਦੇ ਹਨ। ਇਹ ਸੀ ਮੁਗ਼ਲ ਹਾਕਮਾਂ ਵਲੋਂ ਸਿੱਖਾਂ ਨਾਲ ਇਕ ਵਾਧੂ ਜਿਹੀ ਛੇੜ ਛਾੜ ਦਾ ਮੁੱਢ, ਜਿਸ ਦਾ ਨਤੀਜਾ ਅੱਗੇ ਜਾ ਕੇ ਅਮ੍ਰਿਤਸਰ ਦੇ ਪਹਿਲੇ ਜੁੱਧ ਦੀ ਸ਼ਕਲ ਵਿਚ ਪ੍ਰਗਟ ਹੋਇਆ।

ਗੱਲ ਇਸ ਤਰ੍ਹਾਂ ਹੋਈ ਕਿ ਮਈ ਸੰਨ 1628 ਵਿਚ ਲਾਹੌਰੋਂ ਬਾਦਸ਼ਾਹ ਸ਼ਾਹਜਹਾਂ ਸ਼ਿਕਾਰ ਚੜ੍ਹਿਆ ਤੇ ਉਸ ਦਾ ਇਕ ਬਾਜ, ਜੋ ਸ਼ਿਕਾਰ ਦੇ ਪਿੱਛੇ ਛੱਡਿਆ ਗਿਆ ਸੀ, ਅਚਾਣਕ ਸਿੱਖਾਂ ਦੇ ਹੱਥ ਆਇਆ ਜਾਂ ਰਾਹੋਂ ਘੁੱਸ ਕੇ ਐਵੇਂ ਕਿਸੇ ਹੋਰ ਪਾਸੇ ਚਲਾ ਗਿਆ। ਸ਼ਾਹੀ ਹੁਕਮ ਨਾਲ ਪਹਿਲਾਂ ਤਾਂ ਮੀਰ ਸ਼ਿਕਾਰ ਅਮ੍ਰਿਤਸਰ ਦੇ ਇਲਾਕੇ ਵਿਚ ਪਹੁੰਚ ਕੇ ਸਿੱਖਾਂ ਦੇ ਗਲ ਪਏ, ਪਰ ਫੇਰ ਵੀ ਜਦ ਬਾਜ਼ ਨਾ ਹੱਥ ਆਇਆ ਤਾਂ ਉਨ੍ਹਾਂ ਦੇ ਸ਼ਿਕਾਇਤ ਕਰਨ ਤੇ ਫ਼ੌਜਦਾਰ ਮੁਖ਼ਲਿਸ ਖ਼ਾਨ ਸੱਤ ਕੁ ਹਜ਼ਾਰ ਪਿਆਦੇ ਲੈ ਕੇ ਅਮ੍ਰਿਤਸਰ ਤੇ ਚੜ੍ਹ ਆਇਆ। ਗੁਰੂ ਸਾਹਿਬ ਅਮ੍ਰਿਤਸਰ ਵਿਖੇ ਇਸ ਸਮੇਂ ਆਪਣੀ ਲੜਕੀ ਵੀਰੋ ਜੀ ਦੇ ਵਿਆਹ-ਕਾਰਜ ਵਿਚ ਰੁੱਝੇ ਹੋਏ ਸਨ, ਮਿਠਾਈਆਂ ਪੱਕ ਰਹੀਆਂ ਸਨ ਤੇ ਬਰਾਤ ਦੀ ਉਡੀਕ ਕੀਤੀ ਜਾ ਰਹੀ ਸੀ, ਕਿ ਅਚਾਣਕ ਮੁਖ਼ਲਿਸ ਖ਼ਾਨ ਦੇ ਮਾਤਹਿਤ ਸ਼ਾਹੀ ਫ਼ੌਜ ਦੀ ਚੜ੍ਹਾਈ ਸੁਣ ਕੇ ਗੁਰੂ ਸਾਹਿਬ ਨੇ ਆਪਣਾ ਪਰਿਵਾਰ ਤਾਂ ਤੁਰਤ ਹੀ ਤਰਨ ਤਾਰਨ ਦੇ ਨੇੜੇ ਪਿੰਡ ਝਬਾਲ ਭੇਜ ਦਿੱਤਾ, ਸ੍ਰੀ ਦਰਬਾਰ ਸਾਹਿਬ ਦੀ ਸਾਰੀ ਮਰਯਾਦਾ ਹੁਕਮਨ ਬੰਦ ਕਰ ਦਿੱਤੀ ਤੇ ਸ੍ਰੀ ਆਦਿ ਗ੍ਰੰਥ ਜੀ ਸਮੇਤ ਬਾਬੇ ਬੁੱਢੇ ਨੂੰ ਕਿਤੇ ਬਾਹਰ ਭੇਜਿਆ ਤੇ ਖ਼ੁਦ ਸਿੱਖਾਂ ਨੂੰ ਦੁਸ਼ਮਨ ਦੇ ਮੁਕਾਬਲੇ ਦਾ ਹੁਕਮ ਦੇ ਕੇ ਜੰਗ ਲਈ ਤਿਆਰ ਹੋ ਗਏ। ਸਿੱਖ ਚੂੰਕਿ ਪਹਿਲਾਂ ਹੀ, ਜਿਵੇਂ ਕਿ ਪਿੱਛੇ ਦੱਸਿਆ ਗਿਆ ਹੈ, ਹਰ ਤਰ੍ਹਾਂ ਸਨੱਧ ਬੱਧ ਹੋ ਕੇ ਤਿਆਰ

---

[1]ਦੇਖੋ, ਕਾਜ਼ੀ ਜ਼ਕਾਉੱਲਾ, ਤਾਰੀਖ਼ਿ ਹਿੰਦੁਸਤਾਨ (ਉਰਦੂ), ਜਿਲਦ ਸੱਤਵੀਂ, ਸੰਨ 1917, ਸਫ਼ਾ 51.

ਰਹਿਣ ਲੱਗ ਪਏ ਸਨ, ਇਸ ਲਈ ਉਨ੍ਹਾਂ ਨੇ ਚੜ੍ਹਾਈ ਦਾ ਹੁਕਮ ਹੋਣ ਸਾਰ ਅਮ੍ਰਿਤਸਰੋਂ ਢਾਈ ਕੁ ਕੋਹ ਬਾਹਰ ਪਿੱਪਲੀ ਸਾਹਿਬ ਦੇ ਸਥਾਨ ਪਰ ਦੁਸ਼ਮਨ ਦਾ ਅੱਗਾ ਜਾ ਰੋਕਿਆ, ਪਰ ਸਿੱਖ ਥੋੜੇ ਸਨ ਤੇ ਮੁਗ਼ਲ ਸਿਪਾਹ ਦੀ ਗਿਣਤੀ ਵਧੇਰੇ ਸੀ। ਨਾਲੇ ਸਿੱਖਾਂ ਨੂੰ ਅਜਿਹੀ ਲੜਾਈ ਲੜਨ ਦਾ ਪਹਿਲਾ ਹੀ ਮੌਕਾ ਸੀ, ਇਸ ਲਈ ਦੁਵੱਲੀਓਂ ਟਾਕਰਾ ਹੋਣ ਤੇ ਭਾਵੇਂ ਸਿੱਖਾਂ ਨੇ ਦੁਸ਼ਮਨ ਦਾ ਕਾਫ਼ੀ ਜਾਨੀ ਨੁਕਸਾਨ ਕਰ ਦਿੱਤਾ, ਪਰ ਦੁਸ਼ਮਨ ਦੀ ਹੋਰ ਫ਼ੌਜ ਅਚਾਣਕ ਦੂਜੇ ਬੰਨਿਓਂ ਹੱਲਾ ਕਰ ਕੇ ਗੁਰੂ ਕੀ ਨਗਰੀ ਅਮ੍ਰਿਤਸਰ ਵਿਚ ਦਾਖ਼ਲ ਹੋ ਗਈ ਤੇ ਉਸ ਫ਼ੌਜ ਨੇ ਉਹ ਮਿਠਾਈ, ਜੋ ਬੀਬੀ ਵੀਰੋ ਦੇ ਵਿਆਹ ਵਾਸਤੇ ਤਿਆਰ ਕਰਵਾਈ ਗਈ ਸੀ, ਲੁੱਟ ਖਾਧੀ। ਫੇਰ ਵੀ ਮਝੈਲ ਸਿੱਖਾਂ ਦੇ ਹੱਲਾ ਕਰ ਕੇ ਆ ਪੈਣ ਤੇ ਫ਼ੌਜਦਾਰ ਮੁਖ਼ਲਿਸ ਖ਼ਾਨ ਦੇ ਮਾਰੇ ਜਾਣ ਕਾਰਣ ਦੁਸ਼ਮਨ ਦੇ ਪੈਰ ਅਜਿਹੇ ਥਿੜਕੇ ਕਿ ਸਿੱਖਾਂ ਨੇ ਪੰਜ ਕੋਹ ਤਕ ਸ਼ਾਹੀ ਫ਼ੌਜ ਦਾ ਪਿੱਛਾ ਕੀਤਾ ਤੇ ਇਸ ਜੰਗ ਵਿਚ ਪੂਰੀ ਤਰ੍ਹਾਂ ਜਿੱਤ ਪ੍ਰਾਪਤ ਕੀਤੀ।

ਦੁਸ਼ਮਨ ਵਲੋਂ ਇਸ ਜੰਗ ਵਿਚ ਮੁਖ਼ਲਿਸ ਖ਼ਾਨ ਦੇ ਨਾਲ ਹੀ ਕੁਤਬੁੱਦੀਨ, ਮਿਰਜ਼ਾ ਜਾਫ਼ਰ ਤੇ ਮੌਲਾ ਬਖ਼ਸ਼ ਨਾਮੀ ਸਰਦਾਰ ਅਨੇਕ ਸਿਪਾਹੀਆਂ ਸਮੇਤ ਮਾਰੇ ਗਏ ਅਤੇ ਸਿੱਖਾਂ ਵਲੋਂ ਪੁਰੋਹਿਤ ਸਿੰਘਾ, ਭਾਈ ਭਾਨੂ, ਜੈਤਾ, ਪਿਰਾਣਾ, ਮੋਹਨ, ਗੋਪਾਲ, ਤਖ਼ਤੂ, ਭਗਤੂ, ਅਨੰਤਾ, ਪੈੜਾ, ਤੋਤਾ, ਸਾਈਂ ਦਾਸ ਆਦਿ 13 ਜੋਧੇ ਸ਼ਹੀਦ ਹੋਏ। ਉਨ੍ਹਾਂ ਜੋਧਿਆਂ ਤੇ ਵੀਰ ਸਿਪਾਹੀਆਂ ਦਾ ਸਸਕਾਰ ਕਰ ਕੇ ਗੁਰੂ ਸਾਹਿਬ ਸਿੱਖਾਂ ਦੇ ਹੌਸਲੇ ਵਧਾਉਂਦੇ ਹੋਏ ਪਿੰਡ ਝਬਾਲ ਪਹੁੰਚੇ ਤੇ ਉਥੇ ਬਰਾਤ ਚੂੰਕਿ ਪਹਿਲਾਂ ਹੀ ਪਹੁੰਚ ਗਈ ਸੀ ਤੇ ਸਾਰਾ ਪਰਿਵਾਰ ਵੀ ਮੌਜੂਦ ਸੀ, ਇਸ ਲਈ ਬੀਬੀ ਵੀਰੋ ਦਾ ਵਿਆਹ ਪਿੰਡ ਮੱਲਾ ਨਿਵਾਸੀ ਭਾਈ ਧਰਮੇ ਖੋਸਲੇ ਦੇ ਪੁਤ੍ਰ ਸਾਧੂ ਨਾਲ ਬੜੇ ਉਤਸਾਹ ਪੂਰਵਕ ਕੀਤਾ। ਇਹ ਭਾਈ ਸਾਧੂ ਬੜਾ ਅੱਛਾ ਵਿਦਵਾਨ, ਲੇਖਕ ਤੇ ਕਵੀ ਸੀ ਅਤੇ ਕਵਿਤਾ ਵਿਚ ਆਪਣਾ ਨਾਮ 'ਸਾਧੂ ਜਨ' ਰਖਦਾ ਸੀ। ਗੁਰ ਬਿਲਾਸ ਪਾਤਸ਼ਾਹੀ ੬ (ਅਧਿਆਇ ੧੦) ਵਿਚ ਭਾਈ ਸਾਧੂ ਜਨ ਦੀ ਪੰਜਾਬੀ ਕਵਿਤਾ ਦਾ ਇਕ ਉੱਤਮ ਉਦਾਹਰਣ ਦਰਜ ਹੈ ਤੇ ਇਸ ਤੋਂ ਬਿਨਾ ਮਹਾਭਾਰਤ, ਦ੍ਰੋਪਤੀ ਚਰਿਤ੍ਰ ਆਦਿ ਕੁਝ ਹੋਰ ਕਾਵ੍ਯ-ਰਚਨਾ ਵੀ ਭਾਈ ਸਾਧੂ ਜਨ ਦੀ ਮਿਲਦੀ ਹੈ।

ਸ੍ਰੀ ਹਰਿਗੋਬਿੰਦ ਪੁਰ ਦਾ ਜੁੱਧ (ਸੰਨ 1630 ਈ.) :

ਇਸ ਤਰ੍ਹਾਂ ਅਮ੍ਰਿਤਸਰ ਛੱਡਣ ਤੇ ਬੀਬੀ ਵੀਰੋ ਦੇ ਵਿਆਹ-ਕਾਰਜ ਤੋਂ ਫ਼ਾਰਿਗ਼ ਹੋ ਕੇ ਸ੍ਰੀ ਗੁਰੂ ਹਰਿਗੋਬਿੰਦ ਜੀ ਤਰਨ ਤਾਰਨ, ਖਡੂਰ ਸਾਹਿਬ, ਗੋਇੰਦਵਾਲ ਆਦਿ ਥਾਵੀਂ ਹੁੰਦੇ ਹੋਏ ਸਿਖ ਸਿਪਾਹੀਆਂ ਸਮੇਤ ਪਹਿਲਾਂ ਜਾਲੰਧਰ ਦੇ ਇਲਾਕੇ ਵਿਚ ਕਰਤਾਰਪੁਰ ਪਹੁੰਚੇ ਤੇ ਫੇਰ ਉਥੇ ਸਾਰੇ ਆਰ-ਪਰਿਵਾਰ ਦੀ ਰਿਹਾਇਸ਼ ਦਾ ਪ੍ਰਬੰਧ ਹੋਣ ਤੋਂ ਉਪਰੰਤ ਦਰਿਆ ਬਿਆਸ ਲੰਘ ਕੇ ਸਿੱਖ-ਸਿਪਾਹ ਸਮੇਤ ਸ੍ਰੀ ਹਰਿਗੋਬਿੰਦ ਪੁਰ ਨਾਮੀ ਨਵੇਂ ਨਗਰ ਵਿਚ, ਜਿਸ ਦੀ ਨੀਂਹ ਉਨ੍ਹਾਂ ਨੇ ਥੋੜਾ ਚਿਰ ਪਹਿਲਾਂ ਹੀ ਰੱਖੀ ਸੀ, ਚਲੇ ਗਏ। ਕੇਸਰ ਸਿੰਘ ਛਿੱਬਰ ਦੇ ਕਥਨ ਅਨੁਸਾਰ ਸ੍ਰੀ ਗੁਰੂ ਅਰਜਨ ਦੇਵ ਜੀ ਨੇ, ਜਿਵੇਂ ਕਿ ਪਿੱਛੇ ਦੱਸਿਆ ਗਿਆ ਹੈ, ਲਾਹੌਰ ਨੂੰ ਜਾਣ ਲੱਗਿਆਂ ਆਪਣੇ ਪੁਤ੍ਰ ਗੁਰੂ ਹਰਿਗੋਬਿੰਦ ਜੀ ਨੂੰ ਤੁਰਕਾਂ ਨਾਲ ਵਿਗਾੜ ਹੋਇਆ ਦੱਸ ਕੇ ਅਮ੍ਰਿਤਸਰ ਦਾ ਵਸੇਬਾ ਛੱਡਣ ਤੇ ਇਲਾਕਾ

ਜਾਲੰਧਰ-ਦੁਆਬ ਵਿਚ ਜਾ ਵਸਣ ਦਾ ਆਦੇਸ਼ ਦਿੱਤਾ ਸੀ :

ਅਸਾਂ ਹੋਇਆ ਤੁਰਕਾਂ ਵਿਚ ਜਾਣਾ ।

ਉਨ੍ਹਾਂ ਕਰਨੀ ਹੈ ਹੁੱਜਤ, ਤੁਸਾਂ ਦੁਆਬੇ ਵਿਚ ਕਰਨਾ ਟਿਕਾਣਾ ॥ ੧੩੪ ॥

(ਵੇਖੋ, ਬੰਸਾਵਲੀ ਨਾਮਾ, ਚਰਣ ਛੇਵਾਂ)

ਇਸ ਕਥਨ ਦੇ ਮੁਤਾਬਿਕ ਗੁਰੂ ਸਾਹਿਬ ਜਦ ਸ੍ਰੀ ਹਰਿਗੋਬਿੰਦ ਪੁਰ ਦੇ ਸਥਾਨ ਪਰ ਕੋਟ ਉਸਾਰਨ ਲੱਗੇ ਤਾਂ ਭਗਵਾਨ ਦਾਸ ਘੇਰੜ ਨੇ, ਜੋ ਦੀਵਾਨ ਚੰਦੂ ਸ਼ਾਹੀ ਦਾ ਰਿਸ਼ਤੇਦਾਰ ਹੋਣ ਦੇ ਨਾਲ ਹੀ ਮੁਗਲ ਹਕੂਮਤ ਵਲੋਂ ਉਥੋਂ ਦਾ ਮਾਲ ਗੁਜ਼ਾਰ ਵੀ ਸੀ, ਅਚਾਣਕ ਅੱਗੋਂ ਰੋਕ ਪਾਈ ਤੇ ਲਾਲ-ਪੀਲੀਆਂ ਅੱਖਾਂ ਦਿਖਾ ਕੇ ਗਾਲ੍ਹਾਂ ਕੱਢਣੀਆਂ ਸ਼ੁਰੂ ਕੀਤੀਆਂ । ਇਹ ਵੇਖ ਕੇ ਪਹਿਲਾਂ ਤਾਂ ਭਾਈ ਬਿਧੀ ਚੰਦ, ਭੱਲਣ ਆਦਿ ਸਿੱਖਾਂ ਨੇ ਉਸ ਦੀ ਚੰਗੀ ਤਰ੍ਹਾਂ ਮਾਰ-ਕੁਟਾਈ ਕੀਤੀ, ਪਰ ਜਦ ਉਹ ਫੇਰ ਵੀ ਨਾ ਹਟਿਆ ਤੇ ਗਾਲ੍ਹਾਂ ਕੱਢਦਾ ਹੀ ਗਿਆ ਤਾਂ ਉਸ ਨੂੰ ਮਾਰ ਕੇ ਦਰਿਆ ਬਿਆਸ ਵਿਚ ਰੁੜ੍ਹਾ ਦਿੱਤਾ ।

ਭਗਵਾਨ ਦਾਸ ਘੇਰੜ ਦੇ ਇਸ ਤਰ੍ਹਾਂ ਮਾਰੇ ਜਾਣ ਦਾ ਪਤਾ ਲੱਗਣ ਤੇ ਉਸ ਦੇ ਪੁਤ੍ਰ ਰਤਨ ਚੰਦ ਨੇ ਰੋਣਾ ਪਿੱਟਣਾ ਸ਼ੁਰੂ ਕਰ ਦਿੱਤਾ । ਉਸ ਸਮੇਂ ਜਾਲੰਧਰ ਦੇ ਸੂਬੇ ਅਬਦੁੱਲਾ ਖ਼ਾਨ ਦੇ ਕੋਲ ਚੰਦੂ ਸ਼ਾਹੀ ਦਾ ਭਾਈ ਲਾਲ ਚੰਦ ਤੇ ਪੁਤ੍ਰ ਕਰਮ ਚੰਦ ਮੁਹਾਲਦਾਰ ਸਨ । ਰਤਨ ਚੰਦ ਘੇਰੜ ਨੇ ਉਨ੍ਹਾਂ ਰਾਹੀਂ ਸੂਬਾ ਅਬਦੁੱਲਾ ਖ਼ਾਨ ਪਾਸ ਜਾ ਫ਼ਰਿਆਦ ਕੀਤੀ ਤੇ ਦੱਸਿਆ ਕਿ ਗੁਰੂ ਸਾਹਿਬ ਅਮ੍ਰਿਤਸਰੋਂ ਨੱਸ ਕੇ ਆਏ ਹੋਏ ਸ਼ਾਹੀ ਅਪਰਾਧੀ ਹਨ । ਇਹ ਸੁਣ ਕੇ ਅਬਦੁੱਲਾ ਖ਼ਾਨ ਨੇ ਬਿਨਾਂ ਕੁਝ ਸੋਚੇ-ਸਮਝੇ ਹੀ ਪੰਜ ਕੁ ਹਜ਼ਾਰ ਆਪਣੀ ਤੇ ਕੁਝ ਜਾਗੀਰਦਾਰਾਂ ਦੀ ਫ਼ੌਜ ਲੈ ਕੇ ਚੜ੍ਹਾਈ ਕਰ ਦਿੱਤੀ । ਇਹ ਖ਼ਬਰ ਜਦ ਦੁਆਬੇ ਤੇ ਮਾਝੇ ਦੇ ਸਿੱਖਾਂ ਨੇ ਸੁਣੀ ਤਾਂ ਉਹ ਅਨੇਕ ਪ੍ਰਕਾਰ ਦੇ ਸ਼ਸਤ੍ਰ-ਅਸਤ੍ਰ ਲੈ ਕੇ ਬੜੇ ਉਤਸਾਹ ਨਾਲ ਗੁਰੂ ਸਾਹਿਬ ਦੇ ਪਾਸ ਜਾ ਇਕੱਤ੍ਰ ਹੋਏ । ਗੁਰੂ ਸਾਹਿਬ ਨੇ ਅਮ੍ਰਿਤਸਰ ਦੀ ਲੜਾਈ ਵਾਂਗੂ ਹੀ ਸਿੱਖਾਂ ਦੇ ਦਿਲ ਵਿਚ ਧਰਮ-ਜੁੱਧ ਦਾ ਜੋਸ਼-ਖ਼ਰੋਸ਼ ਵੇਖ ਕੇ ਬੜੀ ਖੁਸ਼ੀ ਜ਼ਾਹਰ ਕੀਤੀ ਤੇ ਭਾਈ ਜੱਟੂ, ਜਗਨੇ, ਮਥਰੇ, ਕਲਿਆਣੇ, ਪਰਸੂ, ਸਕਤੂ, ਭੱਲਣ, ਬਿਧੀ ਚੰਦ ਆਦਿ ਸਿੱਖਾਂ ਨੂੰ ਵੱਖੋ ਵੱਖ ਜੱਥਿਆਂ ਦੇ ਜੱਥੇਦਾਰ ਥਾਪਿਆ । ਗਿਆਨੀ ਗਿਆਨ ਸਿੰਘ ਦੇ ਕਥਨ ਅਨੁਸਾਰ ਇਸ ਸਮੇਂ ਅਚਾਣਕ ਰਾਜਾ ਹਰੀ ਪੁਰ, ਬਸੋਹਲੀ, ਸਭਾ ਚੰਦ ਪਠਾਣੀਆ, ਪ੍ਰਤਾਪ ਸਿੰਘ ਮੰਝ, ਚੌਧਰੀ ਸ਼ੀਹਾਂ ਗਿੱਲ, ਕਾਲਾ ਦੁਲੱਟ, ਫਤਿਹ ਮੁਹੰਮਦ ਪਠਾਣਕੋਟ ਵੀ ਆਪੋ ਆਪਣੇ ਸਿਪਾਹੀ ਲੈ ਕੇ ਗੁਰੂ ਜੀ ਦੀ ਸਹਾਇਤਾ ਲਈ ਆ ਪਹੁੰਚੇ । ਇਸ ਲਈ ਗੁਰੂ ਜੀ ਦੇ ਕੋਲ ਵੀ ਦੁਸ਼ਮਨ ਦੀ ਫ਼ੌਜ ਜਿਤਨਾ ਹੀ ਲਾਉ-ਲਸ਼ਕਰ ਇਕੱਠਾ ਹੋ ਗਿਆ ।

ਸੂਬਾ ਅਬਦੁੱਲਾ ਖ਼ਾਨ ਦੀ ਫ਼ੌਜ ਦੇ ਮੋਢੀ ਸਨ—ਬੈਰਮ ਖ਼ਾਨ, ਮੁਹੰਮਦ ਖ਼ਾਨ, ਅਲੀ ਬਖ਼ਸ਼, ਇਮਾਮ ਬਖ਼ਸ਼, ਚਰਾਗਦੀਨ, ਅਕਬਰ ਖ਼ਾਨ, ਸ਼ੇਰ ਮੁਹੰਮਦ ਆਦਿ ਫ਼ੌਜਦਾਰ ਤੇ ਉਨ੍ਹਾਂ ਦੇ ਨਾਲ ਹੀ ਸੂਬਾ ਅਬਦੁੱਲਾ ਖ਼ਾਨ ਦੇ ਦੋਵੇਂ ਪੁਤ੍ਰ ਨਬੀ ਬਖ਼ਸ਼ ਤੇ ਕਰੀਮ ਬਖ਼ਸ਼ ਵੀ ਸ਼ਾਮਲ ਸਨ । 17 ਅੱਸੂ ਸੰਮਤ 1685 ਬਿ. (ਮੁਤਾਬਿਕ ਸੰਨ 1628 ਈ.) ਨੂੰ ਇਹ ਜੰਗ ਸ੍ਰੀ ਹਰਿਗੋਬਿੰਦ ਪੁਰ ਤੋਂ ਬਾਹਰ, ਅਮ੍ਰਿਤਸਰ ਦੀ ਲੜਾਈ ਤੋਂ ਲਗ ਭਗ ਚਾਰ ਮਹੀਨੇ ਪਿੱਛੋਂ, ਹੋਇਆ । ਦੁਵੱਲੀਓਂ ਦੋਹਾਂ ਦਲਾਂ ਦਾ ਟਾਕਰਾ ਹੋਣ ਤੇ ਦੁਸ਼ਮਨ ਦੀ ਫ਼ੌਜ ਵਿਚੋਂ

ਭਗਵਾਨ ਦਾਸ ਘੇਰੜ ਦਾ ਪੁਤ੍ਰ ਰਤਨ ਚੰਦ, ਚੰਦੂ ਸ਼ਾਹੀ ਦਾ ਪੁਤ੍ਰ ਕਰਮ ਚੰਦ ਤੇ ਮੁਹੰਮਦ ਖ਼ਾਨ, ਬੈਰਮ ਖ਼ਾਨ, ਅਲੀ ਬਖ਼ਸ਼, ਇਮਾਮ ਬਖ਼ਸ਼, ਬਲਵੰਡ ਖ਼ਾਨ, ਨਬੀ ਬਖ਼ਸ਼, ਕਰੀਮ ਬਖ਼ਸ਼, ਮੁਹੰਮਦ ਯਾਰ, ਨਵਾਬ ਅਬਦੁੱਲਾ ਖ਼ਾਨ ਆਦਿ ਸਭ ਮੋਢੀ ਮਾਰੇ ਗਏ ਅਤੇ ਗੁਰੂ ਸਾਹਿਬ ਵਲੋਂ ਭਾਈ ਜੱਟੂ, ਮਥੁਰਾ, ਮੋਕਲ, ਕਲਿਆਣਾ, ਕਿਸਨਾ, ਜਗਨਾ, ਪਰਸੂ, ਸਕਤੂ ਆਦਿ ਜੋਧੇ ਸ਼ਹੀਦ ਹੋਏ ਅਤੇ ਅੰਤ ਫ਼ਤਹਿ ਗੁਰੂ ਸਾਹਿਬ ਦੀ ਹੋਈ।

ਇਸ ਤੋਂ ਬਾਦ ਗੁਰੂ ਸਾਹਿਬ ਨੇ ਸਾਰੇ ਸ਼ਹੀਦ ਜੋਧਿਆਂ ਦੇ ਅੰਤਿਮ ਸੰਸਕਾਰ ਕੀਤੇ ਤੇ ਜੰਗ ਜਿੱਤ ਕੇ ਫ਼ਤਿਹ ਦੇ ਨਗਾਰੇ ਵਜਾਉਂਦੇ ਹੋਇਆਂ ਬਹਾਦੁਰਾਂ ਦੀ ਬੜੀ ਹੌਸਲਾ ਅਫ਼ਜ਼ਾਈ ਕੀਤੀ। ਫੇਰ ਚੰਗੀ ਸ਼ਹਿਰ ਪਨਾਹ ਬਣਾ ਕੇ ਤੇ ਮਕਾਨ ਉਸਰਵਾ ਕੇ ਸ੍ਰੀ ਹਰਿਗੋਬਿੰਦ ਪੁਰ ਨਗਰ ਵਸਾਇਆ ਤੇ ਉਸ ਵਿਚ ਸਤਿਸੰਗ ਵਾਸਤੇ ਧਰਮਸਾਲਾ ਤਿਆਰ ਕਰਵਾਈ ਤੇ ਸਰਦਾਰ ਪੈਂਦੇ ਖ਼ਾਨ ਆਦਿ ਮੁਸਲਮਾਨ (ਪਠਾਣ) ਸਿਪਾਹੀਆਂ ਵਾਸਤੇ ਅਲੱਗ ਮਸੀਤ ਉਸਰਵਾ ਦਿੱਤੀ।

ਫੇਰ ਇਸ ਕੰਮ ਤੋਂ ਫ਼ਾਰਿਗ਼ ਹੋ ਕੇ ਗੁਰੂ ਸਾਹਿਬ ਆਪਣੀ ਸੈਨਿਕ ਸ਼ਕਤੀ ਦਾ ਹੋਰ ਵਧੇਰੇ ਸੰਗਠਨ ਕਰਨ ਲੱਗੇ। ਉਧਰ ਜਦ ਜਾਲੰਧਰੋਂ ਸੂਬਾ ਅਬਦੁੱਲਾ ਖ਼ਾਨ ਦੇ ਸੈਨਾ ਸਮੇਤ ਮਾਰੇ ਜਾਣ ਦੀ ਖ਼ਬਰ ਦਿੱਲੀ ਪਹੁੰਚੀ ਤਾਂ ਸ਼ਾਹਜਹਾਂ ਨੂੰ ਬੜਾ ਗ਼ੁੱਸਾ ਚੜ੍ਹਿਆ ਤੇ ਉਸ ਨੇ ਗੁਰੂ ਜੀ ਦੇ ਉਪਰ ਹੋਰ ਫ਼ੌਜ ਭੇਜਣੀ ਚਾਹੀ, ਪਰ ਅਨਾਇਤ ਖ਼ਾਨ ਨਾਮੀ ਇਕ ਅਹਿਲਕਾਰ ਦੀ, ਜੋ ਬੜਾ ਹੱਕ ਪਛਾਣਨ ਵਾਲਾ ਵਿਅਕਤੀ ਸੀ, ਰਪੋਟ ਪੁੱਜਣ ਤੇ ਕਿ ਗੁਰੂ ਸਾਹਿਬ ਦੇ ਨਾਲ ਭਗਵਾਨ ਦਾਸ ਘੇਰੜ ਨੇ ਵਧੀਕੀ ਕੀਤੀ ਸੀ, ਜਿਸ ਦਾ ਫਲ ਉਸ ਨੂੰ ਤੇ ਉਸ ਦੇ ਹਿਮਾਇਤੀ ਸੂਬਾ ਅਬਦੁੱਲਾ ਖ਼ਾਨ ਨੂੰ ਭੁਗਤਣਾ ਪਿਆ ਹੈ ਤੇ ਇਸ ਦੇ ਨਾਲ ਹੀ ਇਹ ਵੀ ਪਤਾ ਲੱਗਾ ਕਿ ਗੁਰੂ ਸਾਹਿਬ ਨੇ ਹਿੰਦੂ-ਸਿੱਖਾਂ ਵਾਸਤੇ ਧਰਮਸਾਲਾ ਤੇ ਮੁਸਲਮਾਨਾਂ ਵਾਸਤੇ ਮਸੀਤ ਬਣਵਾਈ ਹੈ ਤਾਂ ਉਸ ਦਾ ਗ਼ੁੱਸਾ ਆਪਣੇ ਆਪ ਰਫ਼ਾ ਹੋ ਗਿਆ।

ਇਸ ਤੋਂ ਬਾਦ ਗੁਰੂ ਸਾਹਿਬ ਬਾਬੇ ਬੁੱਢੇ ਦਾ ਅੰਤ ਸਮਾਂ ਨੇੜੇ ਆਇਆ ਜਾਣ ਕੇ ਸ੍ਰੀ ਹਰਿਗੋਬਿੰਦ ਪੁਰੋਂ ਚੱਲ ਕੇ ਪਹਿਲਾਂ ਨਗਰ ਰਾਮਦਾਸ ਪੁੱਜੇ ਤੇ ਫੇਰ ਬਾਬੇ ਹੋਰਾਂ ਦਾ ਦੇਹਾਂਤ ਹੋਣ ਤੇ ਉਨ੍ਹਾਂ ਦੇ ਅੰਤਿਮ ਸੰਸਕਾਰ ਤੋਂ ਫ਼ਾਰਿਗ਼ ਹੋ ਕੇ ਦਰਿਆ ਰਾਵੀ ਤੋਂ ਪਾਰ ਕਰਤਾਰਪੁਰ ਤੇ ਉਸ ਤੋਂ ਪਿੱਛੋਂ ਦਰਿਆ ਰਾਵੀਓਂ ਉਰਾਰ ਦੇਹੁਰਾ ਬਾਬਾ ਨਾਨਕ ਥੀਂ ਹੁੰਦੇ ਹੋਏ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਵੱਡੇ ਸਾਹਿਬਜ਼ਾਦੇ ਬਾਬਾ ਸ੍ਰੀ ਚੰਦ ਜੀ ਨੂੰ ਮਿਲ ਕੇ ਸਿੱਧੇ ਅੰਮ੍ਰਿਤਸਰ ਪਰਤ ਆਏ। ਇਸ ਸਮੇਂ ਪ੍ਰਸਿੱਧ ਕਵੀ ਲੇਖਕ ਭਾਈ ਗੁਰਦਾਸ ਜੀ, ਜੋ ਪਹਿਲਾਂ ਗੁਰੂ ਕੇ ਬੀੜ ਤੋਂ ਬਾਬਾ ਬੁੱਢਾ ਜੀ ਦੇ ਨਾਲ ਹੀ ਗੁਰੂ ਸਾਹਿਬ ਦੇ ਪਾਸ ਪਰਤ ਆਏ ਸਨ, ਗੁਰੂ ਸਾਹਿਬ ਦੇ ਨਾਲ ਸਨ। ਇਸ ਤਰ੍ਹਾਂ ਗੁਰੂ ਸਾਹਿਬ ਨੇ ਅੰਮ੍ਰਿਤਸਰ ਪਹੁੰਚ ਕੇ ਸ੍ਰੀ ਦਰਬਾਰ ਸਾਹਿਬ ਵਿਚ ਫੇਰ ਉਹੋ ਮਰਯਾਦਾ ਕਾਇਮ ਕਰ ਦਿੱਤੀ ਤੇ ਉਸੇ ਤਰ੍ਹਾਂ ਸਤਿਸੰਗ ਤੇ ਨਾਮ-ਬਾਣੀ ਦਾ ਪ੍ਰਵਾਹ ਚਲਾ ਦਿੱਤਾ।

ਸ੍ਰੀ ਦਰਬਾਰ ਸਾਹਿਬ ਉਤੇ ਮਿਹਰਵਾਨ ਦਾ ਕਬਜ਼ਾ :

ਸ੍ਰੀ ਗੁਰੂ ਹਰਿਗੋਬਿੰਦ ਜੀ ਨੇ ਇਸ ਤਰ੍ਹਾਂ ਸੰਨ 1629 ਤੋਂ 1630 ਤਕ ਅੰਮ੍ਰਿਤਸਰ ਰਹਿ ਕੇ ਕਿਤਨੇ ਹੀ ਲੋਕ-ਉਪਕਾਰ ਦੇ ਕੰਮ ਕੀਤੇ, ਜਿਸ ਕਰ ਕੇ ਸਿੱਖ ਸੰਗਤ ਚੁਤਰਫੋਂ

ਦੂਰ ਨੇੜਿਓਂ ਦਰਸ਼ਨਾਂ ਵਾਸਤੇ ਭਾਰੀ ਤਾਦਾਦ ਵਿਚ ਆਉਣ ਲੱਗ ਪਈ ਤੇ ਰਾਜੇ, ਰਾਣੇ ਤੇ ਮੁਸਲਮਾਨ ਰਈਸ ਵੀ, ਜਿਨ੍ਹਾਂ ਨੂੰ ਗੁਰੂ ਸਾਹਿਬ ਨੇ ਗੁਆਲੀਅਰ ਦੀ ਕੈਦ 'ਚੋਂ ਛੁਡਾਇਆ ਸੀ, ਲਾਹੌਰੋਂ ਮੁੜਦੇ ਹੋਏ ਗੁਰੂ ਜੀ ਦੇ ਸਤਿਸੰਗ ਵਿਚ ਆ ਸ਼ਾਮਲ ਹੋਏ। ਕੁਝ ਵਿਰੋਧੀ ਲੋਕਾਂ ਵਲੋਂ, ਜਿਨ੍ਹਾਂ ਵਿਚ ਸੋਢੀ ਮਿਹਰਵਾਨ ਤੇ ਲਾਹੌਰ ਦੇ ਸ਼ਾਹੀ ਖਤ੍ਰੀ ਸ਼ਾਮਲ ਸਨ, ਸ਼ਾਹਜਹਾਂ ਦੇ ਕੋਲ ਇਤਲਾਹ ਪੁੱਜੀ ਕਿ ਗੁਰ ਦਰਬਾਰ ਅਮ੍ਰਿਤਸਰ ਵਿਚ ਫੇਰ ਉਸੇ ਤਰ੍ਹਾਂ ਸਨੱਧ ਬੱਧ ਸਿਪਾਹੀਆਂ ਦਾ ਇਕੱਠ ਹੋ ਰਿਹਾ ਹੈ ਤੇ ਬਹੁਤ ਸਾਰੇ ਧਾੜਵੀ ਵੀ ਇਧਰੋਂ ਉਧਰੋਂ ਆਉਂਦੇ ਰਹਿੰਦੇ ਹਨ, ਜਿਸ ਕਰ ਕੇ ਬਾਦਸ਼ਾਹ ਦੇ ਦਿਲ ਵਿਚ ਮੁੜ ਉਹੋ ਕ੍ਰੋਧ ਜਾਗ ਉਠਿਆ ਤੇ ਹਕੀਮ ਵਜ਼ੀਰ ਖ਼ਾਨ ਚਨਿਓਟੀ ਦੇ ਸਮਝਾਉਣ-ਬੁਝਾਉਣ ਦੇ ਬਾਵਜੂਦ ਉਹ ਗੁਰੂ ਸਾਹਿਬ ਉਤੇ ਚੜ੍ਹਾਈ ਕਰਨ ਲਈ ਮੌਕਾ ਤਾੜਨ ਲੱਗਾ, ਪਰ ਦੱਖਣ ਤੇ ਬੁੰਦੇਲ ਖੰਡ ਦੇ ਰਈਸਾਂ ਦੀ ਬਗ਼ਾਵਤ ਦੇ ਕਾਰਣ ਇਸ ਪਾਸੇ ਬਹੁਤਾ ਧਿਆਨ ਨਾ ਦੇ ਸਕਿਆ।

ਇਸ ਗੱਲ ਦਾ ਪਤਾ ਲੱਗਣ ਤੇ ਗੁਰੂ ਸਾਹਿਬ ਨੇ ਲਾਹੌਰ ਦੇ ਨੇੜੇ ਹੋਣ ਕਰ ਕੇ ਅਮ੍ਰਿਤਸਰ ਦੀ ਰਿਹਾਇਸ਼ ਛੱਡਣੀ ਹੀ ਜੋਗ ਸਮਝੀ, ਜਿਸ ਕਰ ਕੇ ਲੋੜੀਂਦੇ ਸਾਰੇ ਸਾਜ-ਸਾਮਾਨ ਦਾ ਪ੍ਰਬੰਧ ਕਰ ਕੇ ਚੇਤ ਸੰਮਤ 1687 ਬਿ. (ਮੁਤਾਬਿਕ ਸੰਨ 1630 ਈ.) ਦੇ ਅੱਧ ਵਿਚਕਾਰ ਅਮ੍ਰਿਤਸਰ ਛੱਡਿਆ ਤੇ ਇਲਾਕਾ ਮਾਲਵਾ ਵਲ, ਜੋ ਦਰਿਆ ਸਤਲੁਜ ਤੋਂ ਉਸ ਪਾਰ ਹੈ, ਸਮੂਹ ਪਰਿਵਾਰ ਤੇ ਸੂਰਵੀਰ ਸਿੱਖਾਂ ਸਮੇਤ ਚਾਲੇ ਪਾ ਦਿੱਤੇ। ਸ੍ਰੀ ਆਦਿ ਗ੍ਰੰਥ ਜੀ ਦੀ ਸਵਾਰੀ ਇਸ ਸਮੇਂ ਗੁਰੂ ਸਾਹਿਬ ਦੇ ਨਾਲ ਸੀ। ਗੁਰੂ ਸਾਹਿਬ ਦੇ ਇਸ ਤਰ੍ਹਾਂ ਚਲੇ ਜਾਣ ਪਿੱਛੋਂ ਸੋਢੀ ਮਿਹਰਵਾਨ ਨੇ, ਜੋ ਪਹਿਲਾਂ ਹੀ ਮੌਕੇ ਦੀ ਤਾੜ ਵਿਚ ਸੀ, ਸ੍ਰੀ ਦਰਬਾਰ ਸਾਹਿਬ ਉਤੇ ਫ਼ੌਰਨ ਕਬਜ਼ਾ ਕਰ ਲਿਆ ਤੇ ਅਮ੍ਰਿਤਸਰ ਆਪਣੀ ਸੰਪ੍ਰਦਾਇ ਦੇ ਪ੍ਰਚਾਰ ਦਾ ਮੁਖ ਕੇਂਦ੍ਰ ਥਾਪਿਆ।

ਸ੍ਰੀ ਗੁਰੂ ਹਰਿਗੋਬਿੰਦ ਜੀ ਦੇ ਕੁੱਲ ਸਾਹਿਬਜ਼ਾਦੇ, ਜਿਵੇਂ ਕਿ ਪਹਿਲਾਂ ਦੱਸਿਆ ਜਾ ਚੁੱਕਾ ਹੈ, ਪੰਜ ਸਨ, ਜਿਨ੍ਹਾਂ ਵਿਚੋਂ ਬਾਬਾ ਅਟੱਲ ਰਾਇ ਜੀ ਪਹਿਲਾਂ ਅਮ੍ਰਿਤਸਰ ਦੀ ਰਿਹਾਇਸ਼ ਸਮੇਂ ਹੀ ਸੁਰਗਵਾਸ ਹੋ ਗਏ ਸਨ, ਬਾਕੀ ਚਾਰੇ ਸਾਹਿਬਜ਼ਾਦੇ—ਬਾਬਾ ਗੁਰਦਿੱਤਾ ਜੀ, ਜੋ ਵਿਆਹੇ ਗਏ ਸਨ, ਪਰਿਵਾਰ ਸਮੇਤ ਕਰਤਾਰਪੁਰ ਭੇਜੇ ਗਏ ਤੇ ਸ੍ਰੀ ਆਦਿ ਗ੍ਰੰਥ ਜੀ ਦੀ ਬੀੜ ਵੀ ਉਨ੍ਹਾਂ ਦੇ ਹੀ ਹਵਾਲੇ ਕੀਤੀ ਗਈ, ਤੀਜੇ ਬਾਬਾ ਸੂਰਜ ਮਲ ਤੇ ਅਣੀ ਰਾਇ ਜੀ ਨੂੰ ਮਾਤਾ ਮਹਾਂ ਦੇਵੀ ਸਮੇਤ ਸਤਲੁਜੋਂ ਪਾਰ ਕੀਰਤਪੁਰ ਜਾਣ ਦਾ ਹੁਕਮ ਹੋਇਆ ਅਤੇ ਸਾਹਿਬਜ਼ਾਦਾ ਤੇਗ਼ ਬਹਾਦੁਰ ਜੀ, ਜੋ ਹਮੇਸ਼ਾ ਭਜਨ ਬੰਦਗੀ ਵਿਚ ਮਸਤ ਰਹਿੰਦੇ ਸਨ, ਮਾਤਾ ਨਾਨਕੀ ਸਮੇਤ ਗੁਰੂ ਜੀ ਦੇ ਹੁਕਮ ਨਾਲ ਬਕਾਲੇ (ਆਪਣੇ ਨਾਨਕੇ ਘਰ) ਜਾ ਰਹੇ। ਇਸ ਤਰ੍ਹਾਂ ਸਾਰੇ ਪਰਿਵਾਰ ਦਾ ਵੱਖੋ ਵੱਖ ਥਾਵੀਂ ਪ੍ਰਬੰਧ ਕਰ ਕੇ ਹੁਣ ਗੁਰੂ ਸਾਹਿਬ ਦੇ ਸਾਮ੍ਹਣੇ ਸਿਵਾਇ ਧਰਮ-ਜੁੱਧ ਦੇ ਹੋਰ ਕੋਈ ਫ਼ਿਕਰ ਨਹੀਂ ਸੀ, ਇਸ ਲਈ ਉਨ੍ਹਾਂ ਨੇ ਮਾਲਵੇ ਦੇ ਸਿੱਖਾਂ ਨੂੰ ਮੁੜ ਨਵੇਂ ਸਿਰਿਓਂ ਇਕ ਲੜੀ ਵਿਚ ਪਰੋ ਕੇ ਮੁਗ਼ਲੇਈ ਫ਼ੌਜਾਂ ਦੇ ਟਾਕਰੇ ਲਈ ਖੜੇ ਕਰਨਾ ਸ਼ੁਰੂ ਕੀਤਾ।

ਭਾਈ ਬਿਧੀ ਚੰਦ ਦੀ ਬਹਾਦੁਰੀ ਤੇ ਦਰਿਆਈ ਘੋੜੇ :

ਇਸ ਸਮੇਂ ਸ੍ਰੀ ਗੁਰੂ ਹਰਿਗੋਬਿੰਦ ਜੀ ਦੀ ਫ਼ੌਜ ਵਿਚ ਮਾਝੇ ਦੇ ਬਹਾਦੁਰ ਜੋਧਿਆਂ

ਵਿਚੋਂ ਭਾਈ ਬਿਧੀ ਚੰਦ ਛੀਨਾ ਬਹੁਤ ਮਸ਼ਹੂਰ ਸੀ, ਜਿਸ ਨੇ ਸ੍ਰੀ ਅੰਮ੍ਰਿਤਸਰ ਤੇ ਹਰਿਗੋਬਿੰਦਪੁਰ ਦੀ ਲੜਾਈ ਵਿਚ ਦੁਸ਼ਮਨ ਨੂੰ ਬੜੇ ਕਰਾਰੇ ਹੱਥ ਦਿਖਾਏ ਅਤੇ ਨੱਕ ਚਣੇ ਚਬਾਏ ਸਨ। ਗੁਰੂ ਸਾਹਿਬ ਦੀ ਸ਼ਸਤ੍ਰ-ਅਸਤ੍ਰ ਦੇ ਚੰਗੇ ਘੋੜੇ ਰੱਖਣ ਵਿਚ, ਜਿਵੇਂ ਕਿ ਉਨ੍ਹਾਂ ਦੇ ਜੀਵਨ ਤੋਂ ਪਤਾ ਲਗਦਾ ਹੈ, ਬੇਹੱਦ ਚਾਹ ਸੀ, ਜਿਸ ਕਰ ਕੇ ਉਨ੍ਹਾਂ ਦੇ ਹੁਕਮ ਨਾਲ, ਸ਼੍ਰਧਾਵਾਨ ਸਿੱਖ ਹਮੇਸ਼ਾ ਚੰਗੇ ਤੋਂ ਚੰਗੇ ਸ਼ਸਤ੍ਰ-ਅਸਤ੍ਰ ਅਤੇ ਘੋੜੇ ਲੈ ਕੇ ਉਨ੍ਹਾਂ ਦੇ ਕੋਲ ਦੂਰ ਨੇੜਿਓਂ ਨਿਤਪ੍ਰਤੀ ਆਉਂਦੇ ਸਨ ਤੇ ਜਿਸ ਸਿੱਖ ਦੀ ਜਿਤਨੀ ਚੰਗੀ ਭੇਟਾ ਹੁੰਦੀ ਉਸ ਦੇ ਉਤੇ ਗੁਰੂ ਸਾਹਿਬ ਉਤਨੇ ਹੀ ਵਧੇਰੇ ਪ੍ਰਸੰਨ ਹੁੰਦੇ ਸਨ।

ਉਸ ਸਮੇਂ ਅਚਾਨਕ ਕਾਬਲ ਦਾ ਕਰੋੜੀ ਨਾਮ ਇਕ ਵਪਾਰੀ ਸਿੱਖ, ਜੋ ਹਮੇਸ਼ਾਂ ਘੋੜਿਆਂ ਦੀ ਸੌਦਾਗਰੀ ਕਰਦਾ ਸੀ, ਦੋ ਅਤਿ ਚੰਗੇ ਦਰਿਆਈ ਘੋੜੇ ਗੁਰੂ ਜੀ ਦੇ ਵਾਸਤੇ ਲੈ ਕੇ ਆਇਆ। ਉਨ੍ਹਾਂ ਘੋੜਿਆਂ ਦੇ ਮੁਕਾਬਲੇ ਦਾ ਚੂੰਕਿ ਸ਼ਾਹਜਹਾਂ ਦੇ ਅਸਤਬਲ ਵਿਚ ਕੋਈ ਹੋਰ ਘੋੜਾ ਨਹੀਂ ਸੀ, ਇਸ ਲਈ ਜਦ ਉਹ ਸੌਦਾਗਰ ਲਾਹੌਰ ਆਇਆ ਤਾਂ ਉਥੋਂ ਦੇ ਮੁਗ਼ਲ ਅਧਿਕਾਰੀਆਂ ਨੇ ਪਹਿਲਾਂ ਤਾਂ ਉਹ ਦੋਵੇਂ ਘੋੜੇ ਬਾਦਸ਼ਾਹ ਵਾਸਤੇ ਕੀਮਤਨ ਲੈਣੇ ਚਾਹੇ, ਪਰ ਜਦ ਗੁਰੂ ਸਾਹਿਬ ਦੀ ਅਮਾਨਤ ਸਮਝ ਕੇ ਸੌਦਾਗਰ ਘੋੜੇ ਦੇਣ ਵਾਸਤੇ ਰਜ਼ਾਮੰਦ ਨਾ ਹੋਇਆ ਤਾਂ ਉਹ ਘੋੜੇ ਧੱਕੇ ਨਾਲ ਖੋਹ ਕੇ ਸ਼ਾਹੀ ਤਬੇਲੇ ਵਿਚ ਬੰਨ੍ਹਵਾ ਦਿੱਤੇ। ਇਹ ਬੇਇਨਸਾਫ਼ੀ ਦੇਖ ਕੇ ਉਹ ਸੌਦਾਗਰ ਬੜਾ ਨਿਰਾਸ ਹੋਇਆ ਤੇ ਅਫ਼ਸੋਸ ਨਾਲ ਹੱਥ ਮਲਦਾ ਹੋਇਆ ਹਰੀਕੇ ਪੱਤਣੋਂ ਪਾਰ ਹੋ ਕੇ ਪਿੰਡ ਸਧਾਰ ਦੇ ਸਥਾਨ ਪਰ, ਜੋ ਹੁਣ ਜ਼ਿਲਾ ਲੁਦਿਹਾਣਾ ਵਿਚ ਹੈ, ਗੁਰੂ ਸਾਹਿਬ ਦੇ ਪਾਸ ਸੰਗਤ ਸਮੇਤ ਹਾਜ਼ਰ ਹੋਇਆ ਤੇ ਉਸ ਨੇ ਦੋ ਲੱਖ (ਸਮਰ ਕੰਦੀ) ਰੁਪਇਆਂ ਦੀ ਹੁੰਡੀ ਗੁਰੂ ਜੀ ਦੇ ਅੱਗੇ ਨਜ਼ਰਾਨੇ ਵਜੋਂ ਰੱਖ ਦਿੱਤੀ।

ਗੁਰੂ ਸਾਹਿਬ ਨੇ ਦੋਵੇਂ ਦਰਿਆਈ ਘੋੜੇ ਲਾਹੌਰ ਦੇ ਮੁਗ਼ਲ ਅਧਿਕਾਰੀਆਂ ਦੇ ਹਥੀਂ ਧੱਕੇ ਨਾਲ ਖੋਹੇ ਜਾਣ ਦੇ ਹਾਲ ਸੁਣ ਕੇ ਬੜੇ ਠਰੰਮੇ ਨਾਲ ਕਿਹਾ ਕਿ "ਸਬਰ ਕਰੋ, ਸਾਡੇ ਪਾਸ ਤੁਹਾਡੇ ਘੋੜੇ ਪਹੁੰਚ ਗਏ ਹਨ ਤੇ ਹੁਣ ਜੇ ਉਹ ਘੋੜੇ ਗੁਰੂ ਕੇ ਹੋਏ ਤਾਂ ਆਪੇ ਸਾਡੇ ਪਾਸ ਆ ਜਾਣਗੇ।" ਫੇਰ ਗੁਰੂ ਸਾਹਿਬ ਨੇ ਭਰੇ ਦੀਵਾਨ ਵਿਚ ਉਸ ਸੌਦਾਗਰ ਦੀ ਸਾਰੀ ਵਿਥਿਆ ਦੱਸ ਕੇ ਉੱਚੀ ਆਵਾਜ਼ ਨਾਲ ਕਿਹਾ ਕਿ "ਕੋਈ ਅਜਿਹਾ ਬਹਾਦੁਰ ਸਿੱਖ ਹੈ ਜੋ ਉਹ ਘੋੜੇ, ਜੋ ਲਾਹੌਰ ਧੱਕੇ ਨਾਲ ਖੋਹੇ ਗਏ ਹਨ, ਕਿਸੇ ਤਰ੍ਹਾਂ ਉਥੋਂ ਸ਼ਾਹੀ ਤਬੇਲੇ ਵਿਚੋਂ ਲੈ ਆਵੇ।" ਸਾਰੀ ਸੰਗਤ ਨੇ ਇਸ ਕੰਮ ਲਈ ਭਾਈ ਬਿਧੀ ਚੰਦ ਦਾ ਹੀ ਨਾਂ ਲਿਆ। ਇਹ ਸਿਫ਼ਾਰਿਸ਼ ਸੁਣ ਕੇ ਭਾਈ ਬਿਧੀ ਚੰਦ ਨੇ ਖੁਸ਼ੀ ਨਾਲ ਇਹ ਸੇਵਾ ਕਬੂਲ ਕਰ ਲਈ ਤੇ ਸਤਿਗੁਰਾਂ ਤੋਂ ਥਾਪੀ ਲੈ ਕੇ ਬੜੀ ਤੇਜ਼ੀ ਨਾਲ ਲਾਹੌਰ ਦਾ ਰਾਹ ਫੜਿਆ।

ਭਾਈ ਬਿਧੀ ਚੰਦ ਲਗਭਗ ਪੰਜਵੇਂ ਦਿਨ ਲਾਹੌਰ ਪਹੁੰਚ ਕੇ ਭਾਈ ਜੀਉਣ ਨਾਮੀ ਇਕ ਤ੍ਰਖਾਣ ਸਿੱਖ ਦੇ ਘਰ ਜਾ ਰਿਹਾ। ਦੂਜੇ ਦਿਨ ਉਸ ਨੇ ਭਾਈ ਜੀਉਣ ਤੋਂ ਰੰਬਾ ਲਿਆ ਤੇ ਉਹ ਰਾਵੀਓਂ ਪਾਰ ਚਰਾਂਦ ਵਿਚੋਂ ਹਰੇ ਹਰੇ ਘਾਹ ਦੀ ਪੰਡ ਲਿਆ ਕੇ ਲਾਹੌਰ ਦੇ ਕਿਲੇ ਅੱਗੇ ਜਾ ਬੈਠਾ। ਸ਼ਾਹੀ ਦਰੋਗੇ ਨੇ ਦਰਿਆਈ ਘੋੜਿਆਂ ਵਾਸਤੇ ਉਸ ਤੋਂ ਘਾਹ ਖ਼ਰੀਦਿਆ। ਆਖ਼ਰ ਇਸੇ ਤਰ੍ਹਾਂ ਦੋ ਚਾਰ ਦਿਨ ਚੰਗਾ ਘਾਹ ਲਿਆਉਣ ਤੇ ਸ਼ਾਹੀ ਦਰੋਗੇ ਨੇ ਖ਼ੁਸ਼ ਹੋ ਕੇ ਉਨ੍ਹਾਂ ਦੋਹਾਂ ਘੋੜਿਆਂ ਦੀ ਸਾਰੀ ਸੇਵਾ ਹੀ, ਇਕ ਯਮਲਾ ਜਿਹਾ ਜੱਟ ਸਮਝ ਕੇ, ਭਾਈ ਬਿਧੀ ਚੰਦ ਦੇ ਹਵਾਲੇ ਕਰ ਦਿੱਤੀ। ਭਾਈ ਹੋਰੀ ਇਹ ਗੱਲ ਪਹਿਲਾਂ ਹੀ ਚਾਹੁੰਦੇ

ਸਨ, ਇਸ ਲਈ ਉਨ੍ਹਾਂ ਨੇ ਪੰਜ ਸੱਤ ਦਿਨਾਂ ਵਿਚ ਇਸੇ ਤਰ੍ਹਾਂ ਹੋਰ ਕਈ ਤਰ੍ਹਾਂ ਦੀ ਨਸ਼ੇ ਪਾਣੀ ਦੀ ਸੇਵਾ ਕਰ ਕੇ ਦਰੋਗੇ ਨੂੰ ਵਧੇਰੇ ਫੁਲਾਇਆ ਤੇ ਪਿਆਰ ਨਾਲ ਨਿੱਘੜਾ ਬੋਟ ਪਿਲਾ ਕੇ ਇਕ ਦਿਨ ਅਜਿਹਾ ਗੁੱਟ ਕੀਤਾ ਕਿ ਸ਼ਾਹੀ ਤਬੇਲੇ ਦੀਆਂ ਚਾਬੀਆਂ ਆਪਣੇ ਹੱਥ ਲਈਆਂ ਤੇ ਤਾਰਿਆਂ ਭਰੀ ਰਾਤ ਵਿਚ ਕਿਲੇ ਵਿਚੋਂ ਘੋੜੇ ਦਿਲਬਾਗ ਦੀ ਪਿੱਠ ਉਤੇ ਸਵਾਰ ਹੋ ਕੇ ਆਪ ਅਜਿਹੇ ਹਵਾ ਵਾਂਗ ਉਡੇ ਕਿ ਹਰੀ ਕੇ ਪੱਤਣੋਂ ਲੰਘ ਕੇ ਭਾਈ ਰੂਪੇ, ਜਿੱਥੇ ਕਿ ਗੁਰੂ ਸਾਹਿਬ ਦਾ ਕੈਂਪ ਲੱਗਾ ਹੋਇਆ ਸੀ, ਪੋਹ ਸੁਦੀ 7 ਸੰਮਤ 1687 ਬਿ. ਮੁਤਾਬਿਕ ਸੰਨ 1630 ਈ. ਨੂੰ ਜਾ ਪਹੁੰਚੇ ਤੇ ਦਰਿਆਈ ਘੋੜਾ ਦਿਲਬਾਗ ਪੇਸ਼ ਕਰ ਕੇ ਸਤਿਗੁਰਾਂ ਤੋਂ ਖ਼ੁਸ਼ੀ ਪ੍ਰਾਪਤ ਕਰ ਲਈ। ਗੁਰੂ ਜੀ ਨੇ ਖ਼ੁਸ਼ ਹੋ ਕੇ ਉਸ ਘੋੜੇ ਦਾ ਨਾਂ 'ਸੁਹੇਲਾ' ਰੱਖਿਆ ਤੇ ਉਸ ਨੂੰ ਥਾਪੀ ਦੇ ਕੇ ਆਪਣੇ ਅਸਤਬਲ ਵਿਚ ਬੰਨ੍ਹਵਾ ਦਿੱਤਾ। ਉਧਰ ਲਾਹੌਰ ਵਿਚ ਦਿਨ ਚੜ੍ਹੇ ਘਾਹੀ ਸਮੇਤ ਘੋੜੇ ਦੇ ਗੁੰਮ ਹੋਣ ਦਾ ਪਤਾ ਲੱਗਣ ਤੇ ਡਾਢਾ ਰੌਲਾ ਪਿਆ, ਪਹਿਰੇਦਾਰਾਂ ਨੂੰ ਪੁੱਛ-ਪੜਤਾਲ ਹੋਈ, ਝਿੜਕਾਂ ਪਈਆਂ ਤੇ ਥਾਉਂ ਥਾਈਂ ਪੈੜੂ ਭੇਜ ਕੇ ਖੁਰਾ ਵੀ ਨੱਪਿਆ ਗਿਆ, ਪਰ ਆਖ਼ਰ ਨਤੀਜਾ 'ਉਹ ਢੱਕ ਦੇ ਤਿੰਨ ਪੱਤ' ਅਖਾਣ ਵਾਂਗ ਕੁਝ ਵੀ ਨਾ ਨਿਕਲਿਆ। ਇਹ ਵਾਕਿਆ ਮੱਘਰ ਸੰਮਤ 1688 (ਮੁਤਾਬਿਕ ਸੰਨ 1631 ਈ.) ਦਾ ਹੈ।

ਇਧਰ ਦੂਜੇ ਦਿਨ ਹੀ ਗੁਰੂ ਕੀ ਘੁੜਸਾਲ ਦੇ ਦਰੋਗੇ ਭਾਈ ਜੇਠੇ ਦੇ ਅਰਜ਼ ਕਰਨ ਤੇ ਕਿ ਘੋੜਾ ਦਿਲਬਾਗ ਦਿਨ ਰਾਤ ਰੋ ਰਿਹਾ ਹੈ ਤੇ ਦੂਜੇ ਘੋੜੇ ਦੇ ਵਿਜੋਗ ਵਿਚ ਦਾਣਾ, ਪੱਠਾ ਆਦਿ ਕੁਝ ਨਹੀਂ ਖਾਂਦਾ, ਗੁਰੂ ਸਾਹਿਬ ਨੇ ਭਾਈ ਬਿਧੀ ਚੰਦ ਨੂੰ ਫੇਰ ਬੁਲਾਇਆ ਤੇ ਕਿਹਾ ਕਿ "ਭਾਈ! ਹੁਣ ਇਸ ਘੋੜੇ ਦਾ ਵਿਜੋਗ ਵਾਲਾ ਦੁੱਖ ਵੀ ਹਟਾ, ਤਦ ਹੀ ਤੇਰੀ ਘਾਲ ਥਾਇ ਪਵੇਗੀ, ਨਹੀਂ ਤਾਂ ਇਸ ਇਕ ਘੋੜੇ ਦਾ ਲਿਆਉਣਾ ਨਾ ਲਿਆਉਣ ਦੇ ਬਰਾਬਰ ਹੈ। ਜੇ ਉਹ ਦੂਜਾ ਘੋੜਾ ਏਥੇ ਨਹੀਂ ਆ ਸਕਦਾ ਤਾਂ ਇਹ ਘੋੜਾ ਵੀ ਉਥੇ ਹੀ ਪਹੁੰਚਾ ਆਓ।" ਇਹ ਹੁਕਮ ਸੁਣ ਕੇ ਭਾਈ ਬਿਧੀ ਚੰਦ ਨੇ ਬੜੇ ਹੌਸਲੇ ਨਾਲ ਲਾਹੌਰੋਂ ਦੂਜਾ ਘੋੜਾ ਲੈ ਆਉਣ ਦੀ ਸੇਵਾ ਕਬੂਲ ਕਰ ਲਈ ਤੇ ਮੁੜ ਲਾਹੌਰ ਜਾਣ ਦੀਆਂ ਤਿਆਰੀਆਂ ਕਰਨ ਲੱਗ ਪਿਆ।

ਭਾਈ ਬਿਧੀ ਚੰਦ ਨੇ ਇਸ ਸਮੇਂ ਘਾਹੀ ਦੀ ਥਾਵੇਂ ਬੜੀ ਚੁਸਤੀ ਨਾਲ ਹਰੜ ਪੋਪੋ ਬਣਨ ਲਈ ਭੇਸ ਬਦਲਾਣ ਦਾ ਸਾਰਾ ਸਾਮਾਨ ਇਕੱਠਾ ਕੀਤਾ ਤੇ ਲਾਹੌਰ ਪਹੁੰਚ ਕੇ ਭਾਈ ਬਹੋੜੂ ਨਾਮੀ ਖ਼ੋਸਲੇ ਬਜ਼ਾਜ਼ ਦੇ ਘਰ ਜਾ ਡੇਰਾ ਲਾਇਆ। ਅਗਲੇ ਦਿਨ ਸਵੇਰੇ ਹੀ ਉਸ ਦੀ ਦੁਕਾਨ 'ਚੋਂ ਬਹੁਤ ਸਾਰੇ ਬਾਰੀਕ ਕੀਮਤੀ ਵਸਤ੍ਰ ਮੰਗਵਾਏ, ਇਕ ਲੰਮਾ ਚੋਲਾ ਤੇ ਘੇਰਦਾਰ ਪਜਾਮਾ ਪੋਠੋਹਾਰੀ ਕਾਟ ਦਾ ਸਿਲਵਾਇਆ, ਸਿਰ ਉਤੇ ਤੀਹਾਂ ਗਜ਼ਾਂ ਦੀ ਤਿੱਲੇਦਾਰ ਪੱਗ ਬੰਨ੍ਹੀ, ਪੈਰਾਂ ਵਿਚ ਵਧੀਆ ਜ਼ਰੀਦਾਰ ਜੁੱਤੀ ਪਾਈ ਤੇ ਮੱਥੇ ਉਤੇ ਤਿਲਕ ਲਗਾਇਆ। ਗੱਲ ਕੀ, ਇਸ ਤਰ੍ਹਾਂ ਉਹ ਪੂਰਾ ਪੂਰਾ ਹਿੰਦੁਸਤਾਨੀ ਹਰੜ ਪੋਪੋ ਬਣਿਆ ਤੇ ਹੱਥ ਵਿਚ ਕੀਮਤੀ ਰੁਮਾਲ, ਛੜੀ, ਪੋਥੀ ਤੇ ਸੰਗਲੀ ਫੜ ਕੇ ਸਿੱਧਾ ਲਾਹੌਰ ਦੇ ਬਾਜ਼ਾਰਾਂ ਵਿਚ ਜਾ ਵੜਿਆ। ਉਸ ਦੀ ਨਿਰਾਲੀ ਚਾਲ-ਢਾਲ ਤੇ ਪੁਸ਼ਾਕ ਦੇਖ ਕੇ ਸਭ ਲੋਕੀ ਉਸ ਦੇ ਗਿਰਦ ਇਕੱਠੇ ਹੋਣ ਲੱਗੇ।

ਅੱਗੇ ਉਸ ਸਮੇਂ ਬਾਜ਼ਾਰਾਂ ਵਿਚ ਸ਼ਾਹੀ ਹੁਕਮ ਨਾਲ ਢੰਡੋਰਾ ਦਿੱਤਾ ਜਾ ਰਿਹਾ

ਸੀ ਕਿ 'ਕੋਈ ਠੱਗ-ਚੋਰ ਕਿਲ੍ਹੇ ਦੇ ਸ਼ਾਹੀ ਅਸਤਬਲ ਵਿਚੋਂ ਇਕ ਅਤਿ ਸੋਹਣਾ ਦਰਿਆਈ ਘੋੜਾ ਲੈ ਗਿਆ ਹੈ, ਜੇ ਕੋਈ ਉਸ ਦਾ ਪਤਾ ਦੱਸੇ ਤਾਂ ਸਰਕਾਰ ਵਲੋਂ ਉਸ ਨੂੰ ਚਾਰ ਲੱਖ ਰੁਪਏ ਇਨਾਮ ਦਿੱਤਾ ਜਾਵੇਗਾ।' ਭਾਈ ਬਿਧੀ ਚੰਦ ਇਹ ਢੰਡੋਰਾ ਸੁਣ ਕੇ ਹੋਰ ਵੀ ਚੈਤੰਨ ਹੋ ਗਿਆ ਤੇ ਸੰਗਲੀ ਸੁੱਟ ਕੇ ਲੱਗਾ ਆਪ-ਮੁਹਾਰਾ ਸਗਨ ਵਾਚਣ ਤੇ ਲੋਕਾਂ ਨੂੰ ਭੂਤ-ਭਵਿੱਖ ਦੀਆਂ ਗੱਲਾਂ ਦੱਸਣ। ਉਸ ਦੀ ਜ਼ਬਾਨ ਦੀ ਤਾਸੀਰ ਤੇ ਅਕਾਲ ਪੁਰਖ ਦੀ ਮਾਯਾ ਦਾ ਅਜਿਹਾ ਪ੍ਰਭਾਵ ਪਿਆ ਕਿ ਸ਼ਾਹੀ ਅਸਤਬਲ ਦਾ ਦਰੋਗ਼ਾ ਸੌਂਧੇ ਖ਼ਾਨ ਪਤਾ ਲੱਗਣ ਸਾਰ ਤੁਰਤ ਹੀ ਨੱਠਾ ਆਇਆ ਤੇ ਭਾਈ ਬਿਧੀ ਚੰਦ ਨੂੰ ਲਿਜਾ ਕੇ ਸ਼ਾਹਜਹਾਂ ਦੇ ਅੱਗੇ ਪੇਸ਼ ਕਰ ਦਿੱਤਾ। ਬਾਦਸ਼ਾਹ ਉਸ ਦੀਆਂ ਰਾਵਲਾਂ ਵਾਲੀਆਂ ਲੱਛੇਦਾਰ ਗੱਲਾਂ ਸੁਣ ਕੇ ਬੜਾ ਪ੍ਰਭਾਵਿਤ ਹੋਇਆ। ਆਖ਼ਰ ਬੜਾ ਭਰੋਸਾ ਕਰ ਕੇ ਭਾਈ ਬਿਧੀ ਚੰਦ ਦੇ ਕਹਿਣ ਤੇ ਰਾਤ ਦਾ ਸਮਾਂ ਤੇ ਉਹ ਥਾਂ, ਜਿੱਥੋਂ ਜਿਵੇਂ ਦਿਲਬਾਗ਼ ਘੋੜਾ ਚੁਰਾਇਆ ਗਿਆ ਸੀ, ਦੱਸ ਦਿੱਤੀਆਂ ਤੇ ਮੌਕੇ ਦੀ ਥਾਂ ਵੀ ਦਿਖਾ ਦਿੱਤੀ। ਭਾਈ ਬਿਧੀ ਚੰਦ ਨੇ ਸੰਗਲੀ ਸੁੱਟ ਕੇ ਬਾਦਸ਼ਾਹ ਨੂੰ ਕਿਹਾ—"ਉਹ ਘੋੜਾ ਤਾਂ ਹੁਣ ਆਸਾਨੀ ਨਾਲ ਛੇਤੀ ਹੀ ਮਿਲ ਸਕਦਾ ਹੈ, ਪਰ ਜੇ ਉਹੋ ਰਾਤ ਦਾ ਸਮਾਂ ਹੋਵੇ, ਪਹਿਰੇਦਾਰ ਸੌਂ ਜਾਣ ਤੇ ਕਿਲ੍ਹੇ ਦੇ ਬੂਹੇ ਉਸੇ ਤਰ੍ਹਾਂ ਬੰਦ ਕਰ ਕੇ ਚਾਬੀਆਂ ਥੋੜੇ ਚਿਰ ਲਈ ਮੇਰੇ ਹਵਾਲੇ ਕੀਤੀਆਂ ਜਾਣ, ਹਜ਼ਰਤ ਖ਼ੁਦ ਨਜ਼ਾਰਾ ਦੇਖਣ ਲਈ ਸੱਮਨ ਬੁਰਜ ਵਿਚ ਬੈਠਣ, ਦੂਜਾ ਘੋੜਾ ਗੁਲਬਾਗ਼ ਓਕਣ ਹੀ ਉਸੇ ਥਾਂ ਕਾਠੀ ਤੇ ਜੀਨ ਪਵਾ ਕੇ ਖੜਾ ਕੀਤਾ ਜਾਵੇ ਤੇ ਮੈਨੂੰ ਉਸ ਦੇ ਕੋਲ ਖਲੋਣ ਦੀ ਆਗਿਆ ਹੋਵੇ।" ਬਾਦਸ਼ਾਹ ਨੇ ਖ਼ੁਸ਼ ਹੋ ਕੇ ਭਾਈ ਬਿਧੀ ਚੰਦ ਦੀਆਂ ਇਹ ਸ਼ਰਤਾਂ ਮੰਨ ਲਈਆਂ ਤੇ ਰਾਤ ਦਾ ਸਮਾਂ ਆਉਣ ਤੇ ਬਾਦਸ਼ਾਹ ਦੇ ਹੁਕਮ ਨਾਲ ਠੀਕ ਉਸੇ ਤਰ੍ਹਾਂ ਕੀਤਾ ਗਿਆ।

ਭਾਈ ਬਿਧੀ ਚੰਦ ਨੇ, ਜੋ ਇਸੇ ਮੌਕੇ ਦੀ ਤਾੜ ਵਿਚ ਰੱਬ ਅੱਗੇ ਪਲ ਪਲ ਅਰਦਾਸਾਂ ਕਰ ਰਿਹਾ ਸੀ, ਸਮਾਂ ਗ਼ਨੀਮਤ ਸਮਝਿਆ ਤੇ ਫਿਰ ਨਾ ਆਉ ਦੇਖਿਆ ਨਾ ਤਾਉ ਅਤੇ ਸੰਮਨ ਬੁਰਜ ਵਿਚ ਬੈਠੇ ਬਾਦਸ਼ਾਹ ਸ਼ਾਹਜਹਾਂ ਨੂੰ ਇਹ ਕਹਿ ਕੇ ਕਿ "ਮੈਂ (ਬਿਧੀ ਚੰਦ) ਇਹ ਘੋੜਾ ਸਤਲੁਜੋਂ ਪਾਰ ਗੁਰੂ ਹਰਿਗੋਬਿੰਦ ਜੀ ਦੇ ਕੋਲ ਲੈ ਚੱਲਿਆ ਹਾਂ, ਪਹਿਲਾ ਘੋੜਾ ਵੀ ਉਥੇ ਹੀ ਹੈ, ਇਸ ਲਈ ਜੇ ਤਾਕਤ ਹੋਵੇ ਤਾਂ ਦੋਵੇਂ ਘੋੜੇ ਉਥੋਂ ਮੰਗਵਾ ਲੈਣਾ।" ਝੱਟ ਪੱਟ ਸਜੇ ਸਜਾਏ ਗੁਲਬਾਗ਼ ਘੋੜੇ ਉਤੇ ਪਲਾਕੀ ਮਾਰੀ ਤੇ ਕਿਲ੍ਹੇ ਦੇ ਇਕ ਲਾਂਘੇ ਵਿਚੋਂ ਦੀ ਦਰਿਆ ਰਾਵੀ ਵਿਚ, ਜੋ ਉਨ੍ਹੀਂ ਦਿਨ੍ਹੀਂ ਕਿਲ੍ਹੇ ਦੀਆਂ ਕੰਧਾਂ ਦੇ ਨਾਲ ਹੀ ਵਹਿੰਦਾ ਸੀ, ਧੜੰਮ ਛਾਲ ਲਗਾਈ ਤੇ ਬਾਦਸ਼ਾਹ ਦੇ ਦੇਖਦਿਆਂ ਦੇਖਦਿਆਂ ਹੀ 'ਅਹੁ ਗਿਆ, ਅਹੁ ਗਿਆ' ਹੋਣ ਤੇ ਭਾਈ ਬਿਧੀ ਚੰਦ ਦਰਿਆ ਰਾਵੀ ਦਾ ਬੰਨਾ ਲੰਘਦੇ ਹੀ ਰਾਤ ਦੇ ਅਨ੍ਹੇਰੇ ਵਿਚ ਅਜਿਹਾ ਗਵਾਚਿਆ ਕਿ ਫੇਰ ਕਿਧਰ ਗਿਆ, ਇਸ ਗੱਲ ਦਾ ਕਿਸੇ ਨੂੰ ਕੋਈ ਥਹੁ-ਪਤਾ ਨਾ ਲੱਗਾ। ਕਿਲ੍ਹਾ ਲਾਹੌਰ ਦੇ ਬੂਹਿਆਂ ਨੂੰ ਚੂੰਕਿ ਪਹਿਲਾਂ ਹੀ ਜੰਦਰੇ ਵੱਜੇ ਹੋਏ ਸਨ, ਜਿਸ ਕਰ ਕੇ ਕੋਈ ਵੀ ਸਰਕਾਰੀ ਕਰਮਚਾਰੀ ਭਾਈ ਹੋਰਾਂ ਦਾ ਪਿੱਛਾ ਨਾ ਕਰ ਸਕਿਆ। ਭਾਈ ਬਿਧੀ ਚੰਦ ਇਸ ਤਰ੍ਹਾਂ ਦੁਸ਼ਮਨ ਦੀਆਂ ਅੱਖਾਂ ਵਿਚ ਘੱਟਾ ਪਾਉਂਦਾ ਹੋਇਆ ਘੋੜਾ ਗੁਲਬਾਗ਼ ਲੈ ਕੇ ਹਰੀਕੇ ਪੱਤਣ ਥੀਂ ਦਰਿਆ ਸਤਲੁਜ ਪਾਰ ਹੁੰਦਾ ਹੀ ਸਿੱਧਾ ਕਾਂਗੜ ਦੇ ਮੁਕਾਮ ਤੇ, ਜਿੱਥੇ ਕਿ ਗੁਰੂ ਸਾਹਿਬ ਉਨ੍ਹਾਂ ਦਿਨਾਂ ਵਿਚ, ਆਪਣੇ ਪਰਮਸਨੇਹੀ ਸਿੱਖ ਰਾਇ ਜੋਧ ਦੇ ਕੋਲ ਠਹਿਰੇ ਹੋਏ ਸਨ, ਜਾ ਹਾਜ਼ਰ

ਹੋਇਆ ਤੇ ਉਸ ਨੇ ਬੜੇ ਉਤਸਾਹ ਨਾਲ ਗੁਰੂ ਜੀ ਦੇ ਕੋਲ ਦਰਿਆਈ ਘੋੜਾ ਗੁਲਬਾਗ ਲੈ ਜਾ ਖਲਾਰਿਆ, ਜੋ ਗੁਰੂ ਸਾਹਿਬ ਨੂੰ ਬਹੁਤ ਪਸੰਦ ਆਇਆ, ਤੇ ਉਸ ਦਾ ਨਾਂ ਗੁਰੂ ਜੀ ਨੇ 'ਜਾਨ ਭਾਈ' ਰੱਖਿਆ।

ਸ੍ਰੀ ਗੁਰੂ ਹਰਿਗੋਬਿੰਦ ਜੀ ਆਪਣੇ ਸੇਵਕ ਭਾਈ ਬਿਧੀ ਚੰਦ ਦਾ ਇਹ ਦਲੇਰੀ-ਭਰਿਆ ਅਦੁੱਤੀ ਕਾਰਨਾਮਾ ਦੇਖ ਕੇ ਬਹੁਤ ਖ਼ੁਸ਼ ਹੋਏ ਤੇ ਉਨ੍ਹਾਂ ਨੇ ਭਾਈ ਹੋਰਾਂ ਨੂੰ ਬਹੁਤ ਕੁਝ ਮਾਨ-ਸਨਮਾਨ ਦੇ ਕੇ ਨਿਵਾਜ਼ਿਆ। ਭਾਈ ਬਿਧੀ ਚੰਦ ਨੇ ਉਸ ਸਮੇਂ ਨਾ ਕੇਵਲ ਇਹੋ ਕਾਰਨਾਮਾ ਹੀ ਕੀਤਾ, ਸਗੋਂ ਅਜਿਹੀ ਇਕ ਹੋਰ ਬਹਾਦੁਰੀ ਵੀ ਕਰ ਦਿਖਾਈ ਕਿ ਇਕ ਗ਼ਰੀਬ ਬ੍ਰਾਹਮਣੀ ਦੇ ਇਹ ਪੁਕਾਰ ਕਰਨ ਤੇ ਕਿ ਉਸ ਦੀ ਨੌਜਵਾਨ ਲੜਕੀ ਕੁਆਰੀ ਹੈ, ਪਰ ਉਸ ਦਾ ਕਾਰਜ ਕਰਨ ਲਈ ਉਸ ਦੇ ਪਾਸ ਰੁਪਏ ਨਹੀਂ ਹਨ, ਭਾਈ ਹੋਰੀਂ ਹੌਸਲਾ ਕਰ ਕੇ ਬੇਗਮ ਨੂਰ ਜਹਾਂ ਦੇ ਡੇਰੇ, ਜੋ ਉਸ ਸਮੇਂ ਦਰਿਆ ਬਿਆਸ ਲੰਘ ਕੇ ਲਾਹੌਰ ਜਾ ਰਿਹਾ ਸੀ, ਜਾ ਵੜੇ ਤੇ ਚੋਬਦਾਰਾਂ ਦੇ ਭੇਸ ਵਿਚ ਪਿਛਲੇ ਪਾਸਿਓਂ ਹਾਥੀ ਦੇ ਹੌਦੇ ਉਤੇ ਚੜ੍ਹ ਕੇ ਬੇਗਮ ਦੇ ਬਹੁ-ਮੁੱਲੇ ਗਹਿਣਿਆਂ ਦਾ ਡੱਬਾ ਅੜੁੰਬ ਲਿਆਏ। ਬਸ ਫਿਰ ਕਿਸ ਗੱਲ ਦੀ ਕਮੀ ਸੀ, ਉਨ੍ਹਾਂ ਹੀ ਗਹਿਣਿਆਂ ਨਾਲ ਉਸ ਬ੍ਰਾਹਮਣੀ ਦਾ ਕਾਰਜ ਸਿਰੇ ਚਾੜ੍ਹ ਦਿੱਤਾ। ਭਾਈ ਬਿਧੀ ਚੰਦ ਨੂੰ ਇਸੇ ਵੀਰਤਾ ਤੇ ਜੁਰਅਤ ਦੇ ਸਦਕੇ ਉਸ ਸਮੇਂ ਸਭ ਨੇ ਸਤਕਾਰਿਆ ਤੇ ਉਸ ਬਾਰੇ ਇਹ ਗੱਲ ਆਮ ਮਸ਼ਹੂਰ ਹੋ ਗਈ :

ਬਿਧੀਏ ਸਮ ਕੋ ਚੋਰ ਨਹਿ, ਪੁਨਾ ਬਲੀ ਨਹਿ ਕੋਇ।
ਗੁਰੂ ਸੇਵਕ ਤਨ ਮਨ ਭਯੋ, ਪਾਛੇ ਹੋਇ ਸੁ ਹੋਇ॥ ੭੧॥

(ਗੁਰ ਬਿਲਾਸ ਪਾ. ੬, ਅਧਿ: ੨੦)

ਗੁਰੂ ਸਰ ਮਹਰਾਜ ਦਾ ਜੁੱਧ (ਸੰਨ 1631 ਈ.) :

ਭਾਈ ਬਿਧੀ ਚੰਦ ਜਦ ਲਾਹੌਰੋਂ ਕਿਲ੍ਹੇ ਵਿਚੋਂ ਗੁਲਬਾਗ ਘੋੜਾ ਲੈ ਕੇ ਆਇਆ ਤਾਂ ਸੱਮਨ ਬੁਰਜ ਵਿਚ ਬੈਠੇ ਬਾਦਸ਼ਾਹ ਨੂੰ ਉੱਚੀ ਆਵਾਜ਼ ਨਾਲ ਸਾਫ਼ ਕਹਿ ਆਇਆ ਸੀ ਕਿ ਉਹ ਇਹ ਘੋੜਾ, ਜੋ ਗੁਰੂ ਹਰਿਗੋਬਿੰਦ ਦੀ ਅਮਾਨਤ ਹੈ, ਦਰਿਆ ਸਤਲੁਜ ਤੋਂ ਪਾਰ ਮਾਲਵੇ ਵਿਚ ਗੁਰੂ ਜੀ ਦੇ ਪਾਸ ਲਿਜਾ ਰਿਹਾ ਹੈ। ਜੇ ਤਾਕਤ ਹੋਵੇ ਤਾਂ ਬਾਦਸ਼ਾਹ ਆਪ ਮੰਗਵਾ ਸਕਦਾ ਹੈ।"

ਬਾਦਸ਼ਾਹ ਸ਼ਾਹਜਹਾਂ ਨੇ ਇਸ ਗੱਲੋਂ ਨਾਰਾਜ਼ ਹੋ ਕੇ ਗੁਰੂ ਜੀ ਦੇ ਉੱਤੇ ਫ਼ੌਜ ਕਸ਼ੀ ਕਰਨ ਦਾ ਹੁਕਮ ਦੇ ਦਿੱਤਾ, ਪਰ ਉਨ੍ਹੀਂ ਦਿਨੀਂ ਦੱਖਣ, ਮੱਧ ਭਾਰਤ ਤੇ ਬੰਗਾਲ ਵਿਚ ਬਗ਼ਾਵਤ ਖੜੀ ਹੋਣ ਤੇ ਅਜਿਹੀ ਉੱਧੜ ਧੁੰਮੀ ਮਚੀ, ਜਿਸ ਕਰ ਕੇ ਮਜਬੂਰਨ ਬਾਦਸ਼ਾਹ ਸ਼ਾਹਜਹਾਂ ਨੂੰ ਲਾਹੌਰ ਛੱਡਣਾ ਪਿਆ, ਪਰ ਫੇਰ ਵੀ ਇਹ ਚੜ੍ਹਾਈ ਮੁਲਤਵੀ ਨਾ ਹੋ ਸਕੀ। ਇਸ ਮੁਹਿਮ ਦੇ ਮੋਢੀ ਨਿਯਤ ਹੋਏ ਨਵਾਬ ਲਲਾ ਬੇਗ, ਉਸ ਦਾ ਭਾਈ ਕਮਰ ਬੇਗ, ਪੁਤ੍ਰ ਕਾਸਮ ਬੇਗ ਤੇ ਸ਼ੱਮਸ ਬੇਗ, ਪੰਜਵਾਂ ਸੈਨਿਕ ਉਨ੍ਹਾਂ ਵਿਚ ਲਲਾ ਬੇਗ ਦਾ ਭਾਣਜਾ ਕਾਬਲ ਬੇਗ ਵੀ ਸ਼ਾਮਲ ਸੀ।

ਲਾਹੌਰੋਂ ਭਾਈ ਜੀਵਣ ਰਾਹੀਂ ਮੁਗ਼ਲ ਸੈਨਾ ਦੀ ਇਸ ਚੜ੍ਹਾਈ ਦਾ ਪਤਾ ਲੱਗਾ, ਪਰ ਸਿੱਖ ਤਾਂ ਪਹਿਲਾਂ ਹੀ ਗੁਰੂ ਜੀ ਦੇ ਹੁਕਮ ਨਾਲ ਧਰਮ-ਜੁੱਧ ਲਈ ਤਿਆਰ ਸਨ। ਗੁਰੂ ਸਾਹਿਬ ਦੀ ਫ਼ੌਜ ਵਿਚ ਇਸ ਸਮੇਂ ਰਾਇ ਜੋਧ, ਸਲੇਮ ਸ਼ਾਹ, ਭਾਈ ਬਿਧੀ ਚੰਦ

ਤੇ ਹੋਰ ਹਜ਼ਾਰਾਂ ਸਿਰਲੱਥ ਜੋਧੇ, ਜੋ ਦੇਸ਼-ਕੌਮ ਦੇ ਪਿੱਛੇ ਸ਼ਹੀਦੀ ਪ੍ਰਾਪਤ ਕਰਨੀ ਬੜਾ ਪੁਨੀਤ ਕੰਮ ਸਮਝਦੇ ਸਨ, ਅਨੇਕ ਪ੍ਰਕਾਰ ਦੇ ਸ਼ਸਤ੍ਰ-ਅਸਤ੍ਰਾਂ ਨਾਲ ਸੁਸੱਜਿਤ ਹੋ ਕੇ ਬਾਦਸ਼ਾਹੀ ਫ਼ੌਜ ਦੇ ਨਾਲ ਲੋਹਾ ਲੈਣ ਲਈ ਗੁਰੂ ਸਾਹਿਬ ਦੇ ਝੰਡੇ ਹੇਠ ਆ ਇਕੱਤ੍ਰ ਹੋਏ। ਉਨ੍ਹਾਂ ਜੋਧਿਆਂ ਵਿਚ ਬਰਾੜ, ਭੁੱਲਰ, ਗਿੱਲ, ਧਾਲੀਵਾਲ, ਮਾਨ, ਸਿੱਧੂ, ਸੰਧੂ, ਮਾਹਲ, ਸਰਾ, ਰੰਧਾਵੇ, ਚਾਹਿਲ, ਵੜ੍ਹਾਇਚ ਆਦਿ ਲਗ ਭਗ ਸਾਰਿਆਂ ਹੀ ਗੋਤਾਂ ਤੇ ਜ਼ਿਮੀਂਦਾਰ ਸ਼ਾਮਲ ਸਨ।

ਉਧਰੋਂ ਲਲਾ ਬੇਗ ਦੇ ਅਧੀਨ ਮੁਗ਼ਲੇਈ ਫ਼ੌਜ ਵਿਚ, ਜੋ ਇਸ ਸਮੇਂ ਦਰਿਆ ਸਤਲੁਜ ਲੰਘ ਕੇ ਮੋਗੇ ਘੱਲਾਂ ਦੇ ਨੇੜੇ ਅੱਪੜ ਗਈ ਸੀ ਅਬਦਾਲੀ, ਈਸਫ਼ਜ਼ਈ, ਗਿਲਜ਼ਈ, ਦਾਊਦਜ਼ਈ, ਯੂਸਫ਼ਜ਼ਈ, ਅਰਬ, ਰੁਹੇਲੇ, ਤੁਰਕਮਾਨ, ਹਬਸ਼ੀ ਆਦਿ ਅਨੇਕ ਕਿਸਮ ਦੇ ਰਲੇ-ਮਿਲੇ ਮੁਸਲਿਮ ਸਿਪਾਹੀ ਸਨ, ਜਿਨ੍ਹਾਂ ਦੀਆਂ ਨਸਲੀ ਸ਼ਕਲਾਂ ਇਕ ਦੂਜੇ ਨਾਲੋਂ ਬੜਾ ਫ਼ਰਕ ਰਖਦੀਆਂ ਸਨ।

ਸਿਪਹ ਸਾਲਾਰ ਲਲਾ ਬੇਗ ਨੇ ਇਸ ਸਮੇਂ ਗੁਰੂ ਸਾਹਿਬ ਦੀ ਸਿੱਖ ਸੈਨਾ ਦਾ ਅੰਦਾਜ਼ਾ ਲਗਾਉਣ ਲਈ ਆਪਣਾ ਇਕ ਸਰਦਾਰ ਹਸਨ ਖ਼ਾਨ ਸਿੱਖਾਂ ਦੇ ਭੇਸ ਵਿਚ ਅੱਗੇ ਤੋਰਿਆ ਜੋ ਰਾਇ ਜੋਧ ਨੇ ਸਿਞਾਣ ਕੇ ਫੜ ਲਿਆ, ਪਰ ਜਦ ਉਸ ਨੇ ਸੱਚੀ ਗੱਲ ਦੱਸ ਦਿੱਤੀ ਤਾਂ ਗੁਰੂ ਜੀ ਵਲੋਂ ਸਿਰੋਪਾ ਦੇ ਕੇ ਵਾਪਸ ਭੇਜ ਦਿੱਤਾ ਗਿਆ। ਸਰਦਾਰ ਹਸਨ ਖ਼ਾਨ ਦੇ ਮੂੰਹੋਂ ਗੁਰੂ ਸਾਹਿਬ ਦੇ ਸਿਪਾਹੀਆਂ ਦੀ ਸਜ-ਧਜ ਤੇ ਤਿਆਰੀ ਦਾ ਸਹੀ ਸਹੀ ਹਾਲ ਸੁਣ ਕੇ ਲਲਾ ਬੇਗ ਬਹੁਤ ਸੜਿਆ ਤੇ ਕ੍ਰੋਧ ਨਾਲ ਤੱਤਾ ਹੋ ਕੇ ਉਸ ਨੂੰ ਘੂਰੀਆਂ ਵੱਟਣ ਲੱਗ ਪਿਆ ਤੇ ਚਾਬਕ ਲਗਵਾ ਕੇ ਬਾਹਰ ਕੱਢ ਦਿੱਤਾ। ਹਸਨ ਖ਼ਾਨ ਉਥੋਂ ਇਸ ਤਰ੍ਹਾਂ ਬੇਇੱਜ਼ਤੀ ਕਰਵਾ ਕੇ ਫੇਰ ਮੁੜ ਗੁਰੂ ਸਾਹਿਬ ਦੀ ਸ਼ਰਨ ਹੀ ਜਾ ਪਿਆ। ਗੁਰੂ ਜੀ ਨੇ ਇਹ ਪਤਾ ਲੱਗਣ ਤੇ ਉਸ ਦਾ ਹੋਰ ਵੀ ਸਨਮਾਨ ਕੀਤਾ।

ਪਿੰਡ ਨਥਾਣੇ ਦੇ ਸਥਾਨ ਪਰ ਗੁਰੂ ਸਰ ਦੀ ਢਾਬ ਦਾ ਆਲਾ ਦੁਆਲਾ, ਜਿੱਥੇ ਗੁਰੂ ਸਾਹਿਬ ਨੇ ਆਪਣੇ ਫ਼ੌਜੀ ਕੈਂਪ ਲਗਾਏ ਹੋਏ ਸਨ, ਅਜਿਹਾ ਬੰਜਰ ਇਲਾਕਾ ਸੀ, ਜਿੱਥੇ ਰੇਤਲੇ ਥਲ ਹੋਣ ਕਰ ਕੇ ਪਾਣੀ ਦੀ ਹਮੇਸ਼ਾ ਤੋਟ ਰਹਿੰਦੀ ਸੀ ਤੇ ਤੁਰਦਿਆਂ ਫਿਰਦਿਆਂ ਧਰਤੀ ਉਤੇ ਕੱਪੜਿਆਂ ਨੂੰ ਕੰਡੇਦਾਰ ਉਲੇਹਾ ਚੰਬੜਦਾ ਸੀ ਅਤੇ ਖਾਣ ਨੂੰ ਜੰਡਾਂ-ਕਰੀਰਾਂ ਦੀਆਂ ਫਲੀਆਂ ਤੇ ਬਨ-ਪੇਂਝੂਆਂ ਤੋਂ ਸਿਵਾਇ ਹੋਰ ਕੁਝ ਨਹੀਂ ਸੀ ਮਿਲਦਾ। ਅਜਿਹੇ ਰੱਕੜ ਇਲਾਕੇ ਵਿਚ ਸਿੱਖ ਤਾਂ ਪਹਿਲਾਂ ਹੀ ਹੰਢੇ-ਵਰਤੇ ਸਨ, ਪਰ ਮੁਗ਼ਲੇਈ ਫ਼ੌਜਾਂ ਲਈ ਇਹ ਇਲਾਕਾ ਭਵਿੱਖ ਵਿਚ ਆਉਣ ਵਾਲੀ ਮੁਸੀਬਤ ਦਾ ਇਕ ਪੇਸ਼ ਖ਼ੇਮਾ ਸੀ। ਫੇਰ ਉਪਰੋਂ ਮੱਘਰ ਦਾ ਮਹੀਨਾ, ਜਿਸ ਵਿਚ ਉਥੋਂ ਦੇ ਰੇਤਲੇ ਥਲ ਹੋਰ ਵੀ ਬਰਫ਼ ਵਾਂਗ ਯਖ਼ ਹੋ ਜਾਂਦੇ ਹਨ। ਖ਼ੈਰ, ਇਸ ਤਰ੍ਹਾਂ ਮਹਲ ਵਕੂਆ ਦੀ ਹਾਲਤ ਤੋਂ ਨਾਵਾਕਿਫ਼ ਤੇ ਸਰਦਾਰ ਹਸਨ ਖ਼ਾਨ ਦੇ ਕਥਨ ਦੇ ਉਲਟੇ ਅਰਥ ਲਾ ਕੇ ਮੁਗ਼ਲ ਸਿਪਹ ਸਾਲਾਰ ਲਲਾ ਬੇਗ ਨੇ ਸਿੱਖ-ਸਿਪਾਹ ਨੂੰ ਦੇਖਦਿਆਂ ਹੀ ਬਿਨਾ ਸੋਚੇ-ਸਮਝੇ ਹੱਲਾ ਬੋਲ ਦਿੱਤਾ। ਸਿੱਖ ਜੋਧੇ ਵੀ, ਜੋ ਗਿਲਜ਼ਿਆਂ ਨਾਲ ਦੋ ਹੱਥ ਕਰਨ ਲਈ ਪਹਿਲਾਂ ਹੀ ਤਿਆਰ ਸਨ, ਦੁਸ਼ਮਨ ਦੀ ਫ਼ੌਜ ਨੇੜੇ ਆਈ ਦੇਖ ਕੇ ਅੱਗੋਂ ਬਾਜ਼ਾਂ ਵਾਂਗ ਝਪਟ ਪਏ ਤੇ ਦੁਵੱਲੀਓਂ ਹੱਥੋ ਹੱਥੀ ਦੀ ਲੜਾਈ ਸ਼ੁਰੂ ਹੋ ਗਈ।

ਲਲਾ ਬੇਗ ਦਾ ਭਾਈ ਕਮਰ ਬੇਗ ਇਸ ਸਮੇਂ ਸ਼ਸਤ੍ਰ ਫੜ ਕੇ ਸਭ ਤੋਂ ਅੱਗੇ ਹੋਇਆ। ਸਰਦਾਰ ਹਸਨ ਖ਼ਾਨ ਤੋਂ ਪਤਾ ਲੱਗਣ ਤੇ ਕਿ ਇਹ ਲਲਾ ਬੇਗ ਦਾ ਭਾਈ ਹੈ, ਗੁਰੂ ਸਾਹਿਬ ਦੀ ਆਗਿਆ ਨਾਲ ਰਾਇ ਜੋਧ ਉਸ ਦੇ ਮੁਕਾਬਲੇ ਲਈ ਸਾਂਗ ਫੜ ਕੇ ਅੱਗੇ ਨਿੱਤਰਿਆ। ਕਮਰ ਬੇਗ ਨੇ ਅੱਗੇ ਵਧ ਕੇ ਬਰਛੀ ਚਲਾਈ ਤੇ ਰਾਇ ਜੋਧ ਨੇ ਉਸ ਦਾ ਵਾਰ ਬੜੀ ਫੁਰਤੀ ਨਾਲ ਰੋਕਿਆ ਤੇ ਫੇਰ ਉਸ ਨੂੰ ਆਪਣੀ ਸਾਂਗ ਦੇ ਇਕੋ ਝਟਕੇ ਨਾਲ ਦੋ ਫਾੜ ਕਰ ਦਿੱਤਾ। ਕਮਰ ਬੇਗ ਨੂੰ ਇਸ ਤਰ੍ਹਾਂ ਧਰਤੀ ਉਤੇ ਡਿਗਦਾ ਦੇਖ ਕੇ ਉਸ ਦਾ ਪੁਤ੍ਰ ਸ਼ੱਮਸ਼ ਬੇਗ ਮੈਦਾਨ ਵਿਚ ਬੜੇ ਜੋਸ਼ ਨਾਲ ਆਇਆ, ਪਰ ਉਹ ਵੀ ਭਾਈ ਬਿਧੀ ਚੰਦ ਦੇ ਹੱਥੋਂ ਮਾਰਿਆ ਗਿਆ। ਫੇਰ ਇਸੇ ਤਰ੍ਹਾਂ ਲਲਾ ਬੇਗ ਦਾ ਭਾਈ ਕਾਸਮ ਬੇਗ ਸਾਮ੍ਹਣੇ ਆਉਣ ਸਾਰ ਭਾਈ ਜੇਠੇ ਨੇ ਧਰਤੀ ਉਤੇ ਪਟਕਾ ਸੁੱਟਿਆ। ਇਹ ਦੇਖ ਕੇ ਲਲਾ ਬੇਗ ਨੇ ਜੋਸ਼ ਖਾਧਾ ਤੇ ਭਾਈ ਜੇਠੇ ਨੂੰ ਆਪਣੀ ਤਲਵਾਰ ਦੇ ਇਕੋ ਵਾਰ ਨਾਲ ਪਾਰ ਬੁਲਾ ਦਿੱਤਾ। ਇਸ ਤਰ੍ਹਾਂ ਭਾਈ ਜੇਠੇ ਦੇ ਸ਼ਹੀਦ ਹੋਣ ਸਾਰ ਗੁਰੂ ਸਾਹਿਬ ਤਲਵਾਰ ਸੂਤ ਕੇ ਲਲਾ ਬੇਗ ਦੇ ਮੁਕਾਬਲੇ ਉੱਤੇ ਮੈਦਾਨ ਵਿਚ ਜਾ ਡਟੇ। ਲਲਾ ਬੇਗ ਨੇ ਗੁਰੂ ਜੀ ਦੇ ਉੱਤੇ ਦੋ ਵਾਰ ਬੜੇ ਜ਼ੋਰ ਨਾਲ ਕੀਤੇ, ਜੋ ਅੱਗੋਂ ਢਾਲ ਨਾਲ ਰੋਕ ਲਏ ਗਏ, ਫੇਰ ਗੁਰੂ ਸਾਹਿਬ ਨੇ ਇਕੋ ਵਾਰ ਨਾਲ ਲਲਾ ਬੇਗ ਦੇ ਦੋ ਟੁਕੜੇ ਕਰ ਕੇ ਉਸ ਨੂੰ ਧਰਤੀ ਉੱਤੇ ਲਿਟਾ ਦਿੱਤਾ। ਫੇਰ ਉਸ ਤੋਂ ਪਿੱਛੋਂ ਉਸ ਦਾ ਭਾਣਜਾ ਕਾਬਲੀ ਬੇਗ ਬਦਲਾ ਲੈਣ ਦੇ ਇਰਾਦੇ ਨਾਲ ਜੋਸ਼ ਵਿਚ ਅੱਗੇ ਵਧਿਆ, ਜੋ ਗੁਰੂ ਸਾਹਿਬ ਦੇ ਹੱਥੋਂ ਮਾਰਿਆ ਗਿਆ। ਇਸੇ ਤਰ੍ਹਾਂ ਸਿੱਖਾਂ ਦੇ ਹੱਥੋਂ 15-20 ਹਜ਼ਾਰ ਦੀ ਗਿਣਤੀ ਵਿਚ ਮੁਗਲੇਈ ਸਿਪਾਹ, ਜੋ ਲਾਹੌਰੋਂ ਬੜੇ ਉਤਸਾਹ ਨਾਲ ਚੜ੍ਹ ਆਈ ਸੀ, ਗੁਰੂਸਰ ਦੇ ਮੈਦਾਨਿ-ਜੰਗ ਵਿਚ ਮਾਰੀ ਗਈ ਤੇ ਮਸਾਂ ਥੋੜ ਹੀ ਸਿਪਾਹੀ ਬਚੇ, ਜੋ ਕਿਸੇ ਹੀਲੇ ਏਧਰ ਉਧਰ ਨਿਕਲ ਕੇ ਦੌੜ ਗਏ।

ਇਹ ਘਟਨਾ 16 ਮੱਘਰ ਸੰਮਤ 1689 ਬਿ. (ਮੁਤਾਬਿਕ ਸੰਨ 1631 ਈ.) ਦੀ ਹੈ। ਇਸ ਤਰ੍ਹਾਂ ਮੈਦਾਨਿ ਜੰਗ ਵਿਚ ਫ਼ਤਹਿ ਹੋਣ ਤੇ ਗੁਰੂ ਸਾਹਿਬ ਨੇ ਜਿੱਤ ਦੇ ਨਗਾਰੇ ਬਜਵਾਏ ਤੇ ਫੇਰ ਜਿਤਨੇ ਸਿੱਖ ਤੇ ਮੁਗ਼ਲ ਜੋਧੇ ਸ਼ਹੀਦ ਹੋਏ ਸਨ, ਉਨ੍ਹਾਂ ਵਿਚੋਂ ਸਿੱਖਾਂ ਦਾ ਸਸਕਾਰ ਤੇ ਮੁਗ਼ਲ ਸਿਪਾਹੀਆਂ ਦਾ ਅੰਤਿਮ ਸੰਸਕਾਰ ਇਸਲਾਮੀ ਤਰੀਕੇ ਨਾਲ ਕੀਤਾ ਤੇ ਉਨ੍ਹਾਂ ਦੀ ਯਾਦਗਾਰ ਵਜੋਂ ਇਕ ਉੱਚਾ ਦਮਦਮਾ ਮਕਬਰੇ ਦੀ ਸ਼ਕਲ ਵਿਚ ਬਣਾ ਦਿੱਤਾ। ਅੱਧਾ ਜਾਮ (ਪਹਿਰ) ਦਿਨ ਰਿਹਾ ਸੀ ਜਦੋਂ ਗੁਰੂ ਸਾਹਿਬ ਇਸ ਕੰਮ ਤੋਂ ਫ਼ਾਰਿਗ ਹੋਏ। ਫੇਰ ਦਰਬਾਰ ਲੱਗਣ ਤੇ ਮੀਰ ਅਬਦੁੱਲਾ ਤੇ ਨੱਥ ਮਲ ਢਾਡੀ ਗੁਰੂ ਜੀ ਦੀ ਸੇਵਾ ਵਿਚ ਹਾਜ਼ਰ ਹੋਏ ਤੇ ਉਨ੍ਹਾਂ ਨੇ ਇਸ ਜੰਗ ਬਾਰੇ ਵਾਰ ਰਚ ਕੇ ਸੁਣਾਈ[1], ਜੋ ਬਹੁਤ ਸਲਾਹੀ ਗਈ।

ਕਰਤਾਰਪੁਰ ਦਾ ਵਾਸਾ ਤੇ ਜੰਗ :

ਇਸ ਲੜਾਈ ਤੋਂ ਬਾਦ ਸ੍ਰੀ ਗੁਰੂ ਹਰਿਗੋਬਿੰਦ ਜੀ ਆਪਣੇ ਸਾਰੇ ਅਮਲੇ ਸਮੇਤ ਗੁਰੂਸਰ ਮਹਾਰਾਜ ਤੋਂ ਚੱਲ ਕੇ ਕਾਂਗੜ ਥੀਂ ਹੁੰਦੇ ਹੋਏ ਦਰਿਆ ਸਤਲੁਜ ਲੰਘ ਸਿੱਧੇ ਕਰਤਾਰ-ਪੁਰ ਪਹੁੰਚੇ। ਮਾਝੇ, ਮਾਲਵੇ ਤੇ ਦੁਆਬੇ ਦੇ ਬਹੁਤ ਸਾਰੇ ਸਿਖ ਪਠਾਨ ਤੇ ਰਾਜਪੂਤ ਜੋਧੇ, ਜੋ

1ਅਬਦੁਲ ਢਾਡੀ ਸਨਮੁਖ ਆਯੋ। ਰਚੀ ਵਾਰ ਗੁਰੁ ਜਸ ਪ੍ਰਗਟਾਯੋ ॥

(ਗੁਰਬਿਲਾਸ ਪਾਤਸ਼ਾਹੀ ੬, ਅਧਿ. ੧੯)

ਇਸ ਸਮੇਂ ਗੁਰੂ ਸਾਹਿਬ ਦੀ ਸਿਪਾਹ ਦਾ ਅੰਗ ਬਣ ਚੁੱਕੇ ਸਨ, ਆਪਣੇ ਸ਼ਸਤ੍ਰ-ਬਸਤ੍ਰ ਲੈ ਕੇ ਗੁਰੂ ਜੀ ਦੇ ਨਾਲ ਹੀ ਕਰਤਾਰਪੁਰ ਅੱਪੜ ਗਏ। ਜੋਧਿਆਂ ਦੀ ਵਾਰਾਂ ਗਾਉਣ ਵਾਲੇ ਢਾਡੀ ਅਬਦੁੱਲਾ ਵੀ ਆਪਣੇ ਸਾਥੀ ਨੱਥ ਮਲ ਸਮੇਤ ਇਸ ਸਮੇਂ ਗੁਰੂ ਜੀ ਦੀ ਸੇਵਾ ਵਿਚ ਹਾਜ਼ਰ ਸਨ, ਜਿਵੇਂ ਕਿ ਗੁਰੁ ਬਿਲਾਸ ਪਾਤਸ਼ਾਹੀ ੬ ਵਿਚ ਕਵਿ ਸੋਹਨ ਨੇ ਲਿਖਿਆ ਹੈ :

ਅਬਦੁਲ ਗੁਰੁ ਸੰਗ ਸਦਾ ਰਹਾਵੈ।
ਗੁਰੁ ਜਸ ਉਠਿ ਬਹੁ ਵਾਰ ਸੁਣਾਵੈ।

(ਦੇਖੋ, ਗੁਰੁਬਿਲਾਸ, ਅਧਿ. ੨੦)

ਸ੍ਰੀ ਗੁਰੂ ਹਰਿਗੋਬਿੰਦ ਜੀ ਨੇ ਇਸ ਸਮੇਂ ਕਰਤਾਰਪੁਰ ਰਹਿ ਕੇ ਪਹਿਲਾਂ ਆਪਣੀਆਂ ਫੌਜਾਂ ਨੂੰ ਪੂਰੀ ਤਰ੍ਹਾਂ ਨਵੇਂ ਸਿਰਿਓਂ ਸਨੱਧ ਬੱਧ ਕੀਤਾ, ਤੇ ਫੇਰ ਸ਼ਾਹਿਬਜ਼ਾਦਾ (ਗੁਰੂ) ਤੇਗ ਬਹਾਦੁਰ ਜੀ ਦਾ ਵਿਆਹ ਭਾਈ ਲਾਲ ਚੰਦ ਖਤ੍ਰੀ ਲਖਨੌਰ ਵਾਲੇ ਦੀ ਸੁਪੁਤ੍ਰੀ ਗੂਜਰੀ ਜੀ ਦੇ ਨਾਲ ਫੱਗਣ ਸੰਮਤ 1689 ਵਿਚ ਕਰ ਕੇ ਅਗਲਾ ਉਸਾਰੂ ਕੰਮ ਇਹ ਕੀਤਾ ਕਿ ਭਾਈ ਬਿਧੀ ਚੰਦ ਦੀ ਇੱਛਾ ਅਨੁਸਾਰ ਉਸੇ ਦੇ ਹੱਥੀਂ ਸਮੇਂ ਦੀ ਨਜ਼ਾਕਤ ਨੂੰ ਦੇਖਕੇ ਸ੍ਰੀ ਆਦਿ ਗ੍ਰੰਥ ਜੀ ਦਾ ਉਤਾਰਾ ਕਰਵਾਣਾ ਆਰੰਭਿਆ, ਪਰ ਇਹ ਉਤਾਰਾ ਅਜੇ ਰਾਗ ਬਿਲਾਵਲ ਤਕ ਹੀ ਹੋਇਆ ਸੀ ਕਿ ਕਰਤਾਰ ਦੇ ਭਾਣੇ ਨਾਲ ਸਮੇਂ ਨੇ ਅਜਿਹਾ ਗੇੜ ਖਾਧਾ, ਜੋ ਕਰਤਾਰਪੁਰ ਵਿਚ ਪੈਂਦੇ ਖ਼ਾਨ ਤੇ ਗੁਰੁ ਦਰਬਾਰ ਦੇ ਵਿਚਕਾਰ ਇਕ ਨਵਾਂ ਹੀ ਖਿਚਾਓ ਸ਼ੁਰੂ ਹੋ ਗਿਆ। ਉਹ ਇਸ ਤਰ੍ਹਾਂ ਕਿ ਇਸ ਸ਼੍ਰਧਾਲੂ ਸੇਠ, ਜਿਸ ਦਾ ਨਾਮ ਚਿਤ੍ਰ ਸੈਨ ਸੀ, ਦੇਸ-ਦੇਸਾਂਤਰ ਵਿਚ ਵਪਾਰ ਕਰਦਾ ਹੋਇਆ ਗੁਰੁ ਸਾਹਿਬ ਦੇ ਵਾਸਤੇ ਪੰਜ ਤੁਹਫ਼ੇ ਲੈ ਕੇ ਕਰਤਾਰਪੁਰ ਹਾਜ਼ਰ ਹੋਇਆ। ਉਹ ਪੰਜ ਤੁਹਫ਼ੇ ਇਹ ਸਨ :

1—ਸੁਫ਼ੈਦ (ਕਾਗਾਨੀ) ਦਰਿਆਈ ਘੋੜਾ, ਜੋ ਭਾਰੀ ਕੀਮਤ ਦਾ ਸੀ,
2—ਅਤਿ ਸੋਹਣੀ ਰੇਸ਼ਮੀ ਪੁਸ਼ਾਕ,
3—ਚਿੱਟਾ ਬਾਜ਼,
4—ਸੁੰਦਰ ਚੀਰਾ ਜਾਂ ਦਸਤਾਰ ਤੇ
5—ਦੁਧਾਰਾ ਖੰਡਾ।

ਇਨ੍ਹਾਂ ਪੰਜਾਂ ਤੁਹਫ਼ਿਆਂ ਦੇ ਨਾਲ ਹੀ ਸੇਠ ਚਿਤ੍ਰ ਸੈਨ ਨੇ ਪੰਜ ਸੌ ਮੋਹਰਾਂ ਸੋਨੇ ਦੀਆਂ ਪੇਸ਼ ਕਰ ਕੇ ਗੁਰੂ ਜੀ ਦੇ ਚਰਣਾਂ ਵਿਚ ਮੱਥਾ ਟੇਕ ਦਿੱਤਾ।[1]

ਗੁਰੂ ਸਾਹਿਬ ਇਹ ਭੇਟਾ ਕਬੂਲ ਕਰਕੇ ਬਹੁਤ ਖ਼ੁਸ਼ ਹੋਏ ਤੇ ਉਸ ਸਮੇਂ ਬੜੀ ਉਦਾਰਤਾ ਨਾਲ ਇਹ ਤੁਹਫ਼ੇ ਉਨ੍ਹਾਂ ਨੇ ਇਸ ਤਰ੍ਹਾਂ ਵੰਡ ਦਿੱਤੇ ਕਿ ਇਨ੍ਹਾਂ ਵਿਚੋਂ ਚਿੱਟਾ ਬਾਜ਼

---

[1]ਗੁਰ ਬਿਲਾਸ ਪਾਤਸ਼ਾਹੀ ੬ (ਕਵਿ ਸੋਹਨ) ਅਧਿਆਇ ੨੦ ਦੇ ਕਥਨ ਅਨੁਸਾਰ ਤੁਹਫ਼ੇ ਪੇਸ਼ ਕਰਨ ਵਾਲੇ ਸੇਠ ਦਾ ਨਾਮ ਚਿਤ੍ਰ ਸੈਨ, ਗਿਆਨੀ ਗਿਆਨ ਸਿੰਘ (ਤਵਾਰੀਖ਼ ਗੁਰੂ ਖ਼ਾਲਸਾ, ਨੰ. ੨) ਦੇ ਕਥਨ ਅਨੁਸਾਰ ਤੁਹਫ਼ੇ ਦੇਣ ਵਾਲੇ ਸੇਠ ਬਾ ਨਾਮ ਕਾਬਲੀ ਮੱਲ ਤੇ ਗੁਰ ਪ੍ਰਤਾਪ ਸੂਰਜ (ਸੰਤੋਖ ਸਿੰਘ), ਰਾਸ਼ਿ ੮, ਅੰਸ਼ੂ ੭ ਦੇ ਅਨੁਸਾਰ ਸਿਰਫ਼ ਇਕ ਸੇਠ ਲਿਖਿਆ ਹੈ ਤੇ ਬਾਕੀ ਤੁਹਫ਼ੇ ਵੀ ਥੋੜਾ ਥੋੜਾ ਫ਼ਰਕ ਪਾ ਕੇ ਲਗ ਭਗ ਇਕ ਸਮਾਨ ਹੀ ਦਿੱਤੇ ਹਨ। ਪ੍ਰੋ. ਇੰਦੂ ਭੂਸ਼ਨ ਬੈਨਰਜੀ ਨੇ ਵੀ ਉਪਰੋਕਤ ਹਵਾਲੇ ਨਾਲ ਇਨ੍ਹਾਂ ਤੁਹਫ਼ਿਆਂ ਦਾ ਇਸ਼ਾਰੇ ਮਾਤ੍ਰ ਜ਼ਿਕਰ ਕੀਤਾ ਹੈ। (ਦੇਖੋ, Evolution of the Khalsa, Vol. ii, 1962, PP. 24-25.)

ਤਾਂ ਵਡੇ ਸਾਹਿਬਜ਼ਾਦੇ ਬਾਬਾ ਗੁਰਦਿੱਤਾ ਜੀ ਨੂੰ ਸ਼ਿਕਾਰ ਵਾਸਤੇ ਦੇ ਦਿੱਤਾ ਤੇ ਬਾਕੀ ਚਾਰੇ ਚੀਜ਼ਾਂ ਪੈਂਦੇ ਖ਼ਾਨ ਨੂੰ, ਜੋ ਹਮੇਸ਼ਾਂ ਗੁਰੂ ਜੀ ਦੇ ਹਮ-ਰਕਾਬ ਹੋ ਕੇ ਰਹਿੰਦਾ ਸੀ, ਦੇ ਦਿੱਤੀਆਂ। ਪੈਂਦੇ ਖ਼ਾਨ ਪਠਾਨ, ਜਿਵੇਂ ਕਿ ਪਿੱਛੇ ਦੱਸਿਆ ਗਿਆ ਹੈ, ਬਚਪਨ ਤੋਂ ਹੀ ਬੜੀ ਗ਼ਰੀਬੀ ਦੀ ਹਾਲਤ ਵਿਚ, ਜਿਸਮ ਦਾ ਚੁਸਤ ਤੇ ਤਾਕਤਵਰ ਹੋਣ ਕਰ ਕੇ ਗੁਰੂ ਸਾਹਿਬ ਨੇ ਆਪਣੇ ਪਾਸ ਨੌਕਰ ਰੱਖ ਕੇ ਚੰਗੀ ਤਰ੍ਹਾਂ ਪਾਲਿਆ ਪੋਸਿਆ ਸੀ, ਫੇਰ ਉਸ ਦਾ ਵਿਆਹ ਵੀ ਕਰਵਾਇਆ ਸੀ ਤੇ ਉਸ ਨੂੰ ਆਪਣੀ ਫ਼ੌਜ ਵਿਚ ਫ਼ੌਜਦਾਰੀ ਦੇ ਰੁਤਬੇ ਤਕ ਪਹੁੰਚਾਇਆ ਸੀ, ਪਰ ਉਹ ਇਸ ਤਰ੍ਹਾਂ ਜਦ ਵਧੇਰੇ ਰੱਜ-ਪੁੱਜ ਗਿਆ ਤਾਂ ਕਰਤਾਰਪੁਰ ਪਹੁੰਚ ਕੇ ਧੀਰੇ ਧੀਰੇ ਬਦਲਨ ਲੱਗ ਪਿਆ। ਇਕ ਦਿਨ ਗੱਲ ਇਸ ਤਰ੍ਹਾਂ ਹੋਈ ਕਿ ਗੁਰੂ ਸਾਹਿਬ ਨੇ ਜੋ ਚਾਰ ਤੁਹਫ਼ੇ ਪੈਂਦੇ ਖ਼ਾਨ ਨੂੰ ਦਿੱਤੇ ਸਨ, ਉਹ ਉਸ ਦੇ ਜਵਾਈ ਉਸਮਾਨ ਖ਼ਾਨ ਨੇ ਕਿਸੇ ਤਰੀਕੇ ਨਾਲ ਆਪਣੀ ਸੱਸ ਤੋਂ ਲੈ ਲਏ। ਫੇਰ ਉਹੋ ਪੁਸ਼ਾਕ ਤੇ ਚੀਰਾ ਪਹਿਨ ਕੇ ਉਹ ਦਰਿਆਈ ਘੋੜੇ ਉਤੇ ਸਵਾਰ ਹੋ ਖੰਡਾ ਫੜ ਕੇ ਸ਼ਿਕਾਰ ਚਲਾ ਗਿਆ। ਜੰਗਲ ਵਿਚ ਅਚਾਣਕ ਬਾਬੇ ਗੁਰਦਿੱਤੇ ਦਾ ਉਹ ਚਿੱਟਾ ਬਾਜ਼ ਵੀ ਕਿਸੇ ਤਰ੍ਹਾਂ ਉਸ ਨੇ ਫੜ ਲਿਆ, ਜੋ ਮੰਗਣ ਤੇ ਵਾਪਸ ਨਾ ਦਿੱਤਾ।

ਪਤਾ ਲੱਗਣ ਤੇ ਪੈਂਦੇ ਖ਼ਾਨ ਨੇ ਪਹਿਲਾਂ ਤਾਂ ਆਪਣੇ ਜਵਾਈ ਉਸਮਾਨ ਖਾਂ ਨੂੰ ਸਮਝਾਇਆ ਕਿ ਉਹ ਬਾਜ਼ ਗੁਰੂ ਜੀ ਦੀ ਅਮਾਨਤ ਹੈ, ਇਸ ਲਈ ਮੋੜ ਦੇਵੇ, ਪਰ ਜਦ ਉਸ ਨੇ ਅੱਗੋਂ ਕੋਰੀ ਨਾਂਹ ਕਰ ਦਿੱਤੀ ਤਾਂ ਪੈਂਦੇ ਖ਼ਾਨ ਨੂੰ ਬੜੀ ਚਿੰਤਾ ਪਈ, ਕਿਉਂਕਿ ਇਕ ਪਾਸੇ ਤਾਂ ਧੀ ਦੇ ਸੰਬੰਧ ਕਰ ਕੇ ਜਵਾਈ ਨਾਲੋਂ ਟੁੱਟਣਾ ਔਖਾ ਸੀ ਤੇ ਦੂਜੇ ਪਾਸੇ ਘੋੜਾ, ਪੁਸ਼ਾਕ, ਚੀਰੇ ਤੇ ਖੰਡੇ ਤੋਂ ਬਿਨਾਂ ਗੁਰੂ ਸਾਹਿਬ ਦੇ ਸਾਮ੍ਹਣੇ ਜਾਣਾ ਉਸ ਦੇ ਲਈ ਹੋਰ ਵੀ ਔਖੀ ਗੱਲ ਸੀ। ਛੇਕੜ ਜਦ ਬਾਬਾ ਗੁਰਦਿੱਤਾ ਜੀ ਦੇ ਸ਼ਿਕਾਇਤ ਕਰਨ ਤੇ ਗੁਰੂ ਜੀ ਵਲੋਂ ਬਾਜ਼ ਬਾਰੇ ਪੁੱਛ ਗਿੱਛ ਹੋਈ ਤੇ ਪੈਂਦੇ ਖ਼ਾਨ ਸਾਧਾਰਣ ਪੁਸ਼ਾਕ ਵਿਚ ਹੀ ਜਾ ਹਾਜ਼ਰ ਹੋਇਆ ਤਾਂ ਉਸ ਦੇ ਬਾਜ਼ ਦੇਣੋਂ ਮੁੱਕਰਨ ਤੇ ਗੁਰੂ ਸਾਹਿਬ ਹੋਰ ਵੀ ਨਾਰਾਜ਼ ਹੋਏ ਤੇ ਉਸ ਨੂੰ ਡਾਢੀਆਂ ਫਿਟਕਾਰਾਂ ਪਾ ਕੇ ਹੁਕਮਨ ਦਰਬਾਰ ਵਿਚੋਂ ਕੱਢਵਾ ਦਿੱਤਾ ਤੇ ਉਹ ਤੁਹਫ਼ੇ ਭਾਈ ਬਿਧੀ ਚੰਦ ਦੇ ਰਾਹੀਂ ਉਸ ਦੇ ਘਰੋਂ ਬਰਾਮਦ ਕਰ ਲਏ। ਗੁਰੂ ਸਾਹਿਬ ਦਾ ਪੋਤ੍ਰਾ ਤੇ ਬਾਬਾ ਗੁਰਦਿੱਤਾ ਜੀ ਦਾ ਪੁਤ੍ਰ ਬਾਬਾ ਧੀਰ ਮੱਲ, ਜੋ ਇਸ ਸਮੇਂ ਪੰਦਰਾਂ ਕੁ ਵਰ੍ਹਿਆਂ ਦਾ ਨੌਜਵਾਨ ਸੀ, ਵਿੰਗੇ-ਟੇਢੇ ਤਰੀਕੇ ਨਾਲ ਪੈਂਦੇ ਖ਼ਾਨ ਦੀ ਪੂਰੀ ਪੂਰੀ ਹਮਾਇਤ ਕਰਦਾ ਰਿਹਾ ਤੇ ਉਸ ਨੇ ਇਸ ਸੰਬੰਧ ਵਿਚ ਇਕ ਖ਼ਤ ਵੀ ਪੈਂਦੇ ਖ਼ਾਨ ਨੂੰ ਲਿਖਿਆ।

ਪੈਂਦਾ ਖ਼ਾਨ ਇਸ ਤਰ੍ਹਾਂ ਗੁਰ-ਦਰਬਾਰ ਵਿਚੋਂ ਆਪਣੀ ਹਤਕ ਹੋਣ ਤੇ ਆਪਣੇ ਜਵਾਈ ਉਸਮਾਨ ਖ਼ਾਨ ਸਮੇਤ ਬੜੀ ਨਿੰਮੋਝੂਣੀ ਹਾਲਤ ਵਿਚ ਜਲੰਧਰ ਪਹੁੰਚਿਆ ਤੇ ਉਥੋਂ ਦੇ ਹਾਕਮ ਕੁਤਬ ਖ਼ਾਨ ਦੇ ਕੋਲ ਜਾ ਕੇ ਰੋਇਆ-ਪਿੱਟਿਆ, ਪਰ ਨਵਾਬ ਕੁਤਬ ਖ਼ਾਨ ਨੇ, ਜੋ ਪੈਂਦੇ ਖ਼ਾਨ ਦੇ ਮੁੱਢਲੇ ਹਾਲ ਤੋਂ ਪਹਿਲਾਂ ਹੀ ਚੰਗੀ ਤਰ੍ਹਾਂ ਜਾਣੂ ਸੀ, ਉਸ ਨੂੰ ਪੂਰਾ ਪੂਰਾ ਧੋਖੇ ਬਾਜ਼ ਸਮਝਿਆ ਤੇ ਇਸ ਕੰਮ ਵਿਚ ਗੁਰੂ ਜੀ ਤੋਂ ਵਿਰੁੱਧ ਸਹਾਇਤਾ ਦੇਣ ਤੋਂ ਉੱਕੀ ਹੀ ਨਾਂਹ ਕਰ ਦਿੱਤੀ।

ਪੈਂਦਾ ਖ਼ਾਨ ਏਕਣ ਜਲੰਧਰ ਦੇ ਸੂਬੇ ਵਲੋਂ ਸੁੱਕਾ ਜਵਾਬ ਮਿਲਣ ਤੇ ਫੇਰ ਆਪਣੇ

ਜਵਾਈ ਨੂੰ ਲੈ ਕੇ ਲਾਹੌਰ, ਬਾਦਸ਼ਾਹ ਸ਼ਾਹ ਜਹਾਂ ਦੇ ਦਰਬਾਰ ਵਿਚ ਫ਼ਰਿਆਦੀ ਹੋਇਆ ਤੇ ਉਸ ਦੇ ਹੱਕ ਵਿਚ ਗੁਰੂ ਜੀ ਦੇ ਪੋਤ੍ਰੇ ਬਾਬਾ ਧੀਰ ਮੱਲ ਦਾ ਦਿਲੀ ਇਰਾਦਾ ਵੀ ਦੱਸਿਆ। ਮੁਗ਼ਲ ਬਾਦਸ਼ਾਹ ਪੁਰਾਤਨ ਸਮੇਂ ਤੋਂ, ਜਿਸ ਤਰ੍ਹਾਂ ਕਿ ਨਿਰੋਲਾਈ ਮਨੂਚੀ ਨੇ ਆਪਣੀ ਪੁਸਤਕ 'ਮੁਗ਼ਲਾਂ ਦੀ ਕਹਾਣੀ' (Storia Do Mogor) ਵਿਚ ਲਿਖਿਆ ਹੈ, ਪਠਾਣਾਂ ਦਾ ਉੱਕਾ ਹੀ ਇਤਬਾਰ ਨਹੀਂ ਸਨ ਕਰਦੇ, ਜਿਸ ਕਰ ਕੇ ਉਨ੍ਹਾਂ ਨੇ ਆਪਣੀ ਹਕੂਮਤ ਦੇ 480 ਕਿਲਿਆਂ ਵਿਚੋਂ ਕਿਸੇ ਵੀ ਕਿਲੇ ਦਾ ਕਦੇ ਕੋਈ ਪਠਾਨ ਕਿਲੇਦਾਰ ਨਹੀਂ ਸੀ ਬਣਾਇਆ। ਇਸੇ ਕਾਰਣ ਕੁੱਲ ਕਿਲਿਆਂ ਦੇ ਅਧਿਕਾਰ ਉਨ੍ਹਾਂ ਵਲੋਂ ਜਾਂ ਤਾਂ ਸ਼ਾਹੀ ਖ਼ਾਨਦਾਨ ਦੇ ਸ਼ਾਹਜ਼ਾਦਿਆਂ ਨੂੰ ਦਿੱਤੇ ਜਾਂਦੇ ਸਨ ਤੇ ਜਾਂ ਫੇਰ ਬਹੁਤੇ ਭਰੋਸੇ ਜੋਗ ਸਮਝ ਕੇ ਰਾਜਪੂਤਾਂ, ਸੱਯਦਾਂ ਜਾਂ ਮੁਗ਼ਲ ਹਾਕਮਾਂ ਨੂੰ[1]। ਇਸ ਤੋਂ ਬਿਨਾਂ ਪਠਾਣਾਂ ਨੂੰ ਉਚੇ ਅਹੁਦੇ ਤਾਂ ਕੀ, ਸਗੋਂ ਸਾਧਾਰਣ ਨੌਕਰੀਆਂ ਵੀ ਸੋਚ ਸਮਝ ਕੇ ਹੀ ਦਿੱਤੀਆਂ ਜਾਂਦੀਆਂ ਸਨ। ਇਸੇ ਲਈ ਪੈਂਦੇ ਖ਼ਾਨ ਤੇ ਉਸ ਦੇ ਸਾਥੀ ਮੁਗ਼ਲ ਹਕੂਮਤ ਵਲੋਂ ਨਿਰਾਸ ਹੋ ਕੇ ਹੀ ਗੁਰੂ ਸਾਹਿਬ ਦੀ ਨੌਕਰੀ ਵਿਚ ਆਏ ਸਨ। ਸ਼ਾਹਜ਼ਹਾਂ ਇਸ ਸਮੇਂ ਚੂੰਕਿ ਗੁਰੂ ਸਾਹਿਬ ਤੋਂ ਬਹੁਤਾ ਵਿਰੁੱਧ ਸੀ, ਇਸ ਲਈ ਗੁਰੂ ਜੀ ਦੇ ਫ਼ੌਜਦਾਰ ਪੈਂਦੇ ਖ਼ਾਨ ਨੂੰ ਫ਼ਰਿਆਦ ਲੈ ਕੇ ਆਇਆ ਦੇਖ ਕੇ ਤੇ ਪੋਤ੍ਰੇ ਬਾਬਾ ਧੀਰ ਮੱਲ ਨੂੰ ਫਟਿਆ ਦੇਖ ਕੇ ਹੋਰ ਵੀ ਖੁਸ਼ ਹੋਇਆ ਤੇ ਸਮਝ ਗਿਆ ਕਿ ਹੁਣ ਗੁਰੂ ਸਾਹਿਬ ਦੇ ਘਰ ਵਿਚ ਸਦੀਵੀ ਜੁਫੇੜ ਪੈ ਗਈ ਹੈ, ਇਸ ਲਈ ਸਿੱਖਾਂ ਨੂੰ ਖ਼ਤਮ ਕਰਨਾ ਕੋਈ ਔਖਾ ਕੰਮ ਨਹੀਂ ਹੋਵੇਗਾ।[2] ਇਸੇ ਕਾਰਣ ਉਸ ਨੇ ਪੈਂਦੇ ਖ਼ਾਨ ਨੂੰ ਬੜੀ ਹਮਦਰਦੀ ਦਿਖਾਈ ਤੇ ਵਜ਼ੀਰ ਖ਼ਾਨ ਦੇ ਇਤਰਾਜ਼ ਕਰਨ ਤੇ ਵੀ ਸਹਾਇਤਾ ਦਾ ਪੂਰਾ ਪੂਰਾ ਭਰੋਸਾ ਦੇ ਦਿੱਤਾ।

ਫੇਰ ਢਿੱਲ ਕਿਸ ਗੱਲ ਦੀ ਸੀ। ਸ਼ਾਹਜਹਾਂ ਨੇ ਭਰੇ ਦਰਬਾਰ ਆਪਣੇ ਫ਼ੌਜਦਾਰਾਂ ਅੱਗੇ ਐਲਾਨ ਕਰਦਿਆਂ ਹੋਇਆਂ ਇਸ ਨਵੀਂ ਮੁਹਿਮ ਦੇ ਫ਼ਤਿਹ ਕਰਨ ਵਾਸਤੇ ਨੰਗੀ ਤਲਵਾਰ ਸਮੇਤ ਪਾਨਾਂ ਦਾ ਬੀੜਾ ਰੱਖਿਆ ਤੇ ਜ਼ਰੀ ਦੀ ਪੁਸ਼ਾਕ ਦੇ ਨਾਲ ਸਵਾ ਲੱਖ ਰੁਪਏ ਵੀ ਇਨਾਮ ਵਜੋਂ ਦੇਣੇ ਕੀਤੇ। ਬਾਦਸ਼ਾਹ ਦਾ ਐਲਾਨ ਸੁਣ ਕੇ ਪਿਸ਼ਾਵਰ ਦਾ ਸੈਨਾਪਤਿ ਕਾਲੇ ਖ਼ਾਨ, ਜੋ ਅਮ੍ਰਿਤਸਰ ਦੇ ਸਥਾਨ ਪਰ ਪਹਿਲੀ ਲੜਾਈ ਸਮੇਂ ਗੁਰੂ ਸਾਹਿਬ ਦੇ ਹੱਥੋਂ ਮਾਰੇ ਗਏ ਮੁਖ਼ਲਿਸ ਖ਼ਾਨ ਦਾ ਸਕਾ ਭਾਈ ਤੇ ਪੰਜਾਹ ਹਜ਼ਾਰ ਲੜਾਕੇ ਜਵਾਨਾਂ ਦਾ ਸਿਪਹ ਸਾਲਾਰ ਸੀ, ਬੜੇ ਜੋਸ਼ ਨਾਲ ਉਠਿਆ ਤੇ ਤਲਵਾਰ ਸਮੇਤ ਬੀੜਾ ਚੁੱਕ ਕੇ, ਬੋਲਿਆ, "ਹਜ਼ੂਰ! ਦਾਸ ਇਸ ਖ਼ਿਦਮਤ ਵਾਸਤੇ ਤਿਆਰ ਹੈ।" ਬਾਦਸ਼ਾਹ ਨੇ ਇਹ ਸੁਣ ਕੇ ਉਸ ਨੂੰ ਸਵਾ ਲੱਖ ਰੁਪਏ ਦਾ ਖ਼ਿਲਅਤ ਦੇ ਕੇ ਬਹੁਤ ਸਾਰੀ ਸ਼ਾਹੀ ਫ਼ੌਜ ਉਸ ਦੇ ਨਾਲ ਕਰ ਦਿੱਤੀ। ਇਹ ਦੇਖ ਕੇ ਅਬਦੁੱਲਾ ਖ਼ਾਨ ਦਾ ਮਿਤ੍ਰ ਖ਼ੁਆਜਾ ਅਨਵਰ ਖ਼ਾਨ, ਲਲਾ ਬੇਗ ਦਾ ਪੁਤ੍ਰ ਜਾਫ਼ਰ ਬੇਗ, ਸ਼ੱਮਸ ਬੇਗ ਦਾ ਭਾਈ ਮਿਰਜ਼ਾ ਹਸਨ

---

[1]ਦੇਖੋ, Niccolao Manucci's Storia Do Mogor Or Magul India, Vol. II, 1907, Page 446.

[2]ਸੁਨਤ ਸ਼ਾਹ ਮਨ ਮੈ ਹਰਖਾਯੋ। ਘਰ ਫੂਟਯੋ ਨਿਹਚੈ ਅਰਿ ਘਾਯੋ।...੪੧੧॥
ਅਬ ਬਦਲਾ ਹੈ ਮਮ ਕਰ ਆਵੈ। ਨਿਹਚਯ ਪਕਰ ਗੁਰੂ ਲੈ ਆਵੈ॥ ੪੧੨॥
(ਗੁਰ ਬਿਲਾਸ ਪਾ: ੬, ਅਧਿਆਇ ੨੦)

ਬੇਗ ਆਦਿ ਕਈ ਹੋਰ ਫ਼ੌਜਦਾਰ ਆਪੋ ਆਪਣੀ ਫ਼ੌਜ ਲੈ ਕੇ ਉਸ ਦੇ ਸਾਥੀ ਬਣ ਗਏ। ਇਹ ਦੇਖ ਕੇ ਸ਼ਾਹੀ ਹੁਕਮ ਨਾਲ ਜਲੰਧਰ ਦਾ ਸੂਬਾ ਕੁਤਬ ਖ਼ਾਨ ਵੀ ਆਪਣੇ ਸੈਨਕਾਂ ਸਮੇਤ ਉਨ੍ਹਾਂ ਦੇ ਨਾਲ ਹੀ ਮਿਲ ਗਿਆ। ਇਸ ਤਰ੍ਹਾਂ ਦੁਸ਼ਮਨ ਦੀ ਕੁੱਲ ਫ਼ੌਜ, ਜੋ ਸਾਵਣ ਦੇ ਹੜ੍ਹ ਵਾਂਗ ਕਰਤਾਰਪੁਰ ਵਲ ਚੱਲੀ, 20-25 ਹਜ਼ਾਰ ਦੇ ਲੱਗ ਭੱਗ ਸੀ।

ਲਾਹੌਰੋਂ ਬਾਦਸ਼ਾਹੀ ਫ਼ੌਜ ਦੇ ਤੁਰਨ ਸਾਰ ਗੁਰੂ ਸਾਹਿਬ ਨੂੰ ਵੀ ਕਰਤਾਰਪੁਰ ਖ਼ਬਰ ਪਹੁੰਚ ਗਈ ਕਿ ਦੁਸ਼ਮਨ ਦਾ ਟਿੱਡੀ ਦਲ ਆ ਰਿਹਾ ਹੈ। ਇਸ ਸਮੇਂ ਆਪਣੇ ਪੋਤ੍ਰੇ ਬਾਬਾ ਧੀਰ ਮੱਲ ਦੀ ਇਕ ਚਿੱਠੀ ਵੀ, ਜੋ ਉਸ ਨੇ ਪੈਂਦੇ ਖ਼ਾਨ ਵਲ ਹਮਦਰਦੀ ਵਜੋਂ ਲਿਖੀ ਸੀ, ਗੁਰੂ ਸਾਹਿਬ ਦੇ ਹੱਥ ਆਈ, ਜਿਸ ਕਰ ਕੇ ਧੀਰ ਮੱਲ ਨੂੰ ਬਹੁਤ ਫਿਟਕਾਰਾਂ ਪਈਆਂ ਤੇ ਹੁਕਮ ਹੋਇਆ ਕਿ ਉਸ ਦੇ ਨਾਲ ਕੋਈ ਸਿੱਖ ਨਾ ਵਰਤੇ। ਇਸ ਸਮੇਂ ਦੁਸ਼ਮਨ ਵਲੋਂ ਖ਼ੁਆਜਾ ਅਨਵਰ ਖ਼ਾਨ, ਜਿਸ ਦਾ ਨਾਂ ਗੁਰ ਬਿਲਾਸ ਪਾਤਸ਼ਾਹੀ ੬ ਵਿਚ ਖੋਜ ਜਨਾਵਰ ਲਿਖਿਆ ਹੈ, ਗੁਰੂ ਸਾਹਿਬ ਦੀ ਫ਼ੌਜ ਦਾ ਭੇਤ ਲੈਣ ਵਾਸਤੇ ਕਰਤਾਰਪੁਰ ਆਇਆ, ਪਰ ਉਹ ਸਿੱਖਾਂ ਹੱਥੋਂ ਗ੍ਰਿਫ਼ਤਾਰ ਹੋਣ ਤੇ ਬੜੀ ਮੁਸ਼ਕਿਲ ਨਾਲ ਰਿਹਾ ਹੋਇਆ। ਇਸ ਤਰ੍ਹਾਂ ਦੁਸ਼ਮਨ ਦੀ ਫ਼ੌਜ ਆਈ ਦੇਖ ਸਾਰੇ ਹੀ ਸਿੱਖ ਸਿਪਾਹੀ, ਜਿਨ੍ਹਾਂ ਵਿਚ ਭਾਈ ਲੱਖੂ, ਬਿਧੀ ਚੰਦ, ਅਮੀਆ ਖਹਿਰਾ, ਸੁਨੀਤਾ, ਸਨਮੁਖ, ਮਲਿਕ ਜਾਤੀ, ਪ੍ਰਤਾਪ ਸਿੰਘ, ਖੁਸ਼ਹਾਲੀ ਗਿੱਲ, ਚੂਹੜ, ਭਗਤਾ, ਮੋਹਰੂ ਰੰਧਾਵਾ, ਸੀਂਹਾਂ, ਭਾਗੂ, ਰਾਮਾ, ਕਟਾਰਾ ਸਾਵਲ, ਤਖ਼ਤੂ ਢਿਲੋਂ, ਭੱਲਣ ਬਰਾੜ, ਰਾਇ ਜੋਧ, ਬਾਬਾ ਗੁਰਦਿੱਤਾ ਜੀ ਆਦਿ ਮੁਖੀ ਸਨ, ਆਪੋ ਆਪਣੇ ਮੋਰਚੇ ਸੰਭਾਲ ਕੇ ਦੁਸ਼ਮਨ ਦਾ ਅੱਗਾ ਰੋਕਣ ਲਈ ਤਿਆਰ ਬਰ ਤਿਆਰ ਹੋ ਬੈਠੇ।

ਇਤਨੇ ਸਮੇਂ ਵਿਚ ਮੁਗਲੇਈ ਸੈਨਾ ਦਾ ਟਿੱਡੀ ਦਲ ਵੀ ਨੇੜੇ ਆ ਪੁੱਜਾ ਤੇ ਉਸ ਵਲੋਂ ਕਰਤਾਰਪੁਰ ਤੋਂ ਬਾਹਰ ਖੁਲ੍ਹੇ ਮੈਦਾਨ ਵਿਚ ਪਹਿਲਾ ਹੱਲਾ ਹੋਣ ਤੇ ਖ਼ੁਆਜਾ ਅਨਵਰ ਖ਼ਾਨ, ਜੋ ਬੜੇ ਜੋਸ਼-ਖ਼ਰੋਸ਼ ਨਾਲ ਅੱਗੇ ਵਧ ਰਿਹਾ ਸੀ, ਭਾਈ ਬਿਧੀ ਚੰਦ ਦਾ ਇਕੋ ਤੀਰ ਮੱਥੇ ਉਪਰ ਖਾ ਕੇ ਮੂਧੇ ਮੂੰਹ ਧਰਤੀ ਉਤੇ ਚੁਫਾਲ ਜਾ ਪਿਆ। ਬਸ ਫੇਰ ਕੀ ਸੀ, ਦੁਵੱਲੀਓਂ ਅੱਤ ਦਾ ਜੰਗ ਛਿੜ ਗਿਆ ਤੇ ਖਚਾਖਚ ਤਲਵਾਰ, ਬਰਛੇ, ਨੇਜ਼ੇ ਆਦਿ ਦੇ ਚੱਲਣ ਤੇ ਦੁਹਾਂ ਪਾਸਿਆਂ ਦੇ ਜੋਧੇ ਇਤਨੇ ਕਟ ਕਟ ਕੇ ਮਰੇ ਕਿ ਰਣ-ਭੂਮੀ ਵਿਚ ਕੁਸ਼ਤਿਆਂ ਦੇ ਪੁਸ਼ਤੇ ਲੱਗ ਗਏ। ਇਸ ਹਾਲਤ ਵਿਚ ਦੋ ਪਹਿਰ ਦਿਨ ਰਹਿੰਦੇ ਨਾਲ ਪਠਾਨ ਪੈਂਦੇ ਖ਼ਾਨ, ਜੋ ਇਸ ਸਾਰੀ ਕਲਹ ਦਾ ਮੂਲ ਸੀ, ਬੜੇ ਜੋਸ਼ ਨਾਲ ਘੋੜਾ ਕੁਦਾ ਕੇ ਅੱਗੇ ਵਧਿਆ ਤੇ ਉਸ ਨੇ ਆਪਣਾ ਸਾਰਾ ਟਿੱਲ ਲਾ ਕੇ ਅੰਧਾ-ਧੁੰਧ ਗੁਰੂ ਜੀ ਦੇ ਉਤੇ ਤਿੰਨ ਵਾਰ ਕੀਤੇ ਜੋ ਗੁਰੂ ਸਾਹਿਬ ਨੇ ਅੱਗੋਂ ਬੜੀ ਫੁਰਤੀ ਨਾਲ ਰੋਕ ਲਏ। ਇਸ ਤੋਂ ਬਾਦ ਪੈਂਦੇ ਖ਼ਾਨ ਨੇ ਤੇਜ਼ੀ ਨਾਲ ਘੋੜੇ ਹੇਠ ਵੜ ਕੇ ਗੁਰੂ ਸਾਹਿਬ ਨੂੰ ਘੋੜੇ ਸਮੇਤ ਧਰਤੀ ਉਤੇ ਉਲਟਾ ਦੇਣਾ ਚਾਹਿਆ, ਪਰ ਗੁਰੂ ਜੀ ਦੇ ਇਕੋ ਵਾਰ ਨਾਲ ਉਹ ਖ਼ੁਦ ਹੀ ਧਰਤੀ ਉਤੇ ਜਾ ਪਿਆ। ਫਿਰ ਗੁਰੂ ਸਾਹਿਬ ਨੇ ਘੋੜੇ ਤੋਂ ਹੇਠਾਂ ਉਤਰ ਕੇ ਮੁੜ ਉਸ ਨੂੰ ਸੰਭਲਨ ਦਾ ਮੌਕਾ ਨਾ ਦਿੱਤਾ ਤੇ ਆਪਣੀ ਤਲਵਾਰ ਦੇ ਇਕੋ ਝਟਕੇ ਨਾਲ ਉਸ ਦਾ ਸਿਰ ਉਡਾ ਦਿੱਤਾ। ਇਸੇ ਤਰ੍ਹਾਂ ਦੂਜੇ ਪਾਸੇ ਪੈਂਦੇ ਖ਼ਾਨ ਦਾ ਜਵਾਈ ਉਸਮਾਨ ਖ਼ਾਨ ਵੀ ਗੁਰੂ ਸਾਹਿਬ ਦੇ ਵੱਡੇ ਸਾਹਿਬਜ਼ਾਦੇ ਬਾਬਾ ਗੁਰਦਿੱਤਾ ਜੀ ਦੇ ਨਾਲ ਉਲਝਣ ਲੱਗਾ। ਬਾਬਾ ਜੀ ਨੇ ਇਕੋ ਤੀਰ

ਮਾਰ ਕੇ ਉਸ ਨੂੰ ਬਹਿਸ਼ਤ ਪਹੁੰਚਾ ਛੱਡਿਆ। ਇਸ ਤੋਂ ਬਾਦ ਗੁਰੂ ਸਾਹਿਬ ਦੇ ਹੱਥੋਂ ਹੋਰ ਸਰਦਾਰਾਂ ਦੇ ਨਾਲ ਹੀ ਸੈਨਾਪਤਿ ਕਾਲਾ ਖ਼ਾਨ ਪਿਸ਼ਾਵਰੀ ਤੇ ਕੁਤਬ ਖ਼ਾਨ ਸੂਬਾ ਜਲੰਧਰ ਵਾਰੋ ਵਾਰੀ ਦੋਵੇਂ ਮਾਰੇ ਗਏ। ਇਸ ਤਰ੍ਹਾਂ ਮੁਗਲੇਈ ਫ਼ੌਜ ਦੇ ਸਾਰੇ ਮੋਢੀ ਸਰਦਾਰ ਮਾਰੇ ਜਾਣ ਤੇ ਉਸ ਨੂੰ ਭਾਜੜ ਪੈ ਗਈ ਤੇ ਸਿੱਖ ਦੁਸ਼ਮਨ ਦਾ ਪਿੱਛਾ ਕਰਨਾ ਇਕ ਪ੍ਰਕਾਰ ਦੀ ਕਾਇਰਤਾ ਸਮਝ ਕ ਫ਼ਤਿਹ ਦੇ ਨਗਾਰੇ ਵਜਾਉਂਦੇ ਹੋਏ ਗੁਰੂ ਸਾਹਿਬ ਦੀ ਸੇਵਾ ਵਿਚ ਵਾਪਸ ਮੁੜ ਆਏ। ਗੁਰੂ ਸਾਹਿਬ ਨੇ ਮੈਦਾਨਿ ਜੰਗ ਵਿਚ ਜਾ ਕੇ ਪਹਿਲਾਂ ਤਾਂ ਫੱਟੜਾਂ ਨੂੰ ਸਾਂਭਿਆ ਤੇ ਉਨ੍ਹਾਂ ਦੀ ਮਲ੍ਹਮ ਪੱਟੀ ਕੀਤੀ ਤੇ ਫੇਰ ਦੋਹਾਂ ਪਾਸਿਆਂ ਦੇ ਸ਼ਹੀਦ ਜੋਧਿਆਂ ਦੀਆਂ ਲਾਸ਼ਾਂ ਇਕੱਤ੍ਰ ਕਰ ਕੇ ਉਨ੍ਹਾਂ ਦਾ ਵਿਧੀ ਪੂਰਵਕ ਅੰਤਿਮ ਸੰਸਕਾਰ ਕੀਤਾ।

ਇਸ ਲੜਾਈ ਵਿਚ ਮੁਗ਼ਲ ਸੈਨਾ ਦੇ ਲਗ ਭਗ 5000 ਸਿਪਾਹੀ ਮਾਰੇ ਗਏ ਤੇ ਉਸ ਦੇ ਮੁਕਾਬਲੇ ਤੇ ਸਿਖ ਸੈਨਿਕਾਂ ਵਿਚੋਂ ਕੇਵਲ ਸੱਤ ਕੁ ਸੌ ਜੋਧੇ ਹੀ ਰਣ-ਖੇਤ ਰਹੇ। ਇਹ ਲੜਾਈ 22 ਹਾੜ੍ਹ ਸੰਮਤ 1691 (ਮੁਤਾਬਿਕ ਸੰਨ 1934 ਈ.) ਨੂੰ ਕਰਤਾਰ ਪੁਰ ਦੇ ਸਥਾਨ ਪਰ ਹੋਈ। ਫੇਰ ਦਰਬਾਰ ਲੱਗਣ ਤੇ ਗੁਰੂ ਜੀ ਵਲੋਂ ਜੋਧਿਆਂ ਨੂੰ ਬਾਕਾਇਦਾ ਇਨਾਮੀ ਸਿਰੋਪਾਉ ਦਿੱਤੇ ਗਏ ਤੇ ਗੁਰੂ ਸਾਹਿਬ ਦੇ ਹਜ਼ੂਰੀ ਢਾਡੀ ਨੱਥ ਮੱਲ ਤੇ ਅਬਦੁੱਲੇ ਨੇ ਇਸ ਧਰਮ-ਜੁੱਧ ਦੀ ਵਾਰ ਰਚ ਕੇ ਭਰੇ ਦਰਬਾਰ ਵਿਚ ਬੜੇ ਜੋਸ਼ ਨਾਲ ਸੁਣਾਈ।

ਕੀਰਤਪੁਰ ਦਾ ਵਸੇਬਾ ਤੇ ਛੇਕੜਲੇ ਦਿਨ :

ਕਰਤਾਰਪੁਰ ਦੇ ਇਸ ਜੰਗ ਤੋਂ ਪਿੱਛੋਂ ਗੁਰੂ ਹਰਿਗੋਬਿੰਦ ਜੀ ਇਕ ਵੰਨੇ ਤਾਂ ਆਪਣੇ ਪੋਤ੍ਰੇ ਬਾਬਾ ਧੀਰ ਮੱਲ ਉਤੇ ਉਸ ਵਲੋਂ ਗੁਪਤ ਰੂਪ ਵਿਚ ਦੁਸ਼ਮਨ ਦੇ ਪੱਖ ਵਿਚ ਮਿਲਣ ਕਰ ਕੇ ਨਾਰਾਜ਼ ਹੋਏ ਤੇ ਦੂਜੇ ਵੰਨੇ, ਜਿਸ ਤਰ੍ਹਾਂ ਕਿ ਪਹਿਲਾਂ ਰਾਜਧਾਨੀ ਲਾਹੌਰ ਦੇ ਨੇੜੇ ਹੋਣ ਕਰ ਕੇ ਅਮ੍ਰਿਤਸਰ ਦਾ ਵਾਸਾ ਛੱਡਿਆ ਸੀ, ਉਸੇ ਤਰ੍ਹਾਂ ਹੁਣ ਜਾਲੰਧਰ ਦੇ ਨੇੜੇ ਕਰਤਾਰਪੁਰ ਦਾ ਵਾਸਾ ਖ਼ਤਰਨਾਕ ਮੰਨ ਕੇ ਕੀਰਤਪੁਰ ਜਾਣਾ ਹੀ ਵਧੇਰੇ ਉਚਿਤ ਸਮਝਿਆ। ਨਾਲੇ ਇਲਾਕਾ ਬਾਈ ਧਾਰ ਦੇ ਪਹਾੜੀ ਰਾਜੇ ਤੇ ਹੋਰ ਰਾਜਪੂਤ ਜੋਧੇ ਵੀ, ਜੋ ਇਲਾਕਾ ਪਹਾੜ ਤੇ ਪੰਜਾਬ ਦੇ ਮੈਦਾਨੀ ਇਲਾਕੇ ਨਾਲ ਸੰਬੰਧ ਰਖਦੇ ਸਨ, ਸਹਿਜੇ ਹੀ ਗੁਰਸਿਖੀ ਦੇ ਦਾਇਰੇ ਵਿਚ ਆਉਣ ਲਈ ਉਤਾਵਲੇ ਸਨ, ਇਸ ਲਈ ਕੌਮੀ ਸੰਗਠਨ ਦੇ ਖਿਆਲ ਨੂੰ ਮੁਖ ਰੱਖ ਕੇ ਗੁਰੂ ਸਾਹਿਬ ਨੇ ਕੀਰਤਪੁਰ ਜਾਣਾ ਜੋਗ ਸਮਝਿਆ ਤੇ ਕਰਤਾਰਪੁਰ ਬਾਬੇ ਗੁਰਦਿੱਤੇ ਦੇ ਪੁਤ੍ਰ ਧੀਰ ਮੱਲ ਨੂੰ ਸੌਂਪਿਆ। ਸ੍ਰੀ ਆਦਿ ਗ੍ਰੰਥ ਜੀ ਦੀ ਬੀੜ ਧੀਰ ਮੱਲ ਦੇ ਕਬਜ਼ੇ ਵਿਚ ਹੀ ਰਹਿਣ ਦਿੱਤੀ ਤੇ ਗੁਰੂ ਸਾਹਿਬ ਆਪ ਸਿੱਖ ਫ਼ੌਜਾਂ ਸਮੇਤ ਫਗਵਾੜੇ ਥੀਂ ਹੁੰਦੇ ਹੋਏ ਕੀਰਤਪੁਰ (ਕਹਿਲੂਰ) ਵਲ ਚਲ ਪਏ। ਕੀਰਤਪੁਰ ਨਗਰ, ਜਿਵੇਂ ਕਿ ਪਹਿਲਾਂ ਦੱਸਿਆ ਗਿਆ ਹੈ, ਦਰਿਆ ਸਤਲੁਜ ਤੋਂ ਪਾਰ ਮਾਖੋਵਾਲ (ਆਨੰਦਪੁਰ ਸਾਹਿਬ) ਤੋਂ ੬ ਕੁ ਮੀਲਾਂ ਦੀ ਵਿੱਥ ਤੇ ਰੋਪੜ ਵਾਲੇ ਪਾਸੇ ਦਰਿਆ ਸਤਲੁਜ ਦੇ ਕੰਢੇ ਸ੍ਰੀ ਗੁਰੂ ਹਰਿਗੋਬਿੰਦ ਜੀ ਨੇ ਸੰਮਤ 1683 ਬਿ. (ਮੁਤਾਬਿਕ ਸੰਨ 1626 ਈ.) ਵਿਚ ਕਹਿਲੂਰ ਦੇ ਰਾਜਾ ਤਾਰਾ ਚੰਦ ਤੋਂ ਜ਼ਮੀਨ ਲੈ ਕੇ ਬਾਬਾ ਗੁਰਦਿੱਤਾ ਜੀ ਦੇ ਹੱਥੀਂ ਵਸਾਇਆ ਸੀ। ਇਹ ਇਸ ਕਰ ਕੇ ਕਿ ਉਥੇ ਸ੍ਰੀ ਗੁਰੂ ਨਾਨਕ ਦੇਵ ਜੀ ਇਕ ਵਾਰ ਸਾਈਂ ਬੁੱਢਣ ਸ਼ਾਹ ਨੂੰ ਮਿਲਣ ਵਾਸਤੇ ਗਏ ਸਨ। ਉਹ ਫ਼ਕੀਰ ਵੱਡੀ ਉਮਰ ਦਾ ਹੋਣ ਕਰ ਕੇ ਅਜੇ ਜ਼ਿੰਦਾ ਸੀ, ਇਸ ਲਈ ਗੁਰੂ ਸਾਹਿਬ ਉਸ ਨੂੰ

ਮਿਲਣ ਵਾਸਤੇ ਸਤਲੁਜ ਲੰਘੇ ਹੀ ਸਨ ਕਿ ਪਾਇਲ ਨਾਮਕ ਸਥਾਨ ਪਰ ਪੁੱਜਣ ਤੇ ਗੁਰੂ ਜੀ ਦੇ ਪਿਆਰੇ ਘੋੜੇ ਜਾਨ ਭਾਈ (ਗੁਲਬਾਗ) ਦਾ, ਜੋ ਕਰਤਾਰਪੁਰ ਦੇ ਜੰਗ ਵਿਚ ਜ਼ਖ਼ਮੀ ਹੋ ਗਿਆ ਸੀ, ਸੁਰਗਵਾਸ ਹੋ ਗਿਆ। ਉਸ ਦਾ ਅੰਤਿਮ ਸੰਸਕਾਰ ਕਰ ਕੇ ਗੁਰੂ ਸਾਹਿਬ ਫੇਰ ਸਾਈਂ ਬੁੱਢਣ ਸ਼ਾਹ ਨੂੰ ਮਿਲੇ। ਇਹ ਸਾਈਂ ਬੁੱਢਣ ਸ਼ਾਹ ਵੀ, ਜੋ ਗੁਰੂ ਸਾਹਿਬ ਨੂੰ ਉਡੀਕਦਾ ਸੀ, ਅਚਾਣਕ ਦੇਹ ਤਿਆਗ ਗਿਆ। ਗੁਰੂ ਸਾਹਿਬ ਉਸ ਨੂੰ ਦਫ਼ਨਾ ਕੇ ਫਰ ਸੰਗਤ ਸਮੇਤ ਕੀਰਤਪੁਰ ਪਹੁੰਚੇ।

ਕੀਰਤਪੁਰ ਦੇ ਸਥਾਨ ਪਰ ਇਸ ਸਮੇਂ ਗੁਰੂ ਸਾਹਿਬ ਦੇ ਨਾਲ ਉਨ੍ਹਾਂ ਦੇ ਸੁਪੁਤ੍ਰ ਬਾਬਾ ਅਣੀ ਰਾਇ ਤੇ ਗੁਰਦਿੱਤਾ ਜੀ ਅਤੇ ਉਨ੍ਹਾਂ ਦਾ ਪਰਿਵਾਰ ਪੋਤ੍ਰੇ ਸ੍ਰੀ ਹਰਿ ਰਾਇ ਸਮੇਤ, ਮਾਤਾ ਮਹਾਦੇਵੀ ਤੇ ਉਸ ਦੇ ਪੁਤ੍ਰ ਬਾਬਾ ਸੂਰਜ ਮੱਲ ਜੀ ਅਤੇ ਹੋਰ ਬਾਹਰੋਂ ਆਏ ਲਗ ਭਗ ਸਾਰੇ ਹੀ ਸਿੱਖ ਜੋਧੇ ਮੌਜੂਦ ਸਨ। ਫ਼ਾਰਸ ਦੇ ਪ੍ਰਸਿੱਧ ਯਾਤਰੂ ਲੇਖਕ ਮੁਹਸਨ ਫ਼ਾਨੀ ਦੇ ਕਥਨ ਅਨੁਸਾਰ, ਜੋ ਗੁਰੂ ਜੀ ਦੀ ਸੇਵਾ ਵਿਚ ਇਸ ਸਮੇਂ ਮੌਜੂਦ ਸੀ, ਗੁਰੂ ਸਾਹਿਬ ਦੇ ਪਾਸ 700 ਘੋੜੇ, 300 ਸਵਾਰ, 60 ਤੋਪਾਂ ਤੇ ਤੋਪਚੀ ਹਮੇਸ਼ਾਂ ਮੌਜੂਦ ਰਹਿੰਦੇ ਸਨ। ਇਨ੍ਹਾਂ ਤੋਂ ਬਿਨਾ ਗੁਰੂ ਸਾਹਿਬ ਦੇ ਕੋਲ ਬਹੁਤ ਸਾਰੇ ਹਿੰਦੂ-ਮੁਸਲਿਮ ਰਾਜੇ ਤੇ ਰਈਸ ਵੀ ਸਨ, ਜੋ ਗੁਰੂ ਜੀ ਨੇ ਪਹਿਲੇ ਪਹਿਲ ਗੁਆਲੀਅਰ ਦੇ ਕਿਲੇ ਵਿਚੋਂ ਛੁਡਾਏ ਸਨ, ਜਾਂ ਉਸ ਤੋਂ ਬਾਦ ਮੁਗਲੇਈ ਹਕੂਮਤ ਦੀਆਂ ਵਧੀਕੀਆਂ ਦੇ ਕਾਰਣ ਬਾਗ਼ੀ ਹੋ ਕੇ ਗੁਰੂ ਜੀ ਦੇ ਨਾਲ ਆ ਸ਼ਾਮਲ ਹੋਏ ਸਨ। ਗੁਰੂ ਸਾਹਿਬ ਸ਼ੁਰੂ ਤੋਂ ਹੀ ਅਜਿਹੇ ਸ਼ਰਨਾਰਥੀਆਂ ਨੂੰ ਪਨਾਹ ਦੇਣ ਵਾਸਤੇ ਹਮੇਸ਼ਾਂ ਤਤਪਰ ਰਹਿੰਦੇ ਸਨ।

ਸ੍ਰੀ ਗੁਰੂ ਹਰਿਗੋਬਿੰਦ ਜੀ ਨੇ ਇਸ ਤਰ੍ਹਾਂ ਕੀਰਤਪੁਰ ਰਹਿ ਕੇ ਸੰਮਤ 1691 ਬਿ. (ਸੰਨ 1634 ਈ.) ਤੋਂ ਸੰਮਤ 1701 ਬਿ. (ਸੰਨ 1644 ਈ.) ਤਕ ਲਗਭਗ ਗਿਆਰਾਂ ਵਰ੍ਹੇ ਗੁਜ਼ਾਰੇ ਤੇ ਇਸ ਨਗਰ ਦੀ ਸੋਭਾ ਸਿੱਖ-ਸੰਗਤਾਂ ਵਿਚ ਨਾਮ-ਬਾਣੀ ਤੇ ਵੀਰ-ਰਸ ਦਾ ਪ੍ਰਵਾਹ ਚਲਾ ਕੇ ਵਧਾਈ। ਸਭ ਸਿੱਖ-ਸੰਗਤਾਂ ਵੀ ਇਸ ਸਮੇਂ ਦੂਰ-ਨੇੜਿਓਂ ਦਰਸ਼ਨ ਕਰਨ ਵਾਸਤੇ ਹੁਮ ਹੁਮਾ ਕੇ ਉਥੇ ਹੀ ਪਹੁੰਚਦੀਆਂ ਰਹੀਆਂ। ਲਗ ਭਗ ਚਾਰ ਕੁ ਵਰ੍ਹੇ ਪਿੱਛੋਂ ਸੰਮਤ 1695 ਬਿ. (ਸੰਨ 1638 ਈ.) ਵਿਚ ਕਰਤਾਰ ਸਿਰਜਨਹਾਰ ਦੀ ਕੁਝ ਅਜਿਹੀ ਨੇਤ ਹੋਈ ਕਿ ਗੁਰੂ ਸਾਹਿਬ ਦੇ ਵੱਡੇ ਸਾਹਿਬਜ਼ਾਦੇ ਬਾਬਾ ਗੁਰਦਿੱਤਾ ਜੀ, ਜੋ ਬੜੇ ਸਿਹਤਮੰਦ ਜੋਧੇ ਸਨ, ਅਚਾਣਕ ਚਲਾਣਾ ਕਰ ਗਏ ਤੇ ਫੇਰ ਇਸ ਤੋਂ ਅਗਲੇ ਸਾਲ ਸੰਮਤ 1696 ਬਿ. (ਸੰਨ 1639 ਈ.) ਵਿਚ ਸੋਢੀ ਪ੍ਰਿਥੀ ਚੰਦ ਦੇ ਪੁਤ੍ਰ ਮਿਹਰਵਾਨ (ਮਨੋਹਰ ਦਾਸ) ਦਾ ਦੇਹਾਂਤ ਹੋਣ ਤੇ ਫੇਰ ਸ੍ਰੀ ਅਮ੍ਰਿਤਸਰ ਦਾ ਪ੍ਰਬੰਧ ਮੁਗ਼ਲ ਹਕੂਮਤ ਦੀ ਸ਼ਹਿ ਨਾਲ ਸੋਢੀ ਮਿਹਰਵਾਨ ਦੀ ਥਾਵੇਂ ਉਸ ਦੇ ਪੁਤ੍ਰ ਸੋਢੀ ਹਰਿ ਜੀ ਦੇ ਹੱਥਾਂ ਵਿਚ ਚਲਾ ਗਿਆ।

ਸਾਹਿਬਜ਼ਾਦਾ ਬਾਬਾ ਗੁਰਦਿੱਤਾ ਜੀ ਦੇ ਦੋ ਪੁਤ੍ਰ ਸਨ — (1) ਬਾਬਾ ਧੀਰ ਮੱਲ ਤੇ (2) ਸ੍ਰੀ ਹਰਿ ਰਾਇ ਜੀ। ਬਾਬਾ ਧੀਰ ਮੱਲ ਤਾਂ ਕਰਤਾਰਪੁਰ ਦੇ ਜੰਗ ਸਮੇਂ ਪੈਂਦੇ ਖ਼ਾਨ ਦੇ ਰਾਹੀਂ ਮੁਗਲ ਹਕੂਮਤ ਦੇ ਨਾਲ ਰਲਣ ਕਰ ਕੇ ਗੁਰੂ ਜੀ ਦੇ ਹੁਕਮ ਨਾਲ ਸਿੱਖਾਂ ਵਲੋਂ ਛੇਕਿਆ ਗਿਆ ਸੀ। ਇਸ ਲਈ ਬਾਬਾ ਗੁਰਦਿੱਤਾ ਜੀ ਤੋਂ ਬਾਦ ਗੁਰ-ਵੰਸ਼ ਵਿਚੋਂ 14-15 ਵਰ੍ਹਿਆਂ ਦੇ ਨੌਜਵਾਨ ਸ੍ਰੀ ਹਰਿ ਰਾਇ ਜੀ ਹੀ ਵਧੇਰੇ ਜੋਗ ਸਨ, ਜਿਸ ਕਰ ਕੇ

ਗੁਰੂ ਹਰਿਗੋਬਿੰਦ ਜੀ ਨੇ ਆਪਣੀ ਥਾਵੇਂ ਉਨ੍ਹਾਂ ਨੂੰ ਗੁਰਗੱਦੀ ਦਾ ਹੱਕਦਾਰ ਕਰਾਰ ਦਿੱਤਾ ਤੇ ਸਰਬਤ ਸਿੱਖਾਂ ਨੇ ਗੁਰੂ ਸਾਹਿਬ ਦਾ ਇਹ ਫ਼ੈਸਲਾ ਪ੍ਰਵਾਨ ਕਰ ਲਿਆ ।

ਫੇਰ ਇਸ ਪਾਸਿਓਂ ਫ਼ਾਰਿਗ਼ ਹੋ ਕੇ ਸ੍ਰੀ ਗੁਰੂ ਹਰਿਗੋਬਿੰਦ ਜੀ ਨੇ ਆਪਣਾ ਅੰਤ ਸਮਾਂ ਨੇੜੇ ਆਇਆ ਜਾਣ ਕੇ ਸ੍ਰੀ ਹਰਿ ਰਾਇ ਜੀ ਬਾਬੇ ਬੁੱਢੇ ਦੇ ਸੁਪੁਤ੍ਰ ਭਾਈ ਭਾਨਾ ਜੀ ਦੇ ਸਿਪੁਰਦ ਕੀਤੇ, ਤੇ ਆਪਣੇ ਹੋਰ ਸੰਬੰਧੀ ਤੇ ਨਿਕਟ ਵਰਤੀ ਸਿੱਖ ਭਾਈ ਰਾਮਾ, ਪਰਮਾਨੰਦ, ਸੁੰਦਰ, ਸਾਧੂ, ਰਾਇ ਜੋਧ ਆਦਿ ਸਭ ਆਪੋ ਆਪਣੇ ਥਾਵੀਂ ਜਾਣ ਵਾਸਤੇ ਵਿਦਾ ਕਰ ਦਿੱਤੇ । ਭਾਈ ਬਿਧੀ ਚੰਦ, ਚੂੰਕਿ ਥੋੜਾ ਚਿਰ ਪਹਿਲਾਂ ਹੀ ਚਲਾਣਾ ਕਰ ਗਿਆ ਸੀ, ਇਸ ਲਈ ਉਸ ਦੇ ਪੁਤ੍ਰ ਲਾਲ ਚੰਦ ਨੂੰ ਸ੍ਰੀ ਆਦਿ ਗ੍ਰੰਥ ਜੀ ਦੀ ਉਹ ਅਧੂਰੀ ਬੀੜ, ਜੋ ਭਾਈ ਬਿਧੀ ਚੰਦ ਨੇ ਤਿਆਰ ਕੀਤੀ ਸੀ, ਸੌਂਪ ਦਿੱਤੀ । ਮੀਰ ਅਬਦੁੱਲੇ ਤੇ ਨੱਥ ਮੱਲ (ਨੱਥੇ) ਢਾਢੀ ਨੂੰ ਆਪਣੇ ਪਿੰਡ ਸੁਰ ਸਿੰਘ ਜਾਣ ਦਾ ਹੁਕਮ ਹੋਇਆ। ਬਾਬਕ ਤੇ ਜਾਤੀ ਨਾਮਕ ਦੋਵੇਂ ਰਬਾਬੀ ਕੀਰਤਨ ਕਰਨ ਲਈ ਅਮ੍ਰਿਤਸਰ ਘੱਲ ਦਿੱਤੇ ਤੇ ਸਾਹਿਬਜ਼ਾਦਾ ਤੇਗ਼ ਬਹਾਦੁਰ ਜੀ ਨੂੰ ਮਾਤਾ ਨਾਨਕੀ ਸਮੇਤ ਬਕਾਲੇ ਜਾਣ ਦੀ ਆਗਿਆ ਹੋਈ ਤੇ ਸਾਹਿਬਜ਼ਾਦਾ ਬਾਬਾ ਸੂਰਜ ਮੱਲ ਅਤੇ ਅਣੀ ਰਾਇ ਜੀ ਨੂੰ ਸ੍ਰੀ ਗੁਰੂ ਹਰਿ ਰਾਇ ਜੀ ਦੇ ਨਾਲ ਰਹਿ ਕੇ ਕੀਰਤਪੁਰ ਦੀ ਸੇਵਾ ਸੌਂਪੀ ਗਈ । ਇਸ ਤਰ੍ਹਾਂ ਸਾਰੇ ਪ੍ਰਬੰਧ ਹੋਣ ਤੇ ਧਰਮ ਵੀਰ ਸ੍ਰੀ ਗੁਰੂ ਹਰਿਗੋਬਿੰਦ ਜੀ, ਜੋ ਹਮੇਸ਼ਾ ਰੱਬੀ ਰੰਗਣ ਵਿਚ ਰੰਗੇ ਰਹਿੰਦੇ ਸਨ, ਮਿਤੀ ਚੇਤ ਸੁਦੀ 5, ਸੰਮਤ 1701 ਬਿ. (ਮੁਤਾਬਿਕ 3 ਮਾਰਚ. ਸੰਨ 1644 ਈ.) ਨੂੰ ਕੀਰਤਪੁਰ ਦੇ ਸਥਾਨ ਪਰ ਜੋਤੀ ਜੋਤ ਸਮਾ ਗਏ ।

ਇਹ ਦੇਖ ਕੇ ਭਾਈ ਭਾਨਾ, ਗੁਰੂ ਹਰਿ ਰਾਇ ਜੀ, ਬਾਬਾ ਸੂਰਜ ਮੱਲ ਜੀ ਆਦਿ ਸਾਰੇ ਹੀ ਗੁਰਸਿੱਖ ਤੇ ਸੰਬੰਧੀ ਇਕੱਤ੍ਰ ਹੋ ਗਏ ਤੇ ਗੁਰਮਤਿ ਦੇ ਅਨੁਸਾਰ ਵਿਧੀ ਪੂਰਵਕ ਗੁਰੂ ਸਾਹਿਬ ਦੇ ਅੰਤਿਮ ਸੰਸਕਾਰ ਦੀ ਤਿਆਰੀ ਕੀਤੀ ਗਈ । ਕੀਰਤਪੁਰੋਂ ਥੋੜੀ ਦੂਰ ਦਰਿਆ ਸਤਲੁਜ ਦੇ ਕੰਢੇ, ਜਿੱਥੇ ਅਜ ਕਲ ਗੁਰਦੁਆਰਾ ਪਾਤਾਲਪੁਰੀ ਹੈ, ਚੰਦਨ ਦੀ ਚਿਖ਼ਾ ਸਵਾਰ ਕੇ ਬਣਾਈ ਗਈ। ਉਸ ਦੇ ਉੱਪਰ ਗੁਰੂ ਸਾਹਿਬ ਦਾ ਪੰਜ ਭੂਤਕ ਸਰੀਰ ਰੱਖ ਕੇ ਦਾਹ ਸੰਸਕਾਰ ਦੀ ਕ੍ਰਿਆ ਸੰਪੰਨ ਹੋਈ। ਮੁਹਸਨ ਫ਼ਾਨੀ ਦੇ ਕਥਨ ਅਨੁਸਾਰ ਜਦ ਚਿਖ਼ਾ ਨੂੰ ਅੱਗ ਦਿੱਤੀ ਗਈ ਤੇ ਉਸ ਦੀਆਂ ਲਾਟਾਂ ਅਸਮਾਨ ਨੂੰ ਛੁਹਣ ਲੱਗੀਆਂ ਤਾਂ ਇਕ ਬੜੀ ਹਿਰਦੇ ਵੇਧਕ ਘਟਨਾ ਹੋਈ ਕਿ ਗੁਰੂ ਸਾਹਿਬ ਦੇ ਸ਼ਰਧਾਲੂਆਂ ਵਿਚੋਂ ਰਾਜਾ ਰਾਮ ਨਾਮੀ ਇਕ ਰਾਜਪੂਤ ਹਠ ਕਰ ਕੇ ਉਸ ਮਚਦੀ ਚਿਖ਼ਾ ਵਿਚ ਕੁੱਦ ਪਿਆ ਤੇ ਕਈ ਕਦਮ ਚੱਲ ਕੇ ਉਸ ਨੇ ਗੁਰੂ ਜੀ ਦੇ ਚਰਨਾਂ ਉਤੇ ਆਪਣਾ ਸਿਰ ਰੱਖ ਦਿੱਤਾ। ਫੇਰ ਇਸੇ ਤਰ੍ਹਾਂ ਗੁਰੂ ਜੀ ਦੇ ਜਵਾਈ ਭਾਈ ਸਾਧੂ ਦੇ ਸੇਵਕ ਇਕ ਜੱਟ ਲੜਕੇ ਨੇ ਉਸ ਚਿਖ਼ਾ ਵਿਚ ਛਾਲ ਮਾਰੀ ਤੇ ਆਪਣਾ ਸਰੀਰ ਹਵਨ ਕੀਤਾ । ਪਿੱਛੋਂ ਉਸ ਦੀ ਦੇਖੋ ਦੇਖ ਇਸ ਤਰ੍ਹਾਂ ਕਈ ਹੋਰ ਸ਼ਧਾਲੂ ਵੀ ਉਸ ਚਿਖ਼ਾ ਵਿਚ ਕੁੱਦਣ ਤੇ ਸੜ ਮਰਨ ਲਈ ਤਿਆਰ ਹੋਏ, ਪਰ ਗੁਰੂ ਹਰਿ ਰਾਇ ਜੀ ਦੇ ਮਨਾਹੀ ਕਰਨ ਤੇ ਫੇਰ ਕੋਈ ਅਜਿਹੀ ਦੁਖਦਾਈ ਘਟਨਾ ਨਹੀਂ ਹੋਈ। ਇਹ ਹੈ ਦਲ ਭੰਜਨ ਗੁਰੂ ਸੂਰਮੇ ਸ੍ਰੀ ਗੁਰੂ ਹਰਿਗੋਬਿੰਦ ਜੀ ਦਾ ਸੰਖੇਪ ਜੀਵਨ। ਹੁਣ ਅੱਗੇ ਲਓ ਉਸ ਸਮੇਂ ਦੇ ਵੀਰ ਰਸੀ ਸਾਹਿੱਤ ਦੀ ਕੁਝ ਝਲਕ ।

ਗੁਰੂ ਜੀ ਦੇ ਢਾਡੀ ਤੇ ਉਨ੍ਹਾਂ ਦੀਆਂ ਵਾਰਾਂ :

ਮੀਰੀ ਪੀਰੀ ਦੇ ਮਾਲਿਕ ਸ੍ਰੀ ਗੁਰੂ ਹਰਿਗੋਬਿੰਦ ਜੀ ਦੀ ਰੰਗ ਭੂਮਿ ਦੇ ਦੋ ਬੰਦੀਜਨ ਅਥਵਾ ਢਾਡੀ ਸਨ — (1) ਮੀਰ ਅਬਦੁੱਲਾ ਤੇ (2) ਨੱਥ ਮੱਲ ਜਾਂ ਨੱਥਾ। ਇਹ ਦੋਵੇਂ ਸੱਕੇ ਭਰਾ ਪਿੰਡ ਸੁਰ ਸਿੰਘ (ਜ਼ਿਲਾ ਅਮ੍ਰਿਤਸਰ) ਦੇ ਵਸਨੀਕ ਸਨ। ਜ਼ਾਤਿ ਦੇ ਮਰਾਸੀ ਤੇ ਕਸਬ ਦੇ ਢਾਡੀ ਹੋਣ ਕਰ ਕੇ ਹੱਥ ਵਿਚ ਰਬਾਬ ਜਾਂ ਸਰੰਦਾ ਫੜ ਕੇ ਅਤੇ ਢੱਡ ਵਜਾ ਕੇ ਰਾਗ-ਤਾਨ ਵਿਚ ਉੱਚੀ ਆਵਾਜ਼ ਨਾਲ ਆਪਣੇ ਹੀ ਰਚੇ ਹੋਏ ਵੀਰ ਰਸੀ ਜੰਗ-ਨਾਮੇ ਜਾਂ ਵਾਰਾਂ ਦਾ ਆਲਾਪ ਕਰਨਾ ਇਨ੍ਹਾਂ ਦਾ ਨਿੱਤ ਦਾ ਕਰਤੱਵ ਸੀ। ਰਾਗ ਵਿਦਯਾ ਸਿੱਖਣ ਤੇ ਵੀਰ ਰਸੀ ਵਾਰਾਂ ਰਚਣ ਅਤੇ ਗਾਉਣ ਦੀ ਉਸ ਸਮੇਂ ਮਸ਼ਹੂਰ ਗਵੈਯਾਂ ਨੂੰ ਖ਼ਾਸ ਤੌਰ ਤੇ ਸਿਖਯਾ ਦਿੱਤੀ ਜਾਂਦੀ ਸੀ, ਤੇ ਇਹ ਸਿਖਯਾ ਵਿਸ਼ੇਸ਼ ਕਰ ਕੇ ਮਰਾਸੀ ਜਾਂ ਭੱਟ ਲੋਕ ਹੀ, ਜਿਨ੍ਹਾਂ ਦਾ ਕਿੱਤਾ ਮੁੱਢ ਤੋਂ ਇਹੋ ਸੀ, ਬੜਾ ਜਤਨ ਕਰ ਕੇ ਦਿੰਦੇ ਲੈਂਦੇ ਸਨ। ਇਕ ਅੱਛੇ ਕਵੀ ਵਿਦਵਾਨ ਵਾਂਗੂ ਛੰਦ, ਵਜ਼ਨ, ਬੋਲੀ ਤੇ ਵਿਆਕਰਣਕ ਠੁੱਕ ਦਾ, ਚਾਹੇ ਉਹ ਕਵਿਤਾ ਕਿਸੇ ਵੀ ਜ਼ਬਾਨ ਵਿਚ ਹੋਵੇ, ਪੂਰਾ ਧਿਆਨ ਰੱਖਣਾ ਤੇ ਪੂਰੀ ਤਰ੍ਹਾਂ ਉਸ ਦੇ ਪਾਬੰਦ ਰਹਿਣਾ ਅਜਿਹੇ ਲੋਕਾਂ ਵਾਸਤੇ ਖ਼ਾਸ ਤੌਰ ਤੇ ਜ਼ਰੂਰੀ ਸੀ।

ਰਾਜਸਥਾਨ ਤੇ ਪੰਜਾਬ ਦੀ ਵੀਰ ਪਰੰਪਰਾ ਦੇ ਅਨੁਸਾਰ ਢਾਡੀ ਅਤੇ ਭੱਟ ਉਸ ਸਮੇਂ ਰਾਜੇ, ਰਈਸਾਂ ਤੇ ਵੀਰ ਜੋਧਿਆਂ ਦੇ ਨਾਲ ਉਨ੍ਹਾਂ ਵਾਂਗੂ ਹੀ ਪੂਰੀ ਤਰ੍ਹਾਂ ਸਨੱਧ ਬੱਧ ਹੋ ਕੇ ਮੈਦਾਨਿ ਜੰਗ ਵਿਚ ਜਾਂਦੇ, ਉਚੀ ਆਵਾਜ਼ ਨਾਲ ਵਾਰਾਂ ਗਾ ਕੇ ਸੂਰਮਿਆਂ ਦਾ ਉਤਸ਼ਾਹ ਵਧਾਉਂਦੇ ਤੇ ਹਰੇਕ ਹਮਲੇ ਵਿਚ ਬੜੀ ਦਲੇਰੀ ਨਾਲ ਉਨ੍ਹਾਂ ਦੀ ਪੂਰੀ ਪੂਰੀ ਪੈਰਵੀ ਕਰਦੇ ਸਨ। ਮਹਾਰਾਜਾ ਪ੍ਰਿਥੀ ਰਾਜ ਚੁਹਾਨ ਤੇ ਉਨ੍ਹਾਂ ਦੇ ਦਰਬਾਰੀ ਕਵੀ ਚੰਦ ਅਤੇ ਰਾਜਸਥਾਨ ਜਾਂ ਪੰਜਾਬ ਦੇ ਹੋਰ ਕਵੀਆਂ ਅਤੇ ਢਾਡੀਆਂ ਦੀਆਂ ਅਜਿਹੀਆਂ ਕਈ ਮਿਸਾਲਾਂ, ਜਿਵੇਂ ਕਿ ਪ੍ਰਸਿੱਧ ਯੂਰੋਪੀਅਨ ਯਾਤਰੂ ਮਿਸਟਰ ਨਿਕੋਲਾਈ ਮਨੂਚੀ ਨੇ ਆਪਣੀ ਪੁਸਤਕ Storia Do Mogor or Story of Moguls ਵਿਚ ਲਿਖਿਆ ਹੈ, ਸਾਫ਼ ਤੇ ਸਪੱਸ਼ਟ ਰੂਪ ਵਿਚ ਮਿਲਦੀਆਂ ਹਨ।

ਏਕਣ ਹੀ ਗੁਰਬਿਲਾਸ ਪਾਤਸ਼ਾਹੀ ੬ ਦੇ ਕਥਨ ਅਨੁਸਾਰ ਮੀਰ ਅਬਦੁੱਲਾ ਤੇ ਨੱਥ ਮਲ ਢਾਡੀ ਵੀ, ਜਦ ਤੋਂ ਉਹ ਸ੍ਰੀ ਗੁਰੂ ਹਰਿਗੋਬਿੰਦ ਜੀ ਦੀ ਸੇਵਾ ਵਿਚ ਹਾਜ਼ਰ ਹੋਏ, ਹੋਰ ਢਾਡੀਆਂ ਵਾਕਰ ਹੀ ਇਸੇ ਅਸੂਲ ਦੇ ਪਾਬੰਦ ਹੋ ਕੇ ਮਨ, ਵਚਨ, ਕਰਮ ਤੋਂ ਹਮੇਸ਼ਾਂ ਗੁਰੂ ਜੀ ਦੇ ਹੁਕਮ ਵਿਚ ਤਤਪਰ ਰਹਿੰਦੇ ਸਨ, ਜਿਵੇਂ ਕਿ ਕਵਿ ਸੋਹਨ ਦਾ ਕਥਨ ਹੈ:—

ਪੁਨਿ ਢਾਢੀ ਕੋ ਬਚਨ ਸੁਨਾਏ।
ਰਹੋ ਨਿਕਟ ਹਮਰੇ ਸੁਖ ਪਾਏ।
ਵਾਰ ਸਭੀ ਸੂਰਨ ਕੀ ਗਾਵੋ।
ਠਾਢੇ ਆਗੇ ਨਿੱਤ ਸੁਨਾਵੋ ॥ ੬੪ ॥

ਤੇ ਫਿਰ—

ਹਰਿ ਗੁਬਿੰਦ ਗੁਰੁ ਪਰ ਉਪਕਾਰੀ,
ਢਾਢੀ ਅਬਦੂਲ ਲੀਓ ਹਕਾਰੀ।

ਇਹਿ ਬਿਧਿ ਤਾ ਕੋ ਬਚਨ ਸੁਨਾਏ ।
ਸੁਨਾਵੋ ਵਾਰ ਅਧਿਕ ਮਨ ਲਾਏ ॥ ੬੩ ॥

ਤੇ ਇਸ ਕੰਮ ਲਈ ਅਬਦੁਲ ਢਾਡੀ ਦਾ ਨਿਯਤ ਸਮਾਂ ਸੀ, ਰੋਜ਼ਾਨਾ ਸ਼ਾਮ ਨੂੰ ਸੋਦਰ ਰਹਿਰਾਸ ਦੇ ਪਾਠ ਤੋਂ ਬਾਦ—

ਸੋਦਰ ਪਾਛੇ ਧਰ ਚਿਤ ਪ੍ਰੇਮਾ ।
ਠਾਢਾ ਹੁਇ ਆਗੇ ਨਿਤ ਨੇਮਾ ।
ਬਚਨ ਗੁਰੁ ਕੇ ਸਤਿ ਕਰ ਮਾਨੇ ।
ਸੁਨਾਵੈ ਵਾਰ ਨਿਤ ਸੁਖ ਠਾਨੈ ॥[1] ੬੪ ॥

ਢਾਢੀ ਅਬਦੁੱਲ ਤੇ ਨੱਥੇ ਨੇ ਪਹਿਲੇ ਪਹਿਲ ਗੁਰੂ ਸਾਹਿਬ ਦੀ ਸੇਵਾ ਵਿਚ ਹਾਜ਼ਰ ਹੋਣ ਤੇ ਜੋ ਵਾਰ ਦੀ ਪਉੜੀ ਰਚ ਕੇ ਸੁਣਾਈ, ਉਹ ਇਸ ਪ੍ਰਕਾਰ ਹੈ:—

ਸਚਾ ਤਖ਼ਤ ਸੁਹਾਯੋ, ਸ੍ਰੀ ਗੁਰੁ ਪਾਇ ਕੈ ।
ਛਬਿ ਬਰਨੀ ਨਹਿ ਜਾਇ, ਕਹੋ ਕਿਆ ਗਾਇ ਕੈ ।
ਰਵਿ ਸਸਿ ਭਏ ਮਲੀਨ ਸੁ ਦਰਸ ਦਿਖਾਇ ਕੈ ।
ਸ੍ਰੀ ਗੁਰੁ ਤਖ਼ਤ ਵਿਰਾਜੇ ਪ੍ਰਭੁ ਕੋ ਧਿਆਇ ਕੈ ।
ਮੀਰ ਅਬਦੁੱਲਾ ਔ ਨੱਥਾ ਜਸ ਕਹੈ ਸੁਨਾਇ ਕੈ[2] ॥

ਏਕਣ ਹੀ ਉਨ੍ਹਾਂ ਢਾਡੀਆਂ ਨੇ ਇਕ ਪਉੜੀ ਸ੍ਰੀ ਗੁਰੂ ਹਰਿਗੋਬਿੰਦ ਜੀ ਦੇ ਵਡਾਲੀ (ਅਮ੍ਰਿਤਸਰ) ਦੇ ਸਥਾਨ ਪਰ ਅਵਤਾਰ ਧਾਰਨ ਬਾਰੇ ਵੀ ਰਚ ਕੇ ਸੁਣਾਈ ਸੀ, ਜੋ ਇਸ ਸੰਬੰਧ ਵਿਚ ਇਕ ਖ਼ਾਸ ਅਹਿਮੀਅਤ ਰੱਖਣ ਵਾਲੀ ਹੋਣ ਕਰ ਕੇ ਏਥੇ ਦਰਜ ਕੀਤੀ ਜਾਂਦੀ ਹੈ:—

ਸਤਿਗੁਰੁ ਵਿਚ ਵਡਾਲੀ ਦੇ ਜਨਮਿਆ, ਚੰਦ ਸੂਰਜ ਬਾਲਾ ਚੜ੍ਹੀਂਦਾ ।
ਇੰਦ੍ਰ ਨੇ ਪੰਘੂੜਾ ਭੇਜਿਆ ਸੁਰਗ ਤੋਂ, ਲਾਲ ਜਵਾਹਰ ਜੜੀਂਦਾ ।
ਪੰਘੂੜੇ ਨੋ ਡੋਰਾਂ ਪਾਈਆਂ ਰੇਸ਼ਮੀ, ਉਪਰ ਸਤਿਗੁਰੁ ਆਸਨ ਧਰੀਂਦਾ ।
ਸਿਹਰਾ ਗੁੰਦ ਲਿਆਈਆਂ ਅਪਸਰਾਂ, ਹੀਰੇ ਮਾਣਕ ਮੋਤੀ ਜ਼ਰੀ ਦਾ ।
ਤੁਧ ਗੋਪ ਉਠਾਈ ਪ੍ਰਿਥਵੀ, ਕ੍ਰਿਸਾਣ ਜਿਵਾਵੇ ਰੜੀ ਦਾ ।
ਢਾਢੀ ਨੂੰ ਬਖ਼ਸ਼ਾਂ ਬਖ਼ਸ਼ੇ ਸਤਿਗੁਰੂ, ਮੋਤੀ ਮਾਣਕ ਜੋ ਅਣ ਗਣੀਂਦਾ ।
ਤੇਰਾ ਨਾਮ ਲਿਆ ਗੁਰੂ ਹਰਿਗੋਬਿੰਦ, ਅਮਰਾਵਤਿ ਪਉੜੀ ਚੜ੍ਹੀਂਦਾ ।
ਕੌਣ ਬੰਦਾ ਤੁਧ ਨਾਲ ਅੜੀਂਦਾ ॥

ਇਸੇ ਤਰ੍ਹਾਂ ਇਕ ਪਉੜੀ ਵਿਚ ਉਨ੍ਹਾਂ ਨੇ ਗੁਰੂ ਸਾਹਿਬ ਦੇ ਮੀਰੀ ਪੀਰੀ ਦੀਆਂ ਦੋ ਤਲਵਾਰਾਂ ਧਾਰਨ ਕਰਨ ਤੇ ਬਾਦਸ਼ਾਹ ਜਹਾਂਗੀਰ ਨਾਲੋਂ ਸੀਸ ਉਤੇ ਅਤਿ ਸੋਹਣੀ ਪੱਗ ਸਜਾਉਣ ਦਾ ਜ਼ਿਕਰ ਵੀ ਬੜੇ ਨਿਧੜਕ ਹੋ ਕੇ ਕੀਤਾ ਹੈ:—

ਸਤਿਗੁਰੁ ਦੋ ਤਲਵਾਰੀ ਬੱਧੀਆਂ, ਇਕ ਮੀਰੀ ਤੇ ਇਕ ਪੀਰ ਦੀ ।
ਇਕ ਅਜ਼ਮਤ ਦੀ ਇਕ ਰਾਜ ਦੀ, ਇਕ ਰਾਖੀ ਕਰੇ ਵਜ਼ੀਰ ਦੀ ।

---

[1]ਦੇਖੋ, ਗੁਰ ਬਿਲਾਸ ਪਾਤਸ਼ਾਹੀ ੬ (ਕਵਿ ਸੋਹਨ), ਅਧਿਆਇ ੮ ।

[2]ਦੇਖੋ, ਗੁਰ ਬਿਲਾਸ ਪਾਤਸ਼ਾਹੀ ੬, ਅਧਿਆਇ ੮ ।

ਹਿੰਮਤ ਬਾਹਾਂ ਕੋਟ ਗੜ੍ਹ, ਦਰਵਾਜ਼ਾ ਬਲਖ਼ ਬਖ਼ੀਰ ਦੀ।
ਕਟਕ ਸਿਪਾਹੀ ਨੀਲ ਨਲ, ਮਾਰ ਦੁਸ਼ਟਾਂ ਕਰੇ ਤਗੀਰ ਜੀ।
ਪੱਗ ਤੇਰੀ ਕੀ ਜਹਾਂਗੀਰ ਦੀ ॥

ਮੀਰ ਅਬਦੁੱਲੇ ਤੇ ਨੱਥ ਮਲ ਦਾ ਇਹ ਵਾਰਾਂ ਗਾਉਣ ਦਾ ਹੁਨਰ ਸ਼ਿਰਫ਼ ਗੁਰੂ-ਦਰਬਾਰ ਤਕ ਹੀ ਸੀਮਿਤ ਨਹੀਂ ਸੀ, ਉਹ ਗੁਰੂ ਜੀ ਦੇ ਹੁਕਮ ਨਾਲ ਰਾਜਸਥਾਨ ਦੇ ਢਾਡੀਆਂ ਤੇ ਭੱਟਾਂ ਵਾਂਗੂ ਮੈਦਾਨਿ ਜੰਗ ਵਿਚ ਵੀ ਸਿੱਖ-ਸਿਪਾਹ ਦੇ ਨਾਲ ਹੀ ਸ਼ਾਨੇ ਬਸ਼ਾਨੇ ਹੋ ਕੇ ਬੜੀ ਦਲੇਰੀ ਨਾਲ ਚਲਦੇ ਤੇ ਜੋਧਿਆਂ ਦਾ ਉਤਸਾਹ ਵਧਾਉਂਦੇ ਹੋਏ ਉਥੇ ਜੋ ਕੁਝ ਅੱਖੀਂ ਦੇਖਦੇ ਸਨ, ਫੇਰ ਉਹੋ ਵਾਰਾਂ ਜਾਂ ਜੰਗਨਾਮਿਆਂ ਦਾ ਰੂਪ ਦੇ ਕੇ ਬੜੇ ਵੀਰ ਰਸੀ ਢੰਗ ਨਾਲ ਗੁਰੂ-ਦਰਬਾਰ ਅਗੇ ਗਾ ਕੇ ਸੁਣਾਉਂਦੇ ਸਨ।

ਸ੍ਰੀ ਗੁਰੂ ਹਰਿਗੋਬਿੰਦ ਜੀ ਨੇ, ਜਿਵੇਂ ਕਿ ਪਿੱਛੇ ਦੱਸਿਆ ਗਿਆ ਹੈ, ਬਾਦਸ਼ਾਹੀ ਫ਼ੌਜਾਂ ਨਾਲ ਚਾਰ ਜੰਗ—ਅੰਮ੍ਰਿਤਸਰ, ਸ੍ਰੀ ਹਰਿਗੋਬਿੰਦ ਪੁਰ, ਗੁਰੂ ਸਰ ਮਹਰਾਜ (ਮਾਲਵਾ) ਤੇ ਕਰਤਾਰ ਪੁਰ (ਜਾਲੰਧਰ), ਕੀਤੇ ਸਨ ਤੇ ਇਨ੍ਹਾਂ ਚਾਰੇ ਜੁੱਧਾਂ ਦੇ ਅੱਖੀਂ ਡਿੱਠੇ ਹਾਲ ਇਨ੍ਹਾਂ ਢਾਡੀਆਂ ਨੇ ਗੁਰੂ ਸਾਹਿਬ ਨੂੰ ਭਰੇ ਦਰਬਾਰ ਵਿਚ ਗਾ ਕੇ ਸੁਣਾਏ ਸਨ, ਜਿਸ ਦੀ ਗਵਾਹੀ ਗੁਰ ਬਿਲਾਸ ਪਾਤਸ਼ਾਹੀ ੬ (ਕਵੀ ਸੋਹਨ) ਆਦਿ ਇਤਿਹਾਸਿਕ ਪੁਸਤਕਾਂ ਵਿਚੋਂ ਮਿਲਦੀ ਹੈ। ਉਹ ਵਾਰਾਂ ਜਾਂ ਵਾਰ-ਟੋਟੇ ਤੇ ਸ਼ਸਤ੍ਰ-ਅਸਤ੍ਰਾਂ ਦੇ ਗੱਦ ਰੂਪ ਵੇਰਵੇ, ਜੋ ਇਨ੍ਹਾਂ ਜੁੱਧਾਂ ਦੇ ਸੰਬੰਧ ਵਿਚ ਸਨ, ਕੁਝ ਤਾਂ ਸਮੇਂ ਦੇ ਅੰਧਕਾਰ ਵਿਚ ਲੁਪਤ ਹੋ ਗਏ ਤੇ ਬਾਕੀ ਜੋ ਨਮੂਨੇ ਬਚੇ, ਉਨ੍ਹਾਂ ਵਿਚੋਂ ਕੁਝ ਵਿੱਕੋਲਿੱਤਰੀ ਹਾਲਤ ਵਿਚ ਹਨ, ਜੋ ਢਾਡੀ ਲੋਕ—ਕ੍ਰਮ ਅਨੁਸਾਰ ਇਸ ਤਰ੍ਹਾਂ ਗਾ ਕੇ ਦਸਦੇ ਹਨ:—

ਤਲਵਾਰਾਂ ਕਮਾਣਾਂ, ਘੋੜੇ, ਕਾਠੀਆਂ ਆਦਿ ਦੀਆਂ ਕਿਸਮਾਂ—"ਊਨਾ, ਸਿਰੋਹੀ, ਧੋਪ, ਮਿਸਰੀ, ਗੁਜਰਾਤੀ, ਹਲੱਬੀ, ਜੁਨੱਬੀ, ਦੋਦਾਮੀ, ਮਗਰਬੀ, ਮਾਰਪੇਚੀ, ਲਾਲੂ ਸ਼ਾਹੀ, ਚੌੜੇ ਤੇਗੇ, ਬਾਰ ਧਰੇ, ਖੰਡੇ, ਸੂਲ, ਸੈਫ਼ਾਂ, ਗੁਜਰਾਤੀ ਬੱਲਮ ਦੇ ਫੱਰ੍ਹੇ, ਹੁਸੈਨੀ ਪਿੱਪਲੇ, ਕੰਧਾਰ ਦ ਗੋਲੀਏ, ਠੱਠੀ, ਭੱਖਰੀ, ਸੋਹਣਾ ਮੋਹਣਾ ਓਤਾਖਾਨੀ, ਕੋਤਾ ਖ਼ਾਨੀ, ਸਰਹਿੰਦ ਦੇ ਸਫ਼ੈਦੇ ਤ ਲਾਹੌਰ ਦੇ ਤੂਤੀਏ, ਅੱਖਰਾਂ, ਭੁਅੱਖਰਾਂ, ਆਰਸਿਆਲੀਆਂ, ਸੋਨ-ਪਿਆਲੀਆਂ, ਕੇਵਜ਼ਾਂ ਤੇ ਵਰਗਸਤਾਨੀਆਂ ਆਦਿ।

ਤੇ ਫੇਰ ਵਾਰਾਂ ਸ਼ੁਰੂ ਹੁੰਦੀਆਂ ਹਨ, ਜਿਨ੍ਹਾਂ ਵਿਚੋਂ ਅੰਮ੍ਰਿਤਸਰ ਦੇ ਜੱਧ ਬਾਰੇ ਕੁਝ ਤੁਕਾਂ ਇਹ ਹਨ:—

ਧੱਗ ਘੁਰੇ ਚੰਚਾਇ।
ਗੁਰੂ ਨੇ ਧੂਹ ਮਿਸਰੀ ਕੱਢੀਆ, ਜੰਮੀ ਦਖਣਾਇ।
ਮੁਖ਼ਲਿਸ ਖਾਂ ਦੇ ਤਨ ਛੱਡੀਆ, ਰਤ ਪੀਵੈ ਤਿਹਾਇ।
ਜਣ ਕਰ ਗੰਗਾ ਛੱਟਣੀ, ਤੇਗ ਬੈਠੀ ਨ੍ਹਾਇ।
ਗਿਆਨੀ ਧਿਆਨੀ ਆਖਦੇ, ਜਸ ਨੱਥ ਮਲ ਢਾਡੀ ਗਾਇ ॥

ਇਸ ਤੋਂ ਬਿਨਾਂ ਕੁਝ ਪਉੜੀਆਂ ਸ੍ਰੀ ਹਰਿਗੋਬਿੰਦ ਪੁਰ, ਗੁਰੂ ਸਰ ਮਹਾਰਾਜ ਤੇ ਕਰਤਾਰਪੁਰ ਦੇ ਜੰਗਾਂ-ਜੁੱਧਾਂ ਬਾਰੇ ਵੀ ਢਾਡੀਆਂ ਕੋਲੋਂ ਮੇਰੇ ਨੋਟ ਵਿਚ ਆਈਆਂ ਸਨ, ਪਰ ਉਹ ਸੰਨ 1947 ਵਿਚ ਦੇਸ ਦੇ ਵੰਡਵਾਰੇ ਸਮੇਂ ਸਿੱਖ ਨੈਸ਼ਨਲ ਕਾਲਜ, ਲਾਹੌਰ ਹੀ ਰਹਿ ਗਈਆਂ, ਜਿਨ੍ਹਾਂ ਬਾਰੇ ਮੈਨੂੰ ਦਿਲੀ ਅਫ਼ਸੋਸ ਹੈ।

ਸਿੱਖਾਂ ਦੀ ਵੀਰ ਪਰੰਪਰਾ

ਤੀਜਾ ਦੌਰ

ਸ਼ਾਂਤਮਈ, ਵੀਰਤਾ ਤੇ ਆਤਮ-ਬਲਿਦਾਨ

(ਸੰਨ 1645--1675 ਈ.)

ਸ੍ਰੀ ਗੁਰੂ ਹਰਿ ਰਾਇ ਜੀ :

ਸ੍ਰੀ ਗੁਰੂ ਹਰਿਗੋਬਿੰਦ ਜੀ ਦੇ ਜੋਤੀ ਜੋਤ ਸਮਾਉਣ ਤੇ ਉਨ੍ਹਾਂ ਦੀ ਥਾਵੇਂ ਸ੍ਰੀ ਗੁਰੂ ਹਰਿ ਰਾਇ ਜੀ ਗੱਦੀ ਨਸ਼ੀਨ ਹੋਏ। ਜਿਸ ਤਰ੍ਹਾਂ ਸ੍ਰੀ ਗੁਰੂ ਨਾਨਕ ਦੇਵ ਜੀ ਤੋਂ ਲੈ ਕੇ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਸਮੇਂ ਤਕ ਬਾਬਾ ਬੁੱਢਾ ਤੇ ਫੇਰ ਛੇਵੇਂ ਗੁਰੂ ਦੇ ਸਮੇਂ ਭਾਈ ਗੁਰਦਾਸ ਜੀ ਗੁਰੂ-ਦਰਬਾਰ ਦਾ ਕੰਮ ਸੰਭਾਲਦੇ ਰਹੇ ਸਨ, ਉਸੇ ਤਰ੍ਹਾਂ ਸ੍ਰੀ ਗੁਰੂ ਹਰਿ ਰਾਇ ਜੀ ਨੇ ਆਪਣੇ ਦੀਵਾਨ ਭਾਈ ਦਰਗਹ ਮੱਲ ਜੀ ਥਾਪੇ, ਜੋ ਜਾਤੀ ਦੇ ਛਿੱਬਰ ਬ੍ਰਾਹਮਣ ਸਿੱਖ ਤੇ ਕਸ਼ਮੀਰ ਦੇ ਵਸਨੀਕ ਸਨ।

ਸ੍ਰੀ ਗੁਰੂ ਹਰਿ ਰਾਇ ਜੀ ਆਪਣੇ ਦਾਦਾ ਸ੍ਰੀ ਗੁਰੂ ਹਰਿਗੋਬਿੰਦ ਜੀ ਵਾਂਗੂ ਹੀ ਬੜੇ ਦੂਰ-ਅੰਦੇਸ਼, ਸ਼ਰਣਾਗਤ ਪ੍ਰਤਿਪਾਲਕ, ਸ਼ਾਂਤੀ ਤੇ ਵੀਰਤਾ ਦੇ ਪੁੰਜ, ਨਾਮ-ਬਾਣੀ ਦੇ ਰਸੀਏ, ਪਰਮ ਗੁਣੀ ਤੇ ਇਕ ਕਰਮਵੀਰ ਵਿਅਕਤੀ ਸਨ। ਸ੍ਰੀ ਗੁਰੂ ਹਰਿਗੋਬਿੰਦ ਜੀ ਨੇ ਚੂੰਕਿ ਸਿੱਖਾਂ ਦਾ ਸੈਨਿਕ ਸੰਗਠਨ ਕਰ ਕੇ ਮੁਗ਼ਲ ਹਕੂਮਤ ਨਾਲ ਸਿੱਧੀ ਟੱਕਰ ਲਈ ਸੀ, ਇਸ ਲਈ ਮੁਗ਼ਲੇਈ ਹਕੂਮਤ ਦੇ ਦਿਲ ਵਿਚ ਇਸ ਗੱਲੋਂ ਖਿਝ ਪੈਦਾ ਹੋਣ ਤੇ ਨਾ ਕੇਵਲ ਗੁਰੂ ਸਾਹਿਬ ਹੀ ਰੜਕਦੇ ਸਨ, ਸਗੋਂ ਉਨ੍ਹਾਂ ਦੇ ਜੋਧੇ ਸਿੱਖ ਤਾਂ ਹੋਰ ਵੀ ਕੰਡੇ ਵਾਂਗੂ ਚੁਭਦੇ ਸਨ। ਇਸ ਸਮੇਂ ਮੁਗ਼ਲ ਬਾਦਸ਼ਾਹ ਸ਼ਾਹਜਹਾਂ ਕਾਫ਼ੀ ਸਮਾਂ ਦੱਖਣ, ਮੱਧ ਭਾਰਤ ਤੇ ਬੰਗਾਲ ਦੀ ਬਗ਼ਾਵਤ ਦਬਾਉਣ ਵਿਚ ਰੁੱਝਿਆ ਰਿਹਾ, ਤੇ ਫੇਰ ਛੇਤੀ ਹੀ ਉਸ ਦੇ ਆਪਣੇ ਸ਼ਾਹਜ਼ਾਦਿਆਂ ਦੇ ਵਿਚਕਾਰ ਰਾਜ-ਗੱਦੀ ਦਾ ਝਗੜਾ ਛਿੜਨ ਤੇ ਗੁਰੂ ਸਾਹਿਬ ਨੂੰ ਸਿੱਖਾਂ ਸਮੇਤ ਕੁਝ ਸਮਾਂ ਇਕ ਪਾਸੇ ਰਹਿ ਕੇ ਹੋਰ ਵੀ ਅਮਨ ਨਾਲ ਗੁਜ਼ਾਰਨ ਦਾ ਮਿਲ ਗਿਆ, ਜਿਸ ਕਰ ਕੇ ਹੋਰ ਕੋਈ ਜੰਗੀ ਚੜ੍ਹਾਈ ਸ਼ਾਹਜਹਾਂ ਨੇ ਗੁਰੂ ਸਾਹਿਬ ਦੇ ਉੱਪਰ ਨਾ ਕੀਤੀ।

ਸ਼ਾਹਜਹਾਂ ਦੇ ਚਾਰ ਸ਼ਾਹਜ਼ਾਦੇ ਸਨ — (1) ਦਾਰਾ ਸ਼ਿਕੋਹ, (2) ਮੁਰਾਦ, (3) ਔਰੰਗਜ਼ੇਬ ਅਤੇ (4) ਸ਼ੁਜਾਅ। ਸ਼ਾਹਜ਼ਾਦਾ ਦਾਰਾ ਸ਼ਿਕੋਹ, ਜੋ ਉਮਰ ਵਿਚ ਸਭ ਤੋਂ ਵੱਡਾ ਸੀ, ਸਰਬ ਗੁਣ ਸੰਪੰਨ ਤੇ ਸ਼ਾਹਜਹਾਂ ਦਾ ਬਹੁਤਾ ਆਗਿਆਕਾਰ ਸੀ ਜਿਸ ਕਰ ਕੇ ਬਾਦਸ਼ਾਹ ਉਸ ਨੂੰ ਰਾਜ-ਗੱਦੀ ਦਾ ਖ਼ਾਸ ਤੌਰ ਤੇ ਹੱਕਦਾਰ ਸਮਝਦਾ ਸੀ, ਪਰ ਉਸ ਦੇ ਮੁਕਾਬਲੇ ਤੇ ਮੰਝਲਾ ਸ਼ਾਹਜ਼ਾਦਾ ਔਰੰਗਜ਼ੇਬ ਬਹੁਤਾ ਲਾਲਚੀ, ਚੁਸਤ, ਚਾਲਾਕ ਤੇ ਲੂੰਬੜੀ ਵਾਂਗ ਮੀਸਣੀਆਂ ਚਾਲਾਂ ਚੱਲਣ ਵਿਚ ਵਧੇਰੇ ਮਾਹਿਰ ਹੋਣ ਕਰ ਕੇ ਇਕ ਪਾਸੇ ਤਾਂ ਸ਼ਾਹਜ਼ਾਦਾ

ਮੁਰਾਦ ਤੇ ਸ਼ੁਜਾਅ ਨੂੰ ਰਾਜ-ਗੱਦੀ ਦਾ ਲਾਲਚ ਦਿਵਾਂਦਾ ਹੋਇਆ ਇਕ ਦੂਜੇ ਤੋਂ ਨਿਖੇੜ ਰਿਹਾ ਸੀ ਤੇ ਦੂਜੇ ਵੰਨੇ ਰਾਜ-ਦਰਬਾਰੀਆਂ ਨਾਲ ਸਾਜ਼ਿਸ਼ ਕਰ ਕੇ ਪਿਤਾ-ਪਿਤਾਮਾ ਦੀ ਸਾਰੀ ਦੀ ਸਾਰੀ ਹਕੂਮਤ ਆਪ ਹੀ ਹੜੱਪ ਲੈਣ ਦਾ ਚਾਹਵਾਨ ਸੀ। ਇਸੇ ਭਾਵਨਾ ਦੇ ਅਧੀਨ ਇਕ ਵੇਰ ਔਰੰਗਜ਼ੇਬ ਨੇ ਅਚਾਣਕ ਕਿਸੇ ਰਸੋਈਏ ਨਾਲ ਸਾਜ਼ਿਸ਼ ਕਰ ਕੇ ਸ਼ਾਹਜ਼ਾਦਾ ਦਾਰਾ ਸ਼ਿਕੋਹ ਨੂੰ ਸ਼ੇਰ ਦੀ ਮੁੱਛ ਦਾ ਵਾਲ ਖਵਾ ਦਿੱਤਾ, ਜਿਸ ਕਰਕੇ ਸ਼ਾਹਜ਼ਾਦਾ ਦਿਨੋਂ ਦਿਨ ਮਾਂਦਾ ਹੋਣ ਲੱਗ ਪਿਆ। ਜਦ ਸ਼ਾਹੀ ਹਕੀਮਾਂ ਤੋਂ ਉਹ ਰਾਜ਼ੀ ਨਾ ਹੋ ਸਕਿਆ ਤਾਂ ਕਿਸੇ ਸਿਆਣੇ ਦੇ ਦੱਸ ਪਾਉਣ ਤੇ ਦਸ ਤੋਲੇ ਦੀ ਹਰੜ ਤੇ ਚਾਰ ਤੋਲੇ ਦੇ ਲੌਂਗ ਦੀ ਭਾਲ ਹੋਣ ਲੱਗੀ। ਪਰ ਇਹ ਦੁਰਲੱਭ ਚੀਜ਼ਾਂ ਮਿਲਣ ਕਿੱਥੋਂ ? ਛੇਕੜ ਕਿਸੇ ਸਿੱਖ ਦੀ ਜ਼ਬਾਨੀ ਪਤਾ ਲੱਗਣ ਤੇ ਇਹ ਚੀਜ਼ਾਂ ਸ੍ਰੀ ਗੁਰੂ ਹਰਿ ਰਾਇ ਜੀ ਦੇ ਤੋਸ਼ੇ ਖ਼ਾਨਿਓਂ ਮਿਲ ਗਈਆਂ, ਜੋ ਗੁਰੂ ਸਾਹਿਬ ਨੂੰ ਕਿਸੇ ਫ਼ਕੀਰ ਨੇ ਲਿਆ ਕੇ ਦਿੱਤੀਆਂ ਸਨ। ਸ਼ਾਹਜ਼ਾਦਾ ਦਾਰਾ ਸ਼ਿਕੋਹ ਇਨ੍ਹਾਂ ਦੋਹਾਂ ਚੀਜ਼ਾਂ ਦੇ ਖਾਣ ਤੇ ਤੰਦਰੁਸਤ ਹੋ ਗਿਆ।

ਬਾਦਸ਼ਾਹ ਜਹਾਂਗੀਰ ਤੇ ਸ਼ਾਹਜਹਾਂ ਦੇ ਸਮੇਂ ਵਿਚ ਜਿਸ ਤਰ੍ਹਾਂ ਗੁਰੂ ਘਰ ਦਾ ਪ੍ਰੇਮੀ ਨਵਾਬ ਵਜ਼ੀਰ ਖ਼ਾਨ ਚਿਨਿਓਟ ਵਾਲਾ ਸੀ, ਉਸੇ ਤਰ੍ਹਾਂ ਹੁਣ ਵੀ ਸ਼ਾਹੀ ਦਰਬਾਰ ਵਿਚ ਅਜਿਹੇ ਸ਼੍ਰਧਾਲੂਆਂ ਦੀ, ਜੋ ਗੁਰੂ ਘਰ ਨਾਲ ਚੰਗਾ ਦਿਲੀ ਸਨੇਹ ਰਖਦੇ ਸਨ, ਕਮੀ ਨਹੀਂ ਸੀ। ਸ਼ਾਹਜ਼ਾਦਾ ਦਾਰਾ ਸ਼ਿਕੋਹ ਵੀ ਉਨ੍ਹਾਂ ਵਿਚੋਂ ਹੀ ਇਕ ਸੀ। ਇਹ ਸ਼ਾਹਜ਼ਾਦਾ ਅਰਬੀ-ਫ਼ਾਰਸੀ ਤੇ ਸੰਸਕ੍ਰਿਤ ਦਾ ਚੰਗਾ ਆਲਮ, ਸੂਫ਼ੀ ਫ਼ਿਲਾਸਫ਼ੀ ਦਾ ਮਾਹਿਰ ਤੇ ਪੱਕਾ ਵੇਦਾਂਤੀ ਹੋਣ ਕਰ ਕੇ ਨਾ ਕੇਵਲ ਮੁਸਲਮਾਨ ਫ਼ਕੀਰਾਂ ਨਾਲ ਹੀ ਮੇਲ-ਜੋਲ ਰੱਖਦਾ ਸੀ, ਸਗੋਂ ਹਿੰਦੂ ਫ਼ਕੀਰਾਂ ਦੇ ਨਾਲ ਵੀ ਇਸ ਦੀ ਦਿਲੀ ਅਕੀਦਤ ਸੀ। ਇਸੇ ਕਾਰਣ ਇਹ ਕੀਰਤਪੁਰ ਪਹੁੰਚ ਕੇ ਸ੍ਰੀ ਗੁਰੂ ਹਰਿ ਰਾਇ ਜੀ ਨੂੰ ਤੇ ਪਿੰਡ ਧਿਆਨ ਪੁਰ ਕੋਟਲੀ ਇਲਾਕਾ ਬਟਾਲਾ (ਗੁਰਦਾਸਪੁਰ) ਪਹੁੰਚ ਕੇ ਬਾਬਾ ਲਾਲ ਵੈਰਾਗੀ ਨੂੰ ਮਿਲਿਆ ਕਰਦਾ ਸੀ। ਇਹੋ ਜਿਹਾ ਹਰਮਨ ਪਿਆਰਾ ਤੇ ਸੁਲਹ ਕੁਲ ਸੁਭਾਉ ਹੋਣ ਦੇ ਕਾਰਣ ਹੀ ਸਾਰੀ ਪ੍ਰਜਾ ਦੇ ਇਨਸਾਫ਼ ਪਸੰਦ ਹਿੰਦੂ ਤੇ ਮੁਸਲਮਾਨ ਦਾਰਾ ਦੇ ਨਾਲ ਇਕੋ ਜਿਹਾ ਸਨੇਹ-ਭਾਵ ਰਖਦੇ ਸਨ। ਔਰੰਗਜ਼ੇਬ ਇਸ ਗੱਲੋਂ ਖਿਝਦਾ ਤੇ ਦਾਰਾ ਨੂੰ ਕਾਫ਼ਰ ਕਹਿ ਕੇ ਹਮੇਸ਼ਾਂ ਬਦਨਾਮ ਕਰਦਾ ਰਹਿੰਦਾ ਸੀ।

ਸਮੇਂ ਦੇ ਇਸ ਪਰਿਵਰਤਨ ਦੇ ਨਾਲੋ ਨਾਲ ਸ੍ਰੀ ਗੁਰੂ ਹਰਿ ਰਾਇ ਜੀ ਵਲੋਂ ਗੁਰਮਤਿ ਤੇ ਸ਼ਸਤ੍ਰ ਵਿਦਯਾ ਦੇ ਪ੍ਰਚਾਰ ਦਾ ਡੰਕਾ ਦੇਸ ਦੇ ਕੋਨੇ ਕੋਨੇ ਵਿਚ ਵੱਜ ਰਿਹਾ ਸੀ ਤੇ ਇਸੇ ਕਾਰਣ ਆਜ਼ਾਦੀ ਪਸੰਦ ਸਿੱਖਾਂ ਦੀ ਗਿਣਤੀ ਦਿਨੋਂ ਦਿਨ ਵੱਧ ਰਹੀ ਸੀ। ਪ੍ਰਚਾਰ ਦੇ ਇਸ ਕੰਮ ਵਾਸਤੇ ਦੂਰ ਨੇੜੇ ਜਿੱਥੇ ਵੀ ਲੋੜ ਪੈਂਦੀ ਉਥੇ ਹੀ ਚੰਗੇ ਚੰਗੇ ਤਜਰਬੇਕਾਰ ਵਿਦਵਾਨ ਸਿੱਖਾਂ ਨੂੰ ਗੁਰੂ ਸਾਹਿਬ ਭੇਜ ਦਿੰਦੇ ਸਨ, ਪਰ ਫੇਰ ਵੀ ਜਿੱਥੇ ਕਿਸੇ ਕਾਰਣ ਪ੍ਰਚਾਰਕ ਕੰਮ ਨਾ ਦੇ ਸਕਦੇ, ਉਥੇ ਗੁਰੂ ਸਾਹਿਬ ਖ਼ੁਦ ਸਿੱਖਾਂ ਦੇ ਅਰਜ਼ ਕਰਨ ਤੇ ਪਹੁੰਚ ਜਾਂਦੇ ਸਨ। ਗੁਰੂ ਸਾਹਿਬ ਦੇ ਇਸ ਪ੍ਰਚਾਰ ਦਾ ਨਤੀਜਾ ਇਹ ਹੋਇਆ ਕਿ ਥੋੜੇ ਸਮੇਂ ਵਿਚ ਹੀ ਸਿੱਖ ਜੋਧਿਆਂ ਦੀ ਨਫ਼ਰੀ 300 ਸਵਾਰਾਂ ਦੀ ਥਾਵੇਂ ਵਧ ਕੇ 2200 ਸਵਾਰਾਂ ਤੱਕ ਅੱਪੜ ਗਈ ਤੇ ਜੋ ਤੋਪਾਂ ਦੀ ਗਿਣਤੀ ਵਧੀ, ਉਹ ਇਸ ਤੋਂ ਅਲੱਗ ਸੀ।

ਕਹਿਲੂਰ ਦਾ ਰਾਜਾ ਤਾਰਾ ਚੰਦ, ਜਿਸ ਦੇ ਇਲਾਕੇ ਵਿਚ ਗੁਰੂ ਜੀ ਨੇ ਕੀਰਤਪੁਰ ਨਗਰ ਵਸਾਇਆ ਸੀ, ਸੰਨ 1645 ਵਿਚ ਆਪਣੇ ਪਿਤਾ ਕਲਿਆਣ ਚੰਦ ਦੇ

ਮਰਨ ਤੇ ਗੱਦੀ ਬੈਠਾ ਸੀ, ਪਰ ਉਹ ਸਮੇਂ ਦੀ ਨਬਜ਼ ਤੋਂ ਅਨਜਾਣ ਹੋਣ ਕਰਕੇ ਅਚਾਣਕ ਆਪਣੇ ਹੀ ਦਰਬਾਰੀਆਂ ਨਾਲ ਵਿਗੜ ਬੈਠਾ, ਜਿਸ ਕਰਕੇ ਸ਼ਾਹਜਹਾਂ ਦੇ ਹੁਕਮ ਨਾਲ ਸੰਨ 1647 ਵਿਚ ਨਵਾਬ ਨਜਾਬਤ ਖ਼ਾਨ ਨੇ ਕਹਿਲੂਰ ਉਤੇ ਹੱਲਾ ਕੀਤਾ ਤੇ ਉਸ ਨੂੰ ਗ੍ਰਿਫ਼ਤਾਰ ਕਰ ਲਿਆ, ਪਰ ਫੇਰ ਛੇਤੀ ਹੀ ਰਿਸ਼ਵਤ ਖਾ ਕੇ ਛੱਡ ਦਿੱਤਾ। ਇਸ ਸਮੇਂ ਅਚਾਣਕ ਮੌਕਾ ਤਾੜ ਕੇ ਉਸ ਦੀ ਰਿਆਸਤ ਦਾ ਕੁਝ ਹਿੱਸਾ ਗਵਾਂਢੀ ਰਈਸਾਂ ਨੇ ਦੱਬ ਲਿਆ। ਗੁਰੂ ਹਰਿ ਰਾਇ ਜੀ ਇਸ ਘਟਨਾ ਤੋਂ ਕੁਝ ਸਮਾਂ ਪਹਿਲਾਂ ਹੀ ਅਚਾਣਕ ਸਰਹਿੰਦ ਥੀਂ ਹੁੰਦੇ ਹੋਏ ਮਾਲਵੇ ਵਲ ਚਲੇ ਗਏ ਸਨ, ਇਸ ਲਈ ਸਮੇਂ ਸਿਰ ਰਾਜਾ ਤਾਰਾ ਚੰਦ ਦੀ ਕੋਈ ਸਹਾਇਤਾ ਨਾ ਕਰ ਸਕੇ।

ਫੇਰ ਸੰਨ 1650 ਵਿਚ ਰਾਜਾ ਤਾਰਾ ਚੰਦ ਦਾ ਦੇਹਾਂਤ ਹੋਣ ਤੇ ਉਸ ਦੀ ਥਾਵੇਂ ਰਾਜਾ ਦੀਪ ਚੰਦ ਗੱਦੀ ਉਤੇ ਬੈਠਾ। ਇਹ ਰਾਜਾ ਮੁੱਢੋਂ ਹੀ ਬੜਾ ਦਲੇਰ, ਦੂਰ-ਅੰਦੇਸ਼ ਤੇ ਅਕਲ ਮੰਦ ਸੀ, ਇਸ ਲਈ ਇਸ ਨੇ ਅਕਲ ਦੇ ਪੇਚ ਪਾ ਕੇ ਮੁਗ਼ਲਾਂ ਦੀ ਗ਼ੁਲਾਮੀ ਕਿਸੇ ਹੱਦ ਤਕ ਛੱਡੀ ਤੇ ਨਗਰ ਸਨ੍ਹਾਨੀ ਦੀ ਥਾਵੇਂ ਨਵਾਂ ਨਗਰ ਬਿਲਾਸਪੁਰ ਵਸਾ ਕੇ ਉਥੇ ਆਪਣੀ ਰਾਜਧਾਨੀ ਬਦਲ ਲਈ। ਇਸ ਦੀ ਰਾਣੀ ਚੰਪਾ ਤਾਂ ਗੁਰੂ ਘਰ ਦੀ ਬੜੀ ਹੀ ਸ਼ਰਧਾਲੂ ਸੀ, ਪਰ ਰਾਜਾ ਦਿਲੋਂ ਵਿਰੋਧਤਾ ਕਰਨ ਲੱਗਾ, ਜਿਸ ਕਰਕੇ ਸੰਨ 1656 ਵਿਚ ਸਿੱਖਾਂ ਨੇ ਗੁਰੂ ਜੀ ਦੇ ਹੁਕਮ ਨਾਲ ਕਹਿਲੂਰ ਉਤੇ ਹਮਲਾ ਕੀਤਾ ਤੇ ਫ਼ਤਿਹ ਪ੍ਰਾਪਤ ਕਰ ਲਈ। ਰਾਜਾ ਦੀਪ ਚੰਦ ਇਸ ਸਮੇਂ ਅਚਾਣਕ ਬਿਲਾਸਪੁਰ ਛੱਡ ਕੇ ਰਾਜਾ ਕਾਂਗੜਾ ਦੇ ਸੱਦਣ ਤੇ ਨਦੌਣ ਵਲ ਖਿਸਕ ਗਿਆ, ਜਿੱਥੇ ਉਹ ਕਿਸੇ ਵਿਰੋਧੀ ਆਦਮੀ ਦੇ ਹੱਥੋਂ ਜ਼ਹਿਰ ਖਾਣ ਤੇ ਮਰ ਗਿਆ। ਰਾਜਾ ਦੀਪ ਚੰਦ ਤੋਂ ਪਿੱਛੋਂ ਉਸ ਦੇ ਭਰਾ ਮਾਣਕ ਚੰਦ ਨੇ ਵਜ਼ੀਰ ਬਣ ਕੇ ਰਿਆਸਤ ਬਿਲਾਸਪੁਰ ਦਾ ਪ੍ਰਬੰਧ ਸਾਂਭਿਆ, ਪਰ ਉਹ ਦਿਲ ਦਾ ਕੁਟਿਲ ਹੋਣ ਕਰ ਕੇ ਛੇਤੀ ਹੀ ਇਸ ਅਹੁਦੇ ਤੋਂ ਹਟਾ ਦਿੱਤਾ ਗਿਆ ਤੇ ਰਾਜਾ ਦੀਪ ਚੰਦ ਦਾ ਪੁੱਤ੍ਰ ਰਾਜਾ ਭੀਮ ਚੰਦ, ਜੋ ਇਸ ਸਮੇਂ ਉਮਰ ਵਿਚ ਛੋਟਾ ਹੀ ਸੀ, ਸੰਨ 1667 ਵਿਚ ਬਿਲਾਸਪੁਰ ਦੀ ਗੱਦੀ ਉਤੇ ਬੈਠਾ।

ਸੰਨ 1656 ਵਿਚ ਜਦ ਸ੍ਰੀ ਗੁਰੂ ਹਰਿ ਰਾਇ ਜੀ ਮਾਲਵਾ ਲੰਘ ਕੇ ਇਲਾਕਾ ਮਾਝਾ ਦਾ ਦੌਰਾ ਅਜੇ ਕਰ ਹੀ ਰਹੇ ਸਨ ਤਾਂ ਅਚਾਣਕ ਬਾਦਸ਼ਾਹ ਸ਼ਾਹਜਹਾਂ ਦੇ ਸ਼ਾਹਜ਼ਾਦਿਆਂ ਦੇ ਵਿਚਕਾਰ ਪਰਸਪਰ ਲੜਾਈ ਛਿੜਨ ਦੀ ਖ਼ਬਰ ਆਈ ਤੇ ਸ਼ਾਹਜ਼ਾਦਾ ਦਾਰਾ ਸ਼ਿਕੋਹ, ਜੋ ਔਰੰਗਜ਼ੇਬ ਦੇ ਹੱਥੋਂ ਸ਼ਾਮੂ ਗੜ੍ਹ (ਆਗਰਾ) ਦੇ ਮੈਦਾਨਿ ਜੰਗ ਵਿਚ ਭਾਂਜ ਖਾ ਕੇ ਨੱਸ ਗਿਆ ਸੀ, ਇਸ ਸਮੇਂ ਬੜੀ ਮੁਸ਼ਕਿਲ ਨਾਲ ਦਰਿਆ ਬਿਆਸ ਲੰਘ ਕੇ ਲਾਹੌਰ ਨੂੰ ਜਾਂਦਾ ਹੋਇਆ ਤਰਨਤਾਰਨ ਦੇ ਸਥਾਨ ਪਰ ਗੁਰੂ ਸਾਹਿਬ ਦੇ ਪਾਸ ਪੁੱਜਾ ਤੇ ਬੇਨਤੀ ਕੀਤੀ ਕਿ "ਉਸ ਦੇ ਛੋਟੇ ਭਾਈ ਔਰੰਗਜ਼ੇਬ ਦੀ ਫ਼ੌਜ ਉਸ ਦਾ ਪਿੱਛਾ ਬੜੀ ਤੇਜ਼ੀ ਨਾਲ ਕਰਦੀ ਆ ਰਹੀ ਹੈ। ਜੇ ਉਸ ਫ਼ੌਜ ਨੂੰ ਕਿਸੇ ਤਰ੍ਹਾਂ ਗੋਇੰਦਵਾਲ ਦੇ ਪੱਤਣ ਤੇ ਹੀ ਰੋਕਿਆ ਜਾਵੇ ਤਾਂ ਉਸ ਦਾ ਬਚਾਉ ਹੋ ਸਕਦਾ ਹੈ।" ਗੁਰੂ ਸਾਹਿਬ ਨੇ ਇਹ ਬੇਨਤੀ ਸੁਣ ਕੇ ਦਾਰਾ ਸ਼ਿਕੋਹ ਨੂੰ ਬੜਾ ਧੀਰਜ-ਦਿਲਾਸਾ ਦਿੱਤਾ ਤੇ ਆਪਣੀ ਸਿਪਾਹ ਗੋਇੰਦਵਾਲ ਭੇਜ ਕੇ ਦਰਿਆ ਬਿਆਸ ਦੇ ਕੰਢੇ ਤੋਪਾਂ ਦੇ ਕੁਝ ਫ਼ਾਇਰ ਕਰਵਾ ਦਿੱਤੇ[1] ਜਿਸ ਕਰ ਕੇ ਔਰੰਗਜ਼ੇਬ ਦੀ ਫ਼ੌਜ

[1]ਦੇਖੋ, ਗਿਆਨੀ ਗਿਆਨ ਸਿੰਘ, ਤਵਾਰੀਖ਼ ਗੁਰੂ ਖ਼ਾਲਸਾ, ਭਾਗ ੧, ਗੁਰੂ ੭, (ਛਾਪਾ ਪੱਥਰ), ਸੰਨ ੧੮੯੧, ਸਫ਼ਾ ੨੫੭।

ਜੋ ਅਜੇ ਪਰਲੇ ਪਾਰ ਦਰਿਆ ਬਿਆਸ ਦੇ ਦਹਾਨੇ ਉੱਤੇ ਅੱਪੜੀ ਹੀ ਸੀ, ਉਸੇ ਥਾਂ ਰੁਕ ਗਈ ਤੇ ਸ਼ਾਹਜ਼ਾਦਾ ਦਾਰਾ ਸ਼ਿਕੋਹ ਬਚ ਕੇ ਉਥੋਂ ਦੂਰ ਨਿਕਲ ਗਿਆ । ਇਸ ਤਰ੍ਹਾਂ ਜਤਨ ਕਰਨ ਤੇ ਕੁਝ ਸਮੇਂ ਲਈ ਉਸ ਦਾ ਬਚਾਉ ਤਾਂ ਹੋ ਗਿਆ, ਪਰ ਫੇਰ ਉਹ ਛੇਤੀ ਹੀ ਗ੍ਰਿਫ਼ਤਾਰ ਹੋਣ ਤੇ ਸ਼ਾਹਜ਼ਾਦਾ ਸਿਪਹਰ ਸ਼ਿਕੋਹ ਸਮੇਤ ਦਿੱਲੀ ਲਿਜਾ ਕੇ ਬੁਰੀ ਤਰ੍ਹਾਂ ਕਤਲ ਕਰ ਦਿੱਤਾ ਗਿਆ ।

ਔਰੰਗਜ਼ੇਬ ਇਸ ਤਰ੍ਹਾਂ ਸੰਨ 1658 ਵਿਚ ਆਪਣੇ ਸੱਕੇ ਭਾਈ ਦਾਰਾ ਸ਼ਿਕੋਹ ਨੂੰ ਮਾਰ ਕੇ ਤੇ ਪੂਜਯ ਪਿਤਾ ਸ਼ਾਹਜ਼ਹਾਂ ਨੂੰ ਆਗਰੇ ਦੇ ਬੰਦੀਖ਼ਾਨੇ ਸੁੱਟ ਕੇ ਖ਼ੁਦ ਹਿੰਦੁਸਤਾਨ ਦੇ ਤਖ਼ਤ-ਤਾਜ ਦਾ ਮਾਲਿਕ ਬਣ ਗਿਆ ਤੇ ਉਸ ਨੇ ਆਪਣੇ ਹੋਰ ਭਾਈ-ਭਰਾ ਸ਼ਾਹਜ਼ਾਦਾ ਮੁਰਾਦ ਤੇ ਸੁਜ਼ਾਅ ਵੀ ਸਣੇ ਭਤੀਜਿਆਂ ਦੇ, ਜੋ ਇਸ ਸਮੇਂ ਦੂਰ ਨੇੜਿਓਂ ਕਿਸੇ ਤਰ੍ਹਾਂ ਉਸ ਦੇ ਹੱਥ ਆਏ, ਕਤਲ ਕਰਵਾ ਦਿੱਤੇ, ਪਰ ਫੇਰ ਵੀ ਉਹ ਇਸ ਤਰ੍ਹਾਂ ਘੋਰ ਅਪਰਾਧੀ ਹੋਣ ਦੇ ਬਾਵਜੂਦ ਭਾਈ ਕੇਸਰ ਸਿੰਘ ਛਿੱਬਰ ਦੇ ਕਥਨ ਅਨੁਸਾਰ ਪਾਕ ਮੋਮਨਾਂ ਵਾਂਗੁ ਪੱਕਾ ਸ਼ਰਈ ਤੇ ਦੀਨਦਾਰ ਬਣਿਆ ਰਿਹਾ—

ਤਪ ਕਰੇ, ਧਾਨ ਰਾਜ ਦਾ ਖਾਂਦਾ ਨਾਹਾ ।
ਟੋਪੀ ਸੀਵੇ, ਕੁਰਾਨ ਲਿਖਿ ਵੇਚਿ ਦਾਮ ਮੰਗਾਏ ।
ਦਸਾਂ ਨੌਹਾਂ ਦੀ ਮਿਹਨਤ ਕਰਿ ਖਾਏ ।
ਰੈਨ ਸਿਹਜਾ ਭੂਮਿ ਪਰ ਕਰੇ ।
ਤਲੇ ਫੂੜੀ ਦੇ ਕੰਕਰ ਧਰੇ ।
ਹਥ ਤਸਬੀ ਅਰੁ ਕਰੇ ਬੰਦਗੀ ।
ਹੈ ਸੀ ਪੱਖੀ ਪੱਕਾ, ਏਹ ਬੜੀ ਗੰਦਗੀ[1] ॥ ੪੯ ॥

ਸ਼ਾਹਜਹਾਂ ਦਾ ਦੇਹਾਂਤ ਇਸ ਤਰ੍ਹਾਂ ਨਜ਼ਰਬੰਦੀ ਦੀ ਹਾਲਤ ਵਿਚ ਹੀ ਇਸ ਤੋਂ ਲੱਗਭਗ 8-9 ਵਰ੍ਹੇ ਪਿੱਛੋਂ ਸੰਨ 1666 ਵਿਚ ਆਗਰੇ ਹੋਇਆ, ਜਿੱਥੇ ਉਹ ਤਾਜ ਮਹਲ ਵਿਚ ਆਪਣੀ ਬੇਗਮ ਮੁਮਤਾਜ਼ ਮਹਲ ਦੇ ਮਕਬਰੇ ਕੋਲ ਹੀ ਦਫ਼ਨਾਇਆ ਗਿਆ । ਔਰੰਗਜ਼ੇਬ ਨੇ ਇਸ ਤੋਂ ਪਹਿਲਾਂ ਹੀ ਗੱਦੀ ਬੈਠਣਸਾਰ ਅਜਿਹਾ ਰਾਜ-ਤੇਜ ਦਿਖਾਇਆ ਕਿ ਬਨਾਰਸ, ਮਥੁਰਾ, ਜੈਪੁਰ, ਜੋਧਪੁਰ ਆਦਿ ਸਥਾਨਾਂ ਦੇ ਬਹੁਤ ਸਾਰੇ ਹਿੰਦੂ ਮੰਦਿਰ ਹੁਕਮਨ ਢਾਹੇ ਗਏ ਤੇ ਉਨ੍ਹਾਂ ਦੀ ਥਾਵੇਂ ਮਸੀਤਾਂ ਉਸਾਰੀਆਂ ਗਈਆਂ, ਹਿੰਦੂਆਂ ਤੇ ਉਨ੍ਹਾਂ ਦੇ ਪ੍ਰਸਿੱਧ ਤੀਰਥਾਂ ਉਤੇ ਜਜ਼ੀਆ ਰੂਪ ਦੰਡ ਲਗਾਇਆ ਗਿਆ, ਬੁੱਤ-ਪੂਜਾ ਹੁਕਮਨ ਬੰਦ ਕੀਤੀ ਗਈ, ਸਰਕਾਰੀ ਨੌਕਰੀਆਂ ਤੋਂ ਹਿੰਦੂਆਂ ਨੂੰ ਜਵਾਬ ਦਿੱਤਾ ਗਿਆ, ਜੋਗੀ, ਸੰਨਿਆਸੀ, ਵੈਰਾਗੀ, ਸੰਗੀਤਕਾਰ (ਗਵੈਯੇ) ਤੇ ਨ੍ਰਿਤਕਾਰ ਦੇਸ ਵਿਚੋਂ ਕੱਢੇ ਗਏ, ਸਾਰੇ ਰੰਗ-ਰਾਗ ਦੀਆਂ ਮਹਫ਼ਲਾਂ ਬੰਦ ਹੋਣ ਤੇ ਕਵੀਆਂ ਤੇ ਵਿਦਵਾਨਾਂ ਦਾ ਰੁਜ਼ਗਾਰ ਵੀ, ਜੋ ਅਕਬਰ ਦੇ ਸਮੇਂ ਤੋਂ ਚਲਿਆ ਆਉਂਦਾ ਸੀ, ਰਾਜ ਦਰਬਾਰੋਂ ਬੰਦ ਹੋ ਗਿਆ । ਏਕਣ ਹੀ ਸ਼ੀਆ ਮੁਸਲਮਾਨਾਂ ਉਤੇ ਵੀ, ਜੋ ਔਰੰਗਜ਼ੇਬ ਦੀ ਨਿਗਾਹ ਵਿਚ ਸ਼ਰਹ ਮੁਹੰਮਦੀ ਤੋਂ ਬਾਹਰ ਸਨ, ਕੁਫ਼ਰ ਦਾ ਫ਼ਤਵਾ ਦੇ ਕੇ ਕਈ ਤਰ੍ਹਾਂ ਦੀਆਂ ਪਾਬੰਦੀਆਂ ਲਗਾਈਆਂ ਗਈਆਂ । ਇਸੇ ਤਰ੍ਹਾਂ ਇਸ ਸਮੇਂ ਸਿੱਖ ਵੀ

---

[1]ਵੇਖੋ, ਕੇਸਰ ਸਿੰਘ ਛਿੱਬਰ, ਬੰਸਾਵਲੀ ਨਾਮਾ, ਚਰਣ ਦਸਵਾਂ ।

ਔਰੰਗਜ਼ੇਬ ਦੀ ਇਸ ਸੀਨਾ-ਜ਼ੋਰੀ ਤੋਂ ਬਚ ਨਾ ਸਕੇ, ਕਿਉਂਕਿ ਸ੍ਰੀ ਗੁਰੂ ਹਰਿ ਗੋਬਿੰਦ ਜੀ ਨੇ ਮੁਗ਼ਲੇਈ ਸੈਨਾ ਨਾਲ ਕਈ ਜੰਗ ਕੀਤੇ ਸਨ ਤੇ ਸ੍ਰੀ ਗੁਰੂ ਹਰਿ ਰਾਇ ਜੀ ਨੇ ਵੀ ਮਾਝੇ ਦੇ ਦੌਰੇ ਸਮੇਂ ਸ਼ਾਹਜ਼ਾਦਾ ਦਾਰਾ ਸ਼ਿਕੋਹ ਨੂੰ ਮਦਦ ਦਿੱਤੀ ਸੀ। ਇਸ ਤੋਂ ਬਿਨਾਂ ਗੁਰੂ ਸਾਹਿਬ ਦੇ ਪਾਸ ਉਸ ਦਾ ਆਉਣ-ਜਾਣ ਵੀ ਕਾਫ਼ੀ ਰਿਹਾ ਸੀ। ਇਸ ਲਈ ਸਾਰੇ ਨਗਰਾਂ ਤੇ ਸ਼ਹਿਰਾਂ ਵਿਚ ਸਿੱਖਾਂ ਤੇ ਗੁਰਦੁਆਰੇ ਢਾਹੇ ਗਏ ਤੇ ਸਿੱਖ ਪ੍ਰਚਾਰਕ ਉਥੋਂ ਕੱਢੇ ਗਏ। ਫੇਰ ਇਸ ਜ਼ਾਤੀ ਵਿਰੋਧ ਦੀਆਂ ਲਾਟਾਂ ਕੀਰਤਪੁਰ ਤਕ ਵੀ ਜਾ ਪਹੁੰਚੀਆਂ ਤੇ ਸ੍ਰੀ ਗੁਰੂ ਹਰਿ ਰਾਇ ਜੀ ਨੂੰ ਬਾਦਸ਼ਾਹ ਦੇ ਹੁਕਮ ਨਾਲ ਦਿੱਲੀ ਪਹੁੰਚਣ ਲਈ ਪਰਵਾਨਾ ਭੇਜਿਆ ਗਿਆ। ਇਹ ਵਾਕਿਆ ਅਪ੍ਰੈਲ ਸੰਨ 1660 ਈ. ਦਾ ਹੈ।

ਸ੍ਰੀ ਗੁਰੂ ਹਰਿ ਰਾਇ ਜੀ ਇਨ੍ਹਾਂ ਰਾਜਸੀ ਉਲਟ-ਫੇਰਾਂ ਤੋਂ ਪਹਿਲਾਂ ਹੀ ਚੰਗੀ ਤਰ੍ਹਾਂ ਜਾਣੂ ਸਨ, ਇਸ ਲਈ ਉਹ ਸ਼ਾਹੀ ਪਰਵਾਨਾ ਪੁੱਜਣ ਸਾਰ ਸਮੇਂ ਦੀ ਨਜ਼ਾਕਤ ਨੂੰ ਦੇਖ ਕੇ ਖ਼ੁਦ ਤਾਂ ਨਾ ਗਏ ਤੇ ਆਪਣੀ ਥਾਵੇਂ ਉਨ੍ਹਾਂ ਨੇ ਸਰਬ ਗੁਣ ਨਿਪੁਣ ਸਮਝ ਕੇ ਆਪਣੇ ਵੱਡੇ ਸਾਹਿਬਜ਼ਾਦੇ ਬਾਬਾ ਰਾਮ ਰਾਇ ਜੀ ਨੂੰ ਦਿੱਲੀ ਭੇਜ ਦਿੱਤਾ। ਬਾਬਾ ਰਾਮ ਰਾਇ ਜੀ ਨੇ, ਜੋ ਅਜੇ ਮਸਾਂ ਪੰਦਰਾਂ ਕੁ ਵਰ੍ਹਿਆਂ ਦੇ ਨੌਜਵਾਨ ਹੀ ਸਨ, ਪਰ ਚੰਗੇ ਚੰਗੇ ਪੜ੍ਹੇ-ਲਿਖੇ, ਅਕਲ ਦੇ ਪੂਰੇ ਧਨੀ, ਵਾਕ-ਚਤੁਰ ਤੇ ਹਾਜ਼ਰ ਜਵਾਬ ਹੋਣ ਕਰ ਕੇ ਦਿੱਲੀ ਜਾਣ ਸਾਰ ਔਰੰਗਜ਼ੇਬ ਅਜਿਹਾ ਖ਼ੁਸ਼ ਕੀਤਾ ਕਿ ਉਹ ਸਾਰੇ ਸ਼ਿਕਵੇ-ਸ਼ਿਕਾਇਤਾਂ ਜੋ ਉਸ ਦੇ ਦਿਲ ਵਿਚ ਸਨ, ਭੁੱਲ ਗਿਆ। ਗੁਰ ਪ੍ਰਤਾਪ ਸੂਰਜ, ਤਵਾਰੀਖ਼ ਗੁਰੂ ਖ਼ਾਲਸਾ ਆਦਿ ਵਿਚ ਲਿਖਿਆ ਹੈ ਕਿ ਉਸ ਸਮੇਂ ਬਾਬਾ ਰਾਮਰਾਇ ਜੀ ਨੇ 72 ਕਰਾਮਾਤਾਂ, ਆਪਣੇ ਆਤਮਕ ਬਲ ਨਾਲ ਬਾਦਸ਼ਾਹ ਔਰੰਗਜ਼ੇਬ ਨੂੰ ਦਿਖਾਈਆਂ[1] ਜਿਸ ਕਰ ਕੇ ਬਾਦਸ਼ਾਹ ਨੂੰ ਉਨ੍ਹਾਂ ਦੇ ਅੱਗੇ ਝੁਕਣਾ ਪਿਆ, ਪਰ ਜੇ ਇਨ੍ਹਾਂ ਕਰਾਮਾਤਾਂ ਵਲੋਂ ਇਕ ਪਾਸੇ ਰਹਿ ਕੇ ਕੇਵਲ ਬਾਬਾ ਰਾਮ ਰਾਇ ਜੀ ਦੀ ਗਹਿਰੀ ਸਮਝ-ਸੂਝ ਤੇ ਤਜਰਬੇਕਾਰ ਵਿਅਕਤੀਗਤ ਸ਼ਖ਼ਸੀਅਤ ਨੂੰ ਹੀ ਲਿਆ ਜਾਵੇ ਤਾਂ ਉਹ ਆਪਣੀ ਦਾਨਸ਼ਮੰਦੀ ਦਾ ਜਾਦੂ ਬਾਦਸ਼ਾਹ ਉਤੇ ਧੂੜਨ ਵਾਸਤੇ ਕੋਈ ਘੱਟ ਪ੍ਰਭਾਵਸ਼ਾਲੀ ਨਹੀਂ ਸਨ। ਬਾਬਾ ਰਾਮ ਰਾਇ ਜੀ ਸੱਚ ਮੁੱਚ ਇਸੇ ਯੋਗਤਾ ਦੇ ਮਾਲਿਕ ਸਨ, ਪਰ ਜਦ ਬਾਦਸ਼ਾਹ ਔਰੰਗਜ਼ੇਬ ਨੂੰ ਉਨ੍ਹਾਂ ਨੇ ਆਪਣੇ ਪ੍ਰਭਾਵ ਹੇਠ ਆਇਆ ਤੱਕਿਆ ਤਾਂ ਇਕ ਦਿਨ ਅਚਾਣਕ ਬਾਦਸ਼ਾਹ ਵਲੋਂ ਇਹ ਸ਼ੰਕਾ ਕਰਨ ਤੇ ਕਿ ਜੇ ਸ੍ਰੀ ਗੁਰੂ ਨਾਨਕ ਦੇਵ ਜੀ ਹਿੰਦੂ-ਮੁਸਲਮਾਨਾਂ ਨੂੰ ਇਕੋ ਜਿਹਾ ਸਮਝਦੇ ਸਨ ਤਾਂ ਉਨ੍ਹਾਂ ਨੇ ਆਪਣੀ ਬਾਣੀ ਵਿਚ—"ਮਿਟੀ ਮੁਸਲਮਾਨ ਕੀ ਪੇੜੈ ਪਈ ਕੁਮਿਆਰ।" ਇਹ ਕਰੜੇ ਸ਼ਬਦ ਕਿਉਂ ਵਰਤੇ ਹਨ?" ਤਾਂ ਬਾਬਾ ਰਾਮ ਰਾਇ ਜੀ ਨੇ ਇਸ ਦਾ ਸਹੀ ਉੱਤਰ ਦੇਣ ਦੀ ਥਾਵੇਂ ਐਵੇਂ ਮੂੰਹ-ਮੁਲਾਹਜ਼ੇ ਵਿਚ ਆ ਕੇ ਕਹਿ ਦਿੱਤਾ ਕਿ ਇਥੇ ਗੁਰੂ ਨਾਨਕ ਨੇ "ਮਿੱਟੀ ਮੁਸਲਮਾਨ ਕੀ" ਨਹੀਂ, ਸਗੋਂ "ਮਿਟੀ ਬੇਈਮਾਨ ਕੀ" ਲਿਖਿਆ ਹੈ। ਬਾਬਾ ਰਾਮ ਰਾਇ ਜੀ ਦਾ ਇਹ ਉੱਤਰ ਸੁਣ ਕੇ ਬਾਦਸ਼ਾਹ ਔਰੰਗਜ਼ੇਬ ਤਾਂ ਖ਼ੁਸ਼ ਹੋ ਗਿਆ, ਪਰ ਕੀਰਤਪੁਰ ਖ਼ਬਰ ਪੁੱਜਣ ਤੇ ਗੁਰੂ ਸਾਹਿਬ ਬਾਬਾ ਜੀ ਦੇ ਉਤੇ ਡਾਢੇ ਨਾਰਾਜ਼ ਹੋਏ ਤੇ ਤੁਰਤ

---

[1]ਦੇਖੋ, ਤਵਾਰੀਖ਼ ਗੁਰੂ ਖ਼ਾਲਸਾ (ਗਿਆਨ ਸਿੰਘ), ਛਾਪਾ ਪੱਥਰ, ਸਫ਼ਾ ੨੫੯। ਭਾਈ ਸੰਤੋਖ ਸਿੰਘ ਨੇ ਗੁਰ ਪ੍ਰਤਾਪ ਸੂਰਜ, ਰਾਸ਼ਿ ੯, ਅੰਸੂ ੩੮-੫੭ ਵਿਚ ਇਨ੍ਹਾਂ ਕਰਾਮਾਤਾਂ ਦਾ ਵਿਸ਼ੇਸ਼ ਵੇਰਵਾ ਦਿੱਤਾ ਹੈ।

ਹੀ ਉਨ੍ਹਾਂ ਨੂੰ ਸਿੱਖਾਂ ਦੇ ਹੱਥ ਸੁਨੇਹਾ ਭੇਜ ਦਿੱਤਾ ਕਿ "ਬੇਟਾ! ਤੁਸਾਂ ਐਵੇਂ ਅਚਾਣਕ ਬਾਦਸ਼ਾਹ ਦੇ ਰੁਅਬ-ਦਾਬ ਵਿਚ ਆ ਕੇ ਗੁਰੂ ਨਾਨਕ ਦੀ ਬਾਣੀ ਦਾ ਇਕ ਲਫ਼ਜ਼ ਬਦਲਿਆ ਹੈ, ਇਸ ਲਈ ਹੁਣ ਸਾਡੇ ਮੱਥੇ ਨਾ ਲੱਗਣਾ।"

ਸ੍ਰੀ ਗੁਰੂ ਹਰਿ ਰਾਇ ਜੀ ਦੀ ਇਸ ਤਰ੍ਹਾਂ ਨਾਰਾਜ਼ਗੀ ਦਾ ਪਤਾ ਲੱਗਣ ਤੇ ਬਾਬਾ ਰਾਮ ਰਾਇ ਜੀ ਤੁਰਤ ਹੀ ਵਾਪਸ ਕੀਰਤਪੁਰ ਆਏ, ਪਰ ਗੁਰੂ ਜੀ ਤੋਂ ਇਸ ਬਾਰੇ ਮੁਆਫੀ ਨਾ ਮਿਲਣ ਤੇ ਉਥੋਂ ਸਿੱਧੇ ਦੇਹਰਾਦੂਨ (ਉੱਤਰ ਪ੍ਰਦੇਸ਼) ਚਲੇ ਗਏ ਤੇ ਔਰੰਗਜ਼ੇਬ ਪਾਸੋਂ ਜਾਗੀਰ ਲੈ ਕੇ ਉਨ੍ਹਾਂ ਨੇ ਆਪਣੀ ਪੱਕੀ ਰਿਹਾਇਸ਼ ਉਥੇ ਹੀ ਕਰ ਲਈ। ਏਧਰ ਕੀਰਤਪੁਰ ਦੇ ਸਥਾਨ ਪਰ ਸ੍ਰੀ ਗੁਰੂ ਹਰਿ ਰਾਇ ਜੀ ਨੇ ਆਪਣਾ ਅੰਤ ਸਮਾਂ ਨੇੜੇ ਦੇਖ ਕੇ ਕੱਤਕ ਸੁਦੀ 9 ਸੰਮਤ 1718 ਬਿ. ਮੁਤਾਬਿਕ ਸੰਨ 1661 ਈ. ਨੂੰ ਆਪਣੇ ਛੋਟੇ ਪੁਤ੍ਰ ਸ੍ਰੀ ਗੁਰੂ ਹਰਿ ਕ੍ਰਿਸ਼ਨ ਜੀ ਨੂੰ, ਜੋ ਅਜੇ ਮਸਾਂ ਪੰਜਾਂ ਵਰ੍ਹਿਆਂ ਦੇ ਬਾਲਕ ਹੀ ਸਨ, ਗੁਰੁਗੱਦੀ ਦਿੱਤੀ ਤੇ ਆਪ ਜੋਤੀ ਜੋਤ ਸਮਾਂ ਗਏ।

ਸ੍ਰੀ ਗੁਰੂ ਹਰਿ ਕ੍ਰਿਸ਼ਨ ਜੀ :

ਸ੍ਰੀ ਗੁਰੂ ਹਰਿ ਰਾਇ ਜੀ ਤੋਂ ਪਿੱਛੋਂ ਬਾਲ ਗੁਰੂ ਹਰਿਕ੍ਰਿਸ਼ਨ ਜੀ ਗੱਦੀ ਨਸ਼ੀਨ ਹੋਏ, ਜੋ ਕੀਰਤਪੁਰ ਰਹਿ ਕੇ ਹੀ ਗੁਰਮਤ ਪ੍ਰੇਮੀਆਂ ਦੀ ਸ੍ਰਧਾ ਨੂੰ ਮੁੱਖ ਰੱਖ ਕੇ ਬਾਕਾਇਦਾ ਦਰਬਾਰ ਲਗਾਉਂਦੇ ਤੇ ਨਾਮ-ਬਾਣੀ ਦਾ ਪ੍ਰਚਾਰ ਕਰਦੇ ਰਹੇ। ਪਿੱਛੋਂ ਉਨ੍ਹਾਂ ਦੀ ਇਸ ਗੱਦੀ ਨਸ਼ੀਨੀ ਦਾ ਪਤਾ ਬਾਬਾ ਰਾਮ ਰਾਇ ਨੂੰ ਵੀ ਲੱਗਾ, ਜਿਸ ਕਰ ਕੇ ਉਹ ਗੁਰ-ਗੱਦੀ ਦਾ ਦਾਵੇਦਾਰ ਬਣਿਆ ਤੇ ਸ਼ਾਹੀ ਦਰਬਾਰ ਵਿਚ ਸ਼ਿਕਾਇਤ ਲੈ ਕੇ ਪੁੱਜਾ। ਬਾਦਸ਼ਾਹ ਔਰੰਗਜ਼ੇਬ ਨੇ, ਜੋ ਪਹਿਲਾਂ ਹੀ ਗੁਰੂ ਨਾਨਕ ਦੀ ਗੱਦੀ ਨੂੰ ਖ਼ਤਮ ਕਰ ਦੇਣ ਦਾ ਚਾਹਵਾਨ ਸੀ, ਸ੍ਰੀ ਗੁਰੂ ਹਰਿ ਕ੍ਰਿਸ਼ਨ ਜੀ ਨੂੰ ਪ੍ਰਵਾਨਾ ਭੇਜ ਕੇ ਦਿੱਲੀ ਬੁਲਾਇਆ।

ਭਾਵੇਂ ਸਿੱਖ ਇਸ ਸਮੇਂ ਗੁਰੂ ਜੀ ਦੇ ਦਿੱਲੀ ਜਾਣ ਦੇ ਹੱਕ ਵਿਚ ਨਹੀਂ ਸਨ, ਪਰ ਗੁਰੂ ਸਾਹਿਬ ਫੇਰ ਵੀ ਸ਼ਾਹੀ ਪਰਵਾਨਾ ਪੁੱਜਣ ਤੇ ਦੀਵਾਨ ਭਾਈ ਦਰਗਹ ਮੱਲ, ਮੱਤੀ ਦਾਸ ਆਦਿ ਸਮੇਤ ਦਿੱਲੀ ਪਹੁੰਚ ਗਏ ਤੇ ਉਥੇ ਮਹਾਰਾਜਾ ਜੈ ਸਿੰਘ (ਮਿਰਜ਼ਾ) ਜੈਪੁਰ ਵਾਲੇ ਦੀ ਹਵੇਲੀ ਜਾ ਠਹਿਰੇ। ਮਹਾਰਾਜਾ ਜੈ ਸਿੰਘ ਉਸ ਸਮੇਂ ਬਾਦਸ਼ਾਹ ਔਰੰਗਜ਼ੇਬ ਦਾ ਦਰਬਾਰੀ ਸੀ, ਇਸ ਲਈ ਉਸ ਨੇ ਬਾਲ ਗੁਰੂ ਹਰਿ ਕ੍ਰਿਸ਼ਨ ਜੀ ਦੇ ਦਿੱਲੀ ਪੁਜਣ ਦੀ ਇਤਲਾਹ ਬਾਦਸ਼ਾਹ ਨੂੰ ਦਿੱਤੀ, ਜਿਸ ਕਰਕੇ ਬਾਦਸ਼ਾਹ ਨੇ ਗੁਰੂ ਸਾਹਿਬ ਨੂੰ ਦਰਬਾਰ ਵਿਚ ਬੁਲਾਇਆ, ਪਰ ਉਸ ਸਮੇਂ ਦਿੱਲੀ ਵਿਚ ਹੈਜ਼ੇ ਤੇ ਚੇਚਕ ਦੀ ਵਬਾ ਫੈਲੀ ਹੋਈ ਸੀ, ਇਸ ਲਈ ਗੁਰੂ ਸਾਹਿਬ ਅਚਾਣਕ ਚੇਚਕ ਨਿਕਲ ਆਉਣ ਕਰ ਕੇ ਬੀਮਾਰ ਹੋ ਗਏ ਤੇ ਬਾਦਸ਼ਾਹ ਨੂੰ ਨਾ ਮਿਲ ਸਕੇ। ਛੇਕੜ ਇਸੇ ਬੀਮਾਰੀ ਦੇ ਕਾਰਣ ਚੇਤ ਸੁਦੀ 14, ਸੰਮਤ 1721 ਬਿ. ਮੁਤਾਬਿਕ 30 ਮਾਰਚ ਸੰਨ 1664 ਈ: ਨੂੰ, ਜਦ ਗੁਰੂ ਸਾਹਿਬ ਅਜੇ ਮਸਾਂ 8 ਸਾਲ, 8 ਮਹੀਨੇ ਤੇ 19 ਦਿਨਾਂ ਦੀ ਅਵਸਥਾ ਵਿਚ ਹੀ ਸਨ, ਧੁਰ ਦਰਗਾਹੋਂ ਸੱਦਾ ਆਉਣ ਤੇ ਜੋਤੀ ਜੋਤ ਸਮਾ ਗਏ। ਦਿੱਲੀ ਵਿਚ ਜਿੱਥੇ ਉਨ੍ਹਾਂ ਦਾ ਸਸਕਾਰ ਕੀਤਾ ਗਿਆ, ਉਹ ਸਥਾਨ ਹੁਣ ਗੁਰਦੁਆਰਾ ਬਾਲਾ ਸਾਹਿਬ ਦੇ ਨਾਂ ਨਾਲ ਪ੍ਰਸਿੱਧ ਹੈ।

ਸ੍ਰੀ ਗੁਰੂ ਤੇਗ ਬਹਾਦਰ ਜੀ :

ਸ੍ਰੀ ਗੁਰੂ ਅਰਜਨ ਦੇਵ ਜੀ ਤੋਂ ਪਿੱਛੋਂ 'ਯਥਾ ਨਾਮ ਤਥਾ ਗੁਣ' ਦੇ ਕਥਨ

ਅਨੁਸਾਰ ਸ੍ਰੀ ਗੁਰੂ ਤੇਗ ਬਹਾਦੁਰ ਜੀ ਸਹੀ ਅਰਥਾਂ ਵਿਚ ਸੱਚ ਮੁੱਚ ਹੀ ਦੂਜੇ ਸੰਤ ਸਿਪਾਹੀ ਸਨ ਜਿਨ੍ਹਾਂ ਨੇ ਧਰਮ ਦੀ ਰੱਖਿਆ ਵਾਸਤੇ ਆਪਣੇ ਸਿਰ ਦਾ ਬਲਿਦਾਨ ਦਿੱਤਾ। ਪਿਤਾ ਗੁਰੂ ਸ੍ਰੀ ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ ਤੋਂ ਪ੍ਰਭਾਵਿਤ ਹੋ ਕੇ ਹੀ ਉਨ੍ਹਾਂ ਦੇ ਸੁਪੁਤ੍ਰ ਸ੍ਰੀ ਗੁਰੂ ਹਰਿ ਗੋਬਿੰਦ ਜੀ ਨੇ ਤੇਗ ਹੱਥ ਵਿਚ ਫੜੀ ਤੇ ਸਾਬਤ ਕਦਮ ਰਹਿ ਕੇ ਸਾਰੀ ਉਮਰ ਜ਼ੁਲਮ ਦਾ ਟਾਕਰਾ ਕੀਤਾ ਸੀ। ਇਸੇ ਤਰ੍ਹਾਂ ਉਨ੍ਹਾਂ ਤੋਂ ਪਿਛੋਂ ਸ੍ਰੀ ਗੁਰੂ ਤੇਗ ਬਹਾਦੁਰ ਜੀ ਦੀ ਕੁਰਬਾਨੀ ਤੋਂ ਜੋਸ਼ ਖਾ ਕੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਖੰਡੇ ਦੀ ਧਾਰ ਤੋਂ ਖ਼ਾਲਸਾ ਪੰਥ ਸਾਜਿਆ ਤੇ ਸਿੱਖਾਂ ਦੀ ਵੀਰ ਪਰੰਪਰਾ ਨੂੰ ਨਵੀਆਂ ਲੀਹਾਂ ਤੇ ਚਲਾਇਆ। ਸ੍ਰੀ ਗੁਰੂ ਤੇਗ ਬਹਾਦੁਰ ਜੀ ਨੇ ਧਰਮ ਤੋਂ ਕਿਵੇਂ ਆਪਾ ਵਾਰਿਆ ਤੇ ਫੇਰ ਸ੍ਰੀ ਦਸ਼ਮੇਸ਼ ਜੀ ਦੇ ਹੱਥੋਂ ਖ਼ਾਲਸੇ ਦਾ ਨਿਕਾਸ ਤੇ ਵਿਕਾਸ ਕਿਵੇਂ ਹੋਇਆ, ਇਹ ਸਾਰੀਆਂ ਹੀ ਘਟਨਾਵਾਂ ਉਨ੍ਹਾਂ ਦੇ ਜੀਵਨ ਸਹਿਤ ਕ੍ਰਮ ਵਾਰ ਅੱਗੇ ਦਿੱਤੀਆਂ ਜਾਂਦੀਆਂ ਹਨ।

ਸ੍ਰੀ ਗੁਰੂ ਹਰਿ ਕ੍ਰਿਸ਼ਨ ਜੀ ਦੇ ਮੂੰਹੋਂ ਉਨ੍ਹਾਂ ਦੇ ਜੋਤੀ ਜੋਤ ਸਮਾਉਣ ਸਮੇਂ ਇਹ ਸ਼ਬਦ ਨਿਕਲੇ ਸਨ ਕਿ, "ਬਾਬਾ ਬਕਾਲੇ", ਇਸੇ ਕਾਰਣ ਸਿੱਖ-ਸੰਗਤਾਂ, ਜਿਨ੍ਹਾਂ ਦਾ ਮੋਢੀ ਦੀਵਾਨ ਦਰਗਹ ਮੱਲ ਛਿੱਬਰ ਸੀ, ਦਿੱਲੀਓਂ ਚੱਲ ਕੇ ਗੋਇੰਦਵਾਲ ਥੀਂ ਹੁੰਦੀਆਂ ਹੋਈਆਂ ਪੰਜਵੇਂ ਮਹੀਨੇ ਬਕਾਲੇ ਪੁੱਜੀਆਂ, ਜਿਵੇਂ ਕਿ ਭਾਈ ਕੇਸਰ ਸਿੰਘ ਛਿੱਬਰ ਨੇ ਲਿਖਿਆ ਹੈ :

ਪੰਜਵੇਂ ਮਹੀਨੇ ਸੰਗਤਿ ਦਿਲੀ ਦੀ ਆਈ।
ਨਾਲੇ ਦਰਗਹਿ ਮਲ, ਨਾਲੇ ਗੁਰੂ ਕੇ ਸਿਖ ਵਡੇ ਭਾਈ।
ਨਾਲੇ ਗੁਰੂ ਕੇ ਨਫਰ ਮੁਸਦੀ ਸਭ ਆਏ।
ਜਿਤਨੇ ਗੁਰੂ ਹਰਿ ਕ੍ਰਿਸ਼ਨ ਜੀ ਨਾਲ ਆਹੇ ਸਿਧਾਏ।

(ਬੰਸਾਵਲੀ ਨਾਮਾ, ਨੌਵਾਂ ਚਰਣ)

ਇਧਰ ਬਕਾਲੇ ਇਸ ਤਰ੍ਹਾਂ ਦਿੱਲੀ ਦੀ ਸੰਗਤ ਪੁੱਜੀ ਤੇ ਉਧਰ ਸੋਢੀ ਧੀਰ ਮੱਲ ਤੇ ਸੂਰਜ ਮੱਲ ਦੀ ਸੰਤਾਨ ਨੇ ਅਣੀ ਰਾਇ ਸਮੇਤ ਗੁਰੂ ਬਣਨ ਵਾਸਤੇ ਪਹਿਲਾਂ ਹੀ ਮੰਜੀਆਂ ਡਾਹੀਆਂ ਹੋਈਆਂ ਸਨ, ਇਸ ਲਈ ਮੱਖਣ ਸ਼ਾਹ ਲੁਬਾਣੇ (ਸਿੱਖ) ਦੇ ਜਤਨ ਕਰਨ ਤੇ ਅਚਾਣਕ ਸ੍ਰੀ ਗੁਰੂ ਤੇਗ ਬਹਾਦੁਰ ਜੀ, ਜੋ ਆਪਣੇ ਨਾਨਕੇ ਘਰ ਗੁਪਤ ਰਹਿ ਕੇ ਤਪ ਕਰਦੇ ਸਨ, ਪ੍ਰਗਟ ਹੋ ਗਏ ਤੇ ਉਨ੍ਹਾਂ ਨੂੰ ਦੀਵਾਨ ਦਰਗਹ ਮੱਲ ਦੇ ਹੱਥੀਂ ਗੁਰਿਆਈ ਦਾ ਤਿਲਕ ਦਿੱਤਾ ਗਿਆ।

ਸ੍ਰੀ ਗੁਰੂ ਤੇਗ ਬਹਾਦਰ ਜੀ, ਜਿਵੇਂ ਕਿ ਉਨ੍ਹਾਂ ਦੇ ਸ਼ੁਭ ਨਾਮ ਤੋਂ ਹੀ ਪਤਾ ਲਗਦਾ ਹੈ, ਸਹੀ ਅਰਥਾਂ ਵਿਚ ਬੜੇ ਬਹਾਦੁਰ, ਜੋਧੇ ਤੇ ਪੂਰੇ ਪੂਰੇ ਸੰਤ ਸਿਪਾਹੀ ਸਨ। ਉਨ੍ਹਾਂ ਦੇ ਹੱਥ ਵਿਚ ਸੀ ਨਾਮ-ਬਾਣੀ ਦੀ ਤੇਗ ਤੇ ਸ਼ਾਂਤਮਈ ਦਾ ਅਮੋਘ ਅਸਤ੍ਰ, ਜਿਸ ਦਾ ਵਾਰ ਕਦੇ ਖ਼ਾਲੀ ਨਹੀਂ ਸੀ ਜਾਂਦਾ। ਸ੍ਰੀ ਗੁਰੂ ਤੇਗ ਬਹਾਦੁਰ ਜੀ, ਜਿਵੇਂ ਕਿ ਗੁਰ ਬਿਲਾਸ ਪਾਤਸ਼ਾਹੀ ੬ ਤੋਂ ਧਤਾ ਲਗਦਾ ਹੈ, ਮਿਤੀ ਵੈਸਾਖ ਵਦੀ 5 ਸੰਮਤ 1678 (1 ਅਪ੍ਰੈਲ ਸੰਨ 1621 ਈ.) ਨੂੰ ਜਨਮੇ ਤੇ ਗੁਰਗੱਦੀ ਮਿਲਣ ਸਮੇਂ ਆਪ ਲਗ ਭਗ 44 ਸਾਲ ਦੀ ਉਮਰ ਵਿਚ ਸਨ। ਪਿੰਡ ਬਕਾਲੇ ਆਪਣੇ ਨਾਨਕੇ ਘਰ ਰਹਿ ਕੇ, ਜਿੱਥੇ ਕਿ ਹੁਣ ਗੁਰਦੁਆਰਾ ਭੋਰਾ ਸਾਹਿਬ ਹੈ, ਏਕਾਂਤ ਵਿਚ ਤਪੱਸਿਆ ਕਰਨਾ ਹੀ ਉਨ੍ਹਾਂ ਦਾ ਮੁੱਖ ਕਰਤੱਵ ਸੀ।

ਸੋਢੀ ਧੀਰ ਮੱਲ ਗੁਰੂ ਤੇਗ ਬਹਾਦੁਰ ਜੀ ਦੀ ਇਹ ਕਾਮਯਾਬੀ ਦੇਖ ਕੇ ਹੋਰ

ਵੀ ਖ਼ਫ਼ਾ ਹੋਇਆ, ਕਿਉਂਕਿ ਉਸ ਨੇ ਇਸ ਤੋਂ ਪਹਿਲਾਂ, ਜਿਵੇਂ ਕਿ ਗੁਰਬਿਲਾਸ ਪਾਤਸ਼ਾਹੀ ੬ ਵਿਚ ਲਿਖਿਆ ਹੈ, ਕਰਤਾਰਪੁਰ ਦੇ ਜੰਗ ਸਮੇਂ ਆਪਣੇ ਦਾਦਾ ਗੁਰੂ ਹਰਿਗੋਬਿੰਦ ਜੀ ਤੋਂ ਵਿਰੁੱਧ ਪੈਂਦੇ ਖ਼ਾਨ ਨੂੰ ਖ਼ਤ ਲਿਖਿਆ ਤੇ ਮਦਦ ਦਿੱਤੀ ਸੀ। ਇਸੇ ਤਰ੍ਹਾਂ ਮੁਗ਼ਲ ਬਾਦਸ਼ਾਹ ਸ਼ਾਹਜਹਾਂ ਦੇ ਕੋਲ ਵੀ ਮਾਫ਼ੀ ਨਾਮੇ ਵਜੋਂ ਇਕ ਅਰਜ਼ੀ ਭੇਜੀ ਸੀ। ਫੇਰ ਸ਼ਾਹਜਹਾਂ ਦੇ ਜੀਉਂਦੇ ਜੀ ਔਰੰਗਜ਼ੇਬ ਦੇ ਗੱਦੀ ਬੈਠਣ ਤੇ ਸੋਢੀ ਧੀਰ ਮੱਲ ਨੇ ਉਸ ਦੇ ਨਾਲ ਵੀ ਇਹੋ ਅਧੀਨਗੀ ਦਾ ਸੰਬੰਧ ਜੋੜਨਾ ਚਾਹਿਆ, ਪਰ ਅਚਾਣਕ ਇਸ ਸਮੇਂ ਦੇ ਦੌਰਾਨ ਵਿਚ ਉਸ ਤੋਂ ਇਕ ਗ਼ਲਤੀ ਇਹ ਹੋ ਗਈ ਕਿ ਉਸ ਨੇ ਸ੍ਰੀ ਗੁਰੂ ਹਰਿ ਰਾਇ ਜੀ ਨੂੰ, ਜਦੋਂ ਉਹ ਮਾਝੇ ਦੇ ਦੌਰੇ ਸਮੇਂ ਸ਼ਾਹਜ਼ਾਦਾ ਦਾਰਾ ਸ਼ਿਕੋਹ ਨੂੰ ਸਹਾਇਤਾ ਦੇ ਕੇ ਵਾਪਸ ਮੁੜਨ ਲੱਗੇ ਸਨ ਤਾਂ ਰਸਤੇ ਵਿਚ ਕਰਤਾਰਪੁਰ ਠਹਿਰਾਇਆ ਸੀ। ਮੁਗ਼ਲ ਬਾਦਸ਼ਾਹ ਔਰੰਗਜ਼ੇਬ ਉਸ ਦੀਆਂ ਇਨ੍ਹਾਂ ਕਾਰਰਵਾਈਆਂ ਤੋਂ ਅਨਜਾਣ ਨਹੀਂ ਸੀ, ਜਿਸ ਕਰਕੇ ਉਹ ਉਸ ਦੀ ਅਜਿਹੀ ਚਾਪਲੂਸੀ ਵਿਚ ਨਾ ਆਇਆ। ਸੋਢੀ ਧੀਰ ਮੱਲ ਦੀ ਇਹ ਚਾਲ ਠੀਕ ਉਸੇ ਤਰ੍ਹਾਂ ਦੀ ਸੀ, ਜਿਸ ਤਰ੍ਹਾਂ ਇਸ ਤੋਂ ਕਾਫ਼ੀ ਸਮਾਂ ਪਹਿਲਾਂ ਸੋਢੀ ਪ੍ਰਿਥੀ ਚੰਦ ਦੇ ਪੁਤ੍ਰ ਸੋਢੀ ਮਿਹਰਵਾਨ (ਉਰਫ਼ ਮਨੋਹਰ ਦਾਸ) ਨੇ ਸ੍ਰੀ ਗੁਰੂ ਅਰਜਨ ਦੇਵ ਜੀ ਤੇ ਉਨ੍ਹਾਂ ਦੇ ਸਪੁਤ੍ਰ ਸ੍ਰੀ ਗੁਰੂ ਹਰਿਗੋਬਿੰਦ ਜੀ ਤੋਂ ਵਿਰੁੱਧ ਸ਼ਾਹੀ ਦਰਬਾਰ ਵਿਚ ਸ਼ਿਕਾਇਤਾਂ ਕਰ ਕੇ ਕੁਟਿਲ ਨੀਤੀ ਵਰਤੀ ਸੀ। ਸੋਢੀ ਮਿਹਰਵਾਨ ਤਾਂ ਇਸ ਨੀਤੀ ਵਿਚ ਪੂਰੀ ਤਰ੍ਹਾਂ ਕਾਮਯਾਬ ਹੋ ਗਿਆ ਤੇ ਸੰਮਤ 1688 ਬਿ. (ਸੰਨ 1631 ਈ.) ਵਿਚ ਗੁਰੂ ਜੀ ਦੇ ਅੰਮ੍ਰਿਤਸਰ ਛੱਡਣ ਸਾਰ ਸ੍ਰੀ ਦਰਬਾਰ ਸਾਹਿਬ ਦਾ ਕਬਜ਼ਾ ਵੀ ਉਸ ਨੂੰ ਮਿਲ ਗਿਆ, ਪਰ ਸੋਢੀ ਧੀਰ ਮੱਲ ਕਰਤਾਰਪੁਰ ਉਤੇ ਜੱਫ਼ਾ ਮਾਰਨ ਤੋਂ ਬਿਨਾਂ ਗੁਰਗੱਦੀ ਦੀ ਪ੍ਰਾਪਤੀ ਆਦਿ ਹੋਰ ਕਿਸੇ ਪਾਸੇ ਵੀ ਕਿਸੇ ਤਰ੍ਹਾਂ ਕਾਮਯਾਬ ਨਾ ਹੋ ਸਕਿਆ। ਸਿੱਖ-ਸੰਗਤਾਂ ਇਸ ਸਮੇਂ ਗੁਰੂ ਤੇਗ਼ ਬਹਾਦੁਰ ਜੀ ਦੇ ਪ੍ਰਗਟ ਹੋਣ ਸਾਰ ਚੂੰਕਿ ਬਹੁਗਿਣਤੀ ਵਿਚ ਆਉਣ ਲੱਗ ਪਈਆਂ ਸਨ ਤੇ ਸਿੱਖਾਂ ਵਲੋਂ ਗੁਰੁ-ਦਰਬਾਰ ਵਿਚ ਕਾਰ-ਭੇਟ ਵੀ ਬਹੁਤੀ ਚੜ੍ਹਨ ਲੱਗ ਪਈ ਸੀ, ਇਸ ਲਈ ਸੋਢੀ ਧੀਰ ਮੱਲ ਨੇ ਇਕ ਹੋਰ ਨਵਾਂ ਤਰੀਕਾ ਅਪਣਾਇਆ ਕਿ ਕੁਝ ਕਰਾਏ ਦੇ ਲੱਠ ਬਾਜ਼ ਲੋਕ ਇਕੱਠੇ ਕਰ ਕੇ ਗੁਰੂ ਜੀ ਦੇ ਡੇਰੇ ਉਤੇ ਹੱਲਾ ਕਰਵਾ ਦਿੱਤਾ ਤੇ ਗੁਰੂ ਸਾਹਿਬ ਦੇ ਉਪਰ ਗੋਲੀ ਚਲਾ ਦਿੱਤੀ, ਪਰ ਉਸ ਦਾ ਇਹ ਵਾਰ ਨਾ ਕੇਵਲ ਖ਼ਾਲੀ ਹੀ ਗਿਆ, ਸਗੋਂ ਸਿੱਖਾਂ ਵਲੋਂ ਜਵਾਬੀ ਹਮਲਾ ਹੋਣ ਤੇ ਉਸ ਦਾ ਆਪਣਾ ਡੰਡਾ-ਡੇਰਾ ਵੀ ਲੁੱਟਿਆ ਗਿਆ ਜਿਸ ਕਰ ਕੇ ਉਹ ਝੱਟ ਪੱਟ ਬਕਾਲਿਓਂ ਦੌੜ ਕੇ ਕਰਤਾਰਪੁਰ ਚਲਾ ਗਿਆ।

ਸ੍ਰੀ ਗੁਰੂ ਤੇਗ਼ ਬਹਾਦੁਰ ਜੀ, ਜੋ ਨਾਮ-ਬਾਣੀ ਦੇ ਰਸੀਏ ਤੇ ਭਗਤੀ-ਭਾਵ ਵਿਚ ਸੰਪੰਨ ਹੋਣ ਕਰ ਕੇ, ਹਮੇਸ਼ਾ ਸਾਧੂ-ਸੁਭਾਉ ਤੇ ਸ਼ਾਂਤਮਈ ਨੂੰ ਹੀ ਅਪਣਾਉਂਦੇ ਆਏ ਸਨ, ਇਸ ਸਮੇਂ ਸੋਢੀ ਧੀਰ ਮੱਲ ਤੇ ਹੋਰ ਸੋਢੀਆਂ ਦੀ ਗੁਰ-ਗੱਦੀ ਬਾਰੇ ਈਰਖਾ ਵਧਣ ਦੇ ਕਾਰਣ ਪਰਿਵਾਰ ਸਮੇਤ ਬਕਾਲੇ ਦੀ ਰਿਹਾਇਸ਼ ਛੱਡ ਕੇ ਦਰਿਆ ਸਤਲੁਜ ਤੋਂ ਪਾਰ ਮਾਖੋਵਾਲ (ਆਨੰਦਪੁਰ) ਦੇ ਸਥਾਨ ਪਰ ਜਾ ਰਹੇ ਤੇ ਓਥੇ ਕਹਿਲੂਰ ਦੇ ਰਾਜੇ ਪਾਸੋਂ ਜ਼ਮੀਨ ਲੈ ਕੇ ਮਾਤਾ ਨਾਨਕੀ ਜੀ ਦੇ ਨਾਂ ਤੇ ਨਗਰ 'ਚੱਕ ਨਾਨਕੀ' ਦੀ ਨੀਂਹ ਰੱਖੀ, ਜੋ ਪਿੱਛੋਂ ਧੀਰੇ ਧੀਰੇ ਆਬਾਦ ਹੋਣ ਤੇ ਪਹਿਲਾਂ ਮਾਖੋਵਾਲ-ਆਨੰਦਪੁਰ ਤੇ ਫੇਰ ਸ੍ਰੀ ਅਨੰਦਪੁਰ ਦੇ ਨਾਂ ਨਾਲ ਮਸ਼ਹੂਰ ਹੋ ਗਿਆ।

ਗੁਰੂ ਸਾਹਿਬ ਇਸ ਤਰ੍ਹਾਂ ਨਵੀਂ ਆਬਾਦੀ ਕਾਇਮ ਕਰਕੇ ਓਥੇ ਮਸਾਂ ਥੋੜਾ ਚਿਰ ਹੀ ਟਿਕੇ ਸਨ ਕਿ ਮੁਗ਼ਲ ਬਾਦਸ਼ਾਹ ਔਰੰਗਜ਼ੇਬ ਵਲੋਂ ਠੀਕ ਉਸੇ ਤਰ੍ਹਾਂ ਇਕ ਹੁਕਮ ਦਿੱਲੀ ਹਾਜ਼ਰ ਹੋਣ ਲਈ ਪਹੁੰਚਿਆ, ਜਿਸ ਤਰ੍ਹਾਂ ਕਿ ਇਸ ਤੋਂ ਪਹਿਲਾਂ ਇਕ ਹੁਕਮ ਸ੍ਰੀ ਗੁਰੂ ਹਰਿ ਰਾਇ ਤੇ ਸ੍ਰੀ ਗੁਰੂ ਹਰਿ ਕ੍ਰਿਸ਼ਨ ਜੀ ਨੂੰ ਭੇਜਿਆ ਗਿਆ ਸੀ। ਗੁਰੂ ਸਾਹਿਬ ਅਚਾਣਕ ਉਸ ਪਰਵਾਨੇ ਦੇ ਪੁਜਣ ਤੋਂ ਪਹਿਲਾਂ ਹੀ ਪਰਿਵਾਰ ਸਮੇਤ ਇਲਾਕਾ ਸਰਹਿੰਦ, ਸੈਫ਼ਾਬਾਦ (ਪਟਿਆਲਾ) ਆਦਿ ਥਾਵੀਂ ਹੁੰਦੇ ਹੋਏ ਭਾਈ ਦੱਗੋ ਮਸੰਦ ਦੇ ਬੁਲਾਉਣ ਤੇ ਇਲਾਕਾ ਬਾਂਗਰ ਦੇ ਧਮਧਾਨ ਨਾਮੀ ਨਗਰ ਵਿਚ ਪਹੁੰਚ ਗਏ। ਪਤਾ ਲੱਗਣ ਤੇ ਆਲਮ ਖ਼ਾਨ ਰੁਹੇਲੇ ਦੇ ਹੱਥੀਂ, ਜੋ ਉਨ੍ਹੀਂ ਦਿਨੀਂ ਸ਼ਾਹੀ ਹੁਕਮ ਨਾਲ ਗੁਰੂ ਜੀ ਦਾ ਪਿੱਛਾ ਕਰ ਰਿਹਾ ਸੀ, ਇਸੇ ਸਥਾਨ ਪਰ ਹੀ ਮਤੀ ਦਾਸ, ਸਤੀ ਦਾਸ ਆਦਿ ਸਮੇਤ ਗੁਰੂ ਸਾਹਿਬ ਦੀ ਗ੍ਰਿਫ਼ਤਾਰੀ ਹੋ ਗਈ।

ਗੁਰੂ ਸਾਹਿਬ ਇਸ ਤਰ੍ਹਾਂ ਫੜੇ ਜਾਣ ਤੇ ਜਦ ਦਿੱਲੀ ਪਹੁੰਚੇ ਤਾਂ ਰਾਜਾ ਜੈ ਸਿੰਘ ਸਵਾਈ ਦੇ ਪੁਤ੍ਰ ਰਾਜਾ ਰਾਮ ਸਿੰਘ ਦੇ ਜ਼ੋਰ ਪਾਉਣ ਤੇ, ਜੋ ਉਸ ਸਮੇਂ ਬਾਗ਼ੀਆਂ ਦੇ ਮੁਕਾਬਲੇ ਤੇ ਫ਼ੌਜ ਲੈ ਕੇ ਕਾਮ ਰੂਪ (ਆਸਾਮ) ਵਲ ਜਾ ਰਿਹਾ ਸੀ, ਗੁਰੂ ਸਾਹਿਬ ਰਿਹਾ ਕੀਤੇ ਗਏ। ਫੇਰ ਰਾਜਾ ਰਾਮ ਸਿੰਘ ਉਨ੍ਹਾਂ ਨੂੰ ਆਪਣੇ ਨਾਲ ਲੈ ਕੇ ਪੂਰਬ ਵਲ ਚਲਾ ਗਿਆ। ਪਿੱਛੋਂ ਪਤਾ ਲਗਣ ਤੇ ਔਰੰਗਜ਼ੇਬ ਭਾਵੇਂ ਨਾਰਾਜ਼ ਤਾਂ ਹੋਇਆ, ਪਰ ਉਧਰ ਆਸਾਮ ਦੀ ਮੁਹਿਮ, ਜਿੱਥੇ ਹਮੇਸ਼ਾਂ ਵੱਡੇ ਵੱਡੇ ਜਾਦੂ ਚੱਲਣ ਦੀਆਂ ਅਫ਼ਵਾਹਾਂ ਉਡਦੀਆਂ ਰਹਿੰਦੀਆਂ ਸਨ ਤੇ ਸ਼ਾਇਦ ਇਸੇ ਡਰ ਕਾਰਣ ਉਥੋਂ ਹਰੇਕ ਸਿਪਹ ਸਾਲਾਰ ਹਾਰ ਖਾ ਕੇ ਮੁੜਦਾ ਸੀ, ਮੁਗ਼ਲ ਹਕੂਮਤ ਦਾ ਨੱਕ ਰੱਖਣ ਲਈ ਇਸ ਸਮੇਂ ਫ਼ਤਹਿ ਪ੍ਰਾਪਤ ਹੋਣੀ ਵੀ ਜ਼ਰੂਰੀ ਸੀ, ਜਿਸ ਕਰ ਕੇ ਬਾਦਸ਼ਾਹ ਚੁਪ ਕਰ ਰਿਹਾ।

ਸਿੱਖ-ਇਤਿਹਾਸ ਦੇ ਕਥਨ ਅਨੁਸਾਰ ਇਸ ਸਮੇਂ ਗੁਰੂ ਤੇਗ ਬਹਾਦੁਰ ਜੀ ਦੇ ਨਾਲ ਉਨ੍ਹਾਂ ਦਾ ਪਰਿਵਾਰ (ਮਾਤਾ) ਗੁਜਰੀ ਜੀ ਤੇ ਵੱਡੇ ਮਾਤਾ ਨਾਨਕੀ ਜੀ ਆਪਣੇ ਭਾਈ ਕ੍ਰਿਪਾਲ ਚੰਦ ਸਮੇਤ ਮੌਜੂਦ ਸਨ, ਪਰ ਭਾਈ ਚੌਪਾ ਸਿੰਘ, ਕੇਸਰ ਸਿੰਘ ਛਿੱਬਰ ਆਦਿ ਦਾ ਕਥਨ ਹੈ ਕਿ ਗੁਰੂ ਸਾਹਿਬ ਇਸ ਤੋਂ ਪਹਿਲਾਂ ਸੰਮਤ 1713 ਬਿ. ਵਿਚ ਹੀ ਜਦ ਪੂਰਬ ਦੇ ਤੀਰਥ ਪ੍ਰਯਾਗ, ਬਨਾਰਸ ਆਦਿ ਦੇਖਣ ਗਏ ਸਨ ਤਾਂ ਆਪਣਾ ਸਾਰਾ ਪਰਿਵਾਰ ਨਾਲ ਹੀ ਲੈ ਗਏ ਸਨ ਤੇ ਫੇਰ ਆਸਾਮ ਜਾਂਦੇ ਹੋਏ ਪਰਿਵਾਰ ਨੂੰ ਪਟਨੇ ਛੱਡ ਗਏ ਸਨ। ਪਰ ਖ਼ੈਰ, ਚਾਹੇ ਕੁਝ ਵੀ ਹੋਵੇ, ਸਾਨੂੰ ਏਥੇ ਇਸ ਬਹਿਸ ਵਿਚ ਪੈਣ ਦੀ ਲੋੜ ਨਹੀਂ ਹੈ। ਗੁਰੂ ਸਾਹਿਬ ਇਸ ਤਰ੍ਹਾਂ ਦਿੱਲੀਓਂ ਰਾਜਾ ਰਾਮ ਸਿੰਘ ਦੇ ਨਾਲ ਇਲਾਕਾ ਉੱਤਰ ਪ੍ਰਦੇਸ਼ ਤੇ ਬਿਹਾਰ ਥੀਂ ਹੁੰਦੇ ਹੋਏ ਆਸਾਮ ਪਹੁੰਚੇ, ਜਿੱਥੇ ਉਨ੍ਹਾਂ ਦੀ ਸਹਾਇਤਾ ਤੇ ਆਤਮਕ ਸ਼ਕਤੀ ਦੇ ਸਹਾਰੇ ਰਾਜਾ ਰਾਮ ਸਿੰਘ ਨੇ ਦੁਸ਼ਮਨ ਉਤੇ ਧਾਵਾ ਕਰ ਕੇ ਉਸ ਨੂੰ ਪੂਰੀ ਤਰ੍ਹਾਂ ਕਾਬੂ ਕਰ ਲਿਆ ਤੇ ਫੇਰ ਇਸ ਫ਼ਤਹਿ ਦੀ ਇਤਲਾਹ ਦਿੱਲੀ ਭੇਜ ਦਿੱਤੀ। ਬਾਦਸ਼ਾਹ ਔਰੰਗਜ਼ੇਬ ਇਸ ਗੱਲੋਂ ਬੜਾ ਖ਼ੁਸ਼ ਹੋਇਆ।

ਗੁਰੂ ਤੇਗ ਬਹਾਦੁਰ ਜੀ ਇਸ ਤਰ੍ਹਾਂ ਆਸਾਮ ਦੀ ਮੁਹਿਮ ਤੋਂ ਫ਼ਾਰਿਗ ਹੋ ਕੇ ਉਸ ਇਲਾਕੇ ਦੇ ਸਿੱਖਾਂ ਨੂੰ ਕ੍ਰਿਤਾਰਥ ਕਰਦੇ ਹੋਏ ਪਟਨੇ ਮੁੜ ਆਏ। ਜਦ ਗੁਰੂ ਸਾਹਿਬ ਅਜੇ ਆਸਾਮ ਵਿਚ ਹੀ ਸਨ ਤਾਂ ਉਨ੍ਹਾਂ ਨੂੰ ਪਤਾ ਲਗਾ ਕਿ ਉਨ੍ਹਾਂ ਦੇ ਘਰ ਮਾਤਾ ਗੁਜਰੀ ਜੀ ਦੇ

ਪੋਹ ਮਿਤੀ ਪੋਹ ਸੁਦੀ 7 ਸੰਮਤ 1723 ਬਿ. (ਮੁਤਾਬਿਕ 22 ਦਸੰਬਰ ਸੰਨ 1666 ਈ.)[1] ਨੂੰ ਸਾਹਿਬਜ਼ਾਦੇ ਦਾ ਜਨਮ ਹੋਇਆ ਹੈ। ਗੁਰੂ ਸਾਹਿਬ ਇਹ ਖ਼ਬਰ ਸੁਣ ਕੇ ਬੜੇ ਖ਼ੁਸ਼ ਹੋਏ ਤੇ ਉਨ੍ਹਾਂ ਨੇ ਸਾਹਿਬਜ਼ਾਦੇ ਦਾ ਨਾਉਂ ਗੋਬਿੰਦ ਰਾਇ ਰੱਖਿਆ। ਆਸਾਮ ਤੋਂ ਪਟਨੇ ਪਹੁੰਚ ਕੇ ਸ੍ਰੀ ਗੁਰੂ ਤੇਗ਼ ਬਹਾਦੁਰ ਜੀ ਮਸਾਂ ਤਿੰਨ ਸਾਲ ਹੀ ਉਥੇ ਠਹਿਰੇ ਤੇ ਫੇਰ ਸਿੱਖਾਂ ਵਲੋਂ ਵਿਨਯ ਪਤ੍ਰ ਆਉਣ ਤੇ ਪੰਜਾਬ ਦੇ ਬਕਾਲਾ ਨਾਮਕ ਸਥਾਨ ਪਰ ਪਹੁੰਚ ਗਏ। ਇਸ ਸਮੇਂ ਆਪਣੇ ਪਰਿਵਾਰ ਤੋਂ ਏਡੀ ਦੂਰ ਰਹਿਣਾ ਤੇ ਸਾਹਿਬਜ਼ਾਦੇ ਨੂੰ ਏਨੇ ਦੂਰ-ਦੁਰਾਡੇ ਪਰਦੇਸ ਵਿਚ ਛਡੀ ਰੱਖਣਾ, ਦੋਵੇਂ ਹੀ ਗੱਲਾਂ ਗੁਰੂ ਸਾਹਿਬ ਲਈ ਮੁਸ਼ਕਿਲ ਸਨ, ਇਸ ਲਈ ਉਨ੍ਹਾਂ ਨੇ ਚੇਤ ਵਦੀ 1 ਸੰਮਤ 1729 ਬਿ. (ਸੰਨ 1672 ਈ.) ਨੂੰ ਇਕ ਹੁਕਮਨਾਮੇ ਰਾਹੀਂ ਪਰਿਵਾਰ ਸਮੇਤ ਸਾਹਿਬਜ਼ਾਦਾ ਗੋਬਿੰਦ ਰਾਇ ਜੀ ਨੂੰ ਵੀ ਆਪਣੇ ਪਾਸ ਹੀ ਮਦ੍ਰ ਦੇਸ (ਬਕਾਲੇ) ਸੱਦ ਲਿਆ, ਜਿਸ ਤਰ੍ਹਾਂ ਕਿ ਬਚਿਤ੍ਰ ਨਾਟਕ (ਪਾਤਸ਼ਾਹੀ ੧੦) ਵਿਚ ਲਿਖਿਆ ਹੈ :

ਮਦ੍ਰ ਦੇਸ ਹਮ ਕੋ ਲੇ ਆਏ। ਭਾਂਤਿ ਭਾਂਤਿ ਦਾਈਅਨ ਦੁਲਰਾਏ।

ਏਥੇ ਮਦ੍ਰ ਦੇਸ ਦਾ ਅਰਥ ਭਾਵ ਮਾਝਾ (ਬਾਬਾ ਬਕਾਲਾ) ਹੈ, ਤੇ ਇਹ ਮਦ੍ਰ ਦੇਸ ਸ਼ਬਦ ਮਾਝੇ ਦੀ ਬਜਾਇ ਸਮੁੱਚੇ ਪੰਜਾਬ ਲਈ ਕਦੇ ਕਿਸੇ ਵੀ ਸੰਸਕ੍ਰਿਤ ਲੇਖਕ ਨੇ ਨਹੀਂ ਵਰਤਿਆ। ਸ੍ਰੀ ਦਸਮੇਸ਼ ਜੀ ਦੇ ਇਸ ਤਰ੍ਹਾਂ ਇਲਾਕਾ ਮਾਝਾ ਦੇ ਬਕਾਲਾ ਨਾਮਕ ਨਗਰ ਵਿਚ ਪਹੁੰਚਣ ਦੀ ਤਸਦੀਕ ਭਾਵੇਂ ਗੁਰ ਪ੍ਰਤਾਪ ਸੂਰਜ, (ਭਾਈ ਸੰਤੋਖ ਸਿੰਘ), ਗੁਰ ਬਿਲਾਸ ਪਾਤਸ਼ਾਹੀ ੧੦ (ਕੋਇਰ ਸਿੰਘ ਤੇ ਸੁੱਖਾ ਸਿੰਘ), ਤਵਾਰੀਖ਼ ਗੁਰੂ ਖ਼ਾਲਸਾ (ਗਿਆਨੀ ਗਿਆਨ ਸਿੰਘ) ਆਦਿ ਲੇਖਕਾਂ ਨੇ ਨਹੀਂ ਕੀਤੀ, ਜਿਸ ਕਰ ਕੇ ਉਨ੍ਹਾਂ ਦੀ ਰੀਸੋ ਰੀਸ ਬਹੁਤ ਸਾਰੇ ਹੋਰ ਗੁਣੀ-ਗਿਆਨੀ ਵੀ ਲਗਾਤਾਰ ਇਹੋ ਕਹਿੰਦੇ ਆਏ ਹਨ ਕਿ ਸ੍ਰੀ ਗੁਰੂ ਦਸਮੇਸ਼ ਜੀ ਦਰਿਆ ਸਤਲੁਜੋਂ ਪਾਰ ਹੋ ਕੇ ਕਦੇ ਇਸ ਪਾਸੇ ਨਹੀਂ ਆਏ, ਪਰ ਬੰਸਾਵਲੀ ਨਾਮਾ (ਕੇਸਰ ਸਿੰਘ, ਛਿੱਬਰ), ਗੁਰੂ ਕੀਆਂ ਸਾਖੀਆਂ (ਸਰੂਪ ਸਿੰਘ) ਤੇ ਭੱਟ ਵਹੀ ਬੁਡਾਣਾ (ਮੁਜ਼ੱਫਰ ਪੁਰ) ਤੋਂ ਬਚਿਤ੍ਰ ਨਾਟਕ ਦੇ ਇਸ ਕਥਨ— "ਮਦ੍ਰ ਦੇਸ (ਬਕਾਲੇ) ਹਮ ਕੋ ਲੇ ਆਏ" ਦੀ ਤਸਦੀਕ ਸਾਫ਼ ਲਫ਼ਜ਼ਾਂ ਵਿਚ ਹੁੰਦੀ ਹੈ, ਇਸ ਲਈ ਸਾਬਤ ਹੁੰਦਾ ਹੈ ਕਿ ਸ੍ਰੀ ਗੁਰੂ ਦਸਮੇਸ਼ ਜੀ ਬਚਪਨ ਵਿਚ ਗੁਰੂ ਪਿਤਾ (ਸ੍ਰੀ ਗੁਰੂ ਤੇਗ਼ ਬਹਾਦੁਰ ਜੀ) ਦੇ ਆਦੇਸ਼ ਅਨੁਸਾਰ ਪਹਿਲਾਂ ਪਟਨੇ ਤੋਂ ਸਿੱਧੇ ਬਕਾਲੇ ਪੁੱਜੇ ਤੇ ਫੇਰ ਇੱਥੋਂ ਗੁਰੂ ਪਿਤਾ ਦੇ ਨਾਲ ਹੀ ਇਲਾਕਾ ਕਹਿਲੂਰ ਦੇ ਨਵੇਂ ਨਗਰ ਚੱਕ ਨਾਨਕੀ (ਆਨੰਦਪੁਰ-ਮਾਖੋਵਾਲ) ਗਏ ਸਨ।

ਸ੍ਰੀ ਗੁਰੂ ਤੇਗ਼ ਬਹਾਦੁਰ ਜੀ ਇਸ ਤਰ੍ਹਾਂ ਆਨੰਦਪੁਰ-ਮਾਖੋਵਾਲ ਦੇ ਸਥਾਨ ਪਰ ਸਾਰਾ ਪਰਿਵਾਰ ਇਕੱਠਾ ਹੋਣ ਤੇ ਫੇਰ ਹੋਰ ਕਿਤੇ ਨਾ ਗਏ ਤੇ ਉੱਥੇ ਹੀ ਨਾਮ

---

[1] 'ਰਹਿਤ ਨਾਮਾ' (ਚੌਪਾ ਸਿੰਘ), 'ਬੰਸਾਵਲੀਨਾਮਾ' (ਕੇਸਰ ਸਿੰਘ, ਛਿੱਬਰ) ਤੇ 'ਜੱਸਾ ਸਿੰਘ ਸਿੰਘ ਵਿਨੋਦ' (ਰਾਮ ਸੁਖਰਾਇ) ਦੇ ਕਥਨ ਅਨੁਸਾਰ ਸ੍ਰੀ ਦਸ਼ਮੇਸ਼ ਜੀ ਦਾ ਜਨਮ ਸੰਮਤ 1723 ਵਿਚ ਨਹੀਂ, ਸਗੋਂ ਇਸ ਤੋਂ ਪੰਜ ਵਰ੍ਹੇ ਪਹਿਲਾਂ ਸੰਮਤ 1718 ਬਿ. (ਮੁਤਾਬਿਕ ਸੰਨ 1661 ਈ.) ਵਿਚ ਪਟਨੇ ਹੋਇਆ ਸੀ।

ਦਾਨ ਦੇ ਕੇ ਸਿੱਖਾਂ ਨੂੰ ਕ੍ਰਿਤਾਰਥ ਕਰਨ ਲੱਗ ਪਏ। ਮੁਗਲ ਬਾਦਸ਼ਾਹ ਔਰੰਗਜ਼ੇਬ, ਜਿਵੇਂ ਕਿ ਪਿੱਛੇ ਦੱਸ ਆਏ ਹਾਂ, ਗੁਰੂ ਘਰ ਦੇ ਨਾਲ ਦਿਲੀ ਅਦਾਵਤ ਰਖਦਾ ਸੀ ਤੇ ਉਸ ਦੇ ਦਿਲ ਵਿਚ ਉਸੇ ਤਰ੍ਹਾਂ ਸ੍ਰੀ ਗੁਰੂ ਹਰਿਗੋਬਿੰਦ ਜੀ ਦੇ ਬਾਦਸ਼ਾਹੀ ਫ਼ੌਜਾਂ ਨਾਲ ਜੰਗ ਕਰਨ ਤੇ ਫੇਰ ਗੁਰੂ ਹਰਿ ਰਾਇ ਵਲੋਂ ਸ਼ਾਹਜ਼ਾਦਾ ਦਾਰਾ ਸ਼ਿਕੋਹ ਨੂੰ ਸਹਾਇਤਾ ਦਿੱਤੇ ਜਾਣ ਦੀ ਰੜਕ ਜਿਉਂ ਦੀ ਤਿਉਂ ਮੌਜੂਦ ਸੀ, ਇਸ ਲਈ ਉਹ ਗੁਰੂ ਸਾਹਿਬ ਦੇ ਆਸਾਮ ਦੀ ਮੁਹਿਮ ਤੋਂ ਕਾਮਯਾਬੀ ਸਹਿਤ ਮੁੜ ਆਉਣ ਤੇ ਧੰਨਵਾਦ ਕਰਨ ਦੀ ਥਾਵੇਂ ਕਈ ਵਿੰਗੇ-ਟੇਢੇ ਤਰੀਕੇ ਵਰਤ ਕੇ ਫੇਰ ਉਨ੍ਹਾਂ ਦੇ ਉਪਰ ਉਸੇ ਤਰ੍ਹਾਂ ਜ਼ੁਲਮ ਦੀਆਂ ਕਮਾਣਾਂ ਕੱਸਣ ਲੱਗ ਪਿਆ।

ਸੰਮਤ 1730–31 ਬਿ. (ਮੁਤਾਬਿਕ ਸੰਨ 1673–74 ਈ.) ਵਿਚ ਕਸ਼ਮੀਰ ਦੇ ਬ੍ਰਾਂਹਮਣਾਂ ਉੱਤੇ ਬਾਦਸ਼ਾਹੀ ਹੁਕਮ ਨਾਲ ਇਕ ਅਜਿਹਾ ਝੱਖੜ ਝੁੱਲਿਆ ਕਿ ਉਹ ਅਚਾਣਕ ਜ਼ਬਰਦਸਤੀ ਮੁਸਲਮਾਨ ਬਣਾਏ ਜਾਣ ਲੱਗ ਪਏ, ਜਿਸ ਕਰ ਕੇ ਉਨ੍ਹਾਂ ਵਿਚੋਂ ਬਹੁਤ ਸਾਰੇ ਪੰਡਿਤ ਇਕੱਠੇ ਹੋ ਕੇ ਆਨੰਦਪੁਰ–ਮਾਖੋਵਾਲ ਦੇ ਸਥਾਨ ਪਰ ਸ੍ਰੀ ਗੁਰੂ ਤੇਗ਼ ਬਹਾਦੁਰ ਜੀ ਦੀ ਸੇਵਾ ਵਿਚ ਫ਼ਰਿਆਦੀ ਹੋ ਆਏ। ਗੁਰੂ ਤੇਗ਼ ਬਹਾਦੁਰ ਜੀ ਨੇ ਉਨ੍ਹਾਂ ਦੀ ਦੁੱਖਾਂ ਭਰੀ ਕਹਾਣੀ ਸੁਣ ਕੇ ਭਰੇ ਦਰਬਾਰ ਵਿਚ ਸਾਰੇ ਸਿੱਖਾਂ ਦੇ ਸਾਮ੍ਹਣੇ ਕਿਹਾ ਕਿ "ਇਨ੍ਹਾਂ ਪੰਡਿਤਾਂ ਦਾ ਦੁੱਖ ਤਦ ਹੀ ਦੂਰ ਹੋ ਸਕਦਾ ਹੈ ਜੇ ਕੋਈ ਧਰਮੀ ਜੋਧਾ ਆਪਣੇ ਸਿਰ ਦਾ ਬਲਿਦਾਨ ਦੇਵੇ।" ਗੁਰੂ-ਪਿਤਾ ਦਾ ਇਹ ਵਚਨ ਸੁਣ ਕੇ ਸਾਹਿਬਜ਼ਾਦਾ ਗੋਬਿੰਦ ਰਾਇ ਜੀ ਨੇ, ਜੋ ਉਸ ਸਮੇਂ ਉਨ੍ਹਾਂ ਦੇ ਕੋਲ ਹੀ ਸੇਵਾ ਵਿਚ ਹਾਜ਼ਰ ਸਨ, ਬੜੀ ਅਧੀਨਗੀ ਤੇ ਦਲੇਰੀ ਨਾਲ ਕਿਹਾ ਕਿ "ਪਿਤਾ ਜੀ! ਜੇ ਇਹੋ ਗੱਲ ਹੈ ਤਾਂ ਤੁਹਾਡੇ ਨਾਲੋਂ ਹੋਰ ਵੱਡਾ ਧਰਮੀ ਜੋਧਾ ਕੌਣ ਹੈ, ਜੋ ਇਨ੍ਹਾਂ ਮਸਕੀਨਾਂ ਦਾ ਦੁੱਖ ਦੂਰ ਕਰਨ ਲਈ ਆਪਣੇ ਸਿਰ ਦੀ ਕੁਰਬਾਨੀ ਦੇਵੇ ?" ਸ੍ਰੀ ਗੁਰੂ ਤੇਗ਼ ਬਹਾਦੁਰ ਜੀ ਆਪਣੇ ਸੁਪੁਤ੍ਰ ਦਾ ਇਹ ਕਥਨ ਸੁਣ ਕੇ ਬੜੇ ਖ਼ੁਸ਼ ਹੋਏ ਤੇ ਚੰਗੀ ਤਰ੍ਹਾਂ ਸਮਝ ਲਿਆ ਕਿ ਹੁਣ ਸਾਹਿਬਜ਼ਾਦਾ ਇਸ ਜੋਗ ਹੈ ਕਿ ਇਹ ਭਵਿੱਖ ਵਿਚ ਸਿੱਖਾਂ ਦੀ ਅਗਵਾਈ ਦਾ ਕੰਮ ਆਪੇ ਸੰਭਾਲ ਸਕੇ।

ਸੋ ਇਸ ਕਾਰਣ ਗੁਰੂ ਸਾਹਿਬ ਨੇ ਉਹ ਪੰਡਿਤ ਤਾਂ ਧੀਰਜ ਦਿਲਾਸਾ ਦੇ ਕੇ ਦਿੱਲੀ ਵਲ ਤੋਰ ਦਿੱਤੇ ਤੇ ਹੁਕਮ ਦਿੱਤਾ ਕਿ "ਤੁਸੀਂ ਔਰੰਗਜ਼ੇਬ ਨੂੰ ਕਹੋ ਕਿ ਜੇ ਪਹਿਲਾਂ ਗੁਰੂ ਤੇਗ਼ ਬਹਾਦੁਰ ਜੀ ਮੁਸਲਮਾਨ ਹੋ ਜਾਣ ਤਾਂ ਫੇਰ ਅਸੀਂ ਸਾਰੇ ਆਪੇ ਮੁਸਲਮਾਨ ਹੋ ਜਾਵਾਂਗੇ", ਤੇ ਇਧਰ ਇਸ ਤੋਂ ਪਿੱਛੋਂ ਗੁਰੂ ਜੀ ਨੇ ਸਾਹਿਬਜ਼ਾਦਾ ਗੋਬਿੰਦ ਰਾਇ ਜੀ ਨੂੰ, ਜੋ ਇਸ ਸਮੇਂ 9–10 ਵਰ੍ਹਿਆਂ ਦੀ ਉਮਰ ਵਿਚ ਹੀ ਸਨ, ਗੁਰਿਆਈ ਦੇ ਸਾਰੇ ਅਧਿਕਾਰ ਦੇ ਦਿੱਤੇ ਤੇ ਖ਼ੁਦ ਆਪਾ ਕੁਰਬਾਨ ਕਰਨ ਲਈ ਭਾਈ ਮਤੀ ਦਾਸ, ਸਤੀ ਦਾਸ, ਦਿਆਲ ਦਾਸ ਆਦਿ ਸਿੱਖਾਂ ਸਮੇਤ ਦਿੱਲੀ ਵਲ ਚੱਲ ਪਏ। ਭਾਈ ਕੇਸਰ ਸਿੰਘ ਛਿੱਬਰ ਤੇ ਭੱਟ-ਵਹੀਆਂ ਦੇ ਕਥਨ ਅਨੁਸਾਰ ਜਦ ਆਪ ਅਜੇ ਰੋਪੜ ਹੀ ਪੁੱਜੇ ਸਨ ਕਿ ਉਥੋਂ ਬਾਦਸ਼ਾਹੀ ਕਰਮਚਾਰੀ ਮਿਰਜ਼ਾ ਨੂਰ ਮੁਹੰਮਦ ਖ਼ਾਨ ਦੇ ਹੱਥ ਗ੍ਰਿਫ਼ਤਾਰ ਹੋਣ ਤੇ ਸਰਹਿੰਦੋਂ ਲੋਹੇ ਦੇ ਪਿੰਜਰੇ ਵਿਚ ਬੰਦ ਕਰ ਕੇ ਦਿੱਲੀ ਪਹੁੰਚਾ ਦਿੱਤੇ ਗਏ।[1]

---

[1]ਪ੍ਰੋ: ਪ੍ਰੀਤਮ ਸਿੰਘ, ਸ੍ਰੀ ਗੁਰੂ ਗੋਬਿੰਦ ਸਿੰਘ ਜੀ, ਪੰਜਾਬੀ ਸਾਹਿੱਤ ਅਕਾਡਮੀ, ਲੁਧਿਹਾਣਾ, ਸਫ਼ਾ ੬੩।

ਸਿੱਖ-ਇਤਿਹਾਸ ਦੇ ਕਥਨ ਅਨੁਸਾਰ ਗੁਰੂ ਸਾਹਿਬ ਸਿੱਖਾਂ ਸਮੇਤ ਬਾਦਸ਼ਾਹ ਦੇ ਹੁਕਮ ਨਾਲ ਕੋਤਵਾਲ ਦੇ ਹਵਾਲੇ ਕੀਤੇ ਗਏ ਤੇ ਉਨ੍ਹਾਂ ਨੂੰ ਸਖ਼ਤੀ ਨਾਲ ਮਜਬੂਰ ਕੀਤਾ ਗਿਆ ਕਿ ਉਹ ਜਾਂ ਤਾਂ ਕੋਈ ਕਰਾਮਾਤ ਦਿਖਾਉਣ ਤੇ ਨਹੀਂ ਤਾਂ ਝਟ ਪਟ ਮੁਸਲਮਾਨ ਬਣ ਜਾਣ। ਜਦ ਗੁਰੂ ਸਾਹਿਬ ਨੇ ਅੱਗੋਂ ਕੋਰਾ ਕਰਾਰਾ ਜਵਾਬ ਦੇ ਦਿੱਤਾ ਤਾਂ ਗੁਰੂ ਸਾਹਿਬ ਕੋਤਵਾਲੀ ਵਿਚ ਭੁੱਖੇ ਤਿਹਾਏ ਰੱਖ ਕੇ, ਲੋਹੇ ਦੇ ਥੰਮ੍ਹ ਤਪਾ ਕੇ, ਸਰੀਰ ਉਤੇ ਤਪਦੀ ਰੇਤ ਪਾ ਕੇ ਤੇ ਅੱਧੋਮੁਖ ਕਰ ਅਥਵਾ ਪੁੱਠੇ ਕਰ ਕੇ ਅਨੇਕ ਕਿਸਮ ਦੀਆਂ ਸਖ਼ਤ ਤੋਂ ਸਖ਼ਤ ਸਜ਼ਾਵਾਂ ਦੇ ਕੇ ਤੰਗ ਕੀਤੇ ਜਾਣ ਲੱਗੇ, ਪਰ ਉਹ ਫੇਰ ਵੀ ਅਡੋਲ ਰਹੇ ਤੇ ਆਪਣੇ ਪ੍ਰਣ ਤੋਂ ਇਕ ਕਦਮ ਵੀ ਪਿੱਛੇ ਨਾ ਮੁੜੇ। ਇਸੇ ਤਰ੍ਹਾਂ ਅਨੇਕ ਪ੍ਰਕਾਰ ਦੇ ਦੁੱਖ-ਤਕਲੀਫ਼ਾਂ ਸਹਾਰਦਿਆਂ, ਤੇ ਕਾਜ਼ੀ, ਮੁਫ਼ਤੀ ਆਦਿ ਦੇ ਕੌੜੇ-ਕੁਸੈਲੇ ਵਚਨ ਸੁਣਦਿਆਂ ਜਦ ਕਈ ਮਹੀਨੇ ਲੰਘ ਗਏ ਤੇ ਸਰੀਰ ਹੱਦੋਂ ਪਰੇ ਕਮਜ਼ੋਰ ਹੋ ਗਿਆ ਤਾਂ ਸ਼ਾਹੀ ਹੁਕਮ ਆਉਣ ਤੇ ਗੁਰੂ ਸਾਹਿਬ ਉਸ ਕੋਤਵਾਲੀ ਦੇ ਸਥਾਨ ਪਰ ਹੀ, ਜਿੱਥੇ ਅਜ ਕਲ ਗੁਰਦੁਆਰਾ ਸੀਸ ਗੰਜ ਕਾਇਮ ਹੈ, ਸੱਯਦ ਜਲਾਲੁੱਦੀਨ ਦੇ ਹੱਥੋਂ, ਜੋ ਨਗਰ ਸਾਮਾਨੇ ਦਾ ਵਸਨੀਕ ਸੀ, ਮਿਤੀ ਮੱਘਰ ਸੁਦੀ 5, ਸੰਮਤ 1732 ਬਿ. ਮੁਤਾਬਿਕ 11 ਨਵੰਬਰ ਸੰਨ 1675 ਈ. ਨੂੰ ਤਲਵਾਰ ਨਾਲ ਸ਼ਹੀਦ ਕੀਤੇ ਗਏ।[1] ਗੁਰੂ ਸਾਹਿਬ ਦੇ ਨਾਲ ਇਸ ਸਮੇਂ ਦੋ ਸਿੱਖ ਹੋਰ ਸ਼ਹੀਦ ਹੋਏ : (1) ਭਾਈ ਦਿਆਲਾ ਤੇ (2) ਭਾਈ ਮਤੀ ਦਾਸ। ਭਾਈ ਦਿਆਲੇ ਨੂੰ ਦੇਗ ਵਿਚ ਉਬਾਲ ਕੇ ਤੇ ਭਾਈ ਮਤੀ ਦਾਸ ਨੂੰ ਲੱਕੜ ਦੀ ਤਰ੍ਹਾਂ ਆਰੇ ਨਾਲ ਚੀਰ ਕੇ ਬੁਰੀ ਤਰ੍ਹਾਂ ਸ਼ਹੀਦ ਕੀਤਾ ਗਿਆ।

ਇਸ ਸਮੇਂ ਅਚਾਣਕ ਕੁਝ ਝੱਖੜ ਝੁੱਲਿਆ ਤੇ ਅਜਿਹੀ ਹਫੜਾ ਦਫੜੀ ਮਚੀ ਕਿ ਸ੍ਰੀ ਗੁਰੂ ਤੇਗ ਬਹਾਦੁਰ ਜੀ ਦਾ ਪਵਿੱਤ੍ਰ ਸੀਸ, ਜੋ ਧੜ ਨਾਲੋਂ ਅਲੱਗ ਹੋ ਚੁਕਾ ਸੀ, ਭਾਈ ਜੀਵਣ ਸਿੰਘ ਨਾਮੀ ਇਕ ਰੰਘਰੇਟੇ ਸਿੱਖ ਦੇ ਹੱਥ ਲੱਗਿਆ ਜੋ ਉਸ ਨੇ ਬੜੇ ਅਦਬ ਨਾਲ ਸੰਭਾਲ ਕੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪਾਸ ਅਨੰਦਪੁਰ ਪਹੁੰਚਾ ਦਿੱਤਾ। ਉਹ ਸੀਸ ਉਥੇ ਬੜੇ ਸਨਮਾਨ ਭਰੇ ਤਰੀਕੇ ਨਾਲ ਗੁਰਦੁਆਰਾ ਸੀਸ ਗੰਜ ਦੇ ਸਥਾਨ ਪਰ ਸਸਕਾਰਿਆ ਗਿਆ ਅਤੇ ਗੁਰੂ ਜੀ ਦਾ ਬਾਕੀ ਧੜ ਤੇ ਦੋਵੇਂ ਸ਼ਹੀਦ ਸਿੱਖਾਂ ਦੇ ਸਰੀਰ ਦਿੱਲੀ ਵਿਚ ਹੀ ਗੁਰਦੁਆਰਾ ਰਕਾਬ ਗੰਜ ਦੇ ਸਥਾਨ ਪਰ ਸਸਕਾਰ ਕਰ ਦਿੱਤੇ ਗਏ। ਸ੍ਰੀ ਗੁਰੂ ਤੇਗ਼ ਬਹਾਦੁਰ ਜੀ ਦੀ ਇਸ ਅਦੁਤੀ ਸ਼ਹੀਦੀ ਨੇ ਨਾ ਕੇਵਲ ਸਿੱਖਾਂ ਨੂੰ ਹੀ, ਸਗੋਂ ਸਮੁੱਚੇ ਹਿੰਦੁਸਤਾਨੀਆਂ ਨੂੰ ਮੁਗ਼ਲ ਰਾਜ ਤੋਂ ਵਿਰੁੱਧ ਝੂਣ ਕੇ ਜਗਾ ਦਿੱਤਾ ਤੇ ਉਹ ਮੁਗ਼ਲਾਂ ਦਾ ਟਾਕਰਾ ਕਰਨ ਲਈ ਦੇਸ ਦੇ ਕੋਣੇ ਕੋਣੇ ਵਿਚ ਖੜੇ ਹੋਣ ਲੱਗ ਪਏ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ, ਜੋ ਇਸ ਸਮੇਂ ਛੁਟੇਰੀ ਉਮਰ ਵਿਚ ਹੀ ਸਨ, ਗੁਰੂ-ਪਿਤਾ ਦੀ ਇਸ ਸ਼ਹੀਦੀ ਤੋਂ ਪ੍ਰਭਾਵਿਤ ਹੋ ਕੇ ਆਪਣੇ ਸ਼ਾਹਕਾਰ ਬਚਿਤ੍ਰ ਨਾਟਕ ਨਾਮੀ ਇਤਿਹਾਸਿਕ ਗ੍ਰੰਥ ਵਿਚ, ਜੋ ਉਨ੍ਹਾਂ ਦੀ ਸ੍ਵੈਜੀਵਨੀ ਦੇ ਨਾਂ ਨਾਲ ਮਸ਼ਹੂਰ ਹੈ, ਕਸ਼ਮੀਰ ਦੇ ਪੰਡਿਤਾਂ ਦੇ ਹਵਾਲੇ ਨਾਲ ਇਸ ਸ਼ਹੀਦੀ ਬਾਰੇ ਅਸਲੀਅਤ ਦੱਸਣ ਲਈ ਹੇਠ ਲਿਖੇ ਸਾਰ-ਅੰਸ਼ ਰੂਪ ਚਾਰ ਛੰਦ ਲਿਖੇ, ਜੋ ਵੀਰ-ਰਸੀ ਇਤਿਹਾਸ ਦੇ ਪੰਨਿਆਂ ਉਤੇ ਸੁਨਹਿਰੀ ਅੱਖਰਾਂ ਵਿਚ ਲਿਖਣ ਜੋਗ ਹਨ, ਜਿਵੇਂ :

---

[1]ਦੇਖੋ, ਤਵਾਰੀਖ਼ ਗੁਰੂ ਖ਼ਾਲਸਾ (ਗਿਆਨ ਸਿੰਘ), ਛਾਪਾ ਪੱਥਰ, ਭਾਗ ੧, ਗੁਰੂ ੯, ਸਫ਼ਾ ੨੮੧।

ਤਿਲਕ ਜੰਞੂ ਰਾਖਾ ਪ੍ਰਭੁ ਤਾਕਾ।
ਕੀਨੋ ਬਡੋ ਕਲੂ ਮਹਿ ਸਾਕਾ॥
ਸਾਧਨਿ ਹੇਤਿ ਇਤੀ ਜਿਨਿ ਕਰੀ।
ਸੀਸ ਦੀਆ ਪਰ ਸੀ ਨ ਉਚਰੀ॥ ੧੩॥
ਧਰਮ ਹੇਤ ਸਾਕਾ ਜਿਨਿ ਕੀਆ।
ਸੀਸੁ ਦੀਆ ਪਰ ਸਿਰਰੁ ਨ ਦੀਆ॥
ਨਾਟਕ ਚੇਟਕ ਕੀਏ ਕੁਕਾਜਾ।
ਪ੍ਰਭੁ ਲੋਗਨ ਕਹਿ ਆਵਤ ਲਾਜਾ॥ ੧੪॥

ਦੋਹਰਾ

ਠੀਕਰਿ ਫੋਰਿ ਦਿਲੀਸਿ ਸਿਰਿ, ਪ੍ਰਭੁ ਪੁਰਿ ਕੀਯਾ ਪਯਾਨ।
ਤੇਗ ਬਹਾਦੁਰ ਸੀ ਕ੍ਰਿਆ, ਕਰੀ ਨ ਕਿਨਹੂ ਆਨ॥ ੧੫॥
ਤੇਗ ਬਹਾਦੁਰ ਕੇ ਚਲਤ, ਭਯੋ ਜਗਤ ਮੈ ਸੋਕ।
ਹੈ ਹੈ ਹੈ ਸਭ ਜਗ ਭਯੋ, ਜੈ ਜੈ ਜੈ ਸੁਰ ਲੋਕ॥ ੧੬॥

(ਬਚਿਤ੍ਰ ਨਾਟਕ, ਪਾਤਸ਼ਾਹੀ ੧੦, ਅਧਿ. ੫)

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਦਰਬਾਰੀ ਕਵੀ ਕੰਕਣ ਨੇ 'ਦਸ ਗੁਰਾਂ ਕੀ ਕਥਾ' ਨਾਮੀ ਕਾਵ੍ਯ-ਰਚਨਾ ਵਿਚ ਇਕ ਥਾਵੇਂ ਬਚਿਤ੍ਰ ਨਾਟਕ ਦੇ ਇਸ ਆਖ਼ਰੀ ਦੋਹਰੇ ਦੀ ਵਿਆਖਿਆ ਕਰਦੇ ਹੋਏ ਬੜੇ ਅਲੰਕਾਰਿਕ ਢੰਗ ਨਾਲ ਲਿਖਿਆ ਹੈ:

ਇੰਦ੍ਰ ਪੁਰੀ ਕੋ ਆਜ ਤੇ, ਭਯ ਕਾਹੂ ਕੋ ਨਾਹਿ।
ਸੋਢੀ ਪਤਿ ਗੁਰੁਅਨ ਗੁਰੂ, ਬਸੇ ਆਯ ਜਿਨ ਮਾਹਿ॥ ੧੭੬॥

ਅਰਥਾਤ—ਧਰਮ ਵੀਰ ਸ੍ਰੀ ਗੁਰੂ ਤੇਗ ਬਹਾਦੁਰ ਜੀ ਜਦ ਇਸ ਤਰ੍ਹਾਂ ਦੀਨ ਅਧੀਨ ਕਸ਼ਮੀਰੀ ਪੰਡਿਤਾਂ ਦੇ ਤਿਲਕ, ਜੰਞੂ ਦੀ ਰੱਖਿਆ ਕਰਦੇ ਹੋਏ ਬੜੀ ਸਿਦਕ-ਦਿਲੀ ਨਾਲ ਦਿੱਲੀ ਮੁਗ਼ਲ ਬਾਦਸ਼ਾਹ ਔਰੰਗਜ਼ੇਬ ਦੇ ਸਿਰ ਆਪਣੇ ਸਰੀਰ ਦਾ ਠੀਕਰਾ ਭੰਨ ਕੇ ਪਰਲੋਕ ਵਾਸੀ ਹੋ ਗਏ ਤਾਂ ਸੰਸਾਰ ਵਿਚ ਅਫ਼ਸੋਸ ਹੋਣ ਦੇ ਨਾਲ ਹੀ ਸੁਰਗ-ਲੋਕ ਵਿਚ ਦੇਵਤਿਆਂ ਵਲੋਂ ਅਜਿਹੀ ਜੈ ਜੈ ਕਾਰ ਹੋਈ ਕਿ ਇੰਦ੍ਰ ਪੁਰੀ (ਸੁਰਗ ਲੋਕ) ਦੇ ਸਾਰੇ ਡਰ-ਭਯ ਸੋਢੀ ਪਾਤਸ਼ਾਹ ਸ਼ਿਰੋਮਣੀ ਗੁਰੂ ਸ੍ਰੀ ਗੁਰੂ ਤੇਗ ਬਹਾਦੁਰ ਜੀ ਦਾ ਵਾਸਾ ਹੋਣ ਤੇ ਹਮੇਸ਼ਾਂ ਲਈ ਦੂਰ ਹੋ ਗਏ, ਅਰਥਾਤ—ਫੇਰ ਬਾਹਰੋਂ ਹੋਰ ਕਿਤੋਂ ਦੈਂਤ-ਦੋਖੀਆਂ ਦੇ ਹਮਲੇ ਦਾ ਉਨ੍ਹਾਂ ਨੂੰ ਡਰ ਨਾ ਰਿਹਾ।

ਸ੍ਰੀ ਗੁਰੂ ਤੇਗ ਬਹਾਦੁਰ ਜੀ ਦੀ ਉਮਰ ਉਸ ਸਮੇਂ, ਜਦ ਆਪ ਸ਼ਹੀਦ ਹੋਏ, 54 ਸਾਲ, 7 ਮਹੀਨੇ ਤੇ 7 ਦਿਨਾਂ ਦੀ ਸੀ। ਕੇਸਰ ਸਿੰਘ ਛਿੱਬਰ ਦੇ ਕਥਨ ਅਨੁਸਾਰ:

ਬਰਸ ਸਤਾਰਾਂ ਰਹੇ ਸਾਹਿਬ ਪਿਤਾ ਪਾਸ।
ਬਰਸ ਅਠਾਰਾਂ ਕੀਤਾ ਭਰਾਵਾਂ ਵਿਚ ਨਿਵਾਸ।
ਪੰਜ ਸਾਲ ਤੀਰਥ ਕੀਤੇ, ਸੰਮਤ ਸਤਾਰਾਂ ਸੌ ਤੇਰਵੇਂ ਜਾਈ।
ਸਾਢੇ ਦਸ ਬਰਸ ਕੀਤੀ ਗੁਰਿਆਈ॥ ੫੩॥

ਸਾਢੇ ਦੋਇ ਬਰਸ ਵਿਚ ਰੌਲੇ ਗੁਜਾਰੇ ।
ਦੋ ਸਾਲ ਡੇਰਾ ਪਟਨੇ ਵਿਚ ਧਾਰੇ ।
ਸਾਢੇ ਚਉਰੰਜਾ ਬਰਸ ਦੀ ਆਉ ਗੁਜਾਰੀ ।
ਗੁਰੂ ਤੇਗ ਬਹਾਦੁਰ ਜੀ ਵਿਚਿ ਸੰਸਾਰੀ ॥ ੫੪ ॥

(ਦੇਖੋ, ਬੰਸਾਵਲੀ ਨਾਮਾ, ਚਰਣ ਨੌਵਾਂ)

ਭਾਈ ਸਤੀ ਦਾਸ ਨਾਮੀ ਸਿੱਖ ਵੀ ਇਸ ਸਮੇਂ ਦਿੱਲੀ ਵਿਚ ਹੀ ਗੁਰੂ ਜੀ ਦੇ ਨਾਲ ਸ਼ਹੀਦ ਹੋਇਆ ਸੀ । ਇਹ ਭਾਈ ਮਤੀ ਦਾਸ ਦਾ ਸੱਕਾ ਭਾਈ ਤੇ ਛਿੱਬਰ ਜਾਤਿ ਦਾ ਕਸ਼ਮੀਰੀ ਬ੍ਰਾਹਮਣ ਸੀ ।

ਕੇਸਰ ਸਿੰਘ ਛਿੱਬਰ ਦੇ ਕਥਨ[1] ਅਨੁਸਾਰ ਸ੍ਰੀ ਗੁਰੂ ਤੇਗ ਬਹਾਦੁਰ ਜੀ ਨੇ ਦਿੱਲੀ ਦੀ ਕੈਦ ਸਮੇਂ ਸ਼ਬਦ-ਸ਼ਲੋਕਾਂ ਤੋਂ ਵੱਖ ਹੋਰ ਬਹੁਤ ਸਾਰੀ ਬਾਣੀ ਵੀ ਰਚੀ ਸੀ, ਜੋ ਇਹੋ ਭਾਈ ਸਤੀ ਦਾਸ ਹੀ ਲਿਖ ਲਿਖ ਕੇ ਸੰਭਾਲਦਾ ਰਿਹਾ ਸੀ, ਪਰ ਅਚਾਣਕ ਉਹ ਸਾਰੀ ਬਾਣੀ ਸ਼ਾਹੀ ਕਰਮਚਾਰੀਆਂ ਦੇ ਹੱਥ ਆਉਣ ਤੇ ਸਿਹਰ ਜਾਂ ਜਾਦੂ-ਟੂਣੇ ਦੇ ਤਾਵੀਜ਼ ਦੱਸ ਕੇ ਨਸ਼ਟ ਕਰ ਦਿੱਤੀ ਗਈ ਤੇ ਉਸ ਦਾ ਕੋਈ ਵੀ ਹਿੱਸਾ ਸਿਵਾਇ 'ਬਲ ਛੁਟਕਿਓ ਬੰਧਨ ਪਰੇ' ਸ਼ਲੋਕ ਦੇ ਸ੍ਰੀ ਦਸ਼ਮੇਸ਼ ਜੀ ਦੇ ਕੋਲ ਆਨੰਦਪੁਰ ਨਾ ਪਹੁੰਚ ਸਕਿਆ । ਇਹ ਇਕ ਸ਼ਲੋਕ ਵੀ ਸਬੱਬ ਨਾਲ ਗੁਰੂ ਜੀ ਦੀ ਸ਼ਹੀਦੀ ਤੋਂ ਪਹਿਲਾਂ ਹੀ ਕਿਸੇ ਹੀਲੇ ਆਨੰਦਪੁਰ ਪੁਜ ਗਿਆ ਸੀ । ਗੁਰੂ ਸਾਹਿਬ ਦੀ ਬਾਕੀ ਬਾਣੀ ਜੋ ਸ੍ਰੀ ਆਦਿ ਗ੍ਰੰਥ ਵਿਚ ਦਰਜ ਹੈ, ਇਸ ਦੁਖਦਾਈ ਘਟਨਾ ਤੋਂ ਪਹਿਲਾਂ ਦੀ ਰਚਨਾ ਹੈ ।

---

[1]ਦੇਖੋ, ਬੰਸਾਵਲੀ ਨਾਮਾ, ਕ੍ਰਿਤ ਕੇਸਰ ਸਿੰਘ ਛਿੱਬਰ, ਚਰਣ ਨੌਵਾਂ, ਛੰਦ-ਅੰਕ ੫੩ ਤੋਂ ੬੭ ਤਕ ।

ਸਿੱਖਾਂ ਦੀ ਵੀਰ ਪਰੰਪਰਾ

ਚੌਥਾ ਦੌਰ

ਦੇਗ ਤੇਗ ਦੇ ਧਨੀ ਸ੍ਰੀ ਗੁਰੂ ਗੋਬਿੰਦ ਸਿੰਘ ਜੀ

(ਸੰਨ 1675—1695 ਈ.)

ਸ੍ਰੀ ਗੁਰੂ ਤੇਗ਼ ਬਹਾਦੁਰ ਜੀ ਤੋਂ ਪਿੱਛੋਂ :

ਸੰਮਤ 1732 ਬਿ. (ਮੁਤਾਬਿਕ ਸੰਨ 1675 ਈ.) ਵਿਚ ਸ੍ਰੀ ਗੁਰੂ ਤੇਗ ਬਹਾਦੁਰ ਜੀ ਦੇ ਸ਼ਹੀਦ ਹੋਣ ਤੇ ਉਨ੍ਹਾਂ ਦੀ ਥਾਵੇਂ ਉਨ੍ਹਾਂ ਦੇ ਇਕਲੌਤੇ ਸੁਪੁਤ੍ਰ ਸ੍ਰੀ ਗੋਬਿੰਦ ਰਾਇ ਜੀ ਗੱਦੀ ਨਸ਼ੀਨ ਹੋਏ। ਇਹ ਗੁਰੂ ਸਾਹਿਬ ਭਾਵੇਂ ਅਜੇ ਛੋਟੀ ਉਮਰ ਵਿਚ ਹੀ ਸਨ, ਪਰ ਆਪਣੇ ਦਾਦਾ ਸ੍ਰੀ ਗੁਰੂ ਹਰਿਗੋਬਿੰਦ ਜੀ ਵਾਂਗੂ ਦਿਲ ਦੇ ਡਾਢੇ ਦਲੇਰ ਤੇ ਬਹੁਤੇ ਅਗਾਂਹ ਵਧੂ ਸਨ, ਜਿਸ ਕਰ ਕੇ ਬੜੇ ਠਰ੍ਹੰਮੇ ਨਾਲ ਕੰਮ ਚਲਾਉਣ ਲੱਗੇ।

ਔਰੰਗਜ਼ੇਬ ਦੀ ਨਜ਼ਰ ਇਸ ਸਮੇਂ ਨਾ ਕੇਵਲ ਦੂਰ ਰਹਿਣ ਵਾਲੇ ਕਾਬਲ, ਪਿਸ਼ਾਵਰ ਆਦਿ ਦੇ ਅਫ਼ਗਾਨਾਂ ਉਤੇ ਹੀ ਸੀ, ਸਗੋਂ ਮੁਗ਼ਲ ਦਰਬਾਰ ਦੇ ਨੇੜੇ ਪੰਜਾਬ ਵਿਚ ਰਹਿਣ ਵਾਲੇ ਸੋਢੀ ਧੀਰ ਮੱਲ (ਪੁਤ੍ਰ ਬਾਬਾ ਗੁਰਦਿੱਤਾ ਜੀ) ਤੇ ਉਸ ਦੇ ਪੁਤ੍ਰ ਸੋਢੀ ਰਾਮ ਚੰਦ ਉਪਰ ਵੀ ਪਈ, ਜਿਸ ਕਰ ਕੇ ਸ੍ਰੀ ਗੁਰੂ ਤੇਗ਼ ਬਹਾਦੁਰ ਜੀ ਦੇ ਵਾਂਗੂ ਹੀ ਸੰਮਤ 1734 ਵਿਚ ਸੋਢੀ ਧੀਰ ਮੱਲ ਜੀ ਰਣ ਥੰਭੌਰ ਦੇ ਕਿਲ੍ਹੇ ਵਿਚ ਲਿਜਾ ਕੇ ਤੇ ਸੰਮਤ 1735 ਵਿਚ ਉਸ ਦੇ ਪੁਤ੍ਰ ਸੋਢੀ ਰਾਮ ਚੰਦ ਜੀ ਦਿੱਲੀ ਦੇ ਸਥਾਨ ਪਰ ਨਜ਼ਰਬੰਦ ਕਰ ਕੇ ਕਤਲ ਕਰਵਾ ਦਿੱਤੇ ਗਏ। ਇਹ ਘਟਨਾਵਾਂ ਦੇਖ ਕੇ ਕੀਰਤਪੁਰ ਤੇ ਆਨੰਦਪੁਰ-ਮਾਖੋਵਾਲ ਦੇ ਸੋਢੀ ਵੀ, ਜੋ ਬਾਬਾ ਸੂਰਜ ਮਲ ਦੇ ਖ਼ਾਨਦਾਨ ਵਿਚੋਂ ਸਨ, ਬਹੁਤ ਡਰੇ ਤੇ ਆਨੰਦਪੁਰ-ਮਾਖੋਵਾਲ ਦਾ ਵਸੇਬਾ ਛੱਡ ਕੇ ਕਿਸੇ ਪਾਸੇ ਦੌੜ ਗਏ। ਕਵੀ ਕੇਸਰ ਸਿੰਘ ਛਿੱਬਰ ਨੇ ਬੰਸਾਵਲੀਨਾਮੇ ਵਿਚ ਇਕ ਥਾਵੇਂ ਸੰਕੇਤ ਮਾਤ੍ਰ ਇਹੋ ਹਾਲ ਦਸਦਿਆਂ ਹੋਇਆਂ ਲਿਖਿਆ ਹੈ :

ਏਹ ਸੁਣ ਕੇ ਸਭ ਸੋਢੀ ਤਜ ਗਏ ਮਾਖੋਵਾਲ ਗਾਉ।
ਸਾਹਿਬ ਗੁਰੂ ਗੋਬਿੰਦ ਸਿੰਘ ਜੀ ਹੀ ਤਹਾਂ ਰਹੇ।
ਹੋਰ ਸਭ ਉਠ ਜਾਵਤ ਭਏ[1] ॥ ੨੧ ॥

ਰਾਜ-ਸਾਜ :

ਇਸ ਭਯਾਨਕ ਹਾਲਤ ਵਿਚ ਵੀ ਗੁਰੂ ਗੋਬਿੰਦ ਰਾਇ ਜੀ ਨੇ ਹੌਸਲਾ ਨਹੀਂ ਹਾਰਿਆ ਤੇ ਗੁਰ-ਗੱਦੀ ਸੰਭਾਲਣ ਸਾਰ ਅਗਲੇ ਸਾਲ ਹੀ ਸੰਮਤ 1733 ਬਿ. (ਸੰਨ 1676

---

[1] ਦੇਖੋ, ਬੰਸਾਵਲੀਨਾਮਾ, ਕੇਸਰ ਸਿੰਘ ਛਿੱਬਰ, ਚਰਣ ਦਸਵਾਂ।

ਈ.) ਵਿਚ ਹੁਕਮਨਾਮੇ ਭੇਜ ਕੇ ਦੂਰ-ਨੇੜਿਓਂ ਉਹ ਸ਼ਸਤ੍ਰਧਾਰੀ ਸਿੱਖ, ਜਿਨ੍ਹਾਂ ਨੇ ਸ੍ਰੀ ਗੁਰੂ ਹਰਿਗੋਬਿੰਦ ਜੀ ਦੇ ਸਮੇਂ ਅਨੇਕਾਂ ਜੰਗਾਂ-ਜੁੱਧਾਂ ਵਿਚ ਹਿੱਸਾ ਪਾਇਆ ਸੀ ਜਾਂ ਉਨ੍ਹਾਂ ਦੇ ਪੁਤ੍ਰ-ਪੋਤ੍ਰੇ, ਜਿਨ੍ਹਾਂ ਦੇ ਦਿਲਾਂ ਵਿਚ ਵੀਰ-ਰਸ ਦਾ ਜਜ਼ਬਾ ਉਸੇ ਤਰ੍ਹਾਂ ਮੌਜੂਦ ਸੀ, ਇਕੱਤ੍ਰ ਕੀਤੇ ਤੇ ਫੇਰ ਦੂਰ-ਨੇੜਿਓਂ ਆਪਣੇ ਭਾਈਚਾਰੇ ਨੂੰ ਵੀ, ਜੋ ਏਧਰ ਉਧਰ ਭੇਜ ਦਿਤੇ ਗਏ ਸਨ, ਸੱਦਾ ਦੇ ਕੇ ਵਾਪਸ ਆਨੰਦਪੁਰ (ਮਾਖੋਵਾਲ) ਬੁਲਾਇਆ। ਸ਼ਹੀਦ ਭਾਈ ਮਤੀ ਦਾਸ ਤੇ ਸਤੀ ਦਾਸ ਦੇ ਖ਼ਾਨਦਾਨ ਵਿਚੋਂ ਭਾਈ ਸਾਹਿਬ ਚੰਦ ਛਿੱਬਰ ਇਸ ਸਮੇਂ ਗੁਰੂ ਜੀ ਨੇ ਆਪਣਾ ਦੀਵਾਨ ਥਾਪਿਆ ਤੇ ਸਾਰਾ ਖ਼ਜ਼ਾਨੇ ਦਾ ਹਿਸਾਬ-ਕਿਤਾਬ ਉਸ ਦੇ ਭਰਾ ਧਰਮ ਚੰਦ ਦੇ ਸਿਪੁਰਦ ਕਰ ਦਿੱਤਾ। ਰਹਿਤਨਾਮੇ ਦਾ ਸਭ ਤੋਂ ਪਹਿਲਾ ਲੇਖਕ ਭਾਈ ਚੌਪਾ ਸਿੰਘ ਛਿੱਬਰ ਵੀ, ਜੋ ਬਚਪਨ ਵਿਚ ਗੁਰੂ ਜੀ ਦਾ ਖਿਡਾਵਾ ਤੇ ਉਸਤਾਦ ਰਿਹਾ ਸੀ, ਗੁਰੂ ਜੀ ਨੇ ਇਸ ਸਮੇਂ ਆਪਣੇ ਦਰਬਾਰ ਵਿਚ ਯੋਗ ਥਾਂ ਤੇ ਨਿਯੁਕਤ ਕਰ ਕੇ ਰੱਖ ਲਿਆ। ਭਾਈ ਚੌਪਾ ਸਿੰਘ ਦੇ ਨਾਲ ਹੀ ਹੋਰ ਸਾਰੇ ਮਸੰਦ ਤੇ ਭਾਈ ਅਥਵਾ ਗੁਣੀ ਗਿਆਨੀ ਤੇ ਪ੍ਰਚਾਰਕ ਵੀ, ਜੋ ਇਸ ਸਮੇਂ ਗੁਰ-ਦਰਬਾਰ ਦੇ ਨਵੇਂ ਪ੍ਰਬੰਧ ਵਿਚ ਕਿਸੇ ਪਹਿਲੂ ਤੋਂ ਚੰਗਾ ਕੰਮ ਦੇ ਸਕਦੇ ਸਨ, ਗੁਰੂ ਸਾਹਿਬ ਨੇ ਨਿਯੁਕਤ ਕਰ ਕੇ ਆਪਣੇ ਪਾਸ ਹੀ ਰੱਖ ਲਏ ਤੇ ਲੋੜ ਪੈਣ ਤੇ ਉਹੋ ਪ੍ਰਚਾਰਕ ਹਰ ਥਾਵੇਂ ਭੇਜਣੇ ਸ਼ੁਰੂ ਕਰ ਦਿੱਤੇ।

ਸਿੱਖਾਂ ਦੀ ਵੰਡ :

ਸ੍ਰੀ ਗੁਰੂ ਗੋਬਿੰਦ ਰਾਇ ਜੀ ਨੇ ਇਸ ਸਮੇਂ ਸਿੱਖ-ਪੰਥ ਦੇ ਭਵਿੱਖ ਨੂੰ ਮੁਖ ਰਖਦਿਆਂ ਹੋਇਆਂ ਸਿੱਖਾਂ ਨੂੰ ਚਾਰ ਹਿੱਸਿਆਂ ਵਿਚ ਵੰਡਿਆ—(1) ਦੀਦਾਰੀ, ਸ਼ਸਤ੍ਰਧਾਰੀ ਅਥਵਾ ਹਜ਼ੂਰੀ ਸਿੱਖ, (2) ਮੁਕਤੇ ਸਿੱਖ, ਜੋ ਹਾਜ਼ਰੀ ਦੇ ਬੰਧੇਜ ਤੋਂ ਸੁਤੰਤ੍ਰ ਰਹਿ ਕੇ ਲੋੜ ਅਨੁਸਾਰ ਕੰਮ ਕਰਨ ਲਈ ਹਰ ਪਾਸੇ ਆ-ਜਾ ਸਕਦੇ ਸਨ, (3) ਸਰਮਾਏਦਾਰ ਜਾਂ ਰਈਸ ਸਿੱਖ, ਜੋ ਰੁਪਏ-ਪੈਸੇ ਰਾਹੀਂ ਜਾਂ ਫ਼ੌਜੀ ਭਰਤੀ ਦੇ ਕੇ ਗੁਰੂ ਘਰ ਦੀ ਸੇਵਾ ਕਰ ਸਕਦੇ ਸਨ ਤੇ (4) ਮੁਰੀਦ ਜਾਂ ਸੇਵਾਦਾਰ ਸਿੱਖ, ਜਿਨ੍ਹਾਂ ਦਾ ਕੰਮ ਸੀ ਹਰ ਸਮੇਂ ਲੰਗਰ ਆਦਿ ਵਿਚ ਹਾਜ਼ਰ ਰਹਿ ਕੇ ਗੁਰੂ ਸੰਗਤਿ ਦੀ ਹੱਥੀਂ ਸੇਵਾ ਕਰਨਾ, ਜਿਵੇਂ ਕਿ ਸੇਵਾ ਪੰਥੀਆਂ ਦੇ ਪ੍ਰਮੁਖ ਆਗੂ ਭਾਈ ਕਨ੍ਹੈਯਾ ਜੀ ਦੀ ਮਿਸਾਲ ਦਿੱਤੀ ਜਾ ਸਕਦੀ ਹੈ। ਗੁਰੂ ਸਾਹਿਬ ਰਈਸਾਂ ਜਾਂ ਸਰਮਾਏਦਾਰ ਸਿੱਖਾਂ ਦੇ ਨਾਲ ਹੀ ਹੋਰ ਸਾਰੇ ਸਿੱਖਾਂ ਪ੍ਰਤੀ ਵੀ ਇਕੋ ਜਿਹਾ ਹਾਰਦਿਕ ਸਨੇਹ-ਭਾਵ ਰਖਦੇ ਸਨ।

ਵਿਆਹ ਤੇ ਸੰਤਾਨ :

ਪਿਤਾ-ਪੁਰਖੀ ਦੀ ਲੀਹ ਨੂੰ ਅੱਗੇ ਤੋਂ ਅੱਗੇ ਤੋਰੀ ਰੱਖਣ ਲਈ ਸ੍ਰੀ ਗੁਰੂ ਗੋਬਿੰਦ ਰਾਇ ਜੀ ਦੀਆਂ ਕੁਲ ਤਿੰਨ ਸ਼ਾਦੀਆਂ, ਜਿਵੇਂ ਕਿ ਉਸ ਸਮੇਂ ਦਾ ਆਮ ਰਿਵਾਜ ਸੀ, ਸੰਨ 1673, ਸੰਨ 1685 ਤੇ ਸੰਮਤ 1700 ਈ. ਵਿਚ ਹੋਈਆਂ। ਪਹਿਲੀ ਗੁਰੂ-ਪਤਨੀ ਦਾ ਨਾਮ ਮਾਤਾ ਸੁੰਦਰੀ, ਦੂਜੀ ਦਾ ਨਾਮ ਮਾਤਾ ਜੀਤੋ ਤੇ ਤੀਜੀ ਦਾ ਨਾਮ ਮਾਤਾ ਸਾਹਿਬ ਦੇਵੀ ਸੀ। ਮਾਤਾ ਸੁੰਦਰੀ ਜੀ ਦੇ ਪੇਟੋਂ ਗੁਰੂ ਸਾਹਿਬ ਦੇ ਘਰ ਵੱਡੇ ਸਾਹਿਬਜ਼ਾਦੇ ਬਾਬਾ ਅਜੀਤ ਸਿੰਘ ਜੀ ਸੰਨ 1687 ਵਿਚ ਤੇ ਮਾਤਾ ਜੀਤੋ ਜੀ ਦੇ ਪੇਟੋਂ ਸਾਹਿਬਜ਼ਾਦਾ ਜੁਝਾਰ ਸਿੰਘ ਸੰਨ 1689 ਵਿਚ, ਸਾਹਿਬਜ਼ਾਦਾ ਜ਼ੋਰਾਵਰ ਸਿੰਘ ਸੰਨ 1696 ਵਿਚ ਤੇ ਸਾਹਿਬਜ਼ਾਦਾ ਫਤਹਿ ਸਿੰਘ ਸੰਨ 1698 ਵਿਚ ਪੈਦਾ ਹੋਏ। ਇਨ੍ਹਾਂ ਤੋਂ ਬਿਨਾਂ ਹੋਰ ਕੋਈ ਸੰਤਾਨ ਗੁਰੂ

ਸਾਹਿਬ ਦੇ ਘਰ ਨਹੀਂ ਹੋਈ।

ਫ਼ੌਜੀ ਤਨਜ਼ੀਮ :

ਗੁਰੂ ਸਾਹਿਬ ਨੇ ਸਿੱਖਾਂ ਨੂੰ, ਜਿਵੇਂ ਕਿ ਪਹਿਲਾਂ ਦੱਸਿਆ ਗਿਆ ਹੈ, ਚਾਰ ਹਿੱਸਿਆ ਵਿਚ ਵੰਡ ਕੇ, ਫੇਰ ਦੀਦਾਰੀ ਜਾਂ ਹਜ਼ੂਰੀ ਸਿੱਖਾਂ ਨੂੰ ਪੂਰੀ ਤਰ੍ਹਾਂ ਨਵੇਂ ਹਥਿਆਰਾਂ ਨਾਲ ਸਨੱਧ ਬੱਧ ਕਰ ਕੇ ਫ਼ੌਜੀ ਸਿਖਯਾ ਦੇਣੀ ਸ਼ੁਰੂ ਕੀਤੀ। ਇਹ ਫ਼ੌਜੀ ਸਿਖਯਾ ਸਮੇਂ ਦੀ ਲੋੜ ਦੇ ਮੁਤਾਬਿਕ ਗੱਤਕੇ ਖੇਡਣੇ, ਤਲਵਾਰ ਚਲਾਉਣਾ ਜਾਂ ਨੇਜ਼ਾ ਬਾਜ਼ੀ ਕਰਨਾ, ਤੀਰਾਂ ਤੇ ਬੰਦੂਕਾਂ ਦੇ ਨਿਸ਼ਾਨੇ ਲਗਾਉਣ ਅਤੇ ਘੋੜ-ਸਵਾਰੀ ਤਕ ਹੀ ਸੀਮਿਤ ਸੀ। ਮੁਗ਼ਲੇਈ ਜਾਂ ਹੋਰ ਰਿਆਸਤੀ ਫ਼ੌਜਾਂ ਵਿਚ ਵੀ ਉਸ ਸਮੇਂ ਲਗ ਭਗ ਇਹੋ ਸ਼ਸਤ੍ਰਾਂ-ਅਸਤ੍ਰਾਂ ਦੀ ਸਿਖਯਾ ਪ੍ਰਚਲਿਤ ਸੀ ਤੇ ਅਜ ਕਲ ਵਾਂਗੂ ਫ਼ੌਜੀ ਕਵਾਇਦਾਂ ਕਰਨ ਦਾ ਉਸ ਸਮੇਂ ਉੱਕਾ ਹੀ ਰਿਵਾਜ ਨਹੀਂ ਸੀ। ਸਿੱਖਾਂ ਦੀ ਫ਼ੌਜੀ ਵਰਦੀ ਨੀਲਾ ਬਾਣਾ ਸੀ ਤੇ ਮੁਗ਼ਲੇਈ ਫ਼ੌਜਾਂ ਦੀ ਵਰਦੀ ਸ਼ਹਿਦ ਦੀਆਂ ਮੱਖੀਆਂ ਵਰਗੇ ਸਿਆਹ ਰੰਗ ਦੀ, ਜਿਵੇਂ ਕਿ ਸ੍ਰੀ ਦਸਮੇਸ਼ ਜੀ ਨੇ ਖ਼ੁਦ ਆਪਣੀ ਕਲਮ ਤੋਂ ਚਮਕੌਰ ਦੇ ਜੰਗ ਦਾ ਜ਼ਿਕਰ ਕਰਦਿਆਂ ਜ਼ਫ਼ਰਨਾਮੇ ਵਿਚ ਲਿਖਿਆ ਹੈ :

ਬਰੰਗਿ ਮਗਸ ਸਿਆਹ ਪੋਸ਼ ਆਮਦੰਦ।
ਬ-ਯਕ ਬਾਰਗੀ ਦਰ ਖ਼ਰੋਸ਼ ਆਮਦੰਦ।

ਅਰਥਾਤ—ਸ਼ਹਿਦ ਦੀਆਂ ਮੱਖੀਆਂ ਦੇ ਰੰਗ ਵਿਚ ਸਿਆਹ ਪੋਸ਼ (ਕਾਲੀਆਂ ਵਰਦੀਆਂ ਵਾਲੇ) ਫ਼ੌਜੀ ਆਏ ਜੋ ਕ੍ਰੋਧ ਨਾਲ ਇਕੋ ਵੇਰ ਸਾਡੇ ਉਪਰ ਟੁੱਟ ਪਏ।

ਰਾਜ-ਸਾਜ ਦੀਆਂ ਨਿਸ਼ਾਨੀਆਂ ਤੇ ਰਣਜੀਤ ਨਗਾਰਾ :

ਮੁਗ਼ਲ ਹਕੂਮਤ ਵਲੋਂ ਉਸ ਸਮੇਂ, ਜਿਵੇਂ ਕਿ ਜਹਾਂਗੀਰ ਦੇ ਰਾਜ-ਕਾਲ ਤੋਂ ਹੀ ਐਲਾਨ ਹੁੰਦੇ ਚਲੇ ਆ ਰਹੇ ਸਨ, ਕਿਸੇ ਵੀ ਹਿੰਦੂ ਜਾਂ ਸਿੱਖ ਨੂੰ ਨਗਾਰਾ, ਧੌਂਸਾ ਵਜਾਉਣ, ਸਿਰ ਉਤੇ ਕਲਗੀ ਲਗਾਉਣ, ਗਲ ਵਿਚ ਮੋਤੀਆਂ ਦੀ ਮਾਲਾ ਪਹਿਨਣ, ਅਰਬੀ ਜਾਂ ਇਰਾਕੀ ਘੋੜਾ ਰੱਖਣ ਤੇ ਆਪਣੇ ਆਪ ਨੂੰ ਰਾਜਾ ਜਾਂ ਬਾਦਸ਼ਾਹ ਅਖਵਾਉਣ ਦੀ ਆਗਿਆ ਨਹੀਂ ਸੀ, ਪਰ ਗੁਰੂ ਸਾਹਿਬ ਸ਼ੁਰੂ ਤੋਂ ਹੀ ਇਹ ਬੰਧਨ ਤੋੜ ਕੇ ਸੱਚੇ ਪਾਤਸ਼ਾਹ ਬਣੇ ਚਲੇ ਆ ਰਹੇ ਸਨ, ਜਿਵੇਂ ਕਿ ਸ੍ਰੀ ਗੁਰੂ ਹਰਿਗੋਬਿੰਦ ਜੀ ਦੇ ਜੀਵਨ ਤੇ ਜੰਗਾਂ-ਜੁੱਧਾਂ ਸੰਬੰਧੀ ਨੀਤੀ ਤੋਂ ਸਾਫ਼ ਪਤਾ ਲਗਦਾ ਹੈ, ਇਸ ਲਈ ਇਸ ਸਮੇਂ ਸ੍ਰੀ ਗੁਰੂ ਗੋਬਿੰਦ ਰਾਇ ਜੀ ਨੇ ਵੀ ਉਹੋ ਨੀਤੀ ਅਪਣਾਈ ਤੇ ਦਾਦਾ ਗੁਰੂ ਹਰਿਗੋਬਿੰਦ ਜੀ ਵਾਂਗੂ ਆਪਣੇ ਸੀਸ ਉਤੇ ਸੋਇਨ ਕਲਗੀ ਸਜਾਈ, ਦਰਬਾਰ ਵਿਚ ਕਵੀ ਤੇ ਢਾਡੀ ਨਿਯੁਕਤ ਕੀਤੇ, ਸ਼ਸਤ੍ਰਧਾਰੀ ਸਿੱਖਾਂ ਦੀ ਦੇਖ-ਰੇਖ ਵਿਚ ਚੰਗੇ ਤੋਂ ਚੰਗੇ ਘੋੜੇ ਤੇ ਹਾਥੀ ਮੰਗਵਾ ਕੇ ਰੱਖੇ ਅਤੇ ਆਦਿ ਸਿੰਘਾਸਨ ਦਮਦਮਾ ਰਚ ਕੇ, ਜੋ ਨੌ ਨੇਜੇ ਭਰ ਉੱਚਾ ਸੀ, ਉਸ ਦੇ ਬੂਹੇ ਅੱਗੇ ਇਕ ਬਹੁਤ ਵੱਡਾ ਰਣਜੀਤ ਨਗਾਰਾ ਰਖਵਾਇਆ, ਜੋ ਰੋਜ਼ ਲਗਾਤਾਰ ਦੋਵੇਂ ਵੇਲੇ ਵਜਾਇਆ ਜਾਣ ਲੱਗਾ। ਇਸ ਰਣਜੀਤ ਨਗਾਰੇ ਦੀ ਤਿੱਖੀ ਆਵਾਜ਼ ਤੋਂ ਇਲਾਕਾ ਕਹਿਲੂਰ ਤੇ ਬਾਈਧਾਰ ਦੀਆਂ ਪਹਾੜੀ ਰਿਆਸਤਾਂ ਦੇ ਸਾਰੇ ਰਾਜੇ-ਰਾਣੇ ਕੰਬੇ ਤੇ ਬਨ-ਪਰਬਤ ਗੂੰਜ ਉਠੇ। ਵਿਰੋਧੀ ਸ੍ਰੋਤਿਆਂ ਦੇ ਦਿਲਾਂ ਉੱਤੇ ਇਕ ਦਮ ਕੁਝ ਸਹਿਮ ਜਿਹਾ ਵਿਆਪਣ ਲੱਗ ਪਿਆ। ਗੁਰੂ ਸਾਹਿਬ ਦੇ ਦਰਬਾਰੀ ਕਵੀ ਮੰਗਲ ਨੇ ਇਸੇ ਕਾਰਣ

ਰਣਜੀਤ ਨਗਾਰੇ ਦੇ ਸੰਬੰਧ ਵਿਚ ਇਕ ਓਜ ਭਰਿਆ ਪੰਜਾਬੀ ਕਬਿੱਤ ਲਿਖਿਆ ਹੈ ਜੋ ਇਸ ਪ੍ਰਕਾਰ ਹੈ :

ਆਨੰਦ ਦਾ ਵਾਜਾ ਨਿਤ ਵੱਜਦਾ ਆਨੰਦ ਪੁਰ,
ਸੁਣਿ ਸੁਣਿ ਸੁੱਧ ਭੁੱਲਦੀ ਏ ਨਰ ਨਾਹ ਦੀ ।
ਭਉ ਪਿਆ ਬਿਭੀਖਣੇ ਨੂੰ ਲੰਕਾ ਗੜ੍ਹ ਵੱਸਣੇ ਦਾ,
ਫੇਰ ਅਸਵਾਰੀ ਆਂਵਦੀ ਏ ਮਹਾਬਾਹ ਦੀ ।
ਬਲ ਛਡਿ ਬਲ ਜਾਇ ਛਪਿਆ ਪਤਾਲ ਵਿਚ,
ਫ਼ਤਿਹ ਦੀ ਨਿਸ਼ਾਨੀ ਜੈਂਦੇ ਦ੍ਵਾਰ ਦਰਗਾਹ ਦੀ ।
ਸਵਣੇ ਨਾ ਦੇਂਦੀ ਦੁੱਖ ਦੁੱਜਣਾਂ ਨੂੰ ਰਾਤ ਦਿਣ,
ਨੌਬਤ ਗੋਬਿੰਦ ਸਿੰਘ ਗੁਰੂ ਪਾਤਸਾਹ ਦੀ ॥

ਪਹਾੜੀ ਰਾਜਿਆਂ ਦੀ ਬੁਰੀ ਹਾਲਤ ਤੇ ਸ੍ਰੀ ਦਸਮੇਸ਼ ਦੀ ਉਦਾਰਤਾ :

ਬਾਈ ਧਾਰ ਦੀਆਂ ਪਹਾੜੀਆਂ ਰਿਆਸਤਾਂ ਦੇ ਰਾਜੇ-ਰਾਣੇ ਤੇ ਇਲਾਕਾ ਕਹਿਲੂਰ ਦੀਆਂ 12 ਠਕੁਰਾਈਆਂ ਦੇ ਰਈਸ ਮੁਗ਼ਲੇਈ ਹਕੂਮਤ ਦੇ ਅਧੀਨ ਉਸ ਸਮੇਂ ਰਾਜੇ-ਰਾਣੇ ਨਹੀਂ, ਸਗੋਂ ਇਕ ਪ੍ਰਕਾਰ ਦੇ ਭੂਮੀਏ ਜਾਂ ਜ਼ਿਮੀਦਾਰਾਂ ਦੀ ਹੈਸੀਅਤ ਰਖਦੇ ਸਨ ਤੇ ਇਸੇ ਕਾਰਣ ਸਰਕਾਰੀ ਕਾਗ਼ਜ਼ਾਤ ਵਿਚ ਵੀ ਉਨ੍ਹਾਂ ਨੂੰ ਜ਼ਿਮੀਂਦਾਰ ਹੀ ਲਿਖਿਆ ਜਾਂਦਾ ਸੀ। ਇਸ ਹਾਲਤ ਵਿਚ ਆਮਦਨੀ ਉਨ੍ਹਾਂ ਦੀ ਬੜੀ ਘੱਟ ਸੀ ਤੇ ਕਈਆਂ ਦੇ ਤਾਂ ਐਵੇਂ ਮਸਾਂ ਖ਼ਰਚ ਹੀ ਪੂਰੇ ਹੁੰਦੇ ਸਨ। ਉਨ੍ਹਾਂ ਵਿਚੋਂ ਰਾਜਾ ਜਾਂ ਰਾਣਾ ਸਿਰਫ਼ ਉਹੋ ਜ਼ਿਮੀਂਦਾਰ ਜਾਂ ਰਈਸ ਅਖਵਾ ਸਕਦਾ ਸੀ, ਜਿਸ ਨੂੰ ਹਕੂਮਤ ਵਲੋਂ ਬਾਕਾਇਦਾ ਰਾਜਗੀ ਦੀ ਪਦਵੀ ਮਿਲੀ ਹੋਵੇ, ਨਹੀਂ ਤਾਂ ਰਾਜ-ਪਦਵੀ ਤੇ ਜ਼ਮੀਨ ਦਾ ਮਾਲਿਕ ਬਾਦਸ਼ਾਹ ਤੋਂ ਬਿਨਾਂ ਹੋਰ ਕੋਈ ਵਿਅਕਤੀ ਨਹੀਂ ਸੀ ਮੰਨਿਆ ਜਾਂਦਾ। ਉਹ ਲੋਕ ਰਾਜਾ, ਰਾਣਾ, ਰਈਸ ਜਾਂ ਜਿਮੀਂਦਾਰ ਦੀ ਇਹ ਅਖੌਤੀ ਤੇ ਨਾਮਮਾਤ੍ਰ ਹੈਸੀਅਤ ਵੀ ਅਖ਼ਲਾਕ ਤੋਂ ਡਿੱਗ ਕੇ ਜਾਂ ਨੀਵੇਂ ਹੋ ਕੇ ਹੀ ਕਾਇਮ ਰੱਖ ਸਕਦੇ ਸਨ। ਗੁਰੂ ਸਾਹਿਬ ਨੇ ਇਸੇ ਕਾਰਣ ਕਈ ਵੇਰ ਉਨ੍ਹਾਂ ਨੂੰ ਇਕੱਠਿਆਂ ਕਰ ਕੇ ਇਕ ਪੱਧਰ ਉਤੇ ਇਤਫ਼ਾਕ ਨਾਲ ਖਲਾਰਨਾ ਚਾਹਿਆ। ਗੁਰੂ ਸਾਹਿਬ ਦੇ ਦਰਬਾਰ ਵਿਚ ਚੂੰਕਿ ਬਾਹਰੋਂ ਦੂਰ-ਨੇੜਿਓਂ ਅਨੇਕਾਂ ਸ਼੍ਰਧਾਲੂ ਸਿੱਖਾਂ ਵਲੋਂ ਚੰਗੀ ਭੇਟ ਪੂਜਾ ਤੇ ਮਾਲ-ਧਨ ਆਉਣ ਕਰ ਕੇ ਕਦੇ ਕਿਸੇ ਗੱਲ ਦੀ ਕਮੀ ਨਹੀਂ ਸੀ ਰਹਿੰਦੀ, ਇਸ ਲਈ ਉਨ੍ਹਾਂ ਨੇ ਅਤਿਅੰਤ ਕ੍ਰਿਪਾ ਪੂਰਵਕ ਇਲਾਕਾ ਪਹਾੜ ਦੇ ਬਹੁਤ ਸਾਰੇ ਰਾਜੇ, ਰਾਣਿਆਂ ਤੇ ਰਈਸਾਂ ਨੂੰ, ਜਿਨ੍ਹਾਂ ਵਿਚ ਜਮਵਾਲ, ਕਹਿਲੂਰ, ਹਡੂਰ, ਕਟੋਚ ਆਦਿ ਮੁੱਖ ਸਨ, ਆਪਣੇ ਦਰਬਾਰ ਵਿਚ ਬਾਕਾਇਦਾ ਤੌਰ ਤੇ ਨੌਕਰ ਰੱਖਿਆ ਅਤੇ ਖੁਲ੍ਹਦਿਲੀ ਨਾਲ ਰੋਜ਼ੀਨਾ ਦੇਣਾ ਸ਼ੁਰੂ ਕੀਤਾ। ਉਹ ਇਸ ਕਾਰਣ ਕਿ ਗੁਰੂ ਸਾਹਿਬ ਯੋਰਪੀਅਨ ਯਾਤਰੂ ਨਿਕੋਲਾਉ ਮਨੂਚੀ ਵਾਂਗੂ ਗੂੜ੍ਹੇ ਨੀਤੀ ਵੇਤਾ ਹੋਣ ਕਰ ਕੇ ਚੰਗੀ ਤਰ੍ਹਾਂ ਸਮਝਦੇ ਸਨ ਕਿ ਜੇ ਪੰਜਾਬ ਤੇ ਰਾਜਸਥਾਨ ਦੇ ਬਹਾਦੁਰ ਰਾਜਪੂਤ ਰਾਜੇ, ਮਹਾਰਾਜੇ ਜਾਂ ਰਾਣੇ ਕਿਸੇ ਤਰ੍ਹਾਂ ਇਕ ਹੋ ਜਾਣ ਤੇ ਇਤਫ਼ਾਕ ਕਰ ਲੈਣ ਤਾਂ ਏਨੀ ਵਡੀ ਮੁਗ਼ਲਾਂ ਦੀ ਹਕੂਮਤ ਹਿੰਦੁਸਤਾਨ ਵਿਚੋਂ ਉਨ੍ਹਾਂ ਦੇ ਇਕੋ ਹਮਲੇ ਨਾਲ ਖ਼ਤਮ ਹੋ ਸਕਦੀ ਹੈ।[1] ਪਰ ਉਨ੍ਹਾਂ ਪਹਾੜੀ ਰਾਜਿਆਂ ਵਿਚ ਇਹ ਅਕਲ ਤੇ

[1]Mr. Niccolao Manucci; Storia Do Mogor or Story of Moguls, Part II (1907), P. 440.

ਥਾਵੇਂ, ਸਗੋਂ ਦੁਸ਼ਮਨ ਦੀ ਗੁਲਾਮੀ ਤੇ ਅਖੌਤੀ ਧਰਮ ਦੇ ਜੂਏ ਹੇਠ ਜਕੜੇ ਹੋਣ ਕਰ ਕੇ ਗੁਰੂ ਸਾਹਿਬ ਦੇ ਨਾਲ ਈਰਖਾ ਕਰਨ ਲੱਗ ਪਏ।

ਇਲਾਕਾ ਪਹਾੜ ਦੇ ਰਾਜਪੁਤ ਰਾਜੇ-ਰਾਣੇ, ਜੋ ਖ਼ਰਚ ਵਜੋਂ ਹਮੇਸ਼ਾ ਤੰਗ ਰਹਿੰਦੇ ਸਨ, ਕਈ ਵੇਰ ਗੁਰੂ ਸਾਹਿਬ ਦੇ ਸੇਵਕ ਹੋਣ ਜਾਂ ਸਹਿਜਧਾਰੀ ਸਿਖ ਬਣੇ ਰਹਿਣ ਦਾ ਦਮ ਵੀ ਭਰਦੇ ਰਹੇ, ਪਰ ਆਖ਼ਰ ਜਦ ਉਹ 'ਹਿੰਦੂ ਧਰਮ ਕੱਚਾ ਧਾਗਾ' ਦੇ ਅਖਾਣ ਅਨੁਸਾਰ ਆਪਣੇ ਪਰੰਪਰਾਵਾਦੀ ਜਾਤਿ ਪਾਤ ਦੇ ਮਿਥਿਹਾਸਿਕ ਵਹਿਮਾਂ ਨੂੰ ਗੁਰੂ ਜੀ ਵਲੋਂ ਤਾਕੀਦਾਂ ਹੋਣ ਤੇ ਵੀ ਛੱਡ ਨਾ ਸਕੇ ਤੇ ਪਹਿਲਾਂ ਵਾਂਗੂ ਮੁਗ਼ਲਾਂ ਦੀ ਗੁਲਾਮੀ ਵਿਚ ਜਕੜੇ ਰਹਿਣਾ ਹੀ ਉਨ੍ਹਾਂ ਨੇ ਜੋਗ ਸਮਝਿਆ ਤਾਂ ਗੁਰੂ ਸਾਹਿਬ ਉਨ੍ਹਾਂ ਵਲੋਂ ਕਾਫ਼ੀ ਹੱਦ ਤਕ ਨਿਰਾਸ ਹੋ ਗਏ, ਪਰ ਫੇਰ ਵੀ ਆਪਣੀ ਸੁਧਾਰਕ ਜੱਦੋ ਜਹਿਦ ਗੁਰੂ ਜੀ ਨੇ ਪੂਰੀ ਤਰ੍ਹਾਂ ਜਾਰੀ ਰੱਖੀ।

ਪ੍ਰਸਾਦੀ ਹਾਥੀ ਕਾਰਣ ਰਾਜਾ ਭੀਮ ਚੰਦ ਦੀ ਨਾਰਾਜ਼ਗੀ ਤੇ ਲੜਾਈ:

ਰਾਜਾ ਭੀਮ ਚੰਦ ਬਿਲਾਸਪੁਰੀਆ ਉਨੀਂ ਦਿਨੀਂ ਆਪਣੇ ਆਪ ਨੂੰ ਇਲਾਕਾ ਪਹਾੜ ਦੀਆਂ ਬਾਰਾਂ ਠਕੁਰਾਈਆਂ-ਬਘਾਲ, ਕੁਨ੍ਹਿਆਰ, ਬੇਜਾ, ਧਾਮੀ, ਕਿਉਂਥਲ, ਕੁਠਾਰ, ਜੁੱਬਲ, ਬਘਾਟ, ਬੱਜੀ, ਮਲੋਗ, ਮੰਗਾਲ ਅਤੇ ਬਲਧਾਨ ਦਾ ਮਾਲਿਕ ਸਮਝਦਾ ਸੀ, ਪਰ ਫੇਰ ਵੀ ਮਾਲੀ ਹਾਲਤ ਉਸ ਦੀ ਏਨੀ ਅੱਛੀ ਨਹੀਂ ਸੀ। ਸ੍ਰੀ ਆਨੰਦਪੁਰ ਦੇ ਸਥਾਨ ਪਰ ਗੁਰੂ-ਦਰਬਾਰ ਵਿਚ ਚੁਤਰਫੋਂ ਸਿੱਖਾਂ ਵਲੋਂ ਧਨ-ਮਾਲ ਦਾ ਮੀਂਹ ਵਰ੍ਹਦਾ ਦੇਖ ਕੇ ਪਹਿਲਾਂ ਤਾਂ ਉਹ ਹੋਰ ਰਾਜਪੂਤ ਰਾਜਿਆਂ ਵਾਂਗੂ ਹੀ ਨੌਕਰੀ ਕਰਕੇ ਚੋਖਾ ਲਾਭ ਉਠਾਉਂਦਾ ਰਿਹਾ, ਪਰ ਫਿਰ ਇਕ ਦਿਨ ਗੁਰੂ ਜੀ ਦੇ ਦਰਬਾਰ ਵਿਚ ਰਾਜਾ ਰਤਨ ਰਾਇ ਆਸਾਮ ਵਲੋਂ ਭੇਟਾ ਕੀਤਾ ਹੋਇਆ ਅਤਿ ਸੁੰਦਰ ਪ੍ਰਸਾਦੀ ਹਾਥੀ ਦੇਖ ਕੇ, ਜੋ ਰੰਗ ਦਾ ਸੁਫ਼ੈਦ, ਅੱਖ ਦੇ ਇਸ਼ਾਰੇ ਨੂੰ ਸਮਝ ਕੇ ਕੰਮ ਕਰਦਾ ਤੇ ਇਕ ਨਿਰਾਲੀ ਕਿਸਮ ਦਾ ਤੁਹਫ਼ਾ ਸੀ, ਭੀਮ ਚੰਦ ਦਾ ਦਿਲ ਲਲਚਾਇਆ, ਜਿਸ ਕਰ ਕੇ ਉਸ ਨੇ ਗੁਰੂ ਜੀ ਤੋਂ ਉਹ ਹਾਥੀ ਆਪਣੇ ਪੁਤ੍ਰ ਦੀ ਮੰਗਣੀ ਸਮੇਂ ਦਿਖਾਵੇ ਦੇ ਬਹਾਨੇ ਮੰਗਿਆ, ਪਰ ਅਗੋਂ ਗੁਰੂ ਸਾਹਿਬ ਉਸ ਦੀ ਇਸ ਚਾਲ ਨੂੰ ਪਹਿਲਾਂ ਤਾੜ ਗਏ ਤੇ ਕੋਰਾ ਜਵਾਬ ਦੇ ਦਿੱਤਾ।

ਇਸ ਤੋਂ ਬਾਦ ਇਕ ਦਿਨ ਗੁਰੂ ਗੋਬਿੰਦ ਸਿੰਘ ਜੀ ਸਿੱਖਾਂ ਸਮੇਤ ਸ਼ਿਕਾਰ ਗਏ। ਰਾਜਾ ਭੀਮ ਚੰਦ ਨੇ ਇਸ ਸਮੇਂ ਅਚਾਣਕ ਮੌਕਾ ਤਾੜ ਕੇ ਆਪਣਾ ਕੁਝ ਸੈਨਿਕ ਬਲ ਦਿਖਾਇਆ ਤੇ ਸਿੱਖਾਂ ਤੋਂ ਰਣਜੀਤ ਨਗਾਰਾ ਤੇ ਪ੍ਰਸਾਦੀ ਹਾਥੀ ਧੱਕੇ ਨਾਲ ਖੋਹਣੇ ਚਾਹੇ। ਸਿੱਖ ਇਸ ਸੰਬੰਧ ਵਿਚ ਪਹਿਲਾਂ ਹੀ ਸੁਚੇਤ ਸਨ, ਇਸ ਲਈ ਉਹ ਗੁਰੂ ਜੀ ਦੇ ਹੁਕਮ ਨਾਲ ਪਹਾੜੀਆਂ ਉਤੇ ਤਲਵਾਰਾਂ ਸੂਤ ਕੇ ਬਾਜਾਂ ਵਾਂਗੂ ਝਪਟ ਪਏ। ਰਾਜਾ ਭੀਮ ਚੰਦ ਦੀ ਸਿਪਾਹ ਬਹੁਤ ਸਾਰੇ ਆਦਮੀ ਮਰਵਾ ਕੇ ਨੱਸ ਤੁਰੀ ਤੇ ਸਿੱਖ ਇਲਾਕਾ ਕਹਿਲੂਰ ਵਿਚ ਦੂਰ ਤਕ ਉਸ ਦੀਆਂ ਖੁੱਚਾਂ ਵਢਦੇ ਹੋਏ ਚਲੇ ਗਏ, ਪਰ ਗੁਰੂ ਸਾਹਿਬ ਦਾ ਹੁਕਮ ਸੀ ਕਿ ਇੱਟ ਦਾ ਜਵਾਬ ਪੱਥਰ ਨਾਲ ਨਹੀਂ ਦੇਣਾ, ਤੇ ਰਾਜਾ ਭੀਮ ਚੰਦ ਦੇ ਨਾਲ ਨਰਮਾਈ ਹੀ ਵਰਤਣੀ ਹੈ, ਇਸ ਲਈ ਸਿੱਖ ਗੁਰੂ ਜੀ ਦੇ ਨਾਲ ਵਾਪਸ ਪਰਤ ਆਏ। ਦੂਰ-ਅੰਦੇਸ਼ੀ ਕਿੱਥੇ, ਇਸ ਲਈ ਉਹ ਗੁਰੂ ਸਾਹਿਬ ਦੀ ਇਸ ਖੁਲ੍ਹਦਿਲੀ ਤੋਂ ਖ਼ੁਸ਼ ਹੋਣ ਦੀ

ਇਹ ਘਟਨਾ ਸੰਮਤ 1739 ਬਿ. (ਮੁਤਾਬਿਕ ਸੰਨ 1682 ਈ.) ਦੀ ਹੈ ।[1]

ਸਿੱਖਾਂ ਨਾਲ ਭੀਮ ਚੰਦ ਦੀ ਇਹ ਪਹਿਲੀ ਝਪਟ ਸੀ, ਜਿਸ ਤੋਂ ਉਹ ਡਾਢਾ ਤੰਗ ਹੋਇਆ । ਉਸ ਨੇ ਇਸ ਸੰਬੰਧ ਵਿਚ ਇਲਾਕਾ ਪਹਾੜੀ ਦੀ ਰਖਜਾ ਦੀ ਦੁਹਾਈ ਦੇ ਕੇ ਸਾਰੇ ਪਹਾੜੀ ਰਾਜੇ, ਜਿਨ੍ਹਾਂ ਵਿਚ ਹੰਡੂਰ (ਨਾਲਾਗੜ੍ਹ), ਮੰਡੀ, ਸੁਕੇਤ, ਜਸਵਾਲ, ਡਢਵਾਲ, ਕਟੋਚ, ਆਦਿ ਸ਼ਾਮਲ ਸਨ, ਉਚੇਚੇ ਸੱਦਾ ਪਤ੍ਰ ਭੇਜ ਕੇ ਬਿਲਾਸਪੁਰ ਬੁਲਾਏ ਤੇ ਰਾਜਾ ਕ੍ਰਿਪਾਲ ਚੰਦ ਕਟੋਚ ਦੀ ਸਲਾਹ ਨਾਲ ਸਰਬ ਸੰਮਤੀ ਨਾਲ ਫੈਸਲਾ ਕਰ ਕੇ ਗੁਰੂ ਸਾਹਿਬ ਨੂੰ ਆਖਿਆ ਕਿ "ਜਾਂ ਤਾਂ ਆਪ ਪ੍ਰਸਾਦੀ ਹਾਥੀ ਦਿਓ ਤੇ ਨਹੀਂ ਤਾਂ ਆਨੰਦਪੁਰ ਦਾ ਵਸੇਬਾ ਛੱਡ ਕੇ ਕਿਸੇ ਪਾਸੇ ਚਲੇ ਜਾਓ । ਜੇ ਇਹ ਦੋਵੇਂ ਸ਼ਰਤਾਂ ਮਨਜ਼ੂਰ ਨਹੀਂ ਤਾਂ ਜੰਗ ਲਈ ਤਿਆਰ ਰਹੋ ।"

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਪਹਾੜੀ ਰਾਜਿਆਂ ਦਾ ਇਹ ਪਤ੍ਰ ਪੜ੍ਹਕੇ ਬੜੇ ਹੱਸੇ ਤੇ ਇਸ ਦੇ ਉੱਤਰ ਵਿਚ ਬੜੇ ਹੌਂਸਲੇ ਨਾਲ ਜੰਗੀ ਤਿਆਰੀਆਂ ਕਰਨ ਲੱਗ ਪਏ, ਕਿਉਂਕਿ ਉਹ ਚੰਗੀ ਤਰ੍ਹਾਂ ਜਾਣਦੇ ਸਨ ਕਿ ਪਹਾੜੀ ਰਾਜਿਆਂ ਦੀ ਏਨੀ ਤਾਕਤ ਨਹੀਂ ਹੈ ਜੋ ਸਿਰਲੱਥ ਸਿੱਖ ਜੋਧਿਆਂ ਦਾ ਟਾਕਰਾ ਸਾਬਤ ਕਦਮ ਰਹਿ ਕੇ ਕਰ ਸਕਣ । ਸ਼ਿਕਾਰ ਸਮੇਂ ਰਾਜਾ ਭੀਮ ਚੰਦ ਦੀਆਂ ਫ਼ੌਜ ਨਾਲ ਹੋਈ ਜੰਗੀ ਝੜਪ ਦੀ ਤਾਜ਼ੀ ਮਿਸਾਲ ਗੁਰੂ ਸਾਹਿਬ ਦੇ ਸਾਮ੍ਹਣੇ ਮੌਜੂਦ ਸੀ । ਇਸ ਦੇ ਨਾਲ ਹੀ ਗੁਰੂ ਸਾਹਿਬ ਨੂੰ ਕੁਝ ਇਸ ਗੱਲੋਂ ਵੀ ਹੈਰਾਨੀ ਹੋਈ ਕਿ ਉਹ ਤਾਂ ਇਲਾਕਾ ੨੨ ਧਾਰ ਦੀਆਂ ਪਹਾੜੀ ਰਿਆਸਤਾਂ ਦੇ ਰਾਜੇ-ਰਾਣਿਆਂ ਤੇ ਰਾਜਸਥਾਨ ਦੇ ਰਾਜਪੂਤਾਂ ਨੂੰ, ਜੋ ਬੇਇਤਫਾਕੀ ਕਾਰਣ ਖਿੰਡੇ-ਪੁੰਡੇ ਫਿਰਦੇ ਸਨ, ਇਕ ਕਰ ਕੇ ਮੁਗਲ ਹਕੂਮਤ ਤੋਂ ਰਾਜ ਲੈ ਦੇਣ ਦੇ ਚਾਹਵਾਨ ਸਨ, ਪਰ ਇਹ ਸਦੀਆਂ ਦੇ ਗੁਲਾਮ, "ਉਹ ਫਿਰੇ ਨੱਥ ਘੜਾਉਣ ਨੂੰ ਤੇ ਉਹ ਫਿਰੇ ਨੱਕ ਵਢਾਉਣ ਨੂੰ" ਵਾਲੀ ਪੰਜਾਬੀ ਕਹਾਵਤ ਦੇ ਅਨੁਸਾਰ ਉਲਟੇ ਦੇਸ਼-ਕੌਮ ਦੀ ਆਜ਼ਾਦੀ ਦੀ ਥਾਵੇਂ ਆਪਣੇ ਗੱਲ ਪਈਆਂ ਗੁਲਾਮੀ ਦੀਆਂ ਜ਼ੰਜੀਰਾਂ ਨੂੰ ਹੋਰ ਵੀ ਪੱਕੀਆਂ ਕਰਨ ਤੇ ਤੁਲੇ ਹੋਏ ਸਨ ।

ਰਾਜਾ ਨਾਹਨ (ਸਿਰਮੌਰ) ਦਾ ਸੱਦਾ ਪਤ੍ਰ :

ਗੁਰੂ ਸਾਹਿਬ ਅਜੇ ਇਨ੍ਹਾਂ ਵਿਚਾਰਾਂ ਵਿਚ ਹੀ ਸਨ ਕਿ ਅਚਾਣਕ ਰਾਜਾ ਮੇਦਨੀ ਪ੍ਰਕਾਸ਼ ਨਾਹਨ (ਸਿਰਮੌਰ) ਵਲੋਂ ਅਰਜ਼ੀ ਪੁੱਜੀ ਕਿ "ਮਹਾਰਾਜ ! ਤੁਸੀਂ ਇਨ੍ਹਾਂ ਪਹਾੜੀ ਰਾਜਿਆਂ ਨਾਲ ਲੜਨ ਦੀ ਥਾਵੇਂ ਛੇਤੀ ਤੋਂ ਛੇਤੀ ਦਾਸ ਦੇ ਕੋਲ ਸਿਰਮੌਰ ਦੇ ਇਲਾਕੇ ਵਿਚ ਆਓ ਤੇ ਇਥੇ ਜਿੱਥੇ ਮਰਜ਼ੀ ਹੋਵੇ, ਸਿੱਖ-ਸਿਪਾਹੀਆਂ ਸਮੇਤ ਆਰਾਮ ਨਾਲ ਰਹੋ ਤੇ ਸ਼ਿਕਾਰ ਖੇਡੋ । ਫੇਰ ਜਦੋਂ ਇਨ੍ਹਾਂ ਰਾਜਿਆਂ ਦੀ ਤਬੀਅਤ ਠੀਕ ਹੋ ਜਾਵੇ ਤਾਂ ਬੇਸ਼ਕ ਵਾਪਸ ਆਨੰਦਪੁਰ ਚਲੇ ਜਾਣਾ ਨਹੀਂ ਤਾਂ ਦਾਸ ਦਾ ਇਲਾਕਾ ਆਪ ਦੀ ਰਿਹਾਇਸ਼ ਵਾਸਤੇ ਹਾਜ਼ਰ

---

[1]ਦੇਖੋ, J. Hutchison's History of the Panjab Hill States, Vol. II 1907, P. 503; ਗਿਆਨੀ ਗਿਆਨ ਸਿੰਘ, ਤਵਾਰੀਖ ਗੁਰੂ ਖ਼ਾਲਸਾ, ਭਾਗ ੧, ਗੁਰੂ ੧੦, ਛਾਪਾ ਪੱਥਰ, ਸੰਨ ੧੮੯੧, ਸਫ਼ਾ ੨੮੨ ।

ਹੈ ਤੇ ਦਾਸ ਇਸ ਸੇਵਾ ਵਿਚ ਕਦੇ ਕੋਤਾਹੀ ਨਹੀਂ ਕਰੇਗਾ।"[1] ਗੁਰੂ ਸਾਹਿਬ ਰਾਜਾ ਨਾਹਨ ਦੀ ਇਹ ਪ੍ਰੇਮ-ਭਾਵਨਾ ਦੇਖਕੇ ਬੜੇ ਖੁਸ਼ ਹੋਏ ਤੇ ਰਾਜਾ ਨਾਹਨ ਦੀ ਇਹ ਮੰਗ ਗੁਰੂ-ਪਰਿਵਾਰ ਸਮੇਤ ਸਾਰੇ ਸਿੱਖਾਂ ਨੇ ਪ੍ਰਵਾਨ ਕਰ ਲਈ।

ਸ੍ਰੀ ਆਨੰਦਪੁਰ ਤੋਂ ਪਾਉਂਟਾ ਸਾਹਿਬ—(ਸੰਨ 1685 ਈ.):

ਉਧਰ ਤਾਂ ਗੁਰੂ ਸਾਹਿਬ ਵਲੋਂ ਰਾਜਾ ਨਾਹਨ (ਸਿਰਮੌਰ) ਨੂੰ ਇਹ ਪ੍ਰਵਾਨਗੀ ਭੇਜੀ ਗਈ ਤੇ ਇਧਰ ਸਾਰਾ ਸਾਮਾਨ ਲੈ ਕੇ ਸ੍ਰੀ ਆਨੰਦਪੁਰ ਛੱਡਣ ਦੀਆਂ ਤਿਆਰੀਆਂ ਹੋਣ ਲੱਗ ਪਈਆਂ। ਗੁਰੂ ਸਾਹਿਬ ਇਸ ਤਰ੍ਹਾਂ ਵੈਸਾਖ ਵਦੀ 9 ਸੰਮਤ 1741 ਬਿ. (ਅਪ੍ਰੈਲ, ਸੰਨ 1684 ਈ.) ਨੂੰ ਤਿਆਰੀ ਕਰ ਕੇ ਆਨੰਦਪੁਰੋਂ ਚੱਲੇ ਤੇ ਜੇਠ ਦੇ ਮਹੀਨੇ ਰਾਜਾ ਮੇਦਨੀ ਪ੍ਰਕਾਸ਼ ਦੇ ਕੋਲ ਨਾਹਨ (ਸਿਰਮੌਰ) ਜਾ ਪਹੁੰਚੇ ਅਤੇ ਉਥੇ ਰੋਜ਼ ਆਜ਼ਾਦੀ ਨਾਲ ਜੰਗਲਾਂ ਵਿਚ ਸ਼ਿਕਾਰ ਖੇਡਣ ਲਗੇ। ਗੁਰੂ ਸਾਹਿਬ ਨੇ ਇਸ ਸਮੇਂ,ਜਿਵੇਂ ਕਿ ਬਚਿਤ੍ਰ ਨਾਟਕ ਵਿਚ ਲਿਖਿਆ ਹੈ, ਇਲਾਕਾ ਸਿਰਮੌਰ ਦੇ ਬਹੁਤ ਸਾਰੇ ਭਯੰਕਰ ਜੰਗਲੀ ਸ਼ੇਰ ਚੁਣ ਚੁਣ ਕੇ ਮਾਰ ਮੁਕਾਏ ਤੇ ਇਸੇ ਤਰ੍ਹਾਂ ਉਥੋਂ ਦੇ ਰੋਝਾਂ ਤੇ ਰਿੱਛਾਂ ਦਾ ਸ਼ਿਕਾਰ ਵੀ ਉਨ੍ਹਾਂ ਨੇ ਬਹੁ ਗਿਣਤੀ ਵਿਚ ਕੀਤਾ।[2] ਕੁਝ ਚਿਰ ਤੋਂ ਰਾਜਾ ਮੇਦਨੀ ਪ੍ਰਕਾਸ਼ ਨਾਹਨ ਤੇ ਰਾਜਾ ਫ਼ਤਹਿ ਸ਼ਾਹ ਸ੍ਰੀ ਨਗਰ (ਗੜ੍ਹਵਾਲ) ਦੀ ਆਪਸ ਵਿਚ ਡਾਢੀ ਅਣ ਬਣ ਸੀ ਤੇ ਰਾਜਾ ਸ੍ਰੀ ਨਗਰ ਦੀ ਲੜਕੀ ਦਾ ਰਿਸ਼ਤਾ ਥੋੜਾ ਚਿਰ ਪਹਿਲਾਂ ਹੀ, ਰਾਜਾ ਭੀਮ ਚੰਦ ਬਿਲਾਸਪੁਰ ਦੇ ਪੁਤ੍ਰ ਅਜਮੇਰ ਚੰਦ ਨੂੰ ਹੋਇਆ ਸ਼ੀ, ਇਸ ਲਈ ਰਾਜਾ ਨਾਹਨ ਨੇ ਇਸ ਸਮੇਂ ਬੜੀ ਨੀਤੀ ਵਰਤੀ ਤੇ ਗੁਰੂ ਸਾਹਿਬ ਦੀ ਰਿਹਾਇਸ਼ ਦਾ ਪ੍ਰਬੰਧ ਸਿਰਮੌਰ (ਨਾਹਨ) ਅਤੇ ਸ੍ਰੀ ਨਗਰ (ਗੜ੍ਹਵਾਲ) ਦੀ ਸਾਂਝੀ ਹੱਦ ਦੇ ਨੇੜੇ ਕੀਤਾ ਜਿੱਥੇ ਦਰਿਆ ਜਮੁਨਾ ਦੇ ਕੰਢੇ ਤੇ ਗੁਰੂ ਸਾਹਿਬ ਨੇ ਅਰਦਾਸਾ ਸੋਧ ਕੇ ਨਗਰ ਪਾਂਵਟਾ ਅਥਵਾ ਪਾਉਂਟਾ ਸਾਹਿਬ ਦੀ ਨੀਂਹ ਰੱਖੀ ਤੇ ਥੋੜੇ ਚਿਰ ਵਿਚ ਹੀ ਇਕ ਮਜਬੂਤ ਕਿਲਾ ਵੀ ਉਸਾਰ ਲਿਆ। ਗੁਰੂ ਸਾਹਿਬ ਨੇ ਇਸ ਮੌਕੇ ਤੇ ਬੜੀ ਦੂਰ-ਅੰਦੇਸ਼ੀ ਵਰਤੀ ਤੇ ਸਭ ਤੋਂ ਪਹਿਲਾਂ ਇਹ ਕੰਮ ਕੀਤਾ ਕਿ ਰਾਜਾ ਨਾਹਨ ਤੇ ਸ੍ਰੀ ਨਗਰ ਦੀ ਸੁਲਹ ਕਰਵਾ ਦਿੱਤੀ ਪਰ ਇਹ ਸੁਲਹ ਬਹੁਤੀ ਦੇਰ ਟਿਕੀ ਨਾ ਰਹਿ ਸਕੀ ਤੇ ਇਸ ਵਿਚ ਕੁਝ ਫ਼ਰਕ ਪੈਣ ਲੱਗ ਪਏ।

ਗੁਰੂ ਸਾਹਬ ਦੇ ਬੜੇ ਭਾਰੀ ਲਾਉ-ਲਸ਼ਕਰ ਦੇ ਨਾਲ ਇਸ ਸਮੇਂ ਭਗਵੇਂ ਕੱਪੜਿਆਂ ਵਾਲੇ 500 ਉਦਾਸੀ ਸਾਧੂ ਵੀ ਸਨ, ਜੋ ਆਨੰਦਪੁਰੋਂ ਉਨ੍ਹਾਂ ਦੇ ਨਾਲ ਹੀ ਗਏ ਸਨ। ਗੁਰੂ ਸਾਹਿਬ ਇਸ ਸਮੇਂ ਚੂੰਕਿ ਫ਼ੌਜੀ ਭਰਤੀ ਉਤੇ ਜ਼ੋਰ ਦੇ ਰਹੇ ਸਨ, ਇਸ ਲਈ ਉਹ ਉਨ੍ਹਾਂ ਸਾਧੂਆਂ ਨੂੰ ਵੀ ਆਪਣੀ ਸੈਨਾ ਦਾ ਇਕ ਅੰਗ ਹੀ ਗਿਣਦੇ ਸਨ। ਇਧਰ ਸੱਯਦ ਪੀਰ ਬੁੱਧੂ ਸ਼ਾਹ ਨੇ, ਜੋ ਸਢੌਰਾ (ਜ਼ਿਲਾ ਅੰਬਾਲਾ) ਦਾ ਇਕ ਮੰਨਿਆ ਪ੍ਰਮੰਨਿਆ ਸੂਫ਼ੀ ਫ਼ਕੀਰ ਤੇ

---

[1]ਤਾਰੀਖ਼ਿ ਰਿਆਸਤ ਸਿਰਮੌਰ (ਕੰਵਰ ਰਣਜ਼ੋਰ ਸਿੰਘ) ਦੇ ਕਥਨ ਅਨੁਸਾਰ ਕਾਰਣ ਇਸ ਸੱਦੇ ਪਤ੍ਰ ਦਾ ਇਹੋ ਸੀ ਕਿ ਰਾਜਾ ਨਾਹਨ ਦੀ ਰਾਜਾ ਸ੍ਰੀ ਨਗਰ (ਗੜ੍ਹਵਾਲ) ਨਾਲ ਕੁਝ ਚਿਰ ਤੋਂ ਅਣਬਣ ਸੀ ਤੇ ਉਹ ਇਸ ਅਣਬਣ ਦਾ ਕਜ਼ੀਆ ਗੁਰੂ ਸਾਹਿਬ ਦੇ ਰੁਅਬਦਾਬ ਨਾਲ ਕਿਸੇ ਤਰ੍ਹਾਂ ਗਲੋਂ ਲਾਹ ਦੇਣ ਦਾ ਚਾਹਵਾਨ ਸੀ।

[2]ਤਹ ਕੇ ਸਿੰਘ ਘਨੇ ਚੁਨਿ ਮਾਰੇ। ਰੋਝ ਰੀਛ ਬਹੁ ਭਾਂਤਿ ਬਿਦਾਰੇ।...੩॥

(ਬਚਿਤ੍ਰ ਨਾਟਕ ਪਾ: ੧੦, ਅਧਿ. ੮)

ਗੁਰੂ ਜੀ ਦਾ ਪੱਕਾ ਸ਼ੁਧਾਲੂ ਸੀ, 500 ਲੜਾਕੇ ਪਠਾਨ ਗੁਰੂ ਸਾਹਿਬ ਦੀ ਸੇਵਾ ਵਿਚ ਲਿਆ ਹਾਜ਼ਰ ਕੀਤੇ। ਪਠਾਨ ਬੇਸ਼ਕ ਲੜਾਕੇ ਤਾਂ ਅੱਛੇ ਸਨ, ਪਰ ਮੁਗਲ ਹਕੂਮਤ ਦੀ ਚਿਰੋਕੀ ਵਿਰੋਧਤਾ ਤੇ ਗੁਲਾਮੀ ਦੀ ਜਕੜ ਕਾਰਣ ਅਖ਼ਲਾਕ ਤੋਂ ਏਨੇ ਗਿਰ ਚੁਕੇ ਸਨ ਕਿ ਉਹ ਉਸ ਸਮੇਂ ਕਿਸੇ ਪਾਸੇ ਕਦੇ ਘੱਟ ਹੀ ਪੂਰੀਆਂ ਪਾਉਂਦੇ ਸਨ, ਜਿਸ ਤਰ੍ਹਾਂ ਕਿ ਗੁਰੂ ਹਰਿਗੋਬਿੰਦ ਜੀ ਦੇ ਸਮੇਂ ਦੀ ਪੈਂਦੇ ਖ਼ਾਨ ਪਠਾਨ ਤੇ ਉਸ ਦੇ ਸਾਥੀਆਂ ਦੀ ਮਿਸਾਲ ਤਾਰੀਖ਼ੀ ਤੌਰ ਤੇ ਪ੍ਰਤੱਖ ਹੈ, ਪਰ ਫੇਰ ਵੀ ਸੱਯਦ ਪੀਰ ਬੁੱਧੂ ਸ਼ਾਹ ਦੀ ਤਾਕੀਦੀ ਅਰਜ਼ੀ ਦੇ ਅਨੁਸਾਰ ਗੁਰੂ ਸਾਹਿਬ ਨੇ ਉਹ ਪਠਾਨ ਨੌਕਰ ਰੱਖ ਹੀ ਲਏ।

ਭੰਗਾਣੀ ਦਾ ਜ਼ੰਗ :

ਇਸ ਤੋਂ ਪਿਛੋਂ 18 ਵੈਸਾਖ ਸੰਮਤ 1745 ਬਿ. (ਮੁਤਾਬਿਕ ਅਪ੍ਰੈਲ ਸੰਨ 1688 ਈ.) ਨੂੰ ਰਾਜਾ ਫ਼ਤਿਹ ਸ਼ਾਹ ਸ੍ਰੀ ਨਗਰ (ਗੜ੍ਹਵਾਲ) ਦੀ ਲੜਕੀ ਦਾ ਵਿਆਹ ਬੜੀ ਧੂਮ ਧਾਮ ਨਾਲ ਰਾਜਾ ਭੀਮ ਚੰਦ ਦੇ ਪੁਤ੍ਰ ਅਜਮੇਰ ਚੰਦ ਦੇ ਨਾਲ ਹੋਇਆ। ਇਸ ਮੌਕੇ ਤੇ ਗੁਰੂ ਸਾਹਿਬ ਨੇ ਭਾਈ ਨੰਦ ਚੰਦ ਸੰਘੇ ਦੇ ਹੱਥ ਤੁਹਫ਼ੇ ਵਜੋਂ ਤੰਬੋਲ ਭੇਜਿਆ, ਜਿਸ ਨੂੰ ਦੇਖਦਿਆਂ ਹੀ ਰਾਜਾ ਭੀਮ ਚੰਦ ਪੁਰਾਣਾ ਵਿਰੋਧ ਚਿਤਾਰ ਕੇ ਸੜਿਆ ਤੇ ਇਹ ਤੰਬੋਲ ਇਸੇ ਕਾਰਣ ਵਾਪਸ ਮੋੜਿਆ ਗਿਆ। ਸਿੱਖਾਂ ਨੇ ਇਸ ਵਿਚ ਹਤਕ ਸਮਝੀ ਤੇ ਐਨ ਮੌਕੇ ਤੇ ਭਾਈ ਨੰਦ ਚੰਦ ਦੇ ਇਸ਼ਾਰੇ ਨਾਲ ਫ਼ਤਿਹ ਸ਼ਾਹ ਦੀ ਖੱਟ ਲੁੱਟ ਲਈ, ਪਰ ਇਸ ਦੇ ਨਾਲ ਹੀ ਦੂਜਾ ਇਕ ਕਾਰਣ ਇਸ ਨਾਰਾਜ਼ਗੀ ਦਾ ਇਹ ਵੀ ਸੀ ਕਿ ਸ੍ਰੀ ਨਗਰ ਦੇ ਇਲਾਕੇ ਵਿਚ ਗੁਰੂ ਸਾਹਿਬ ਨਿੱਤ ਸ਼ਿਕਾਰ ਖੇਡਦੇ ਸਨ ਤੇ ਰਾਜਾ ਫ਼ਤਿਹ ਸ਼ਾਹ ਇਸ ਗੱਲੋਂ ਕੁੜ੍ਹਦਾ ਰਹਿੰਦਾ ਸੀ। ਇਸ ਲਈ ਖੱਟ ਲੁੱਟੀ ਦਾ ਇਕ ਬਹਾਨਾ ਲੱਭ ਪਿਆ ਤੇ ਪਹਾੜੀ ਰਾਜਿਆਂ ਵਲੋਂ, ਜਿਨ੍ਹਾਂ ਵਿਚੋਂ ਰਾਜਾ ਭੀਮ ਚੰਦ ਬਿਲਾਸਪੁਰੀਆ, ਰਾਜਾ ਫਤਿਹ ਸ਼ਾਹ ਸ੍ਰੀ ਨਗਰ, ਰਾਜਾ ਗੋਪਾਲ ਚੰਦ ਗੁਲੇਰਵਾਲਾ, ਕ੍ਰਿਪਾਲ ਚੰਦ ਕਟੋਚ, ਕੇਸਰੀ ਸਿੰਘ ਜਸਵਾਲੀਆ, ਦਯਾਲ ਚੰਦ ਕਾਠਗੜ੍ਹੀਆ, ਹਰੀ ਚੰਦ ਹੰਡੂਰੀਆ[1] ਆਦਿ ਮੋਢੀ ਸਨ, ਇਹ ਕਹਿ ਕੇ ਕਿ ਸਿੱਖਾਂ ਨੇ ਸਾਡੇ ਇਲਾਕੇ ਵਿਚ ਆ ਕੇ ਐਵੇਂ ਦਖ਼ਲ ਦਿੱਤਾ ਹੈ, ਗੁਰੂ ਜੀ ਤੋਂ ਵਿਰੁੱਧ ਅਕਾਰਣ ਹੀ ਜੰਗ ਦੇ ਨਗਾਰੇ ਵੱਜਾ ਦਿਤੇ। ਇਸ ਤਰ੍ਹਾਂ ਜੰਗ ਦਾ ਭਯਾਨਕ ਸਮਾਂ ਨੇੜੇ ਆਇਆ ਦੇਖ ਮੁਨਾਰਿਆਂ ਜਿਹੇ ਉਚੇ ਲੰਮੇ ਕੱਦ ਦੇ 500 ਉਦਾਸੀ ਸਾਧੂ, ਜੋ ਮੁਫ਼ਤ ਹਲਵਾ ਮੰਡਾ ਛਕਣ ਤੇ ਆਪਣੇ ਦਿਨ ਐਸ਼ ਨਾਲ ਗੁਜਾਰਨ ਵਾਸਤੇ ਹੀ ਗੁਰੂ ਜੀ ਦੇ ਕੋਲ ਠਹਿਰੇ ਸਨ, ਬਾਬਾ ਕ੍ਰਿਪਾਲ ਦਾਸ ਤੋਂ ਛੁੱਟ ਸਾਰੇ ਦੇ ਸਾਰੇ ਨੱਸ ਗਏ। ਇਸੇ ਤਰ੍ਹਾਂ ਪੰਜ ਸੌ ਪਠਾਣਾਂ ਨੇ ਵੀ ਐਵੇਂ ਕੋਈ ਬਹਾਨਾ ਲਾ ਕੇ ਗੁਰੂ ਜੀ ਤੋਂ ਵਿਦਾ ਮੰਗੀ ਤੇ ਤੁਰਤ ਹੀ ਨਿੱਖੜ ਕੇ ਦੁਸ਼ਮਨ ਦਾ ਆਸਰਾ ਜਾ ਲਿਆ। ਇਸ ਬੇਵਫ਼ਾਈ ਦਾ ਪਤਾ ਲੱਗਣ ਤੇ ਸੱਯਦ ਪੀਰ ਬੁੱਧੂ ਸ਼ਾਹ ਨੇ ਆਪਣੇ ਚਾਰ ਸੁਪੁਤ੍ਰ, ਜੋ ਬੜੇ ਜੋਧੇ ਸਨ, ਗੁਰੂ ਸਾਹਿਬ ਦੀ ਸੇਵਾ ਵਿਚ ਜੰਗੀ ਖ਼ਿਦਮਤ ਵਾਸਤੇ ਲਿਆ ਪੇਸ਼ ਕੀਤੇ ਤੇ ਪਠਾਣਾਂ ਦੇ ਦੌੜ ਜਾਣ ਬਾਰੇ ਮਾਫ਼ੀ ਵੀ ਮੰਗੀ।

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਉਦਾਸੀਆਂ ਤੇ ਪਠਾਣਾਂ ਦੇ ਦੌੜਨ ਦੀਆਂ ਇਹ

---

[1] ਕੰਵਰ ਹਰੀ ਚੰਦ ਰਾਜਾ ਨਹੀਂ, ਸਗੋਂ ਰਾਜਾ ਧਰਮ ਚੰਦ (ਸੰ. 1675-1758 ਬਿ.) ਹੰਡੂਰ (ਨਾਹਨ) ਦਾ ਛੋਟਾ ਭਾਈ ਸੀ। (ਸਬੂਤ ਲਈ ਦੇਖੋ ਤਾਰੀਖ਼ਿ ਰਿਆਸਤ ਹੰਡੂਰ ਉਰਫ਼ ਨਾਲਾਗੜ੍ਹ (ਉਰਦੂ) ਕ੍ਰਿਤ ਲਾਲਾ ਬਾਲਕ ਰਾਮ 'ਸ਼ਾਦ', ਸਫ਼ਾ 84.

ਦਿਲਚਸਪ ਖ਼ਬਰਾਂ ਸੁਣ ਕੇ ਫ਼ਰਮਾਇਆ, "ਹੁਣ ਸਿਰਫ਼ ਉਹੋ ਦਲੇਰ ਜੋਧੇ ਜਾਂ ਸੰਤ ਸਿਪਾਹੀ ਸਾਡੇ ਨਾਲ ਰਹਿ ਗਏ ਹਨ ਜਿਨ੍ਹਾਂ ਦਾ ਕੰਮ ਹੈ ਮਰਨਾ ਜਾਂ ਮਾਰਨਾ ਤੇ ਹੋਰ ਤਮਾਮ ਕੱਚੇ-ਪਿੱਲੇ ਲੋਕ, ਜੋ ਸਿਰਫ਼ ਖਾਣ-ਪੀਣ ਦੇ ਹੀ ਭਾਈਵਾਲ ਹੁੰਦੇ ਸਨ ਇਸ ਸਮੇਂ ਜੰਗ ਦੇ ਝੱਖੜ ਅੱਗੇ ਆਪਣੇ ਆਪ ਪਿੱਪਲ ਦੇ ਸੁੱਕੇ ਪੱਤਿਆਂ ਵਾਂਗ ਝੜ ਗਏ ਹਨ।"

ਇਹ ਕਹਿ ਕੇ ਗੁਰੂ ਸਾਹਿਬ ਨੇ ਕੂਚ ਦਾ ਨਗਾਰਾ ਵਜਵਾਇਆ ਤੇ ਨਗਰ ਪਾਂਵਟਾ ਤੋਂ 7 ਮੀਲ ਪੂਰਵ ਵਲ ਭੰਗਾਣੀ ਦੇ ਸਥਾਨ ਤੇ ਦੁਸ਼ਮਨ ਦਾ ਅੱਗਾ ਜਾ ਰੋਕਿਆ। ਦੋਹਾਂ ਧਿਰਾਂ ਦੀਆਂ ਫ਼ੌਜਾਂ ਆਹਮੋ-ਸਾਹਮਣੇ ਹੋਣ ਤੇ ਝਟ ਪਟ ਲੜਾਈ ਸ਼ੁਰੂ ਹੋ ਗਈ ਤੇ ਚੁਤਰਫੋਂ ਤਲਵਾਰਾਂ-ਬਰਛੇ ਚਮਕਣ ਲਗੇ। ਇਸ ਸਮੇਂ ਹੱਥੋ ਹੱਥੀ ਦੀ ਲੜਾਈ ਵਿਚ, ਜੋ ਸਿਰਫ਼ ਡੇਢ ਪਹਿਰ ਹੋਈ, ਬਚਿਤ੍ਰ ਨਾਟਕ (ਪਾਤਸ਼ਾਹੀ ੧੦) ਦੇ ਕਥਨ ਅਨੁਸਾਰ ਸੰਗੋਸ਼ਾਹ ਦੇ ਹਥੋਂ ਨਜਾਬਤ ਖ਼ਾਨ ਤੇ ਨਜਾਬਤ ਖ਼ਾਨ ਦੇ ਹੱਥੋਂ ਗੁਰੂ ਜੀ ਦੀ ਭੂਆ ਦੇ ਪੁਤ੍ਰ ਸੰਗੋਸ਼ਾਹ ਜੀ ਮਾਰੇ ਗਏ। ਸਾਹਿਬ ਚੰਦ ਨੇ ਭੀਖਨ ਖ਼ਾਨ ਨੂੰ ਜਾ ਘੇਰਿਆ। ਮਹੰਤ ਕ੍ਰਿਪਾਲ ਦਾਸ, ਜੋ ਉਦਾਸੀ ਸਾਧੂਆਂ ਦਾ ਮੋਢੀ ਸੀ, ਤੇ ਸੰਗੀ ਸਾਥੀਆਂ ਦੇ ਦੌੜ ਜਾਣ ਤੇ ਇਕੱਲਾ ਹੀ ਗੁਰੂ ਸਾਹਿਬ ਦਾ ਇਸ ਸਮੇਂ ਸਾਥੀ ਬਣ ਕੇ ਰਿਹਾ ਸੀ, ਪਠਾਣਾਂ ਦੇ ਸਰਦਾਰ ਹਯਾਤ ਖ਼ਾਨ ਨੂੰ ਦੇਖ ਕੇ ਬੜੀ ਤੇਜ਼ੀ ਨਾਲ ਉਸ ਦੇ ਉਤੇ ਟੁੱਟ ਪਿਆ ਤੇ ਇਕੋ ਕੁਤਕੇ ਜਾਂ ਡੰਡੇ ਨਾਲ ਉਸ ਦਾ ਸਿਰ ਭੰਨ ਕੇ ਕਚੂਮਰ ਕੱਢ ਦਿੱਤਾ। ਦੂਜੇ ਵੰਨੇ ਚੰਦੇਰੀ ਵਾਲਾ ਰਾਜਾ ਗਾਜੀ ਚੰਦ ਆਪਣੇ ਦਲੇਰ ਰਾਜਪੂਤ ਸਿਪਾਹੀਆਂ ਦਾ ਦਸਤਾ ਲੈ ਕੇ ਮੈਦਾਨ ਵਿਚ ਅਜਿਹਾ ਕੁੱਦਿਆ ਕਿ ਇਕ ਦਮ ਸਹਿਮ ਪੈਦਾ ਹੋ ਗਿਆ। ਕੰਵਰ ਹਰੀ ਚੰਦ ਹੰਡੂਰੀਏ ਦੇ ਹੱਥੋਂ, ਜੋ ਤੀਰੰਦਾਜ਼ੀ ਵਿਚ ਬੜਾ ਮਾਹਿਰ ਸੀ, ਗੁਰੂ ਸਾਹਿਬ ਦੀ ਭੂਆ ਵੀਰੋ ਜੀ ਦਾ ਦੂਜਾ ਪੁਤ੍ਰ ਜੀਤ ਮਲ ਸ਼ਹੀਦ ਹੋ ਗਿਆ। ਰਾਜਾ ਫ਼ਤਹਿ ਸ਼ਾਹ ਸ੍ਰੀ ਨਗਰ (ਗੜ੍ਹਵਾਲ ਵਾਲਾ) ਇਸ ਫ਼ਿਤਨੇ ਦਾ ਮੋਢੀ ਹੋਣ ਦੇ ਬਾਵਜੂਦ, ਰਣਭੂਮਿ ਵਿਚ ਠਹਿਰ ਨਾ ਸਕਿਆ ਤੇ ਇਸ ਤਰ੍ਹਾਂ ਸੂਰਮਿਆਂ ਦੀ ਆਪਸ ਵਿਚ ਕਟਾ ਵੱਢ ਮਚੀ ਦੇਖ ਕੇ ਮੈਦਾਨ ਛੱਡ ਗਿਆ, ਪਰ ਕੰਵਰ ਹਰੀ ਚੰਦ ਉਸੇ ਤਰ੍ਹਾ ਡਟਿਆ ਰਿਹਾ ਤੇ ਸਿੱਖ ਜੋਧਿਆਂ ਨੂੰ ਮਾਰਦਾ ਚਲਿਆ ਗਿਆ। ਇਹ ਦੇਖ ਕੇ ਗੁਰੂ ਸਾਹਿਬ ਖ਼ੁਦ ਉਸ ਦੇ ਮੁਕਾਬਲੇ ਤੇ ਮੈਦਾਨਿ ਜੰਗ ਵਿਚ ਜਾ ਡਟੇ। ਉਸ ਨੇ ਇਕ ਤੀਰ ਨਾਲ ਗੁਰੂ ਜੀ ਦਾ ਘੋੜਾ ਜ਼ਖ਼ਮੀ ਕੀਤਾ ਤੇ ਦੂਜਾ ਤੀਰ ਗੁਰੂ ਜੀ ਦੀ ਛਾਤੀ ਵਲ ਚਲਾਇਆ ਜੋ ਕੰਨਾਂ ਨੂੰ ਛਹ ਕੇ ਖ਼ਾਲੀ ਗਿਆ ਤੇ ਫੇਰ ਤੀਜਾ ਤੀਰ ਪੇਟੀ ਵਿਚ ਮਾਰਿਆ ਜੋ ਮਾਸ ਵਿਚ ਧਸ ਗਿਆ ਤੇ ਇਸ ਤਰ੍ਹਾਂ ਗੁਰੂ ਸਾਹਿਬ ਵਾਲ ਵਾਲ ਬਚ ਗਏ। ਉਸ ਤੀਰ ਦੇ ਲੱਗਣ ਸਾਰ ਗੁਰੂ ਜੀ ਨੇ "ਜਬੈ ਬਾਣ ਲਾਗ੍ਯੋ, ਤਬੈ ਰੋਸ ਜਾਗ੍ਯੋ" ਦੇ ਕਥਨ ਅਨੁਸਾਰ ਇਕ ਤੀਰ ਅਜਿਹਾ ਛੱਡਿਆ, ਜਿਸ ਦੇ ਲੱਗਣ ਤੇ ਕੰਵਰ ਹਰੀ ਚੰਦ ਮੂਧੇ ਮੂੰਹ ਧਰਤੀ ਉਤੇ ਚੁਫ਼ਾਲ ਜਾ ਪਿਆ ਤੇ ਡਿਗਦਿਆਂ ਹੀ ਉਸ ਦੇ ਪ੍ਰਾਣ-ਪੰਖੇਰੂ ਸਰੀਰ ਵਿਚੋਂ ਉਡ ਗਏ। ਇਧਰ ਏਕਣ ਹੀ ਗੁਰੂ ਸਾਹਿਬ ਦੇ ਮਾਮੇ ਕ੍ਰਿਪਾਲ ਚੰਦ ਨੇ ਵੀ ਬੜੀ ਮਰਦਾਨਗੀ ਦਿਖਾਈ ਤੇ ਪਠਾਣਾਂ ਦੇ ਫ਼ੌਜਦਾਰ ਭੀਖਨ ਖ਼ਾਨ ਸਮੇਤ ਹੋਰ ਕਈ ਪਠਾਣਾਂ ਨੂੰ, ਜੋ ਲੂਣ ਹਰਾਮੀ ਹੋ ਕੇ ਨੱਸੇ ਸਨ ਇਕੋ ਹੱਲੇ ਵਿਚ ਥਾਂ ਰੱਖਿਆ ਤੇ ਬਹਿਸ਼ਤ ਪਹੁੰਚਾ ਛੱਡਿਆ। ਗਿਆਨੀ ਗਿਆਨ ਸਿੰਘ ਦੇ ਕਥਨ ਅਨੁਸਾਰ ਇਸ ਸਮੇਂ ਨਾਲਾਗੜ੍ਹ

ਨਿਵਾਸੀ ਰਾਮੇ ਤ੍ਰਖਾਣ ਨੇ ਦੋ ਲੱਕੜ ਦੀਆਂ ਤੋਪਾਂ ਲੈ ਆਂਦੀਆਂ, ਜਿਨ੍ਹਾਂ ਵਿਚ ਗੋਲਿਆਂ ਦੀ ਥਾਵੇਂ ਵੱਟੇ ਭਰ ਕੇ ਚਲਾਏ ਗਏ ਤੇ ਉਨ੍ਹਾਂ ਵੱਟਿਆਂ ਨਾਲ ਹੀ ਦੁਸ਼ਮਨ ਦੇ ਅਨੇਕਾਂ ਜੁਆਨ ਮਾਰੇ ਗਏ ।

ਰਾਜਾ ਫ਼ਤਿਹ ਸ਼ਾਹ ਦੇ ਮੈਦਾਨ ਛੱਡਣ ਅਤੇ ਕੰਵਰ ਹਰੀ ਚੰਦ ਆਦਿ ਮੋਢੀਆਂ ਦੇ ਮਾਰੇ ਜਾਣ ਤੇ ਪਹਾੜੀਆਂ ਦੀ ਫ਼ੌਜ ਨੂੰ ਭਾਜੜ ਪੈ ਗਈ ਤੇ ਸਿੱਖ ਦੂਰ ਤਕ ਉਸ ਦਾ ਪਿੱਛਾ ਕਰਦੇ ਚਲੇ ਗਏ । ਇਸ ਤਰ੍ਹਾਂ ਜੰਗ ਫ਼ਤਿਹ ਹੋਣ ਤੇ ਜਦ ਸਭ ਮੁੜ ਆਏ ਤਾਂ ਫਿਰ ਗੁਰੂ ਸਾਹਿਬ ਵਲੋਂ ਸਾਰੇ ਜੋਧਿਆਂ ਨੂੰ ਇਨਾਮ ਵੰਡੇ ਗਏ, ਜਿਨ੍ਹਾਂ ਵਿਚੋਂ ਸੱਯਦ ਪੀਰ ਬੁੱਧੂ ਸ਼ਾਹ ਨੂੰ ਤਬੱਰੁਕ ਵਜੋਂ ਗੁਰੂ ਜੀ ਨੇ ਆਪਣੀ ਅੱਧੀ ਦਸਤਾਰ ਦਿੱਤੀ ਅਤੇ ਇਕ ਕੰਘਾ ਤੇ ਹੁਕਮਨਾਮਾ ਵੀ ਬਖ਼ਸ਼ਿਆ ।

ਭੰਗਾਣੀ ਦੀ ਵਾਰ :

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਦਰਬਾਰ ਵਿਚ ਦਾਦਾ ਗੁਰੂ ਸ੍ਰੀ ਗੁਰੂ ਹਰਿਗੋਬਿੰਦ ਜੀ ਦੀ ਤਰ੍ਹਾਂ, ਜਿਵੇਂ ਕਿ ਪਹਿਲਾਂ ਦੱਸਿਆ ਗਿਆ ਹੈ, ਗੁਰੂ ਜੀ ਦੇ ਗੱਦੀ ਬੈਠਣ ਤੋਂ ਉਪਰੰਤ ਦੋ ਢਾਡੀ ਰੱਖੇ ਗਏ ਸਨ—(1) ਮੀਰ ਮੁਸ਼ਕੀ ਤੇ (2) ਛਬੀਲਾ, ਜੋ ਜੋਧਿਆਂ ਦੀਆਂ ਵੀਰ-ਰਸੀ ਵਾਰਾਂ ਗਾਉਣ ਵਾਸਤੇ ਗੁਰੂ ਸਾਹਿਬ ਦੇ ਨਾਲ ਹਮੇਸ਼ਾ ਹਮ-ਰਕਾਬ ਹੋ ਕੇ ਰਹਿੰਦੇ ਸਨ । ਭੰਗਾਣੀ ਦੇ ਜੰਗ ਸਮੇਂ ਵੀ ਇਹ ਦੋਵੇਂ ਢਾਡੀ ਗੁਰੂ ਜੀ ਦੇ ਕੋਲ ਮੌਜੂਦ ਸਨ, ਇਸ ਲਈ ਇਨ੍ਹਾਂ ਨੇ ਇਸ ਜੰਗ ਦੇ ਸੰਬੰਧ ਵਿਚ ਇਕ ਵਾਰ ਰਚ ਕੇ ਗਾਵੀਂ, ਜੋ ਇਸ ਬਾਰੇ ਇਕ ਅੱਖੀ ਡਿੱਠੀ ਇਤਿਹਾਸਿਕ ਗਵਾਹੀ ਹੋਣ ਕਰ ਕੇ ਪਾਠਕਾਂ ਦੀ ਦਿਲਚਸਪੀ ਵਾਸਤੇ ਏਥੇ ਦਰਜ ਕੀਤੀ ਜਾਂਦੀ ਹੈ :

(ਮੰਗਲਾਚਰਣ)

ਤੂੰ ਸਾਢ ਤਿਹੱਥੀ ਮੇਦਨੀ ਸਭ ਧੰਧੇ ਲਾਈ ।
ਤੂੰ ਵਡਾ ਪੁਰਖ ਮਹਾਬਲੀ, ਧੁਰ ਅਜ਼ਮਤ ਪਾਈ ।
ਤੂੰ ਜਗ ਆਇਓ ਬਲ ਰਾਜ ਹੋਇ, ਤੂੰ ਦੇਹ ਵਧਾਈ ।
ਤੂੰ ਜਨਕ ਧਰੇ ਸਿਰ ਸਿਹਰੇ, ਸੀਤਾ ਪਰਨਾਈ ।
ਤੂੰ ਨਾਮੇ ਉਤੇ ਬਹੁੜਿਓਂ, ਮੋਈ ਗਊ ਜਿਵਾਈ ।
ਤੂੰ ਦਰੋਪਤਾਂ ਦੀ ਲਾਜ ਰੱਖੀਆ, ਕਾਇਆਂ ਕਜਵਾਈ ।
ਤੂੰ ਮੱਛ ਅਕਾਸ਼ੋਂ ਲਾਹਿਆ, ਸਰ ਧਨੁਖ ਚਲਾਈ ।
ਨਾਨਕ, ਅੰਗਦ, ਅਮਰ ਦਾਸ ਰਲ ਭਗਤਿ ਕਮਾਈ ।
ਤੂੰ ਚਹੁੰ ਜੁਗਾਂ ਵਿਚ ਸੁਣੀਂਦਾ. ਚਾਰ ਵੇਦ ਉਗਾਹੀ ।
ਤੇਗ ਬੱਧੀ ਗੁਰੁ ਗੋਬਿੰਦ ਸਿੰਘ, ਦਸਵੀਂ ਪਾਤਸ਼ਾਹੀ ॥ ੧ ॥

(ਇਸਨਾਨ)

ਨ੍ਹਾਉਣ ਰਚਿਆ ਗੁਰੂ ਨੇ, ਨੀਰ ਗਰਮ ਕਰਾਇਆ ।
ਹੀਰੇ ਮੋਤੀ ਜੜਿਤ ਚਉਕੀ ਉਸਤਾਕਾਰ ਲਿਆਇਆ ।
ਗੁਰੂ ਨ੍ਹਾਤਾ ਧੀਰਜ ਬੰਨ੍ਹ ਕੇ, ਮਨਿ ਨਾਨਕ ਪੁਰਖ ਧਿਆਇਆ ।
ਸਤਿਗੁਰੁ ਸੱਚੇ ਪਾਤਸ਼ਾਹ ਮੈ ਤੇਰਾ ਸਾਇਆ ॥ ੨ ॥

(ਘੋੜੇ ਦੀ ਤਿਆਰੀ)

ਹੋਇਆ ਹੁਕਮ ਅਗਾੜਿਆ, ਤਾਜੀ ਮੰਗਵਾਇਆ ।
ਥਾਨੋਂ ਖੁਲ੍ਹਾ ਵਰਤਮਾਨ, ਢੋਰ ਨਚਦਾ ਆਇਆ ।
ਉਸ ਦੇ ਮੂੰਹ ਲਿਆਇ ਕੇ ਮੜਕੀ ਸਾਰ ਚਬਾਇਆ ।
ਉਪਰ ਵਰਤਾਇਆ ਖਰਖਰਾ, ਝਾੜ ਪੱਟੇ ਲੂੰਅ ਉਠਾਇਆ ।
ਉਹਦੇ ਉਪਰ ਕੜਾ ਖਿਚਾਇਆ, ਕੜਾ ਖਿੱਚ ਕੇ ਤੰਗ ਟਿਕਾਇਆ ।
ਫੇਰ ਉਪਰ ਗੰਢੀ ਦਿਤੀਆਂ, ਜਿਉ ਹੱਟ ਬਜਾਜ ਖੁਲ੍ਹਾਇਆ ।
ਅਰਾਕੀ ਦੇਖੋ ਵਾਹਗੁਰੂ ਦਾ ਨਚਦਾ ਆਇਆ ।
ਕਾਨ੍ਹ ਭਗਤ ਜਿਨੂੰ ਸਲਾਹਿਆ, ਖਾੜੇ ਗੋਬਿੰਦ ਸਿੰਘ ਆਇਆ ॥ ੩ ॥

(ਮੈਦਾਨਿ ਜੰਗ ਵਿਚ)

ਹਰੀ ਚੰਦ ਵੰਗਾਰਿਆ ਰਣ ਨਾਚੇ ਘੋੜੇ ।
ਵਾਣ ਚਲਿਤਾ ਸੋਧ ਕੇ ਤੀਰ ਤੀਜਾ ਜੋੜੇ ।
ਜਾਣ ਧਤੀਰਾ ਬਾਰ ਵਿਚ ਚੁਖ ਚਿੰਜੂ ਬੋੜੇ ।
ਆਖ ਛਬੀਲੇ ਢਾਢੀਆ ਕਿਤ ਵੰਜ ਮਰੋੜੇ ॥ ੪ ॥
ਸੈਲ ਪੱਕੇ ਵੱਟੇ ਦਸ ਸੇਰ, ਲੁਹਾਰਾਂ ਆਂਦੀ ਢਾਲ ਕੇ ।
ਸੈਲ ਨਹੀ ਇਹ ਸੀਹਣੀ, ਮਾਣਸ ਖਾਂਦੀ ਲੈਂਦੀ ਭਾਲ ਕੇ ।
ਗੁਰ ਵਾਹੀ ਰਾਇ ਜਸਵਾਲੀਏ, ਕਰ ਡਕਰੇ ਧਸੀ ਪਤਾਲ ਕੇ ।
ਜਣ ਬਿੱਜ ਪਈ ਭੁਚਾਲ ਕੇ ॥ ੫ ॥

(ਕੜਖਾ ਲੜਾਈ ਦਾ)

ਬਾਣ ਬੰਦੂਕ ਹਥ ਨਾਲ ਗੋਲਾ ਛੁਟੈ, ਮਹਾਭਜ ਭੀਮ ਕੀਨੋ ਕੜਾਕਾ ।
ਸੂਰ ਸਾਮੁਹਿ ਭਿੜੇ, ਦੇਵ ਦਾਨਵ ਲੜੇ, ਲੰਕ ਪਤਿ ਲਰਜਜੋ ਖਾ ਧੜਾਕਾ ।
ਹੂਰ ਬੀਰਨ ਬਰੀ, ਰੱਤ ਜੋਗਨਿ ਤਰੀ, ਖੋਪਰੀ ਦੇਤ ਕਾਲੀ ਜੜਾਕਾ ।
ਹੰਡੂਰ, ਕਹਿਲੂਰ,ਜਸਵਾਲ, ਡਢਵਾਲ ਲੌ, ਧਾਰ ਬਾਈ ਭਜੀ ਹੋਇ ਭੜਾਕਾ ।
ਕਰਿ ਦਾਹਿਨੇ ਸ੍ਰੀ ਭਗਉਤੀ ਰਛਿਆ ਕਰੇ,
ਮੀਰ ਮੁਸ਼ਕੀ ਗਾਵੈ ਜਸ ਬਾਂਕਾ ॥ ੬ ॥

(ਜੰਗ ਵਿਚ ਫ਼ਤਿਹ)

ਕਰੀ ਚੜਾਈ ਸੋਢੀਆਂ, ਗਹਿਰੀ ਸੱਟ ਪਈ ਜਮਧਾਣੀ ।
ਲੱਡੂ ਖੁਰਮੇ ਸਾਰ ਦੇ, ਰਾਜੇ ਮਿਹਮਾਣੀ ।
ਕੋਟੀ ਰੋਵਣ ਰਾਣੀਆਂ, ਢੁੱਕਣ ਮੁਕਾਣੀ ।
ਫਤਿਹ ਪਾਈ ਗੋਬਿੰਦ ਸਿੰਘ ਜਿਤਿਆ ਭੰਗਾਣੀ ॥ ੭ ॥

ਪਾਉਂਟੇ ਤੋਂ ਆਨੰਦਪੁਰ :

ਇਸ ਜੰਗ ਵਿਚ ਰਾਜਾ ਮੇਦਨੀ ਪ੍ਰਕਾਸ਼ ਨਾਹਨ (ਸਿਰਮੌਰ) ਕਿਸੇ ਕਾਰਣ ਕੋਈ ਹਿੱਸਾ ਨਾ ਲੈ ਸਕਿਆ, ਜਿਸ ਕਰ ਕੇ ਉਸ ਨੇ ਗੁਰੂ ਜੀ ਜੀ ਸੇਵਾ ਵਿਚ ਹਾਜ਼ਰ ਹੋ ਕੇ ਮਾਫ਼ੀ ਮੰਗੀ ਤੇ ਰਾਜਾ ਫ਼ਤਿਹ ਸ਼ਾਹ ਦੇ ਨਾਲ ਉਸ ਦੇ ਕੁੜਮ ਰਾਜਾ ਭੀਮ ਚੰਦ ਬਿਲਾਸਪੁਰੀਏ

ਲੈ ਜੰਗ ਵਿਚ ਹਿੱਸਾ ਤਾਂ ਕੀ ਪਾਉਣਾ ਸੀ, ਸਗੋਂ ਉਹ ਪੁਤ੍ਰ ਤੇ ਨੂੰਹ ਨੂੰ ਲੈ ਕੇ ਕਿਸੇ ਹੀਲੇ ਆਪਣਾ ਆਪ ਬਚਾਉਂਦਾ ਹੋਇਆ ਅਜਿਹਾ ਨੱਸਿਆ ਕਿ ਉਸ ਨੇ ਬਿਲਾਸਪੁਰ ਤੋਂ ਉਰੇ ਸਾਹ ਨਾ ਲਿਆ।

ਇਸ ਜੰਗ ਤੋਂ ਬਾਦ ਮਾਘ ਸੰਮਤ 1745 (ਸੰਨ 1688 ਈ.) ਵਿਚ, ਜਦ ਅਜੇ ਗੁਰੂ ਸਾਹਿਬ ਪਾਉਂਟੇ ਹੀ ਨਿਵਾਸ ਰਖਦੇ ਸਨ ਤਾਂ ਉਨ੍ਹਾਂ ਦੇ ਘਰ ਮਾਤਾ ਸੁੰਦਰੀ ਜੀ ਦੇ ਪੇਟੋਂ ਵੱਡੇ ਸਾਹਿਬਜ਼ਾਦੇ ਅਜੀਤ ਸਿੰਘ ਜੀ ਦਾ ਜਨਮ ਹੋਇਆ।

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਇਸ ਤੋਂ ਬਾਦ ਥੋੜਾ ਹੀ ਚਿਰ ਪਾਉਂਟੇ ਸਾਹਿਬ ਟਿਕੇ ਤੇ ਫੇਰ ਉਥੋਂ ਆਪਣੇ ਸਾਰੇ ਪਰਿਵਾਰ ਨੂੰ ਲੈ ਕੇ ਸਿੱਖਾਂ ਸਮੇਤ ਰਾਣੀ ਕੇ ਰਾਇਪੁਰ, ਖ਼ਿਜ਼ਰਾਬਾਦ ਆਦਿ ਥਾਵੀਂ ਹੁੰਦੇ ਹੋਏ ਸੰਮਤ 1746 ਵਿਚ ਆਨੰਦਪੁਰ ਵਾਪਸ ਆ ਗਏ। ਉਧਰ ਪਤਾ ਲੱਗਣ ਤੇ ਦਿੱਲੀਓਂ ਮੁਗ਼ਲ ਦਰਬਾਰ ਵਲੋਂ ਰਾਜਾ ਮੇਦਨੀ ਪ੍ਰਕਾਸ਼ ਸਿਰਮੌਰ (ਨਾਹਨ) ਨੂੰ ਖਿੱਚ ਪਈ ਕਿ ਉਸ ਨੇ ਬਾਦਸ਼ਾਹ ਦੇ ਵਿਰੋਧੀ ਗੁਰੂ ਸਾਹਿਬ ਨੂੰ ਆਪਣੇ ਇਲਾਕੇ ਵਿਚ ਕਿਉਂ ਬੁਲਾਇਆ, ਪਰ ਜਦ ਪੁੱਛ-ਪੜਤਾਲ ਕਰਨ ਤੇ ਕੁਝ ਨਤੀਜਾ ਨਾ ਨਿਕਲਿਆ ਤਾਂ ਬਾਦਸ਼ਾਹ ਵਲੋਂ ਫੇਰ ਮੁਆਫ਼ੀ ਮਿਲ ਗਈ[1]।

ਆਨੰਦਪੁਰ ਦੀ ਨਵੇਂ ਸਿਰੇ ਆਬਾਦੀ :

ਭੰਗਾਣੀ ਦੇ ਜੰਗ ਤੋਂ ਬਾਦ ਗੁਰੂ ਸਾਹਿਬ ਇਸ ਤਰ੍ਹਾਂ ਜਦ ਆਨੰਦਪੁਰ ਵਾਪਸ ਪੁੱਜੇ ਤਾਂ ਨਾ ਕੇਵਲ ਗੁਰੂ ਜੀ ਨੂੰ ਹੀ, ਸਗੋਂ ਸਾਰੇ ਹੀ ਸਿੱਖਾਂ ਨੂੰ ਇਸ ਜਿੱਤ ਦੀ ਡਾਢੀ ਖ਼ੁਸ਼ੀ ਹੋਈ। ਉਹ ਖ਼ੁਸ਼ੀ ਬਹੁਤੀ ਇਸ ਕਰ ਕੇ ਕਿ ਸਾਰਾ ਹੀ ਇਲਾਕਾ ਪਹਾੜ ਉਨ੍ਹਾਂ ਦੀ ਇਸ ਜਿੱਤ ਤੋਂ ਪ੍ਰਭਾਵਿਤ ਹੋ ਕੇ ਮੁੜ ਗੁਰੂ ਜੀ ਦੇ ਚਰਨਾਂ ਵਲ ਝੁਕਣ ਲੱਗ ਪਿਆ। ਨਗਰ ਚੱਕ ਨਾਨਕੀ ਅਥਵਾ ਆਨੰਦਪੁਰ-ਮਾਖੋਵਾਲ ਦੇ ਮਕਾਨ ਚੂੰਕਿ ਗੁਰੂ ਸਾਹਿਬ ਦੇ ਪਾਉਂਟੇ ਜਾਣ ਸਮੇਂ ਹੀ ਢਹਿ ਢੇਰੀ ਹੋ ਗਏ ਸਨ, ਇਸ ਲਈ ਹੁਣ ਗੁਰੂ ਸਾਹਿਬ ਨੇ ਵਾਪਸ ਆ ਕੇ ਉਸੇ ਥਾਂ ਨਵੀਂ ਨਗਰੀ ਵਸਾਈ, ਜਿਸ ਦਾ ਨਾਉਂ ਆਨੰਦਪੁਰ ਰੱਖਿਆ। ਜਿਨ੍ਹਾਂ ਜਿਨ੍ਹਾਂ ਲੋਕਾਂ ਨੇ ਪਾਉਂਟੇ ਜਾ ਕੇ ਜਾਂ ਭੰਗਾਣੀ ਦੇ ਜੰਗ ਸਮੇਂ ਗੁਰੂ ਸਾਹਿਬ ਦਾ ਪੂਰਾ ਪੂਰਾ ਸਾਥ ਦਿੱਤਾ ਸੀ, ਉਹ ਲੋਕ ਇਸ ਨਗਰ ਵਿਚ ਬੜੇ ਆਦਰ ਨਾਲ ਵਸਾਏ ਗਏ ਤੇ ਗੁਰੂ ਜੀ ਨੇ ਉਨ੍ਹਾਂ ਦੀ ਪੂਰੀ ਤਰ੍ਹਾਂ ਪਾਲਣਾ ਕੀਤੀ, ਪਰ ਜੋ ਲੋਕ ਵਿੰਗੇ-ਟੇਢੇ ਜਾਂ ਸਿੱਧੇ ਤੌਰ ਤੇ ਵਿਰੁੱਧ ਚਲਦੇ ਰਹੇ ਸਨ, ਉਹ ਗੁਰੂ ਸਾਹਿਬ ਨੇ ਇਸ ਨਗਰ ਵਿਚੋਂ ਕੱਢ ਦਿੱਤੇ ਤੇ ਦੋਸ਼ੀਆਂ ਨੂੰ ਜੰਗੀ ਮੁਲਜ਼ਿਮ ਕਰਾਰ ਦੇ ਕੇ ਸਖ਼ਤ ਤੋਂ ਸਖ਼ਤ ਸਜ਼ਾਵਾਂ ਦਿੱਤੀਆਂ, ਜਿਵੇਂ ਕਿ ਇਸ ਸੰਬੰਧ ਵਿਚ ਗੁਰੂ ਸਾਹਿਬ ਦਾ ਆਪਣਾ ਹੀ ਕਥਨ ਹੈ :

ਜੁੱਧ ਜੀਤ ਆਏ ਜਬੈ, ਟਿਕੈ ਨ ਤਿਨ ਪਰ ਪਾਂਵ।
ਕਾਹਲੂਰ ਮੈ ਬਾਂਧਿਯੋ, ਆਨਿ ਆਨੰਦਪੁਰ ਗਾਂਵ ॥ ੩੬ ॥
ਜੇ ਜੇ ਨਰ ਤਹ ਨਾ ਭਿਰੇ, ਦੀਨੇ ਨਗਰ ਨਿਕਾਰ।
ਜੇ ਤਿਹ ਠਉਰ ਭਲੇ ਭਿਰੇ, ਤਿਨੈ ਕਰੀ ਪ੍ਰਤਿਪਾਰ ॥ ੩੭ ॥

ਚੌਪਈ

ਬਹੁਤ ਦਿਵਸ ਇਹ ਭਾਂਤਿ ਬਿਤਾਏ।

---

[1] ਦੇਖੋ, ਤਾਰੀਖ਼ਿ ਸਿਰਮੌਰ (ਉਰਦੂ) ਕ੍ਰਿਤ ਕੰਵਰ ਰਣਜੋਰ ਸਿੰਘ।

ਸੰਤ ਉਬਾਰ ਦੁਸਟ ਸਭ ਘਾਏ।
ਟਾਂਗ ਟਾਂਗ ਕਰਿ ਹਨੇ ਨਿਦਾਨਾ।
ਕੂਕਰ ਜਿਮਿ ਤਿਨ ਤਜੇ ਪ੍ਰਾਨਾ ॥ ੩੮ ॥

(ਦੇਖੋ, ਬਚਿਤ੍ਰ ਨਾਟਕ, ਪਾਤਸ਼ਾਹੀ ੧੦, ਅਧਿ. ੮)

ਨਾਦੌਨ ਦਾ ਜੰਗ (ਸੰਨ 1691 ਈ.) :

ਇਸ ਤਰ੍ਹਾਂ ਗੁਰੂ ਸਾਹਿਬ ਨੇ ਨਵੀਂ ਨਗਰੀ ਆਨੰਦਪੁਰ ਵਿਚ ਇਕ ਸਾਲ ਤੋਂ ਕੁਝ ਵੱਧ ਸਮਾਂ ਬੜੇ ਆਰਾਮ ਤੇ ਅਮਨ ਚੈਨ ਨਾਲ ਗੁਜ਼ਾਰਿਆ। ਸਮੇਂ ਦੇ ਇਸ ਦੌਰਾਨ ਵਿਚ ਆਪਣੀ ਰਿਹਾਇਸ਼ ਲਈ ਅਤਿ ਸੋਹਣੇ ਪੱਕੇ ਮਕਾਨ ਬਣਾਉਣ ਤੋਂ ਅਲਾਵਾ ਸ਼ਹਿਰੀ ਆਬਾਦੀ ਦੀ ਰੱਖਿਆ ਵਾਸਤੇ ਆਨੰਦਪੁਰ ਦੇ ਇਰਦ ਗਿਰਦ ਸੱਤ ਕਿਲੇ—ਆਨੰਦ ਗੜ੍ਹ, ਕੇਸ਼ ਗੜ੍ਹ, ਲੋਹ ਗੜ੍ਹ, ਹੋਲ ਗੜ੍ਹ, ਤਾਰਾ ਗੜ੍ਹ, ਅਗਮ ਗੜ੍ਹ ਤੇ ਅਜੀਤ ਗੜ੍ਹ ਬੜੀ ਤੇਜ਼ੀ ਨਾਲ ਬਣਵਾਏ। ਕਵੀ ਕੇਸਰ ਸਿੰਘ ਛਿੱਬਰ ਦੇ ਕਥਨ ਅਨੁਸਾਰ :

ਰਾਜੇ ਜਮਵਾਲ, ਕਹਲੂਰੀਏ, ਹੰਡੂਰੀਏ ਸਭ ਆਇ ਚਾਕਰ ਲਗੇ।
ਦੇਸ ਦੇਸ ਤੇ ਮਾਇਆ ਆਵੈ, ਦਉਲਤ ਦਾ ਪ੍ਰਵਾਹ ਵਗੇ ॥੨੮੫॥
ਅਨੇਕ ਪਦਾਰਥਾਂ ਦੇ ਢੇਰ, ਦੇਸ ਦੇਸ ਤੇ ਆਵਨ।
ਨਾਲੇ ਰਾਜੇ ਮਹੀਨੇ ਲੈ ਜਾਵਨ, ਨਾਲੇ ਪਦਾਰਥ ਮੰਗ ਲੈ ਜਾਵਨ।
ਦਰਬਾਰ ਵਿਚ ਬੈਠੇ ਰਹਨਿ, ਬਨੇ ਬਾਂਕੇ ਸਿਪਾਹੀ।
ਇਥੇ ਕਿਸੇ ਗਲ ਦੀ ਪ੍ਰਵਾਹ ਨਾਹੀ ॥ ੨੮੬ ॥

(ਬੰਸਾਵਲੀ ਨਾਮਾ, ਚਰਣ ਦਸਵਾਂ)

ਕਾਰਣ ਇਸ ਤਾਮੀਰੀ ਤਿਆਰੀ ਦਾ ਇਹ ਸੀ ਕਿ ਬਾਦਸ਼ਾਹ ਔਰੰਗਜ਼ੇਬ ਲਗ ਭਗ ਚਾਰ-ਪੰਜ ਸਾਲਾਂ ਤੋਂ ਪੂਰੇ ਜ਼ੋਰ-ਸ਼ੋਰ ਨਾਲ ਬੀਜਾਪੁਰ ਤੇ ਗੋਲ ਕੁੰਡਾ (ਦੱਖਣ) ਦੀਆਂ ਸ਼ੀਆ ਬਾਦਸ਼ਾਹਤਾਂ ਮਿਟਾਉਣ ਤੇ ਤੁਲਿਆ ਹੋਇਆ ਸੀ, ਜਿਸ ਕਰ ਕੇ ਉਸ ਨੇ ਬੀਜਾਪੁਰ ਦੀ ਹਕੂਮਤ ਸੰਨ 1686 ਵਿਚ, ਗੋਲਕੁੰਡਾ ਦੀ ਹਕੂਮਤ ਸੰਨ 1687 ਵਿਚ ਤੇ ਸੇਵਾ ਜੀ ਮਰਾਠਾ ਦੇ ਪੁਤ੍ਰ ਸੰਭਾ ਜੀ ਦੀ ਹਕੂਮਤ ਸੰਨ 1689 ਵਿਚ ਖ਼ਤਮ ਕਰ ਦਿੱਤੀ ਸੀ। ਇਨ੍ਹਾਂ ਜਿੱਤਾਂ ਦੇ ਅਫਰੇਵੇਂ ਕਾਰਣ ਮੁਗ਼ਲ ਸਮ੍ਰਾਟ ਦਾ ਨਜ਼ਲਾ ਪੰਜਾਬ ਉਤੇ ਝੜਨ ਦੀ ਛੇਤੀ ਹੀ ਆਸ ਸੀ, ਇਸ ਲਈ ਆਨੰਦਪੁਰ ਵਿਚ ਆਪਣੇ ਬਚਾਉ ਲਈ ਅਜਿਹੀ ਮਜ਼ਬੂਤ ਕਿਲ੍ਹਾ-ਬੰਦੀ ਹੋਣੀ ਬਹੁਤ ਜ਼ਰੂਰੀ ਸੀ। ਸੋ ਗੁਰੂ ਸਾਹਿਬ ਨੇ ਸਭ ਤੋਂ ਪਹਿਲਾਂ ਬੜੀ ਦੂਰ-ਅੰਦੇਸ਼ੀ ਨਾਲ ਉਪਰੋਕਤ ਸੱਤ ਕਿਲ੍ਹੇ ਬਣਾ ਕੇ ਇਹੋ ਵਾਜਿਬ ਲੋੜ ਪੂਰੀ ਕੀਤੀ।

[1]ਪਹਾੜੀ ਰਾਜੇ ਭਾਵੇਂ ਇਸ ਸਮੇਂ ਗੁਰੂ ਸਾਹਿਬ ਦੇ ਨੌਕਰ ਹੋਣ ਕਰ ਕੇ ਕਿਸੇ ਹੱਦ ਤਕ ਅਧੀਨ ਹੀ ਸਨ, ਪਰ ਰਾਜਪੂਤ ਰਾਜਿਆਂ ਦੀ ਆਪਸ ਦੀ ਫੁੱਟ, ਜਿਵੇਂ ਕਿ ਪਹਿਲਾਂ ਹੀ ਦੱਸਿਆ ਗਿਆ ਹੈ, ਬੜੀ ਮਸ਼ਹੂਰ ਸੀ ਤੇ ਦੁਸ਼ਮਨ ਮੌਕਾ ਪੈਣ ਤੇ ਉਨ੍ਹਾਂ ਦੀ ਇਸ ਫੁੱਟ ਤੋਂ ਪੂਰਾ ਪੂਰਾ ਫ਼ਾਇਦਾ ਉਠਾਉਂਦਾ ਰਹਿੰਦਾ ਸੀ। ਰਾਜਾ ਭੀਮ ਚੰਦ

[1]ਬੰਸਾਵਲੀ ਨਾਮਾ ਦਸਾਂ ਪਾਤਸ਼ਾਹੀਆਂ ਕਾ ਕ੍ਰਿਤ ਕਵੀ ਕੇਸਰ ਸਿੰਘ ਛਿੱਬਰ ਦੇ ਅਨੁਸਾਰ।

ਬਿਲਾਸਪੁਰੀਏ ਦੀ ਬੇ-ਪ੍ਰਵਾਹੀ ਦੇ ਕਾਰਣ ਉਸ ਦਾ ਵਜ਼ੀਰ ਮਾਣਕ ਚੰਦ, ਜੋ ਰਾਜਾ ਦੀਪ ਚੰਦ ਦਾ ਸੱਕਾ ਭਾਈ ਹੋਣ ਕਰ ਕੇ ਭੀਮ ਚੰਦ ਦਾ ਚਾਚਾ ਲਗਦਾ ਸੀ, ਅਚਾਣਕ ਵਿਗੜ ਕੇ ਕਾਂਗੜੇ ਦੇ ਰਾਜੇ ਭੀਮ ਚੰਦ ਪਾਸ ਚਲਾ ਗਿਆ ਤੇ ਉਸ ਨੂੰ ਇਲਾਕਾ ਕਹਿਲੂਰ ਉਤੇ ਹਮਲਾ ਕਰਨ ਲਈ ਉਕਸਾਉਣ ਲੱਗਾ। ਅੱਗੋਂ ਰਾਜਾ ਕਾਂਗੜਾ ਨੇ ਕੁਝ ਹੀਲ-ਹੁੱਜਤ ਕੀਤੀ ਤੇ ਫੇਰ ਉਹ ਉਥੋਂ ਇਸੇ ਕੰਮ ਦੇ ਬਹਾਨੇ ਸੂਬਾ ਸਰਹਿੰਦ ਦੇ ਕੋਲ ਗਿਆ। ਸੂਬਾ ਸਰਹਿੰਦ ਦਿੱਲੀਓਂ ਬਾਦਸ਼ਾਹ ਵਲੋਂ ਸੈਨਾਪਤਿ ਅਲਿਫ਼ ਖ਼ਾਨ ਰਾਹੀਂ ਪਹਾੜੀ ਰਾਜਿਆਂ ਤੋਂ ਕਰ-ਉਗਰਾਹੁਣ ਦਾ ਤਾਕੀਦੀ ਹੁਕਮ ਆਉਣ ਕਰ ਕੇ ਪਹਿਲਾਂ ਹੀ ਤਿਆਰ ਸੀ, ਇਸ ਲਈ ਉਸ ਨੇ ਸਰਕਾਰੀ ਸੈਨਾ ਦੇ ਨਾਲ ਹੋ ਕੇ ਇਲਾਕਾ ਪਹਾੜ ਉਤੇ ਚੜ੍ਹਾਈ ਕਰ ਦਿੱਤੀ। ਪਤਾ ਲੱਗਣ ਤੇ ਰਾਜਾ ਭੀਮ ਚੰਦ ਨੂੰ ਡਾਢੀ ਚਿੰਤਾ ਪਈ ਤੇ ਉਸ ਨੇ ਰਾਜਾ ਮੰਡੀ, ਹੰਡੂਰ, ਜਸਵਾਲ ਆਦਿ ਬਾਈਧਾਰ ਦੇ ਰਾਜਿਆਂ ਨੂੰ ਬੜੀ ਤੇਜ਼ੀ ਨਾਲ ਇਸ ਸਾਂਝੀ ਬਿਪਤਾ ਦਾ ਟਾਕਰਾ ਕਰਨ ਲਈ ਪ੍ਰੇਰਿਆ ਤੇ ਨਾਲੇ ਸਾਰੇ ਰਾਜਿਆਂ ਦੀ ਸਲਾਹ ਲੈ ਕੇ ਇਸ ਸਮੇਂ ਗੁਰੂ ਸਾਹਿਬ ਤੋਂ ਵੀ ਪੂਰੀ ਪੂਰੀ ਮਦਦ ਮੰਗੀ।

ਹੁਣ ਇਸ ਸਮੇਂ ਬਾਦਸ਼ਾਹੀ ਹੁਕਮ ਨਾਲ, ਜਿਸ ਵਿਚ ਸੂਬਾ ਸਰਹਿੰਦ ਦਾ ਵੀ ਪੂਰਾ ਪੂਰਾ ਹੱਥ ਸੀ, ਸਿਪਹ ਸਾਲਾਰ ਮੀਆਂ ਖ਼ਾਨ ਨੇ ਇਕ ਵੰਨੇ ਸ਼ਾਹੀ ਕਟਕ ਲੈ ਕੇ ਜੰਮੂ ਉਤੇ ਚੜ੍ਹਾਈ ਕਰ ਦਿੱਤੀ ਤੇ ਦੂਜੇ ਵੰਨੇ ਜਨਰਲ ਅਲਿਫ਼ ਖ਼ਾਨ ਨੂੰ ਨਾਦੌਣ ਦਾ ਇਲਾਕਾ ਕਾਬੂ ਕਰਨ ਵਾਸਤੇ ਚਾੜ੍ਹਿਆ। ਰਾਜਾ ਭੀਮ ਚੰਦ ਕਟੋਚ ਇਸ ਸਮੇਂ ਮੰਡੀ ਤੇ ਕੁੱਲੂ ਦੇ ਰਾਜਿਆਂ ਤੋਂ ਵਿਰੁੱਧ ਹੋ ਕੇ, ਜੋ ਰਾਜਾ ਭੀਮ ਚੰਦ ਬਿਲਾਸਪੁਰੀਏ ਦੇ ਰਿਸ਼ਤੇਦਾਰ ਸਨ, ਅੰਦਰ ਖ਼ਾਨਿਓਂ ਦੁਸ਼ਮਨ ਦੇ ਨਾਲ ਮਿਲਿਆ ਹੋਇਆ ਸੀ, ਕਿਉਂਕਿ ਉਹ ਦਰਬਾਰ ਦਿੱਲੀ ਦਾ ਪੈਨਸ਼ਨ ਖ਼੍ਵਾਰ ਹੋ ਕੇ ਹਮੇਸ਼ਾ ਹਾਕਮ ਕਿਲਾ ਕਾਂਗੜਾ ਦੀਆਂ ਐਨ ਨਜ਼ਰਾਂ ਹੇਠ ਰਹਿੰਦਾ ਸੀ। ਇਧਰ ਇਸ ਸਮੇਂ ਰਾਜਾ ਬਿਲਾਸਪੁਰ, ਹੰਡੂਰ ਆਦਿ ਦੇ ਸੱਦੇ ਪੁਰ ਗੁਰੂ ਸਾਹਿਬ ਵੀ ਆਨੰਦਪੁਰੋਂ ਆਪਣੀ ਫੌਜ ਲੈ ਕੇ ਗਏ। ਦੋਹਾਂ ਪਾਸਿਆਂ ਦੀਆਂ ਫ਼ੌਜਾਂ ਜਦ ਇਸ ਤਰ੍ਹਾਂ ਇਕ ਦੂਜੀ ਦੇ ਨੇੜੇ ਪੁਜੀਆਂ ਤਾਂ ਉਨ੍ਹਾਂ ਦਾ ਟਾਕਰਾ ਸ਼ਾਹੀ ਫ਼ੌਜ ਦੇ ਨਾਲ, ਜਿਸ ਵਿਚ ਸੈਨਾਪਤਿ ਅਲਿਫ਼ ਖ਼ਾਨ ਦੀ ਮੁਗ਼ਲੇਈ ਫ਼ੌਜ ਸਭ ਤੋਂ ਅੱਗੇ ਸੀ, ਕਾਂਗੜੇ ਦੇ ਨੇੜੇ ਨਾਦੌਨ ਨਾਮੀ ਸਥਾਨ ਪਰ ਹੋਇਆ। ਇਸ ਸਮੇਂ ਤੀਰਾਂ, ਤਲਵਾਰਾਂ, ਨੇਜ਼ੇ, ਬਰਛੀਆਂ ਆਦਿ ਹਥਿਆਰਾਂ ਨਾਲ ਘਮਸਾਣ ਦਾ ਜੁੱਧ ਛਿੜਨ ਤੇ ਅਲਿਫ਼ ਖ਼ਾਨ ਨੂੰ ਡਾਢੀ ਹਾਰ ਹੋਈ ਤੇ ਉਸ ਦੀਆਂ ਫ਼ੌਜਾਂ ਭੱਜ ਨਿਕਲੀਆਂ। ਇਹ ਦੇਖ ਕੇ ਭੀਮ ਚੰਦ ਕਹਿਲੂਰੀ ਤੇ ਉਸ ਦੇ ਸਾਥੀ ਰਾਜੇ ਜਿੱਤ ਦੇ ਨਗਾਰੇ ਬਜਾਉਣ ਲੱਗ ਪਏ। ਇਸ ਤਰ੍ਹਾਂ ਇਹ ਲੜਾਈ 22 ਚੇਤ ਸੰਮਤ 1747 ਬਿ. (ਮੁਤਾਬਿਕ ਸੰਨ 1691 ਈ.) ਨੂੰ ਸਿਰਫ਼ ਇਕ ਦਿਨ ਹੀ ਹੋਈ ਤੇ ਇਸ ਲੜਾਈ ਵਿਚ ਗੁਰੂ ਸਾਹਿਬ ਵਲੋਂ ਭਾਈ ਸੋਹਨ ਚੰਦ, ਮੂਲ ਚੰਦ ਆਦਿ ਕਈ ਸਿੱਖ ਸ਼ਹੀਦ ਹੋਏ ਪਰ ਗੁਰੂ ਗੁਰੂ ਸਾਹਿਬ ਦੀ ਆਪਣੀ ਤੇ ਪਹਾੜੀ ਰਾਜਿਆਂ ਦੀ ਸੈਨਾਂ ਦੇ ਮੁਕਾਬਲੇ ਤੇ ਮੁਗ਼ਲੇਈ ਫ਼ੌਜਾਂ ਦਾ ਵਧੇਰੇ ਜਾਨੀ ਨੁਕਸਾਨ ਹੋਇਆ।

ਗੁਰੂ ਸਾਹਿਬ ਰਣ-ਭੂਮਿ ਦੇ ਇਹ ਦ੍ਰਿਸ਼ ਦੇਖਣ ਤੋਂ ਉਪਰੰਤ ਰਾਜਾ ਭੀਮ ਚੰਦ ਕਟੋਚ ਦੀ ਰਾਇ ਨਾਲ 8 ਦਿਨ ਦਰਿਆ ਬਿਆਸ ਦੇ ਕੰਢੇ ਨਾਦੌਨ ਦੇ ਸਥਾਨ ਪਰ

ਠਹਿਰੇ ਤੇ ਉਥੋਂ ਦੇ ਰਾਜ ਮਹਲ ਗੁਰੂ ਜੀ ਨੇ ਚੰਗੀ ਤਰ੍ਹਾਂ ਦੇਖੇ।[1] ਫੇਰ ਗੁਰੂ ਸਾਹਿਬ ਉਥੋਂ ਵਿਦਾ ਹੋ ਕੇ ਅਜੇ ਵਾਪਸ ਮੁੜੇ ਹੀ ਸਨ ਕਿ ਪੜਾਈ ਰਾਜਿਆਂ ਨੇ ਸਾਰੇ ਵੈਰ-ਵਿਰੋਧ ਭੁੱਲ ਕੇ ਮੁਗਲੇਈ ਸੈਨਾਪਤੀ ਅਲਿਫ਼ ਖ਼ਾਨ ਨਾਲ ਮੁੜ ਸੁਲਹ ਕਰ ਲਈ, ਜੋ ਪਤਾ ਲੱਗਣ ਤੇ ਗੁਰੂ ਸਾਹਿਬ ਨੂੰ ਸਖ਼ਤ ਨਾ-ਗਵਾਰ ਗੁਜ਼ਰੀ। ਪ੍ਰਸਿੱਧ ਸਿੱਖ ਇਤਿਹਾਸਕਾਰ ਭਾਈ ਕੇਸਰ ਸਿੰਘ, ਛਿੱਬਰ ਨੇ ਇਸ ਲੜਾਈ ਦਾ ਇਸ਼ਾਰੇ ਮਾਤ੍ਰ, ਪਰ ਭਾਵ ਪੂਰਿਤ ਖ਼ਾਕਾ ਇਸ ਤਰ੍ਹਾਂ ਉਲੀਕਿਆ ਹੈ :

ਜਮਵਾਲਾਂ ਦਾ ਅਤੇ ਕਟੋਚੀਆਂ ਦਾ ਭਇਆ ਵਿਗਾੜ।
ਆਪਸ ਵਿਚ ਤਿਨ੍ਹਾਂ ਮਚਾਇਆ ਰਾੜ।
ਹੋਏ ਜੁੱਧ ਤੇ ਵੱਡੇ ਅਖਾੜੇ।
ਦੁਬਿਧਾ ਉਠੀ ਆਪਸ ਵਿਚ ਰਜਵਾੜੇ ॥ ੨੯੬ ॥
ਗੁਰੂ ਸਾਹਿਬ ਜੀ ਭੀ ਚੜਿ ਆਏ ਇਕ ਵਲ।
ਨਾਲ ਹਿਮਾਇਤੀ ਤਿਨ੍ਹਾਂ ਦੇ ਰਲਿ।
ਰਾਜੇ ਨਾਲ ਤੁਰਕਾਂ ਦੇ ਮਿਲ ਗਏ।
ਸਾਹਿਬ ਦੁਹਾਂ ਨੂੰ ਛਡਿ ਉਠ ਆਵਤ ਭਏ ॥ ੨੯੭ ॥
ਸ਼ਾਹਿਬ ਪੁਰ ਆਨੰਦ ਉਠਿ ਆਏ।
ਸਭੇ ਆਪੋ ਆਪਣੇ ਦੇਸਾਂ ਨੂੰ ਉਠਿ ਧਾਏ ॥......

(ਦੇਖੋ, ਬੰਸਾਵਲੀ ਨਾਮਾ, ਚਰਣ ਦਸਵਾਂ)

ਹੁਸੈਨੀ ਜੁੱਧ ਤੇ ਹੋਰ ਝੜਪਾਂ :

ਅਲਿਫ਼ ਖ਼ਾਨ ਸਿਪਾਹ ਸਲਾਰ ਦੇ ਇਸ ਤਰ੍ਹਾਂ ਹਾਰਨ ਦੀ ਖ਼ਬਰ ਸੁਣ ਕੇ ਲਾਹੌਰ ਦੇ ਸੂਬੇ ਦਿਲਾਵਰ ਖ਼ਾਨ ਨੂੰ ਅੱਗ ਲੱਗ ਗਈ। ਉਸ ਨੇ ਗੁਰੂ ਜੀ ਤੋਂ ਇਸ ਸ਼ਿਕਸਤ ਦਾ ਬਦਲਾ ਲੈਣ ਲਈ ਪਹਿਲਾਂ ਆਪਣੇ ਪੁਤ੍ਰ ਰੁਸਤਮ ਖਾਂ ਨੂੰ ਕਾਫ਼ੀ ਫ਼ੌਜ ਦੇ ਕੇ ਤੋਰਿਆ, ਪਰ ਫੇਰ ਜਦ ਉਹ ਵੀ ਆਨੰਦਪੁਰ ਦੇ ਨੇੜੇ ਨਦੀ ਦਾ ਚੜ੍ਹਾਉ ਹੋਣ ਕਰਕੇ ਐਵੇਂ ਹੀ ਵਾਪਸ ਮੁੜ ਗਿਆ ਤਾਂ ਗੁਲਾਮ ਹੁਸੈਨ ਖ਼ਾਨ ਨਾਮੀ ਇਕ ਫ਼ੌਜਦਾਰ ਨੂੰ, ਜੋ ਹੁਸੈਨੀ ਨਾਂ ਨਾਲ ਵਧੇਰੇ ਪ੍ਰਸਿੱਧ, ਸੁਭਾਉ ਦਾ ਬੜਾ ਤੱਤਾ ਤੇ ਸਖ਼ਤ ਜ਼ਾਲਿਮ ਸੀ, ਦੋ ਹਜ਼ਾਰ ਸਵਾਰ ਤੇ ਪਿਆਦੇ ਦੇ ਕੇ ਭੇਜਿਆ। ਉਹ ਲਾਹੌਰੋਂ ਸਿੱਧਾ ਹੀ ਦਾਤਾਰਪੁਰ, ਨੂਰਪੁਰ ਆਦਿ ਇਲਾਕਿਆਂ ਵਿਚ ਲੁੱਟ ਮਚਾਉਂਦਾ ਹੋਇਆ ਦੁਆਬੇ ਵਿਚੋਂ ਦੀ ਬੜੀ ਤੇਜ਼ੀ ਨਾਲ ਅੱਗੇ ਵਧਿਆ। ਰਸਤੇ ਵਿਚ ਉਸ ਨੇ ਪਿੰਡਾਂ ਦੇ ਪਿੰਡ ਤੇ ਲੋਕਾਂ ਦੇ ਘਰ ਉਜਾੜਨੇ ਸ਼ੁਰੂ ਕਰ ਦਿੱਤੇ। ਉਸ ਦੀ ਇਹ ਸਖ਼ਤੀ ਦੇਖ ਕੇ ਰਾਜਾ ਭੀਮ ਚੰਦ, ਰਾਜਾ ਗੁਲੇਰ, ਸੁਕੇਤ ਆਦਿ ਉਸ ਨੂੰ ਪਹਿਲਾਂ ਹੀ ਨਿਮ੍ਰਤਾ ਨਾਲ ਜਾ ਮਿਲੇ ਤੇ ਗੁਰੂ ਜੀ ਤੋਂ ਵਿਰੁੱਧ ਆਨੰਦਪੁਰ ਉਤੇ ਚੜ੍ਹਾਈ ਕਰਨ ਦਾ ਲਾਲਚ ਦੇਣ ਲੱਗੇ। ਇਹ ਜਤਨ ਉਨ੍ਹਾਂ ਨੇ ਕੀਤਾ ਤਾਂ ਆਪਣੇ ਲਾਭ ਵਾਸਤੇ ਸੀ, ਪਰ ਉਲਟਾ ਹਾਨੀਕਾਰਕ ਸਾਬਤ ਹੋਇਆ, ਕਿਉਂਕਿ ਗੁਲਾਮ ਹੁਸੈਨ ਖ਼ਾਨ ਨੇ ਪਹਿਲਾਂ ਉਨ੍ਹਾਂ ਰਾਜਿਆਂ ਤੋਂ ਹੀ ਸਖ਼ਤੀ ਨਾਲ ਮਾਮਲਾ ਉਗਰਾਹੁਣ ਦਾ ਹੁਕਮ ਦੇ ਦਿੱਤਾ। ਬਸ, ਫੇਰ ਕੀ ਸੀ, ਪਰਸਪਰ ਤਕਰਾਰ ਹੋਣ ਤੇ ਕਈ ਦਿਨਾਂ ਦੀ ਨਾਕਾਬੰਦੀ ਤੋਂ ਬਾਦ ਜੰਗ ਦੇ ਮਾਰੂ ਵੱਜ

[1]ਦੇਖੋ, ਸ਼ਸ਼ਿਬੰਸ ਬਿਨੋਦ (ਬਿਲਾਸਪੁਰ ਦਾ ਇਤਿਹਾਸ) ਕ੍ਰਿਤ ਬਾਬਾ ਗਣੇਸ਼ਾ ਸਿੰਘ, ਬੇਦੀ।

ਗਏ। ਇਧਰੋਂ ਗੁਰੂ ਸਾਹਿਬ ਨੇ ਵੀ ਉਨ੍ਹਾਂ ਦੀ ਮਦਦ ਵਾਸਤੇ ਭਾਈ ਸੰਗਤੀਆ ਸਿੰਘ ਜੀ[1] ਤਿੰਨ ਸੌ ਸਵਾਰ ਦੇ ਕੇ ਭੇਜੇ। ਗਿਆਨੀ ਗਿਆਨ ਸਿੰਘ ਦੇ ਕਥਨ ਅਨੁਸਾਰ ਤਿੰਨ ਦਿਨ ਲਗਾਤਾਰ ਤੀਰ-ਤੁਫ਼ੰਗ ਦਾ ਜੰਗ ਹੁੰਦਾ ਰਿਹਾ। ਫੇਰ ਚੌਥੇ ਦਿਨ ਹੱਥੋਂ ਹੱਥੀ ਦੀ ਲੜਾਈ ਹੋਣ ਤੇ ਦੁਸ਼ਮਨ ਦੇ ਪੈਰ ਉੱਖੜ ਗਏ। ਹੋਰ ਬੇ-ਹੱਦ ਜਾਨੀ ਨੁਕਸਾਨ ਹੋਣ ਦੇ ਨਾਲ ਹੀ ਸ਼ਾਹੀ ਫ਼ੌਜ ਦੇ ਮੋਢੀਆਂ ਵਿਚੋਂ ਗੁਲਾਮ ਹੁਸੈਨ ਖ਼ਾਨ, ਸ਼ਮਸ਼ੇਰ ਖ਼ਾਨ, ਅਲਿਫ਼ ਖ਼ਾਨ ਆਦਿ ਤੇ ਪਹਾੜੀ ਰਾਜਿਆਂ ਵਿਚੋਂ ਕ੍ਰਿਪਾਲ ਚੰਦ (ਰਾਜਾ ਭੀਮ ਚੰਦ ਕਟੋਚ ਦਾ ਛੋਟਾ ਭਾਈ), ਹਰੀ ਸਿੰਘ, ਹਿੰਮਤ ਸਿੰਘ ਆਦਿ ਜੋਧੇ ਰਣ-ਚੰਡੀ ਦੀ ਭੇਟ ਚੜ੍ਹੇ। ਇਧਰੋਂ ਸਿੱਖਾਂ ਵਲੋਂ ਵੀ ਭਾਈ ਸੰਗਤੀਏ ਸਿੰਘ ਸਮੇਤ ੭ ਸਿੱਖਾਂ ਨੇ ਇਸ ਜੰਗ ਵਿਚ ਸ਼ਹੀਦੀ ਪ੍ਰਾਪਤ ਕੀਤੀ।

ਇਸ ਤਰ੍ਹਾਂ ਇਸ ਜੰਗ ਵਿਚ ਦੂਜੀ ਵੇਰ ਹਾਰ ਹੋਣ ਦਾ ਪਤਾ ਲੱਗਣ ਤੇ ਨਾਜ਼ਿਮ ਦਿਲਾਵਰ ਖ਼ਾਨ ਦਾ ਕ੍ਰੋਧ ਹੋਰ ਵੀ ਵਧਿਆ ਤੇ ਉਸ ਨੇ ਸਫ਼ਦਰ ਜੰਗ, ਸਰਦਾਰ ਖ਼ਾਨ ਆਦਿ ਬਹਾਦੁਰਾਂ ਨੂੰ ਕਾਫ਼ੀ ਫ਼ੌਜ ਦੇ ਕੇ ਤੀਜੀ ਵੇਰ ਫੇਰ ਆਪਣੇ ਪੁਤ੍ਰ ਰੁਸਤਮ ਖ਼ਾਨ ਦੀ ਸਹਾਇਤਾ ਵਾਸਤੇ ਪਹਾੜੀ ਰਾਜਿਆਂ ਤੋਂ ਮਾਮਲਾ ਉਗਰਾਹੁਣ ਵਾਸਤੇ ਭੇਜਿਆ। ਇਸ ਫ਼ੌਜ ਵਿਚ ਮੁਗ਼ਲਾਂ ਦੇ ਨਾਲ ਹੀ ਜਵਾਹਰ ਸਿੰਘ, ਚੰਦਨ ਰਾਇ ਚੰਦੇਲ, ਜੁਝਾਰ ਸਿੰਘ ਹਾਂਡਾ ਆਦਿ ਰਾਜਪੂਤ ਜੋਧੇ ਵੀ ਸ਼ਾਮਲ ਸਨ, ਜੋ ਆਪਣੇ ਪਹਾੜੀ ਭਰਾਵਾਂ ਨਾਲ ਚੰਗਾ ਲੋਹਾ ਲੈ ਸਕਦੇ ਸਨ। ਪਰ ਇਹ ਹਮਲਾ ਵੀ ਮੁਗ਼ਲੇਈ ਫ਼ੌਜ ਦਾ ਚੰਦੇਲਾਂ ਤੇ ਜਸਵਾਲੀਏ ਰਾਜਪੂਤਾਂ ਦੀ ਹੱਦ ਤਕ ਹੀ ਸੀਮਿਤ ਰਿਹਾ ਤੇ ਅਚਾਣਕ ਲੜਾਈ ਛਿੜਨ ਸਾਰ ਜੁਝਾਰ ਸਿੰਘ ਹਾਂਡਾ ਦੇ ਮਾਰੇ ਜਾਣ ਤੇ ਮੁਗ਼ਲ ਸੈਨਾ ਦੇ ਨੱਸ ਜਾਣ ਕਾਰਣ ਦੁੱਧ ਦੇ ਉਬਾਲ ਵਾਂਗ ਐਵੇਂ ਆਪਣੇ ਆਪ ਹੀ ਸ਼ਾਂਤ ਹੋ ਗਿਆ।

ਇਸ ਤੋਂ ਬਾਦ ਮੁਗ਼ਲ ਬਾਦਸ਼ਾਹ ਔਰੰਗਜ਼ੇਬ ਨੇ, ਜੋ ਇਸ ਸਮੇਂ ਬੀਜਾਪੁਰ, ਗੋਲਕੁੰਡਾ ਤੇ ਸੇਵਾ ਜੀ ਮਰਹਟੇ ਦੀ ਰਾਜਧਾਨੀ ਰਾਜਗੜ੍ਹ ਉਤੇ ਕਬਜ਼ਾ ਕਰ ਕੇ ਦੱਖਣ ਦੀ ਬਗ਼ਾਵਤ ਦਬਾਉਣ ਵਿਚ ਰੁੱਝਾ ਹੋਇਆ ਸੀ, ਇਹ ਖ਼ਬਰ ਸੁਣ ਕੇ ਕਿ ਉਸ ਦੀ ਸਿਪਾਹ ਨੂੰ ਪਹਾੜੀ ਰਾਜਿਆਂ ਦੇ ਮੁਕਾਬਲੇ ਤੇ ਲਗਾਤਾਰ ਤਿੰਨ ਹਾਰਾਂ ਹੋਈਆਂ ਹਨ ਵਧੇਰੇ ਕ੍ਰੋਧਵਾਨ ਹੋਇਆ ਤੇ ਇਸੇ ਕ੍ਰੋਧ ਵਿਚ ਉਸ ਨੇ ਆਪਣੇ ਦੂਜੇ ਪੁਤ੍ਰ ਸ਼ਾਹਜ਼ਾਦਾ ਮੁਅੱਜ਼ਮ (ਬਹਾਦੁਰ ਸ਼ਾਹ) ਨੂੰ, ਜੋ ਦੱਖਣ ਦੀਆਂ ਮੁਹਿਮਾਂ ਵਿਚ ਚੰਗੀ ਨੇਕ ਨਾਮੀ ਖੱਟ ਚੁੱਕਿਆ ਸੀ, ਕਾਫ਼ੀ ਫ਼ੌਜ ਦੇ ਕੇ ਭੇਜਿਆ। ਸ਼ਾਹਜ਼ਾਦਾ ਮੁਅੱਜ਼ਮ ਖ਼ੁਦ ਤਾਂ ਦਿੱਲੀਓਂ ਸਿੱਧਾ ਲਾਹੌਰ ਵਲ ਚਲਾ ਗਿਆ ਤੇ ਇਲਾਕਾ ਪਹਾੜ ਦੀ ਮੁਹਿਮ ਮਿਰਜ਼ਾ ਜਾਫ਼ਰ ਬੇਗ ਦਸ ਹਜ਼ਾਰੀ ਦੇ ਸਿਪੁਰਦ ਕਰ ਗਿਆ। ਸਰਕਾਰ ਵਲੋਂ ਚਾਰ ਹੋਰ ਸਰਦਾਰ ਵੀ ਇਸ ਕੰਮ ਲਈ ਉਸ ਦੇ ਮਦਦਗਾਰ ਨਿਯੁਕਤ ਕੀਤੇ ਗਏ। ਮਿਰਜ਼ਾ ਜਾਫ਼ਰ ਬੇਗ ਨੇ ਜਾਂਦਿਆਂ ਹੀ ਇਲਾਕਾ ਬਾਈ ਧਾਰ ਦੇ ਪਹਾੜੀ ਰਾਜਿਆਂ ਨੂੰ ਅਜਿਹੀ ਸਖ਼ਤੀ ਨਾਲ ਦਬਾਇਆ ਕਿ ਇਕੋ ਝਪਟ ਨਾਲ ਉਨ੍ਹਾਂ ਦਾ ਕਚੂਮਰ ਕੱਢ ਛੱਡਿਆ, ਜਿਸ ਕਰ ਕੇ ਉਹ ਹਮੇਸ਼ਾਂ ਲਈ ਮੁਗ਼ਲ ਹਕੂਮਤ ਦੇ ਮਤੀਹ ਹੋ ਗਏ। ਇਹ ਵਿਪਤਾ ਚੂੰਕਿ ਪਹਾੜੀ ਰਾਜਿਆਂ ਨੇ ਗੁਰੂ ਸਾਹਿਬ ਦੇ ਉਤੇ ਪਾਉਣ

---

[1]ਠਾਕੁਰ ਨਗੀਨਾ ਰਾਮ ਦੇ ਕਥਨ ਅਨੁਸਾਰ ਸਹੀ ਨਾਮ ਠਾਕੁਰ ਸੰਗਤ ਸਿੰਘ ਮਿਨਹਾਸ। (ਦੇਖੋ, ਤਵਾਰੀਖ਼ ਰਾਜਪੂਤਾਨਿ ਦੁਆਬਾ-ਜਾਲੰਧਰ (ਉਰਦੂ), ਹਿੱਸਾ ਅੱਵਲ, 1965 ਬਿ., ਸਫ਼ਾ 40)

ਦਾ ਜਤਨ ਕੀਤਾ ਸੀ, ਪਰ ਪੈ ਗਈ ਉਲਟ ਕੇ ਉਨ੍ਹਾਂ ਦੇ ਆਪਣੇ ਹੀ ਸਿਰ ਉਪਰ, ਜਿਸ ਕਰ ਕੇ ਗੁਰੂ ਸਾਹਿਬ ਨੇ ਹੁਸੈਨੀ ਜੁੱਧ ਦਾ ਵੇਰਵਾ ਦਿੰਦਿਆਂ ਹੋਇਆਂ ਬਚਿਤ੍ਰ ਨਾਟਕ ਵਿਚ ਲਿਖਿਆ ਹੈ :

ਰਾਖ ਲੀਓ ਹਮ ਕੋ ਜਗਰਾਈ ।
ਲੋਹ ਘਟਾ ਅਨਤੈ ਵਰਸਾਈ ॥ ੬੯ ॥

(ਬਚਿਤ੍ਰ ਨਾਟਕ, ਪਾਤਸ਼ਾਹੀ ੧੦, ਅਧਿ. ੧੧)

ਪੰਜਵਾਂ ਦੌਰ

ਖੰਡੇ ਦੀ ਧਾਰ 'ਚੋਂ ਖ਼ਾਲਸਾ ਪੰਥ—ਨਿਕਾਸ ਤੇ ਵਿਕਾਸ

(ਸੰਨ 1695-1700 ਈ.)

ਪੀਓ ਪਾਹੁਲ ਖੰਡ ਧਾਰ, ਹੁਇ ਜਨਮ ਸੁਹੇਲਾ ॥

(ਭਾਈ ਗੁਰਦਾਸ ਦੂਜਾ, ਵਾਰ ੪੧)

ਸਿੱਖਾਂ ਨੂੰ ਖੰਡੇ ਦਾ ਅਮ੍ਰਿਤ ਛਕਾਉਣ ਤੋਂ ਪਹਿਲਾਂ ਅਤੇ ਜੰਗ ਨਾਦੌਨ (ਕਾਂਗੜਾ), ਹੁਸੈਨੀ ਜੁੱਧ, ਸ਼ਾਹਜ਼ਾਦੇ (ਮੁਅੱਜ਼ਮ ਪਿੱਛੋਂ ਬਹਾਦੁਰ ਸ਼ਾਹ) ਦੇ ਮਦ੍ਰ ਦੇਸ਼ (ਮਾਝੇ) ਵਿਚ ਆਉਣ ਤੋਂ ਬਾਦ, ਜਿਵੇਂ ਕਿ ਗੁਰ-ਇਤਿਹਾਸ ਤੋਂ ਪਤਾ ਲਗਦਾ ਹੈ, ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਸਾਮ੍ਹਣੇ ਤਿੰਨ ਜ਼ਰੂਰੀ ਕੰਮ ਸਨ—(1) ਗੁਰਮਤਿ ਦੇ ਕਦੀਮੀ ਪ੍ਰਚਾਰਕ ਮਸੰਦਾਂ ਦਾ ਸੁਧਾਰ, (2) ਚਾਰ ਪ੍ਰਕਾਰ ਦੀ ਸਿੱਖੀ ਨੂੰ, ਜਿਸ ਦੀ ਕਿ ਗੁਰੂ ਸਾਹਿਬ ਨੇ ਪਹਿਲਾਂ ਵੰਡ ਕੀਤੀ ਸੀ, ਇਕ ਲੜੀ ਵਿਚ ਪਰੋਣ ਲਈ, ਸਿੱਖਾਂ ਨੂੰ ਬੁਤ-ਪ੍ਰਸਤੀ ਅਥਵਾ ਵਹਿਮ-ਪ੍ਰਸਤੀ ਦੇ ਭ੍ਰਮ-ਜਾਲ ਵਿਚੋਂ ਕੱਢ ਕੇ ਇਕ ਕਰਨਾ ਅਤੇ (3) ਦੇਸ਼-ਕੌਮ ਦੀ ਸੇਵਾ ਲਈ ਖ਼ਾਲਸਾ ਪੰਥ ਸਾਜਣਾ। ਇਸ ਲਈ ਗੁਰੂ ਸਾਹਿਬ ਨੇ ਸ੍ਰੀ ਆਨੰਦਪੁਰ ਦੇ ਸਥਾਨ ਪਰ ਬੈਠ ਕੇ ਪ੍ਰਸਿੱਧ ਸਿੱਖਾਂ ਦੀ ਰਾਇ ਨਾਲ ਇਕ ਬਾਕਾਇਦਾ ਵਿਉਂਤ ਬਣਾਈ ਤੇ ਫੇਰ ਕ੍ਰਮਵਾਰ ਸਮੇਂ ਦੇ ਮੁਤਾਬਿਕ ਛੇਤੀ ਹੀ ਉਸ ਦੇ ਉਪਰ ਅਮਲ ਸ਼ੁਰੂ ਕਰ ਦਿੱਤਾ।

ਮਸੰਦ-ਪ੍ਰਥਾ ਦਾ ਖ਼ਾਤਮਾ :

ਸਿੱਖਾਂ ਵਿਚ ਪਹਿਲੇ ਪਹਿਲ ਮਸੰਦ-ਪ੍ਰਥਾ ਤੀਸਰੇ ਪਾਤਸ਼ਾਹ ਸ੍ਰੀ ਗੁਰੂ ਅਮਰ ਦਾਸ ਜੀ ਨੇ ਦੇਸਾਂ ਪ੍ਰਦੇਸਾਂ ਵਿਚ ਗੁਰਮਤਿ ਦਾ ਪ੍ਰਚਾਰ ਵਧਣ ਦੇ ਕਾਰਨ ਵੱਖੋ ਵੱਖ ਭੂ-ਪ੍ਰਦੇਸ਼ਾਂ ਜਾਂ ਇਲਾਕਿਆਂ, ਅਥਵਾ ਹਿੰਦੁਸਤਾਨੋਂ ਬਾਹਰ ਕਾਬਲ, ਕੰਧਾਰ ਆਦਿ ਦੇ ਸਿੱਖਾਂ ਨੂੰ ਗੁਰਮਤਿ ਦੇ ਪ੍ਰਚਾਰ ਦੇ ਨਾਲ ਹੀ ਇਕ ਲੜੀ ਵਿਚ ਪਰੋਈ ਰੱਖਣ ਲਈ ਇਲਾਕੇਵਾਰ 22 ਮੰਜੀਆਂ ਜਾਂ ਗੱਦੀਆਂ ਥਾਪ ਕੇ, ਪ੍ਰਚਲਿਤ ਕੀਤੀ ਸੀ। ਮਸੰਦ ਦਾ ਅਰਥ ਹੈ ਮਸਨਿਦ ਅਥਵਾ ਗੱਦੀ ਨਸ਼ੀਨ। ਮੁਗਲੇਈ ਹਕੂਮਤ ਦੇ ਵੱਖੋ ਵੱਖ ਸੂਬਿਆਂ ਵਾਂਗੂ ਹੀ ਇਹ 22 ਮੰਜੀਆਂ (ਗੱਦੀਆਂ) ਦੇ ਮੋਢੀ ਸਿੱਖ ਵੀ ਦਰਅਸਲ ਗੁਰੂ-ਪਾਤਸ਼ਾਹ ਦੇ ਵੱਖੋ ਵੱਖ 22 ਸੂਬੇ ਸਨ ਤੇ ਇਹੋ ਸੂਬੇ ਹਰੇਕ ਇਲਾਕੇ ਦੀ ਕਾਰ-ਭੇਟ ਉਗਰਾਹ ਕੇ ਪਹਿਲਾਂ ਗੁਰੂ-ਦਰਬਾਰ ਗੋਇੰਦਵਾਲ, ਅਮ੍ਰਿਤਸਰ, ਕਰਤਾਰਪੁਰ, ਕੀਰਤਪੁਰ ਤੇ ਫੇਰ ਸ੍ਰੀ ਆਨੰਦਪੁਰ ਭੇਜਦੇ ਰਹੇ ਸਨ। ਪਹਿਲਾਂ ਤਾਂ ਇਹ ਮਸੰਦ ਅਥਵਾ ਪ੍ਰਚਾਰਕ ਬੜੇ ਨੇਕ ਤੇ ਚੰਗੇ ਸਾਬਤ ਹੋਏ, ਪਰ ਪਿੱਛੋਂ ਧੀਰੇ ਧੀਰੇ ਲਾਲਚੀ ਹੋਣ ਕਰ ਕੇ ਅਜਿਹੇ ਵਿਗੜੇ ਕਿ ਸ੍ਰੀ ਦਸ਼ਮੇਸ਼ ਜੀ ਦੇ ਦਰਬਾਰ

ਵਿਚ ਲਗਾਤਾਰ ਇਨ੍ਹਾਂ ਬਾਰੇ ਸਿੱਖਾਂ ਵਲੋਂ ਕਾਬਲ ਆਦਿ ਥਾਵਾਂ ਤੋਂ ਸ਼ਿਕਾਇਤਾਂ ਆਉਣ ਲੱਗ ਪਈਆਂ। ਦੇਹਰਾਦੂਨ (ਉੱਤਰ ਪ੍ਰਦੇਸ਼) ਵਿਚ ਤਾਂ ਮਸੰਦਾਂ ਨੇ ਅਜਿਹਾ ਉਤਪਾਤ ਮਚਾਇਆ ਕਿ ਬਾਬਾ ਰਾਮ ਰਾਇ ਜੀ ਨੂੰ ਸਮਾਧੀ ਦੀ ਅਵਸਥਾ ਵਿਚ ਹੀ ਮੋਏ ਜ਼ਾਹਿਰ ਕਰ ਕੇ ਜ਼ਿੰਦਾ ਸਾੜ ਦਿੱਤਾ ਜਿਸ ਕਾਰਣ ਸ੍ਰੀ ਦਸਮੇਸ਼ ਜੀ ਨੂੰ ਖ਼ਾਸ ਤੌਰ ਤੇ ਬੜਾ ਦਿਲੀ ਦੁੱਖ ਹੋਇਆ, ਕਿਉਂਕਿ ਬਾਬਾ ਰਾਮ ਰਾਇ ਜੀ, ਸੱਤਵੇਂ ਪਾਤਸ਼ਾਹ ਗੁਰੂ ਹਰਿ ਰਾਇ ਜੀ ਦੇ ਵੱਡੇ ਪੁਤ੍ਰ ਅਤੇ ਬਾਬਾ ਗੁਰਦਿੱਤਾ ਜੀ ਦੇ ਪੋਤ੍ਰੇ ਹੋਣ ਕਰ ਕੇ ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਦੇ ਨਾਲ ਹਾਰਦਿਕ ਸਨੇਹ-ਭਾਵ ਰਖਦੇ ਸਨ।

ਸਿੱਖ ਸੰਗਤਿ ਉਸ ਸਮੇਂ ਦੋ ਪ੍ਰਕਾਰ ਦੀ ਸੀ: (1) ਖ਼ਾਲਸਾ ਸੰਗਤਿ, ਜੋ ਬਾਦਸ਼ਾਹੀ ਜਾਇਦਾਦ ਵਾਂਗੂੰ ਸਿੱਧਾ ਗੁਰੂ ਸਾਹਿਬ ਦੇ ਨਾਲ ਸੰਬੰਧ ਰਖਦੀ ਸੀ ਤੇ (2) ਸਹਲੰਗ ਸੰਗਤਿ, ਜੋ ਵੱਖੋ ਵੱਖ ਮਸੰਦਾਂ ਦੇ ਅਧੀਨ ਹੋਣ ਕਰ ਕੇ ਉਨ੍ਹਾਂ ਦੇ ਰਾਹੀਂ ਗੁਰੁ-ਦਰਬਾਰ ਵਿਚ ਹਾਜ਼ਰ ਹੁੰਦੀ ਸੀ। ਇਸ ਸਮੇਂ ਮਸੰਦਾਂ ਨੇ ਚੂੰਕਿ ਸਿੱਖਾਂ ਨੂੰ ਡਾਢਾ ਤੰਗ ਕਰ ਦਿੱਤਾ ਸੀ ਤੇ ਉਹ ਗੁਰੂ ਸਾਹਿਬ ਦਾ ਨਾਂ ਲੈ ਕੇ ਕਈ ਪ੍ਰਕਾਰ ਦੇ ਜੁਰਮ ਵੀ ਕਰਨ ਲੱਗ ਪਏ ਸਨ, ਇਸ ਲਈ ਗੁਰੂ ਸਾਹਿਬ ਨੇ ਸੱਦੇ ਭੇਜ ਕੇ ਸਾਰੇ ਮਸੰਦ ਇਕ ਦਿਨ ਸ੍ਰੀ ਆਨੰਦਪੁਰ ਮਾਖੋਵਾਲ ਬੁਲਾਏ। ਗੁਰੁ-ਦਰਬਾਰ ਦੀ ਸਾਰੀ ਆਮਦਨ ਦੇ ਜ਼ਰੀਏ ਚੂੰਕਿ ਮਸੰਦਾਂ ਦੇ ਹੀ ਹੱਥਾਂ ਵਿਚ ਸਨ, ਇਸ ਲਈ ਉਹ ਨਾ ਕੇਵਲ ਅਤਿ ਦੇ ਲਾਲਚੀ ਹੀ ਹੋ ਗਏ, ਸਗੋਂ ਘੋਰ ਅਪਰਾਧੀ ਹੋ ਕੇ ਆਪਣੇ ਆਦਰਸ਼ ਤੋਂ ਬੁਰੀ ਤਰ੍ਹਾਂ ਨੀਚੇ ਵੀ ਗਿਰ ਗਏ। ਸਿੱਖਾਂ ਨੂੰ ਧੋਖਾ ਦੇ ਕੇ ਠੱਗਣਾ, ਗੁਰੁ-ਦਰਬਾਰ ਨਾਲ ਦ੍ਰੋਹ ਕਰਨਾ ਤੇ ਜੇ ਕੋਈ ਅੱਗੋਂ ਹਟਕੇ ਤਾਂ ਉਸ ਦੇ ਨਾਲ ਬੜੇ ਦੁਸ਼ਟਪੁਣੇ ਨਾਲ ਪੇਸ਼ ਆਉਣਾ ਉਨ੍ਹਾਂ ਦੇ ਸੱਜੇ ਹੱਥ ਦੀ ਖੇਡ ਸੀ। ਇਸ ਲਈ ਗੁਰੂ ਸਾਹਿਬ ਨੇ ਉਨ੍ਹਾਂ ਨੂੰ ਪਹਿਲਾਂ ਤਾਂ ਕਈ ਤਰੀਕੇ ਵਰਤ ਕੇ ਬੜੇ ਸਨੇਹ-ਭਾਵ ਨਾਲ ਸਮਝਾਇਆ ਤੇ ਕੁਰੀਤੀਆਂ ਤੋਂ ਬਚਣ ਲਈ ਹਦਾਇਤਾਂ ਕੀਤੀਆਂ, ਪਰ ਜਦ ਉਹ ਇਸ ਤਰ੍ਹਾਂ ਨਰਮਾਈ ਨਾਲ ਬਾਜ਼ ਨਾ ਆਏ ਤੇ ਵਧੀਕੀਆਂ ਕਰਦੇ ਹੀ ਗਏ ਤਾਂ ਫੇਰ ਗੁਰੂ ਸਾਹਿਬ ਦੇ ਸਾਮ੍ਹਣੇ ਉਨ੍ਹਾਂ ਦਾ ਇਕੋ ਇਲਾਜ ਕਰੜਾਈ ਵਰਤ ਕੇ ਸਖ਼ਤ ਸਜ਼ਾ ਦੇਣਾ ਤੇ ਉਨ੍ਹਾਂ ਨੂੰ ਗੁਰੂ-ਪੰਥ ਨਾਲੋਂ ਹਮੇਸ਼ਾ ਲਈ ਪਰੇ ਕਰਨਾ ਹੀ ਬਾਕੀ ਸੀ। ਸੋ ਇਹ ਇਲਾਜ ਵੀ ਗੁਰੂ ਸਾਹਿਬ ਨੇ ਛੇਤੀ ਹੀ ਵਰਤੋਂ ਵਿਚ ਲੈ ਆਂਦਾ, ਜਿਸ ਕਾਰਣ ਬਹੁਤ ਸਾਰੇ ਮਸੰਦ ਪ੍ਰਾਣ ਦੰਡ ਦੀ ਸਖ਼ਤ ਸਜ਼ਾ ਦੇ ਭਾਗੀ ਬਣੇ।[1] ਕੁਝ ਮਾਫ਼ੀ ਮੰਗਣ ਵਾਲੇ ਬਖ਼ਸ਼ੇ ਵੀ ਗਏ ਤੇ ਬਾਕੀ ਰਹਿੰਦੇ ਮਸੰਦਾਂ ਲਈ ਗੁਰੂ ਸਾਹਿਬ ਨੇ ਸਰਬੱਤ ਖ਼ਾਲਸੇ ਪ੍ਰਤੀ ਹਦਾਇਤ ਕਰ ਦਿੱਤੀ ਕਿ ਮੇਰਾ ਕੋਈ ਵੀ ਸਿੱਖ ਕਦੇ ਇਨ੍ਹਾਂ (ਮਸੰਦਾਂ) ਦਾ ਵਿਸਾਹ ਨਾ ਕਰੇ।

ਦੁਰਗਾ-ਪੂਜਾ ਦੀ ਅਸਲੀਅਤ :

ਇਸ ਤਰ੍ਹਾਂ ਸਿੱਖਾਂ ਵਿਚੋਂ ਮਸੰਦ ਗਰਦੀ ਖ਼ਤਮ ਹੋਣ ਤੇ ਗੁਰੂ ਸਾਹਿਬ ਨੇ ਅਗਲਾ

[1]ਦੇਖੋ, ਗੁਰ ਬਿਲਾਸ ਪਾਤਸ਼ਾਹੀ ੧੦ (ਸੁੱਖਾ ਸਿੰਘ) ਅਧਿਆਇ ੧੧, ਛੰਦ ੬੬; ਗੁਰ ਪ੍ਰਤਾਪ ਸੂਰਜ (ਭਾਈ ਸੰਤੋਖ ਸਿੰਘ) ਰੁੱਤ ੩, ਅੰਸ਼ੂ ੧੬; ਸ੍ਰੀ ਗੁਰੁ ਪਦ ਪ੍ਰੇਮ ਪ੍ਰਕਾਸ਼ (ਗੁਰ ਬਿਲਾਸ ਪਾਤਸ਼ਾਹੀ ੧੦) ਕ੍ਰਿਤ ਬਾਬਾ ਸੁਮੇਰ ਸਿੰਘ ਭੱਲਾ, ਸਫ਼ਾ ੭੯; ਤਵਾਰੀਖ਼ ਗੁਰੂ ਖ਼ਾਲਸਾ (ਗਿਆਨ ਸਿੰਘ) ਛਾਪਾ ਪੱਥਰ, ਭਾਗ ੧, ਗੁਰੂ ੧੦, ਸਫ਼ਾ ੩੧੧; Evolution of the Khalsa (Indubhushan Bannerjee), Vol. II (Second Edition, 1962), Page 111.

ਕੰਮ ਛੁਹਿਆ ਬੁਤ ਪ੍ਰਸਤੀ, ਦੇਵੀ-ਪੂਜਾ ਆਦਿ ਦੇ ਭ੍ਰਮ ਦੂਰ ਕਰਨ ਦਾ। ਗੁਰੂ ਸਾਹਿਬ ਦੇ ਦਰਬਾਰ ਵਿਚ ਉਸ ਸਮੇਂ, ਜਿਵੇਂ ਕਿ ਪਿੱਛੇ ਦੱਸਿਆ ਗਿਆ ਹੈ, ਅਨੇਕਾਂ ਕਵੀ ਵਿਦਵਾਨ ਰਹਿੰਦੇ ਸਨ। ਗੁਰ ਪ੍ਰਤਾਪ ਸੂਰਜ (ਸੰਤੋਖ ਸਿੰਘ) ਦੇ ਕਥਨ ਅਨੁਸਾਰ ਉਨ੍ਹਾਂ ਕਵੀਆਂ ਦੀ ਗਿਣਤੀ 52 ਸੀ ਤੇ ਉਨ੍ਹਾਂ ਤੋਂ ਬਿਨਾਂ ਹੋਰ ਕੁਝ ਵਾਧੂ ਕਵੀ ਵੀ ਸਨ ਜੋ ਲੋੜ ਪੈਣ ਤੇ ਆਉਂਦੇ ਜਾਂਦੇ ਰਹਿੰਦੇ ਸਨ।[1] ਉਨ੍ਹਾਂ ਕਵੀ ਵਿਦਵਾਨਾਂ ਵਿਚੋਂ ਬਹੁਤ ਸਾਰੇ ਹਿੰਦੂ ਸਨ ਤੇ ਕੁਝ ਮੁਸਲਮਾਨ। ਹਿੰਦੂ ਕਵੀ-ਵਿਦਵਾਨ ਹਮੇਸ਼ਾ ਨੈਣਾ ਦੇਵੀ ਦੀ ਯਾਤ੍ਰਾ ਤੇ ਬੁਤ ਪ੍ਰਸਤੀ ਉਤੇ ਜ਼ੋਰ ਦਿੰਦੇ ਰਹਿੰਦੇ ਸਨ। ਉਜੈਨ, ਬਨਾਰਸ ਆਦਿ ਦੇ ਕਥਾ ਵਾਚਕ ਪੰਡਿਤ ਤਾਂ ਇਸ ਤੋਂ ਵੀ ਦੋ ਕਦਮ ਅੱਗੇ ਹੋ ਕੇ ਕਹਿੰਦੇ ਸਨ ਕਿ ਜੇ ਨੈਣਾ ਦੇਵੀ ਦੇ ਸਥਾਨ ਪਰ ਜਾ ਕੇ, ਜੋ ਆਨੰਦਪੁਰੋਂ ਅੱਗੇ ਨੇੜੇ ਹੀ ਉਚੇ ਪਹਾੜ ਉਤੇ ਹੈ, ਪੂਜਾ ਕਰਨ ਤੇ ਦੁਰਗਾ ਪ੍ਰਸਿੱਧ ਹੋ ਜਾਵੇ ਤਾਂ ਉਹ ਆਪ ਹੀ ਮੁਗਲਾਂ ਦੇ ਦੈਂਤ ਰਾਜ ਦਾ ਖ਼ਾਤਮਾ ਕਰ ਦੇਵੇਗੀ। ਬਾਈਧਾਰ ਦੇ ਪਹਾੜੀ ਰਾਜੇ ਬਹੁਤ ਅੰਧ-ਵਿਸ਼ਵਾਸੀ ਹੋਣ ਕਰਕੇ ਇਸ ਸਨਾਤਨੀ ਪ੍ਰਥਾ ਦੇ ਅਨੁਯਾਈ ਸਨ, ਇਸ ਲਈ ਗੁਰੂ ਸਾਹਿਬ ਨੇ ਬੜੀ ਦੂਰ-ਅੰਦੇਸ਼ੀ ਨਾਲ ਉਨ੍ਹਾਂ ਦੇ ਇਸ ਅੰਧ-ਵਿਸ਼ਵਾਸ ਨੂੰ ਦੂਰ ਕਰਨ ਵਾਸਤੇ ਨੈਣਾ ਦੇਵੀ ਦੇ ਸਥਾਨ ਪਰ ਦੁਰਗਾ-ਪੂਜਾ ਕਰਨ ਦਾ ਪੰਡਿਤਾਂ ਨੂੰ ਹੁਕਮ ਦੇ ਦਿੱਤਾ, ਪਰ ਬੜੀ ਹੈਰਾਨੀ ਦੀ ਗੱਲ ਹੈ ਕਿ ਜਦ ਦੋ ਸਾਲ ਤੋਂ ਵੱਧ ਸਮਾਂ ਇਸ ਫੋਕਟ ਕਰਮ ਵਿਚ ਖ਼ਰਚ ਹੋ ਗਿਆ ਤੇ ਅਥਾਹ ਮਾਲੀ ਨੁਕਸਾਨ ਵੀ ਹੋਇਆ, ਪਰ ਦੁਰਗਾ ਫੇਰ ਵੀ ਪ੍ਰਗਟ ਨਾ ਹੋਈ ਤਾਂ ਗੁਰੂ ਸਾਹਿਬ ਨੇ ਨੰਗੀ ਤਲਵਾਰ ਲੈ ਕੇ ਉੱਚੀ ਆਵਾਜ਼ ਨਾਲ ਪੰਡਿਤਾਂ ਨੂੰ ਯੱਗ ਬੰਦ ਕਰਨ ਲਈ ਤੰਬੀਹ ਕੀਤੀ ਤੇ ਕਿਹਾ, "ਬਸ, ਇਹੋ ਤਲਵਾਰ ਹੀ ਦੇਵੀ ਹੈ ਤੇ ਇਸ ਨੂੰ ਸਾਰੇ ਪ੍ਰਨਾਮ ਕਰੋ ਤੇ ਇਸ ਤਲਵਾਰ ਤੋਂ ਬਿਨਾ ਹੋਰ ਦੇਵੀ-ਦੇਵਤਾ ਕੋਈ ਨਹੀਂ ਹੈ।" ਇਹ ਸੁਣ ਕੇ ਪੰਡਿਤਾਂ ਦੇ ਪੈਰਾਂ ਹੇਠੋਂ ਮਿੱਟੀ ਖਿਸਕੀ ਤੇ ਉਹ ਮੈਦਾਨ ਛੱਡ ਕੇ ਨੱਸ ਗਏ।

ਪੰਜ ਪਿਆਰਿਆਂ ਦੀ ਚੋਣ ਤੇ ਖੰਡੇ ਦਾ ਅਮ੍ਰਿਤ :

ਦੇਵੀ-ਪੂਜਾ ਦੇ ਝੰਜਟ ਨੂੰ ਇਸ ਤਰ੍ਹਾਂ ਇਕ ਪਾਸੇ ਕਰ ਕੇ ਗੁਰੂ ਸਾਹਿਬ ਦਾ ਅਗਲਾ ਕੰਮ ਸੀ ਪੰਜ ਪਿਆਰਿਆਂ ਦੀ ਚੋਣ ਕਰਨਾ। ਇਹ ਸ਼ੁਭ ਕਾਰਜ ਗੁਰੂ ਸਾਹਿਬ ਨੇ 1 ਵਿਸਾਖ ਸੰਮਤ 1756 ਬਿ. (ਮੁਤਾਬਿਕ 13 ਅਪ੍ਰੈਲ, ਸੰਨ 1699 ਈ.)[2] ਨੂੰ ਸ਼ੁਰੂ ਕੀਤਾ। ਉਹ ਇਸ ਤਰ੍ਹਾਂ ਕਿ ਗੁਰੂ ਸਾਹਿਬ ਨੇ ਦੇਵੀ-ਪੂਜਾ ਦੀ ਅਸਲੀਅਤ ਉਘੇੜਨ ਸਾਰ ਹੀ ਹੁਕਮਨਾਮੇ ਭੇਜ ਕੇ ਦੂਰ-ਨੇੜਿਓਂ ਬਹੁਤ ਸਾਰੇ ਸਿੱਖਾਂ ਨੂੰ ਸ੍ਰੀ ਆਨੰਦਪੁਰ ਸੱਦ ਲਿਆ ਤੇ ਵਿਸਾਖੀ ਵਾਲੇ ਦਿਨ ਸਵੇਰੇ ਹੀ ਕੇਸਗੜ੍ਹ ਦੇ ਸਥਾਨ ਪਰ ਦਰਬਾਰ ਦੇ ਤੰਬੂ ਤੋਂ ਵੱਖ ਇਕ ਤੰਬੂ ਵਿਚ

---

[1]ਬਾਵਨ ਕਵੀ ਹਜ਼ੂਰ ਗੁਰ, ਰਹਿਤ ਸਦਾ ਹੀ ਪਾਸ।......
ਅਵਰਨ ਕੀ ਗਿਨਤੀ ਨਹੀਂ, ਇਕ ਆਵਹਿ ਇਕ ਜਾਹਿ।

(ਗੁਰ ਪ੍ਰਤਾਪ ਸੂਰਜ)

[2]ਕਵੀ ਕੋਇਰ ਸਿੰਘ ਦੇ ਕਥਨ ਅਨੁਸਾਰ ਖ਼ਾਲਸਾ ਪੰਥ ਪੰਜ ਪਿਆਰਿਆਂ ਦੀ ਚੋਣ ਹੋਣ ਤ ਸੰਮਤ 1746 ਬਿ. ਵਿਚ, ਭੱਟ-ਵਹੀਆਂ ਦੇ ਕਥਨ ਅਨੁਸਾਰ ਸੰਮਤ 1752 ਬਿ. ਵਿਚ, ਕੇਸਰ ਸਿੰਘ ਛਿੱਬਰ ਦੇ ਕਥਨ ਅਨੁਸਾਰ ਸੰਮਤ 1754 ਬਿ. ਵਿਚ ਤੇ ਇਨ੍ਹਾਂ ਤੋਂ ਪਿਛਲੇ ਸਿੱਖ ਲਿਖਾਰੀਆਂ ਦੇ ਕਥਨ ਅਨੁਸਾਰ 1756 ਬਿ. ਵਿਚ ਵਿਸਾਖੀ ਦੇ ਦਿਨ ਸਾਜਿਆ ਗਿਆ ਸੀ।

ਕੁਝ ਵਿੱਥ ਤੇ, ਗੁਪਤੀ ਤੌਰ ਤੇ ਪੰਜ ਬੱਕਰੇ ਬੰਨ੍ਹਵਾ ਦਿੱਤੇ ਤੇ ਫੇਰ ਜਦ ਸੱਦਾ ਪੱਤ੍ਰ ਦੇ ਅਨੁਸਾਰ ਸਾਰੀ ਸੰਗਤਿ ਇਕ ਥਾਵੇਂ ਇਕਤ੍ਰ ਹੋ ਗਈ ਤਾਂ ਗੁਰੂ ਸਾਹਿਬ ਬੜੇ ਜੋਸ਼ ਨਾਲ ਉਠੇ ਤੇ ਮਿਆਨ 'ਚੋਂ ਲਿਸ਼ਕਦੀ ਤਲਵਾਰ ਕੱਢ ਕੇ ਕਹਿਣ ਲੱਗੇ, "ਇਹ ਤਲਵਾਰ ਕਿਸੇ ਸਿੱਖ ਦਾ ਸੀਸ ਲੈਣਾ ਚਾਹੁੰਦੀ ਹੈ, ਇਸ ਲਈ ਕੋਈ ਸਿੱਖ ਸੰਗਤ ਵਿਚੋਂ ਉਠੇ ਤੇ ਆਪਣਾ ਸਿਰ ਦੇਵੇ।" ਗੁਰੂ ਜੀ ਦੀ ਇਹ ਗੱਜਵੀਂ ਆਵਾਜ਼ ਸੁਣ ਕੇ ਸਾਰੇ ਦਰਬਾਰ ਵਿਚ ਦਹਿਸ਼ਤ ਛਾ ਗਈ ਤੇ ਕੁਝ ਡਰਾਕਲ ਲੋਕੀ, ਜੋ ਐਵੇਂ ਕਥਨੀ ਮਾਤ੍ਰ ਹੀ ਸਿੱਖ ਸਨ, ਡਰਦੇ ਮਾਰੇ ਇਧਰ ਉਧਰ ਦੌੜ ਕੇ ਮੂੰਹ ਲੁਕੋਣ ਲੱਗੇ, ਪਰ ਇਕ ਦਲੇਰ ਸਿੱਖ, ਜਿਸ ਦਾ ਨਾਮ ਭਾਈ ਦਯਾ ਰਾਮ ਸੀ, ਉਠਿਆ ਤੇ ਸਿਰ ਝੁਕਾ ਕੇ ਕਹਿਣ ਲੱਗਾ, "ਲਓ, ਮਹਾਰਾਜ! ਦਾਸ ਦਾ ਸਿਰ ਹਾਜ਼ਰ ਹੈ।" ਗੁਰੂ ਸਾਹਿਬ ਫ਼ੌਰਨ ਉਸ ਨੂੰ ਬਾਹੋਂ ਫੜ ਕੇ ਨਾਲ ਦੇ ਤੰਬੂ ਵਿਚ ਲੈ ਗਏ ਤੇ ਇਕ ਬੱਕਰਾ ਝਟਕਾ ਕੇ ਲਹੂ ਲਿੱਬੜੀ ਤਲਵਾਰ ਲੈ ਕੇ ਉਸੇ ਤਰ੍ਹਾਂ ਕ੍ਰੋਧ ਨਾਲ ਆ ਕੇ ਸੰਗਤ ਨੂੰ ਕਹਿਣ ਲੱਗੇ ਕਿ "ਮੈਨੂੰ ਇਕ ਹੋਰ ਸਿੱਖ ਦੀ ਲੋੜ ਹੈ, ਜੋ ਆਪਣਾ ਸਿਰ ਦੇਵੇ।" ਇਹ ਸੁਣ ਕੇ ਦੂਜਾ ਸਿੱਖ, ਭਾਈ ਧਰਮ ਚੰਦ ਅੱਗੇ ਵਧਿਆ। ਇਸੇ ਤਰ੍ਹਾਂ ਉਸ ਸਮੇਂ ਤਿੰਨ ਹੋਰ ਸਿੱਖਾਂ ਨੇ, ਜਿਨ੍ਹਾਂ ਦੇ ਨਾਂ ਸਨ ਮੁਹਕਮ ਚੰਦ, ਹਿੰਮਤ ਚੰਦ ਅਤੇ ਸਾਹਿਬ ਚੰਦ, ਵਾਰੋ ਵਾਰੀ ਆਪਣੇ ਸੀਸ ਪੇਸ਼ ਕੀਤੇ। ਇਸ ਤਰ੍ਹਾਂ ਜਦ ਬੜੇ ਅਦਭੁਤ ਨਾਟਕੀ ਢੰਗ ਨਾਲ ਪੰਜ ਸਿੱਖ ਚੁਣੇ ਗਏ ਤੇ ਉਨ੍ਹਾਂ ਦੀ ਥਾਵੇਂ ਪੰਜ ਬੱਕਰੇ ਵਾਰੋ ਵਾਰੀ ਝਟਕਾਏ ਗਏ ਤਾਂ ਗੁਰੂ ਸਾਹਿਬ ਉਨ੍ਹਾਂ ਪੰਜਾਂ ਸਿੱਖਾਂ ਨੂੰ ਤੰਬੂ ਤੋਂ ਬਾਹਰ ਦਰਬਾਰ ਵਿਚ ਲੈ ਆਏ। ਫੇਰ ਬੜੇ ਸਨਮਾਨ ਨਾਲ ਉਨ੍ਹਾਂ ਨੂੰ ਪੰਜ ਪਿਆਰਿਆਂ ਦੀ ਪਦਵੀ ਦਿੱਤੀ, ਪੰਜ ਬਾਣੀਆਂ—ਜਪੁ ਜਾਪ ਆਦਿ ਪੜ੍ਹ ਕੇ ਖੰਡੇ ਦਾ ਅਮ੍ਰਿਤ ਛਕਾ ਕੇ ਤੇ ਪੰਜ ਕਕਾਰ (ਕੰਘਾ, ਕੱਛ, ਕੜਾ, ਕੇਸ ਤੇ ਕ੍ਰਿਪਾਨ) ਦੇ ਧਾਰਨੀ ਬਣਾ ਕੇ ਸਿੰਘ ਸ਼ਬਦ ਦੇ ਰੁਤਬੇ ਨਾਲ ਸਤਕਾਰਿਆ ਤੇ ਉਨ੍ਹਾਂ ਦੇ ਨਾਂ ਰੱਖੇ—ਭਾਈ ਦਯਾ ਸਿੰਘ, ਧਰਮ ਸਿੰਘ, ਮੁਹਕਮ ਸਿੰਘ, ਹਿੰਮਤ ਸਿੰਘ ਤੇ ਸਾਹਿਬ ਸਿੰਘ। ਫੇਰ ਇਸੇ ਤਰ੍ਹਾਂ ਗੁਰੂ ਸਾਹਿਬ ਨੇ ਖ਼ੁਦ ਵੀ ਸਿੰਘ ਪਦਵੀ ਧਾਰਨ ਕਰ ਕੇ ਉਨ੍ਹਾਂ ਪੰਜਾਂ ਤੋਂ ਅਮ੍ਰਿਤ ਛਕਿਆ। ਭਾਈ ਗੁਰਦਾਸ ਦੂਜੇ ਨੇ, ਜੋ ਗੁਰੂ ਸਾਹਿਬ ਦਾ ਦਰਬਾਰੀ ਕਵੀ ਸੀ, ਇਸੇ ਕਾਰਣ ਆਪਣੀ ਵਾਰ ਵਿਚ ਲਿਖਿਆ ਹੈ:

"ਵਾਹ ਵਾਹ ਗੁਰੁ ਗੋਬਿੰਦ ਸਿੰਘ ਆਪੇ ਗੁਰੁ ਚੇਲਾ।"

ਇਹ ਪੰਜ ਪਿਆਰੇ, ਜਿਨ੍ਹਾਂ ਤੋਂ ਗੁਰੂ ਸਾਹਿਬ ਨੇ ਵੀਰ-ਜੋਧੇ ਖ਼ਾਲਸਾ ਪੰਥ ਦੀ ਨੀਂਹ ਰੱਖੀ, ਕ੍ਰਮ ਅਨੁਸਾਰ ਜਾਤਿ ਦੇ ਖਤ੍ਰੀ, ਜੱਟ, ਛੀਂਬੇ, ਝੀਉਰ ਤੇ ਨਾਈ ਅਤੇ ਇਲਾਕੇ ਦੇ ਪੱਖ ਤੋਂ ਲਾਹੌਰ, ਪਿੰਡ ਜਟਵਾੜਾ (ਸਹਾਰਨਪੁਰ), ਬੂੜੀਆ (ਅੰਬਾਲਾ), ਸੰਗਤਪੁਰਾ (ਪਟਿਆਲਾ) ਤੇ ਨੰਗਲ ਸ਼ਹੀਦਾਂ (ਹੁਸ਼ਿਆਰਪੁਰ) ਦੇ ਵਸਨੀਕ ਸਨ।[1] ਕਈ ਲੇਖਕਾਂ ਨੇ ਇਨ੍ਹਾਂ ਨੂੰ ਲਾਹੌਰ, ਹਸਤਨਾਪੁਰ (ਦਿੱਲੀ), ਦ੍ਵਾਰਕਾ (ਕਾਠੀਆਵਾੜ), ਬਿਦੂਰ (ਮੱਧ

---

[1]ਦੇਖੋ, ਗੁਰਦੁਆਰੇ ਦਰਸ਼ਨ (ਗਿਆਨੀ ਠਾਕੁਰ ਸਿੰਘ) ਤੇ ਗੁਰੁ ਸ਼ਬਦ ਰਤਨਾਕਰ ਮਹਾਨ ਕੋਸ਼ (ਭਾਈ ਕਾਨ੍ਹ ਸਿੰਘ, ਨਾਭਾ) ਵਿਚੋਂ ਪੰਜ ਪਿਆਰੇ ਸ਼ਬਦ ਦੀ ਵਿਆਖਿਆ। ਇਨ੍ਹਾਂ ਤੋਂ ਬਿਨਾਂ ਭਾਈ ਮੀਹਾਂ ਸਿੰਘ ਸੂਬੇਦਾਰ ਸੰਗਤ ਪੁਰਾ (ਪਟਿਆਲਾ) ਦੀਆਂ ਲਿਖਤਾਂ—ਭਾਈ ਹਿੰਮਤ ਸਿੰਘ ਬੰਸਾਵਲੀ ਆਦਿ ਤੋਂ ਵੀ ਇਸ ਕਥਨ ਦੀ ਪੁਸ਼ਟੀ ਹੁੰਦੀ ਹੈ। (ਦੇਖੋ, ਸਾਡਾ ਹੱਥ ਲਿਖਿਤ ਪੰਜਾਬੀ ਸਾਹਿੱਤ, ੧੯੬੮, ਸਫ਼ੇ ੩੬੮-੬੯)

ਪ੍ਰਦੇਸ਼) ਤੇ ਜਗੰਨਾਥਪੁਰੀ (ਉੜੀਸਾ) ਦੇ ਵਸਨੀਕ ਵੀ ਦੱਸਿਆ ਹੈ, ਜੋ ਇਕ ਪੁਰਾਣਿਕ ਕਲਪਨਾ ਹੋਣ ਕਰ ਕੇ ਠੀਕ ਨਹੀਂ ਹੈ।

ਸ੍ਰੀ ਦਸਮੇਸ਼ ਜੀ ਨੇ ਜਿਸ ਤਰ੍ਹਾਂ ਨੰਗੀ ਤਲਵਾਰ ਨਾਲ ਪਰਖ ਕੇ ਖੰਡੇ ਦੀ ਧਾਰ ਦੇ ਅਮ੍ਰਿਤ ਤੋਂ ਖ਼ਾਲਸਾ ਪੰਥ ਸਾਜਿਆ, ਸਿੰਘਾਂ ਨੂੰ ਕੰਘਾ, ਕੱਛ, ਕੜਾ, ਕ੍ਰਿਪਾਨ ਤੇ ਕੇਸ ਕਕਾਰ ਧਾਰਨ ਕਰਨੇ ਦੱਸੇ, ਪੰਜ ਕੁਰਹਿਤਾਂ—ਕੁੱਠਾ, ਹੁੱਕਾ ਜਾਂ ਤਮਾਖੂ, ਕੇਸਾਂ ਦੀ ਬੇਅਦਬੀ ਕਰਨਾ ਜਾਂ ਕੇਸ ਮੁੰਨਾਉਣਾ, ਮੁਸਲਮਾਨੀ ਜਾਂ ਪਰ ਇਸਤ੍ਰੀ ਦਾ ਸੰਗ (ਭੋਗ) ਤੇ ਅਮ੍ਰਿਤ ਤੋਂ ਹੀਨ ਇਨਸਾਨ ਦਾ ਜੂਠਾ ਖਾਣੋਂ ਵਰਜਿਆ ਅਤੇ ਨਿੱਤ ਸਵੇਰੇ ਤੇ ਸ਼ਾਮ ਪੰਜ ਬਾਣੀਆਂ (ਜਪੁ, ਜਾਪੁ, ਸਵੈਯੇ, ਸੋਦਰ ਰਹਿਰਾਸ ਤੇ ਕੀਰਤਨ ਸੋਹਿਲਾ) ਪੜ੍ਹਨ ਦਾ ਤਾਕੀਦੀ ਹੁਕਮ ਦਿੱਤਾ, ਇਸ ਤਰ੍ਹਾਂ ਅਜਿਹੀਆਂ ਚੰਗੀਆਂ ਰਹਿਤਾਂ ਦੱਸ ਕੇ ਇਸ ਤੋਂ ਪਹਿਲਾਂ ਕਦੇ ਕਿਸੇ ਵਲੀ, ਪੈਗ਼ੰਬਰ ਜਾਂ ਅਵਤਾਰ ਨੇ ਕੋਈ ਸ਼ਸਤ੍ਰਧਾਰੀ ਪੰਥ ਚਲਾਇਆ ਹੋਵੇ, ਇਸ ਘਟਨਾ ਦੀ ਮਿਸਾਲ ਸ਼ਾਇਦ ਦੁਨੀਆਂ ਦੇ ਇਤਿਹਾਸ ਵਿਚੋਂ ਕਿਸੇ ਪਾਸੇ ਨਹੀਂ ਮਿਲਦੀ। ਪਰ ਹਾਂ, ਇਹ ਖੰਡੇ ਦੀ ਪਾਹੁਲ ਸ੍ਰੀ ਗੁਰੂ ਹਰਿਗੋਬਿੰਦ ਜੀ ਦੇ ਸਮੇਂ ਦੇ ਪੰਜ ਮੁਖੀ ਸਿੱਖਾਂ ਰਾਹੀਂ ਪੰਜ ਬਾਣੀਆਂ ਪੜ੍ਹ ਕੇ ਪਿਲਾਈ ਜਾਂਦੀ ਚਰਣ ਪਾਹੁਲ ਦਾ ਹੀ ਇਕ ਵਿਕਸਿਤ ਰੂਪ ਅਵੱਸ਼ ਕਹੀ ਜਾ ਸਕਦੀ ਹੈ, ਜਿਸ ਬਾਰੇ ਕਿ ਇਸ ਤੋਂ ਪਹਿਲਾਂ ਇਕ ਥਾਵੇਂ ਪਿਛਲੇ ਸਫ਼ਿਆਂ ਤੇ ਵੇਰਵੇ ਸਹਿਤ ਜ਼ਿਕਰ ਵੀ ਕੀਤਾ ਜਾ ਚੁੱਕਾ ਹੈ।

ਪਹਾੜੀ ਰਾਜਿਆਂ ਨੂੰ ਸਿੰਘ ਸਜਣ ਲਈ ਸੱਦਾ-ਪਤ੍ਰ :

ਸ੍ਰੀ ਗੁਰੂ ਦਸ਼ਮੇਸ਼ ਜੀ ਇਸ ਸਮੇਂ ਖ਼ੁਦ ਵੀ ਪੰਜ ਪਿਆਰਿਆਂ ਤੋਂ ਖੰਡੇ ਦਾ ਅਮ੍ਰਿਤ ਛਕ ਕੇ ਗੋਬਿੰਦ ਰਾਇ ਦੀ ਥਾਵੇਂ ਗੋਬਿੰਦ ਸਿੰਘ ਬਣ ਗਏ ਤੇ ਉਨ੍ਹਾਂ ਨੇ ਇਸੇ ਤਰ੍ਹਾਂ ਬਾਈਧਾਰ ਦੇ ਪਹਾੜੀ ਰਾਜਿਆਂ ਨੂੰ ਬੁਤ ਪ੍ਰਸਤੀ ਤੇ ਹੋਰ ਫੋਕਟ ਕਰਮ ਕਾਂਡ ਤੇ ਵਹਿਮ ਛੱਡ ਕੇ ਖ਼ਾਲਸਾ ਪੰਥ ਵਿਚ ਸ਼ਾਮਲ ਹੋਣ ਦਾ ਸਦਾ ਦਿੱਤਾ ਤੇ ਤੰਬੀਹ ਕਰ ਕੇ ਕਿਹਾ, ਜਿਵੇਂ ਕਿ ਕਵੀ ਸੁੱਖਾ ਸਿੰਘ[1] ਦਾ ਕਥਨ ਹੈ :

ਝੂਠੇ ਜੰਞੂ ਜਤਨ ਤਿਆਗੋ।
ਖੜਗ ਧਾਰ ਅਸਿਧੁਜ ਪਗ ਲਾਗੋ।
ਤੁਮ ਖ਼ਾਲਸ ਕੀ ਚਰਨੀ ਆਵੋ।
ਸਗਲ ਧਰਨਿ ਇਹ ਰਾਜ ਕਮਾਵੋ ॥ ੧੪੬ ॥
ਜੋ ਤੁਮ ਐਸੇ ਬਚਨ ਕਮਾਵਹੁ।
ਬਸੁਧਾ ਜੀਤਿ ਨਿਸਾਨ ਬਜਾਵਹੁ।
ਉਦੈ ਅਸਤ ਕੀ ਜਿਤਨ ਜਮੈਯਤ।
ਹੈ ਵਹ ਸਗਲ ਤਿਹਾਰੀ ਰੱਯਤ ॥ ੧੪੭ ॥

ਪਰ ਉਹ ਪਹਾੜੀਏ ਸਦੀਆਂ ਦੇ ਗ਼ੁਲਾਮ ਆਜ਼ਾਦੀ ਦਾ ਇਹ ਸੰਦੇਸ਼ ਸੁਣ ਕੇ ਝੱਲ ਨਾ ਸਕੇ ਤੇ ਇਨਕਾਰੀ ਹੋ ਕੇ ਕਹਿਣ ਲੱਗੇ :

ਕਠਿਨ ਰਹਿਤ ਹਮ ਤੇ ਨਹੀਂ ਹੋਈ।
ਚਾਰ ਬਰਨ ਸੋਂ ਕਰੈਂ ਰਸੋਈ।

[1]ਦੇਖੋ, ਗੁਰ ਬਿਲਾਸ ਪਾਤਸ਼ਾਹੀ ੧੦, ਅਧਿਆਇ ੧੨।

ਹਮ ਰਾਜੇ ਗਿਰਪਤਿ ਅਭਿਮਾਨੀ ।
ਕੁਲਾ ਕਰਮ ਕਜੋਂ ਤਜੈਂ ਜਹਾਨੀ ॥ ੧੫੦ ॥
ਪੂਜਾ ਜੰਞੂ ਕ੍ਰਿਆ ਸੁ ਕਰਮ ।
ਇਹ ਹਮ ਤੇ ਛੂਟਤ ਨਹੀਂ ਧਰਮ ॥...

ਇਸ ਇਨਕਾਰ ਦਾ ਖ਼ਾਸ ਕਾਰਣ ਇਹੋ ਸੀ ਕਿ ਪਹਾੜੀ ਰਾਜਿਆਂ ਨੂੰ ਮੁਗ਼ਲ ਬਾਦਸ਼ਾਹ (ਔਰੰਗਜ਼ੇਬ ਆਲਮਗੀਰ) ਦਾ ਭਾਰੀ ਡਰ ਸੀ ਤੇ ਉਹ ਇਸ ਗੱਲੋਂ ਉੱਕੇ ਹੀ ਅਨਜਾਣ ਸਨ ਕਿ ਮੁਗ਼ਲ ਰਾਜ ਤਾਂ ਰਾਜਪੂਤ ਰਾਜਿਆਂ ਦੇ ਸਾਮ੍ਹਣੇ, ਜਿਵੇਂ ਕਿ ਉਸ ਸਮੇਂ ਦੇ ਪ੍ਰਸਿੱਧ ਯੂਰਪੀਅਨ ਯਾਤਰੂ ਨਿਕੋਲਾਉ ਮਨੂਚੀ ਦਾ ਕਥਨ ਹੈ, ਉਨ੍ਹਾਂ ਦੇ ਇਕੋ ਵੀਰਤਾ ਭਰਪੂਰ ਮਿਲਵੇਂ ਹੱਲੇ ਨਾਲ ਖ਼ਤਮ ਹੋ ਸਕਦਾ ਸੀ । ਗੁਰੂ ਸਾਹਿਬ ਮੁਗ਼ਲਾਂ ਦੀ ਇਸ ਅੰਦਰੂਨੀ ਕਮਜ਼ੋਰੀ ਨੂੰ ਚੰਗੀ ਤਰ੍ਹਾਂ ਜਾਣਦੇ ਸਨ, ਜਿਸ ਕਰ ਕੇ ਉਹ ਪਹਾੜੀ ਰਾਜਿਆਂ ਨੂੰ ਰਾਜ ਲੈਣ ਦੀ ਪ੍ਰੇਰਣਾ ਕਰਦੇ ਸਨ, ਪਰ ਅੱਗੋਂ ਪਹਾੜੀ ਰਾਜੇ ਮੁਗ਼ਲਾਂ ਦੀ ਤਾਕਤ ਅੱਗੇ, ਜੋ ਅੰਦਰੋਂ ਡਾਢੀ ਕਮਜ਼ੋਰ ਸੀ, ਐਵੇਂ ਹੀ ਥਰ ਥਰ ਪਏ ਕੰਬਦੇ ਸਨ ।

ਮੁਗ਼ਲ ਬਾਦਸ਼ਾਹ ਔਰੰਗਜ਼ੇਬ ਨੇ ਜਦ ਦੱਖਣ ਦੀਆਂ ਦੋਵੇਂ ਸ਼ੀਆਂ ਸਲਤਨਤਾਂ ਸੇਵਾ ਜੀ ਮਰਹੱਟੇ ਦੇ ਪੁਤ੍ਰ ਸੰਭਾ ਜੀ ਦੀ ਤਾਕਤ ਸਮੇਤ ਖ਼ਤਮ ਕਰ ਦਿੱਤੀਆਂ ਤਾਂ ਹੋਰ ਆਮ ਲੇਖਕਾਂ ਦੇ ਕਥਨ ਅਨੁਸਾਰ ਤਾਂ ਇਹ ਮੁਗ਼ਲਾਂ ਦੀ ਤਰੱਕੀ ਦੀ ਸਿਰੇ ਦੀ ਮੰਜ਼ਲ ਸੀ, ਪਰ ਸਰ ਜਦੂਨਾਥ ਸਰਕਾਰ ਦੇ ਕਥਨ ਅਨੁਸਾਰ ਇਹ ਮੁਗ਼ਲ ਹਕੂਮਤ ਦੀ ਗਿਰਾਵਟ ਦਾ ਮੁੱਢ ਸੀ । ਉਹ ਇਸ ਕਰ ਕੇ ਕਿ ਔਰੰਗਜ਼ੇਬ ਨੇ ਉਹ ਸਾਰੇ ਹਿੰਦੂ ਰਾਜੇ, ਜੋ ਅਕਬਰ ਦੇ ਸਮੇਂ ਤੋਂ ਮੁਗ਼ਲ ਹਕੂਮਤ ਦੇ ਥੰਮ੍ਹ ਬਣੇ ਹੋਏ ਸਨ, ਆਪਣੇ ਮਜ਼ਹਬੀ ਤਅੱਸੁਬ ਦੇ ਕਾਰਣ ਨਾਰਾਜ਼ ਕਰ ਕੇ ਨੀਚੇ ਡੇਗ ਦਿੱਤੇ ਤੇ ਉਨ੍ਹਾਂ ਵਿਚੋਂ ਕਈ ਰਾਜੇ ਧੱਕੇ ਨਾਲ ਮੁਸਲਮਾਨ ਵੀ ਬਣਾ ਲਏ ਗਏ, ਜਿਵੇਂ ਕਿ ਬਾਈਧਾਰ ਦੀਆਂ ਪਹਾੜੀ ਰਿਆਸਤਾਂ ਵਿਚੋਂ ਹੀ ਰਿਆਸਤ ਕਿਸ਼ਤਵਾੜ ਦਾ ਰਾਜਾ ਕੀਰਤ ਸਿੰਘ ਬੜੇ ਫ਼ਰੇਬ ਨਾਲ ਮੁਸਲਮਾਨ ਬਣਾਇਆ ਗਿਆ ਸੀ । ਜਦ ਇਹ ਧੱਕੇਸ਼ਾਹੀ ਦੇਖ ਕੇ ਕਿਸ਼ਤਵਾੜ ਦੇ ਲੋਕਾਂ ਨੇ ਬਗ਼ਾਵਤ ਕੀਤੀ ਤਾਂ ਉਨ੍ਹਾਂ ਵਿਚੋਂ ਕਿਤਨੇ ਹੀ ਹਿੰਦੂ ਨਾਜ਼ਿਮ ਕਸ਼ਮੀਰ ਦੀ ਫ਼ੌਜ ਕਸ਼ੀ ਦੇ ਕਾਰਣ ਬੁਰੀ ਤਰ੍ਹਾਂ ਮਾਰੇ ਗਏ ਤੇ ਕਿਤਨੇ ਹੀ ਡਰਦੇ ਮਾਰੇ ਮੁਸਲਮਾਨ ਬਣ ਗਏ । ਇਸ ਤਰ੍ਹਾਂ ਇਲਾਕਾ ਬਾਈਧਾਰ ਦੀ ਹਿੰਦੂ ਰਿਆਸਤ ਕਿਸ਼ਤਵਾੜ, ਜੋ ਛੋਟਾ ਕਸ਼ਮੀਰ ਦੇ ਨਾਂ ਮਸ਼ਹੂਰ ਹੈ, ਹਮੇਸ਼ਾਂ ਲਈ ਹਿੰਦੂ ਰਾਜਪੂਤਾਂ ਦੇ ਦਾਇਰੇ ਵਿਚੋਂ ਨਿਕਲ ਕੇ ਇਸਲਾਮ ਦੇ ਦਾਇਰੇ ਵਿਚ ਚਲੀ ਗਈ ।

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਇਸੇ ਕਾਰਣ ਦੇਸ਼-ਕੌਮ ਦੀ ਆਜ਼ਾਦੀ ਨੂੰ ਮੁੱਖ ਰੱਖ ਕੇ ਪਹਾੜੀ ਰਾਜਿਆਂ ਦੀ ਹਮਦਰਦੀ ਲਈ ਬਿਲਾਸਪੁਰ, ਰਵਾਲਸਰ, ਜੰਮੂ, ਪੁਰਮੰਡਲ, ਕਾਨ੍ਹਚਕ ਆਦਿ ਥਾਵੀਂ ਵਿਸਾਖੀ ਸੰਮਤ 1749 ਤੋਂ 16 ਅੱਸੂ ਸੰਮਤ 1749 ਤਕ ਲਗ ਭਗ 6 ਮਹੀਨੇ ਚਕ੍ਰ ਲਗਾਉਂਦੇ ਰਹੇ, ਪਰ ਪਹਾੜੀ ਰਾਜੇ, ਜੋ ਬੁਰੀ ਤਰ੍ਹਾਂ ਫੁੱਟ ਦਾ ਸ਼ਿਕਾਰ ਹੋ ਚੁਕੇ ਸਨ, ਏਕਤਾ ਦੀ ਪੱਧਰ ਉਤੇ ਆਉਣ ਤੋਂ ਹਮੇਸ਼ਾ ਕੰਨੀਂ ਕਤਰਾਉਂਦੇ ਰਹੇ ।

ਇਸ ਤੋਂ ਪਿੱਛੋਂ ਖੰਡੇ ਦੇ ਅਮ੍ਰਿਤ ਦਾ ਪ੍ਰਚਾਰ ਹੋਣ ਸਾਰ ਸਾਰੇ ਪਹਾੜੀ ਰਾਜੇ, ਜੋ ਆਪੋ ਆਪਣੀ ਮਤਲਬ ਪ੍ਰਸਤੀ ਲਈ ਕਿਸੇ ਹੱਦ ਤਕ ਗੁਰੂ ਸਾਹਿਬ ਦੇ ਸਹਿਜਧਾਰੀ

ਸਿੱਖ ਹੋਣ ਦੇ ਦਮਗਜੇ ਵੀ ਮਾਰਦੇ ਸਨ, ਪਰ ਅੰਦਰੋਂ ਬਹੁਤੇ ਹਿੰਦੂ ਮਤ ਤੇ ਔਰੰਗਜ਼ੇਬੀ ਹਕੂਮਤ ਦੇ ਬੰਧਨਾਂ ਵਿਚ ਜਕੜੇ ਹੋਏ ਸਨ, ਗੁਰੂ ਸਾਹਿਬ ਵਲੋਂ ਹਮੇਸ਼ਾਂ ਲਈ ਕੰਡ ਭਵਾ ਗਏ। ਇਸ ਤਰ੍ਹਾਂ ਗੁਰੂ ਸਾਹਿਬ ਦੀ ਤੀਜੇ ਹਿੱਸੇ ਦੀ ਸਰਮਾਏਦਾਰ ਸਿੱਖੀ, ਜੋ ਕੇਵਲ ਉਪਰਲੀ ਸਜ ਧਜ ਨੂੰ ਹੀ ਠੀਕ ਮੰਨਦੀ ਤੇ ਗੁਲਾਮੀ ਦੇ ਸੰਗਲਾਂ ਵਿਚ ਜਕੜੀ ਰਹਿਣ ਦੀ ਵਧੇਰੇ ਚਾਹਵਾਨ ਸੀ, ਗੁਰੂ-ਪੰਥ ਦੇ ਨਾਲ ਕਿਸੇ ਤਰ੍ਹਾਂ ਜੁੜੀ ਤਾਂ ਕੀ ਰਹਿਣੀ ਸੀ, ਸਗੋਂ ਹਮੇਸ਼ਾਂ ਲਈ ਟੁੱਟ ਗਈ ਤੇ ਲਗ ਭਗ ਸਾਰੇ ਹੀ ਪਹਾੜੀ ਰਾਜਿਆਂ ਨੇ ਮੁਗ਼ਲ ਹਾਕਿਮਾਂ ਨਾਲ ਮਿਲ ਕੇ ਆਪਣਾ ਵੱਖਰਾ ਰਾਹ ਅਖ਼ਤਿਆਰ ਕਰ ਲਿਆ।

ਫੁਟਕਲ ਹਾਲ ਤੇ ਜੰਗ :

ਸੰਮਤ 1749 ਤੋਂ 1756 ਤਕ ਖ਼ਾਲਸਾ ਪੰਥ ਦੀ ਰਚਨਾ ਤੋਂ ਬਗ਼ੈਰ ਸ੍ਰੀ ਆਨੰਦਪੁਰ ਨਾਲ ਸੰਬੰਧਿਤ ਗੁਰ-ਇਤਿਹਾਸ ਵਿਚ ਕਈ ਹੋਰ ਨਵੇਂ ਮੋੜ ਵੀ ਆਏ, ਜਿਵੇਂ ਕਿ 16 ਅੱਸੂ, ਸੰਮਤ 1749 ਨੂੰ ਬਿਲਾਸਪੁਰ ਦੇ ਰਾਜਾ ਭੀਮ ਚੰਦ ਦੇ ਗੁਜ਼ਰਨ ਤੇ ਉਸ ਦੀ ਥਾਵੇਂ ਉਸ ਦਾ ਪੁਤ੍ਰ ਰਾਜਾ ਅਜਮੇਰ ਚੰਦ ਗੱਦੀ ਬੈਠਾ ਤੇ ਉਹ ਸਿੱਖਾਂ ਨਾਲ ਕਈ ਕਿਸਮ ਦੇ ਬਹਾਨੇ ਲਾ ਕੇ ਛੇੜਖਾਨੀ ਕਰਨ ਲੱਗ ਪਿਆ, ਪਰ ਗੁਰੂ ਸਾਹਿਬ ਨੇ ਪਹਾੜੀਆਂ ਦੀ ਮਿਲਵਰਤਣ ਨਾ ਛੱਡੀ ਤੇ 23 ਫੱਗਣ ਸੰਮਤ 1752 ਨੂੰ ਜਤਨ ਕਰ ਕੇ ਰਾਜਾ ਗੋਪਾਲ ਸਿੰਘ ਗੁਲੇਰ ਵਾਲੇ ਦੀ ਮਦਦ ਲਈ ਸੱਯਦ ਹੁਸੈਨ ਖ਼ਾਨ ਦੇ ਮੁਕਾਬਲੇ ਤੇ ਖ਼ਾਲਸਾ ਫ਼ੌਜ ਭੇਜੀ, ਜਿਸ ਵਿਚੋਂ ਲੜਾਈ ਹੋਣ ਤੇ ਕਈ ਸਿੱਖ ਜੋਧੇ ਸ਼ਹੀਦ ਹੋ ਗਏ, ਪਰ ਸੱਯਦ ਹੁਸੈਨ ਖ਼ਾਨ ਨੂੰ ਸਿੱਖਾਂ ਨੇ ਥਾਂ ਰੱਖਿਆ। ਫੇਰ ਭਾਈ ਮਨੀ ਸਿੰਘ ਦੇ ਪੁਤ੍ਰ ਉਦੇ ਸਿੰਘ ਨੇ, ਜੋ ਬੜਾ ਬਹਾਦੁਰ ਜੋਧਾ ਸੀ, ਸ਼ੇਰ ਦਾ ਸ਼ਿਕਾਰ ਕੀਤਾ ਤੇ ਸ਼ੇਰ ਦੀ ਖੱਲ ਉਤਰਵਾ ਕੇ ਗੁਰੂ ਸਾਹਿਬ ਦੇ ਅੱਗੇ ਪੇਸ਼ ਕੀਤੀ। ਗੁਰੂ ਸਾਹਿਬ ਨੇ ਉਹੋ ਖੱਲ ਇਕ ਗਧੇ ਉਤੇ ਪਵਾਈ ਤੇ ਉਸ ਨੂੰ ਹਾਸੇ ਵਜੋਂ ਖੇਤਾਂ ਵਿਚ ਚਰਨ ਵਾਸਤੇ ਖੁੱਲ੍ਹਾ ਛੱਡ ਦਿੱਤਾ। ਜਦ ਤਕ ਉਹ ਗਧਾ ਚੁਪ ਚਾਪ ਫਿਰ ਤੁਰ ਕੇ ਘਾਹ ਚੁਗਦਾ ਰਿਹਾ ਤਦ ਤਕ ਤਾਂ ਲੋਕੀ ਉਸ ਤੋਂ ਡਰਦੇ ਰਹੇ, ਪਰ ਜਦ ਉਹ ਹੋਰ ਗਧਿਆਂ ਨੂੰ ਦੇਖ ਕੇ ਹੀਂਗ ਪਿਆ ਤਾਂ ਅਸਲੀਅਤ ਦਾ ਪਤਾ ਲੱਗਣ ਤੇ ਲੋਕਾਂ ਨੇ ਸੋਟਿਆਂ ਨਾਲ ਉਸ ਦਾ ਕਚੂਮਰ ਕੱਢ ਦਿੱਤਾ। ਗੁਰੂ ਸਾਹਿਬ ਨੇ ਉਸ ਤੋਂ ਸਿਖਾਂ ਨੂੰ ਇਹੋ ਸਿੱਖਿਆ ਦਿੱਤੀ ਕਿ ਹਰੇਕ ਸਿੱਖ, ਜੋ ਖੰਡੇ ਦਾ ਅਮ੍ਰਿਤ ਛਕ ਕੇ ਖ਼ਾਲਸਾ ਸਜਿਆ ਹੈ, ਸ਼ੇਰ ਦਾ ਬਾਣਾ ਪਹਿਨੇ ਹੋਏ ਇਕ ਪ੍ਰਕਾਰ ਦਾ ਮਹਾਬਲੀ ਸਿੰਘ ਹੈ, ਪਰ ਜੇ ਕੋਈ ਕੱਚਾ ਪਿੱਲਾ ਸਿੱਖ ਇਸ ਗਧੇ ਵਾਂਗੂ ਆਪਣੀਆਂ ਵੀਰਤਾ ਭਰੀਆਂ ਰਵਾਇਤਾਂ ਛੱਡ ਕੇ ਹੀਂਗ ਪਵੇ ਤਾਂ ਉਸ ਦਾ ਨਤੀਜਾ ਅਵੱਸ਼ ਇਸੇ ਤਰ੍ਹਾਂ ਦੁਖਦਾਈ ਹੋਵੇਗਾ।

ਫੇਰ ਇਸ ਤੋਂ ਅਗਲੇ ਸਾਲ ਸੰਮਤ 1753 ਵਿਚ ਵਿਸਾਖ ਦੇ ਮਹੀਨੇ ਇਹ ਖ਼ਬਰ ਆਉਣ ਤੇ ਕਿ ਅਮ੍ਰਿਤਸਰ ਵਿਖੇ ਸੋਢੀ ਹਰਿ ਜੀ (ਪੁਤ੍ਰ ਸੋਢੀ ਮਿਹਰਵਾਨ ਜੀ) ਸੁਰਗਵਾਸ ਹੋ ਗਏ ਹਨ ਤੇ ਉਸ ਦੇ ਖ਼ਾਨਦਾਨ ਦੇ ਸਾਰੇ ਸੋਢੀ ਉਥੋਂ ਲੜ-ਭਿੜ ਕੇ ਨੱਸ ਗਏ ਹਨ, ਇਸ ਲਈ ਗੁਰੂ ਸਾਹਿਬ ਨੇ ਸ੍ਰੀ ਦਰਬਾਰ (ਹਰਿਮੰਦਿਰ) ਸਾਹਿਬ ਨੂੰ ਮੁੜ ਪੰਥਕ ਪ੍ਰਬੰਧ ਹੇਠ ਲਿਆਉਣ ਵਾਸਤੇ ਆਪਣੇ ਨਿਕਟੀ ਸੇਵਕ ਭਾਈ ਮਨੀ ਸਿੰਘ ਨੂੰ ਪੰਜ ਸਿੰਘਾਂ

ਸਮੇਤ ਅਮ੍ਰਿਤਸਰ ਭੇਜਿਆ,[1] ਜੋ ਫੇਰ ਆਖ਼ਰੀ ਦਮ ਤਕ ਉਥੇ ਹੀ ਰਹੇ ਤੇ ਪੂਰੀ ਤਰ੍ਹਾਂ ਗੁਰ-ਦਰਬਾਰ ਦੀ ਸੇਵਾ ਬੜੇ ਸ਼ੁਧਾ ਭਾਵ ਨਾਲ ਕਰਦੇ ਰਹੇ।

ਖ਼ਾਲਸਾ ਪੰਥ ਦਾ ਖੰਡੇ ਦੀ ਧਾਰ 'ਚੋਂ ਪੈਦਾ ਹੋਣਾ ਤੇ ਸਿੱਖਾਂ ਵਿਚ ਨਵੀਆਂ ਰਹਿਤਾਂ ਬਹਿਤਾਂ, ਜਿਨ੍ਹਾਂ ਵਿਚ ਜਾਤਿ ਗੋਤਿ ਜਾਂ ਹੋਰ ਕਿਸੇ ਕਿਸਮ ਦੀ ਵਹਿਮ ਪ੍ਰਸਤੀ ਨੂੰ ਕੋਈ ਥਾਂ ਨਹੀਂ ਸੀ, ਸੱਚ ਮੁੱਚ ਹੀ ਭਵਿੱਖ ਵਿਚ ਆ ਰਹੇ ਇਕ ਨਵੇਂ ਸਮਾਜ ਦੀ ਰੂਪ-ਰੇਖਾ ਉਲੀਕੀ ਜਾਣ ਕਰਕੇ ਬੜੀ ਅਚੰਭੇ ਵਾਲੀ ਗੱਲ ਸੀ। ਇਸ ਤੋਂ ਵਿਰੁੱਧ ਨਾ ਕੇਵਲ ਪਹਾੜੀ ਰਾਜੇ ਹੀ ਸਿੱਖਾਂ ਨਾਲੋਂ ਟੁੱਟੇ, ਸਗੋਂ ਦਿੱਲੀ ਦੇ ਸਿੱਖਾਂ ਵਿਚ ਵੀ, ਜਿਵੇਂ ਕਿ ਕਵੀ ਸੈਨਾਪਤਿ ਦੇ ਗੁਰਸੋਭਾ ਗ੍ਰੰਥ ਤੋਂ ਪਤਾ ਲਗਦਾ ਹੈ, ਪੁਰਾਣੇ ਰਸਮ-ਰਿਵਾਜ ਟੁਟਦੇ ਦੇਖ ਕੇ ਕਾਫ਼ੀ ਰੋਸ ਪੈਦਾ ਹੋਇਆ ਤੇ ਉਨ੍ਹਾਂ ਨੇ ਇਸ ਨਤੀਜੇ ਵਲੋਂ ਬਾਜ਼ਾਰਾਂ ਵਿਚ ਹੜਤਾਲ ਵੀ ਕੀਤੀ, ਪਰ ਫੇਰ ਛੇਤੀ ਹੀ ਕਿਸੇ ਤਰ੍ਹਾਂ ਕਿਸੇ ਦੇ ਸਮਝਾਉਣ-ਬੁਝਾਉਣ ਤੇ ਉਨ੍ਹਾਂ ਦਾ ਇਹ ਗੁੱਸਾ ਦੂਰ ਹੋ ਗਿਆ।

ਇਸ ਤੋਂ ਪਿੱਛੋਂ, ਗਿਆਨੀ ਗਰਜਾ ਸਿੰਘ ਦੇ ਕਥਨ ਅਨੁਸਾਰ ਹਾੜ੍ਹ ਵਦੀ ੧੦, ਸੰਮਤ 1755 ਬਿ. (ਸੰਨ 1698 ਈ.) ਨੂੰ ਗੁਰੂ ਸਾਹਿਬ ਜਦ ਚੋਣਵੇਂ ਸਿੰਘਾਂ ਸਮੇਤ ਸ਼ਿਕਾਰ ਖੇਡਦੇ ਹੋਏ ਕਟੋਚ ਰਾਜਿਆਂ ਦੀ ਹੱਦ ਵਿਚ ਗਏ ਤਾਂ ਰਾਜਾ ਆਲਮ ਚੰਦ ਤੇ ਬਲੀਆ ਚੰਦ ਨੇ ਅਚਾਣਕ ਗੁਰੂ ਸਾਹਿਬ ਦੇ ਉਪਰ ਹਮਲਾ ਕਰ ਦਿੱਤਾ, ਪਰ ਸਿੰਘਾਂ ਨੇ ਅੱਗੋਂ ਡਟ ਕੇ ਮੁਕਾਬਲਾ ਕੀਤਾ ਜਿਸ ਕਰ ਕੇ ਉਪਰੋਕਤ ਦੋਵੇਂ ਹਮਲਾਆਵਰ ਜ਼ਖ਼ਮੀ ਹੋ ਕੇ ਨੱਸ ਗਏ। ਫੇਰ ਇਸ ਤੋਂ ਅਗਲੇ ਸਾਲ ਨੂਹ ਦੇ ਰੰਘੜਾਂ ਤੇ ਗੁੱਜਰਾਂ ਨੇ ਕਿਸੇ ਗੁਪਤ ਇਸ਼ਾਰੇ ਨਾਲ ਪੋਠੋਹਾਰ ਦੀ ਸੰਗਤਿ ਨੂੰ ਰਸਤੇ ਵਿਚ ਹੀ ਲੁੱਟ ਲਿਆ, ਪਰ ਉਹ ਰੰਘੜ ਤੇ ਗੁੱਜਰ ਸਾਹਿਬਜ਼ਾਦਾ ਅਜੀਤ ਸਿੰਘ ਦੀ ਕਮਾਨ ਹੇਠ ਸਿੱਖਾਂ ਨੇ ਜਾ ਕੇ ਇਕੋ ਹੱਲੇ ਨਾਲ ਚੰਗੀ ਤਰ੍ਹਾਂ ਸਿੱਧੇ ਕਰ ਦਿੱਤੇ।

ਸ੍ਰੀ ਆਨੰਦਪੁਰ ਦੀ ਪਹਿਲੀ ਲੜਾਈ :

ਰਾਜਾ ਭੀਮ ਚੰਦ ਬਿਲਾਸਪੁਰੀਏ ਦਾ ਪੁਤ੍ਰ ਰਾਜਾ ਅਜਮੇਰ ਚੰਦ, ਜੋ ਸੰਮਤ 1749 ਵਿਚ ਅਜੇ ਨਵਾਂ ਹੀ ਰਾਜਾ ਬਣਿਆ ਸੀ, ਬੜੀ ਛੇਤੀ ਐਵੇਂ ਜੋਸ਼ ਵਿਚ ਆ ਕੇ ਸਿੱਖਾਂ ਨਾਲ ਖਿਝਣ ਲੱਗ ਪਿਆ ਤੇ ਕਟੋਚਾਂ ਦੀ ਸਿੱਖਾਂ ਨਾਲ ਨਵੀਂ ਛੇੜ ਛਾੜ ਨੇ ਤਾਂ ਉਸ ਦਾ ਹੌਸਲਾ ਹੋਰ ਵੀ ਵਧਾ ਦਿੱਤਾ, ਇਸ ਲਈ ਉਸ ਨੇ 19 ਭਾਦਰੋਂ ਸੰਮਤ 1757 ਬਿ. ਨੂੰ ਹੋਰ ਲਗ ਭਗ ਸਾਰੇ ਹੀ ਪਹਾੜੀ ਰਾਜਿਆਂ ਨਾਲ ਗੱਠ ਜੋੜ ਕਰ ਕੇ ਗੁਰੂ ਸਾਹਿਬ ਤੋਂ ਵਿਰੁੱਧ ਬਾਦਸ਼ਾਹ ਔਰੰਗਜ਼ੇਬ ਦੇ ਕੋਲ ਅਰਜ਼ੀ ਭੇਜੀ ਤੇ ਲਿਖਿਆ ਕਿ, "ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਸਾਨੂੰ ਨਾ ਕਦੇ ਰਾਜ ਕਰਨ ਦਿੱਤਾ ਹੈ ਤੇ ਨਾ ਸਾਡੀ ਅਧੀਨਤਾ ਮੰਨੀ ਹੈ, ਸਗੋਂ ਖ਼ਾਲਸਾ ਪੰਥ ਸਾਜ ਕੇ ਸਾਨੂੰ ਇਕ ਨੁੱਕਰੇ ਲਾ ਛੱਡਿਆ ਹੈ ਤੇ ਉਹ ਤੁਹਾਡਾ ਤਖ਼ਤ-ਤਾਜ ਵੀ ਛੇਤੀ ਹੀ ਖੋਹ ਲੈਣਗੇ ਅਤੇ ਫੇਰ ਹਰ ਥਾਵੇਂ ਸਿੱਖਾਂ ਦਾ

---

[1]ਉਹ ਪੰਜ ਸਿੰਘ ਸਨ : (1) ਭਾਈ ਭੂਪਤਿ ਸਿੰਘ, (2) ਗੁਲਜ਼ਾਰ ਸਿੰਘ, (3) ਕੋਇਰ ਸਿੰਘ 'ਚੰਦੂ', (4) ਦਾਨ ਸਿੰਘ ਅਤੇ (5) ਕੀਰਤ ਸਿੰਘ (ਦੇਖੋ ਰਸਾਲਾ 'ਆਲੋਚਨਾ', ਲੁਧਿਆਣਾ, ਜੁਲਾਈ-ਦਸੰਬਰ ੧੯੬੬, ਸਫ਼ਾ ੭੪ ਤੇ ਗਿਆਨੀ ਗਰਜਾ ਸਿੰਘ ਦਾ ਸੰਪਾਦਿਤ ਸ਼ਹੀਦ ਬਿਲਾਸ ਭਾਈ ਮਨੀ ਸਿੰਘ, ਸੰਨ ੧੯੬੧, ਸਫ਼ਾ ੧੦)

ਰਾਜ ਹੋ ਜਾਵੇਗਾ, ਇਸ ਲਈ ਛੇਤੀ ਜਤਨ ਕਰੋ ਤੇ ਇਨ੍ਹਾਂ ਨੂੰ ਹਮੇਸ਼ਾਂ ਲਈ ਗਲੋਂ ਲਾਹੋ।" ਜਦ ਇਹ ਅਰਜ਼ੀ ਬਾਦਸ਼ਾਹ ਪਾਸ ਪੁੱਜੀ ਤਾਂ ਕੋਲੋਂ ਹੀ ਚੁਗਲ ਅਬਦੁੱਲਾ ਖ਼ਾਨ ਨੇ ਕਿਹਾ ਕਿ, "ਹਜ਼ੂਰ ! ਗੁਰੂ ਸਾਹਿਬ ਨੇ ਤਾਂ ਆਨੰਦਪੁਰ ਰਹਿ ਕੇ ਆਪਣਾ ਵੱਖਰਾ ਪੰਥ ਚਲਾਇਆ ਹੈ, ਇਸ ਲਈ ਉਸ ਨੂੰ ਇਸ ਦੇਸ ਵਿਚ ਨਹੀਂ ਰੱਖਣਾ ਚਾਹੀਏ।" ਬਸ ਫੇਰ ਕੀ ਸੀ, ਬਾਦਸ਼ਾਹ ਨੇ ਆਪਣੇ ਹੋਰ ਦਰਬਾਰੀ ਜ਼ੁਲਫ਼ਿਕਾਰ ਖ਼ਾਨ, ਕਾਸਿਮ ਕੋਕਲਤਾਸ, ਇਬਰਾਹੀਮ ਖ਼ਾਨ, ਹਸਨ ਅਲੀ ਖ਼ਾਨ, ਹਿੰਮਤ ਖ਼ਾਨ, ਰਜ਼ਾ ਕੁਲੀ ਖ਼ਾਨ ਰੁਸਤਮ ਖ਼ਾਨ, ਜ਼ਬਰਦਸਤ ਖ਼ਾਨ (ਸੂਬਾ ਲਾਹੌਰ)[1] ਆਦਿ ਤੋਂ ਵੀ ਇਸ ਸੰਬੰਧ ਵਿਚ ਰਾਇ ਲਈ। ਅੱਗੋਂ ਸਭਨਾਂ ਨੇ ਇਕ ਜ਼ਬਾਨ ਹੋ ਕੇ ਫ਼ੌਜੀ ਚੜ੍ਹਾਈ ਦੀ ਹੀ ਸਲਾਹ ਦਿੱਤੀ।

ਇਸ ਤਰ੍ਹਾਂ ਪਹਾੜੀ ਰਾਜਿਆਂ ਦੀ ਅਰਜ਼ੀ ਮਨਜ਼ੂਰ ਹੋਣ ਤੇ ਬਾਦਸ਼ਾਹ ਔਰੰਗਜ਼ੇਬ ਦੇ ਹੁਕਮ ਨਾਲ ਸਰਦਾਰ ਅਜ਼ੀਮ ਖ਼ਾਨ, ਨਵਾਬ ਜ਼ਬਰਦਸਤ ਖ਼ਾਨ ਤੇ ਰੁਸਤਮ ਖ਼ਾਨ ਦੀ ਅਗਵਾਈ ਹੇਠ ਸ਼ਾਹੀ ਫ਼ੌਜਾਂ ਦਿੱਲੀਓਂ ਆਨੰਦਪੁਰ ਉੱਤੇ ਚੜ੍ਹੀਆਂ। ਇਧਰੋਂ ਇਲਾਕਾ ਬਾਈਧਾਰ ਦੇ ਪਹਾੜੀ ਰਾਜੇ ਵੀ, ਜੋ ਪਹਿਲਾਂ ਹੀ ਰਾਹ ਪਏ ਉਡੀਕਦੇ ਸਨ, ਬੜੇ ਰੋਹ ਨਾਲ ਆਪੋ ਆਪਣੀਆਂ ਫ਼ੌਜਾਂ ਲੈ ਕੇ ਪਹਾੜਾਂ ਵਿਚੋਂ ਨਿਕਲੇ ਤੇ ਸਾਰਿਆਂ ਨੇ ਮਿਲ ਕੇ ਸ੍ਰੀ ਆਨੰਦਪੁਰ ਦੇ ਕਿਲਾ ਤਾਰਾ ਗੜ੍ਹ, ਫ਼ਤਿਹ ਗੜ੍ਹ, ਲੋਹ ਗੜ੍ਹ ਆਦਿ ਉਤੇ ਇਕ ਵਾਰ ਹੀ ਹਮਲਾ ਕਰ ਦਿੱਤਾ। ਇਸ ਹਮਲੇ ਵਿਚ ਰਾਜਾ ਅਜਮੇਰ ਚੰਦ ਦੇ ਨਾਲ ਰਾਜਾ ਭੀਮ ਚੰਦ ਕਾਂਗੜੇ ਵਾਲਾ, ਕੰਵਰ ਹਿੰਮਤ ਚੰਦ ਹੰਡੂਰੀਆ[2], ਕਰਮ ਪ੍ਰਕਾਸ਼ ਤੇ ਮਦਨ ਪਾਲ ਸਿਰਮੌਰੀਏ, ਕੇਸਰੀ ਚੰਦ ਜਸਵਾਲੀਆ, ਗੋਪਾਲ ਸਿੰਘ ਗੁਲੇਰਵਾਲਾ, ਰਾਜਾ ਡਢਵਾਲ, ਰਾਜਾ ਸ੍ਰੀ ਨਗਰ (ਗੜ੍ਹਵਾਲ), ਰਾਜਾ ਕਾਠਗੜ੍ਹ ਤੇ ਗੁੱਜਰਾਂ ਦਾ ਸਰਦਾਰ ਜਮਤੁੱਲਾ ਭਾਊ ਆਦਿ ਸ਼ਾਮਲ ਸਨ। ਇਸ ਤਰ੍ਹਾਂ ਲਗ ਭਗ ਵੀਹ ਹਜ਼ਾਰ ਮੁਗ਼ਲੇਈ ਤੇ ਪਹਾੜੀ ਸੈਨਾ ਸੀ ਜਿਹੜੀ ਕਿ ਉਸ ਸਮੇਂ ਆਨੰਦਪੁਰ ਉਤੇ ਚੜ੍ਹ ਕੇ ਆਈ ਸੀ। ਆਨੰਦਪੁਰ ਵਿਖੇ ਉਸ ਸਮੇਂ ਦਸਮੇਸ਼ ਜੀ ਦੇ ਅਧੀਨ ਬਹੁਤ ਸਾਰੇ ਖਾੜਕੂ ਤੇ ਜੋਧੇ ਸਿੰਘ ਪਹਿਲਾਂ ਹੀ ਉਡੀਕ ਵਿਚ ਮੋਰਚੇ ਮੱਲ ਕੇ ਤਿਆਰ ਬੈਠੇ ਸਨ, ਇਸ ਲਈ ਜਦ ਦੁਸ਼ਮਨ ਦੀ ਸੈਨਾ ਨੇੜੇ ਆਈ ਤਾਂ ਇਕ ਦਮ ਤੀਰ, ਤੁਪਕ, ਤਲਵਾਰ, ਨੇਜ਼ੇ, ਬਰਛੇ ਆਦਿ ਦੀ ਲੜਾਈ ਸ਼ੁਰੂ ਹੋ ਗਈ।

ਦੁਸ਼ਮਨ ਦਾ ਪਹਿਲਾ ਹਮਲਾ ਕਿਲ੍ਹਾ ਤਾਰਾ ਗੜ੍ਹ, ਦੂਜਾ ਹਮਲਾ ਕਿਲ੍ਹਾ ਫ਼ਤਿਹ ਗੜ੍ਹ ਤੇ ਤੀਜਾ ਹਮਲਾ ਕਿਲ੍ਹਾ ਲੋਹ ਗੜ੍ਹ ਉਤੇ ਬੜੇ ਜ਼ੋਰ-ਸ਼ੋਰ ਨਾਲ ਹੋਇਆ। ਇਨ੍ਹਾਂ ਹਮਲਿਆਂ ਵਿਚ, ਜੋ 29 ਭਾਦ੍ਰੋਂ ਸੰਮਤ 1757 (ਮੁਤਾਬਿਕ ਸੰਨ 1700 ਈ.) ਤੋਂ 1 ਅੱਸੂ ਤਕ ਲਗਾਤਾਰ ਚਾਰ ਪੰਜ ਦਿਨ ਹੁੰਦੇ ਰਹੇ। ਗੁਰੂ ਸਾਹਿਬ ਦਾ ਪਲੜਾ ਭਾਰੀ ਹੋਣ ਕਰ ਕੇ ਦੁਸ਼ਮਨ ਨੂੰ ਹਮੇਸ਼ਾਂ ਹਾਰ ਹੁੰਦੀ ਰਹੀ, ਕਿਲ੍ਹਾ ਲੋਹ ਗੜ੍ਹ ਦੇ ਜੰਗ ਵਿਚ ਤਾਂ ਪਹਾੜੀ ਰਾਜਿਆਂ ਨੇ ਇਥੋਂ ਤਕ ਅੱਡੀ ਚੋਟੀ ਦਾ ਜ਼ੋਰ ਲਾਇਆ ਕਿ ਇਕ ਮਸਤ ਹਾਥੀ, ਜਿਸ ਦੇ ਮੱਥੇ ਉਤੇ ਫੁਲਾਦੀ ਤਵੇ ਬੰਨ੍ਹੇ ਹੋਏ ਸਨ ਤੇ ਸੁੰਡ ਦੇ ਨਾਲ ਨੰਗੀ ਤਲਵਾਰ ਵੀ ਨਸਬ ਕੀਤੀ

---

[1]ਜੰਗਨਾਮਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ (ਕ੍ਰਿਤ ਅਣੀ ਰਾਇ) ਦੇ ਕਥਨ ਅਨੁਸਾਰ।

[2]ਰਾਜਾ ਹਿੰਮਤ ਚੰਦ ਦਾ ਸਮਾਂ ਸੰਮਤ 1758 (ਸੰਨ 1701 ਈ.) ਤੋਂ ਸੰਮਤ 1761 (ਸੰਨ 1604 ਈ.) ਤਕ ਹੈ। (ਦੇਖੋ, ਤਾਰੀਖ਼ਿ ਰਿਆਸਤ ਹੰਡੂਰ, ਉਰਦੂ, ਕ੍ਰਿਤ ਬਾਲਕ ਰਾਮ ਸ਼ਾਦ, ਸਫ਼ਾ 89)।

ਹੋਈ ਸੀ, ਸ਼ਰਾਬ ਪਿਲਾ ਕੇ ਕਿਲ੍ਹੇ ਦਾ ਬੂਹਾ ਤੋੜਨ ਲਈ ਬੜੇ ਜ਼ੋਰ ਸ਼ੋਰ ਨਾਲ ਅੱਗੇ ਵਧਾਇਆ, ਪਰ ਇਧਰ ਕਿਲ੍ਹੇ ਵਿਚੋਂ ਭਾਈ ਬਚਿਤ੍ਰ ਸਿੰਘ ਨੇ, ਜੋ ਪ੍ਰਸਿੱਧ ਵਿਦਵਾਨ ਭਾਈ ਮਨੀ ਸਿੰਘ ਜੀ ਸ਼ਹੀਦ ਦਾ ਜੋਧਾ ਸੁਪੁਤ੍ਰ ਤੇ ਹੱਦ ਦਰਜੇ ਦਾ ਪਲੱਥੇ ਬਾਜ਼ ਸੀ, ਘੋੜੇ ਉਤੇ ਚੜ੍ਹ ਕੇ ਨਾਗਣੀ ਦਾ ਇਕ ਅਜਿਹਾ ਭਰਪੂਰ ਤੇ ਤੁਲਵਾਂ ਵਾਰ ਕੀਤਾ ਕਿ ਉਸ ਹਾਥੀ ਦੇ ਮੱਥੇ ਉਤੇ ਬੰਨ੍ਹੇ ਹੋਏ ਫ਼ੌਲਾਦੀ ਤਵੇ ਟੁੱਟ ਕੇ ਚੂਰ ਚੂਰ ਹੋ ਗਏ ਤੇ ਉਹ ਨਾਗਣੀ ਰੂਪ ਸ਼ਸਤ੍ਰ ਸਿੱਧਾ ਹਾਥੀ ਦੇ ਕਪਾਲ ਵਿਚ ਧਸ ਗਿਆ। ਇਸੇ ਕਾਰਣ ਹਾਥੀ ਘਬਰਾ ਕੇ ਚੀਖਾਂ ਮਾਰਦਾ ਹੋਇਆ ਪਿੱਛੇ ਵਲ ਦੌੜਿਆ, ਜਿਸ ਦੇ ਪੈਰਾਂ ਥੱਲੇ ਆ ਕੇ ਦੁਸ਼ਮਨ ਦੇ ਅਨੇਕਾਂ ਸਿਪਾਹੀ ਮਾਰੇ ਗਏ।

ਪ੍ਰਸਿੱਧ ਸਿੱਖ ਇਤਿਹਾਸਕਾਰ ਭਾਈ ਸੰਤੋਖ ਸਿੰਘ ਨੇ ਏਥੇ ਭਾਈ ਬਚਿਤ੍ਰ ਸਿੰਘ ਦਾ ਨਾਗਣੀ (ਸ਼ਸਤ੍ਰ) ਦੀ ਥਾਵੇਂ ਬਰਛੇ ਨਾਲ ਹਾਥੀ ਦਾ ਮੁਕਾਬਲਾ ਕਰਨਾ ਲਿਖਿਆ ਹੈ ਤੇ ਇਸ ਵੀਰਤਾ ਦੇ ਨਜ਼ਾਰੇ ਨੂੰ ਬੜੇ ਅਲੰਕਾਰਿਕ ਢੰਗ ਨਾਲ ਇਸ ਤਰ੍ਹਾਂ ਚਿਤ੍ਰਿਆ ਹੈ :

ਸੈਫ਼ ਬਚਾਇ ਚਲਾਇ ਸੁ ਬਰਛਾ, ਤਵਾ ਖੁਲਾਦੀ ਫੋਰਾ।
ਬਰਜੋ ਜਾਇ ਗਜ ਮਸਤੱਕ ਮੈ, ਜਬ ਪੁਨ ਕਰ ਜੁਗ ਕਰ ਜੋਰਾ ॥੩੮॥
ਕਰਜੋ ਧਸਾਵਨ ਪ੍ਰਵਿਸਜੋ ਐਸੇ, ਉਪਮਾ ਕਰੌਂ ਬਨਾਈ।
ਕ੍ਰੌਂਚ ਸੈਲ ਮੈ ਜਿਮ ਸ਼ਿਵ ਨੰਦਨ, ਬਰਛੀ ਮਾਰ ਧਸਾਈ ॥੩੯॥
ਬਾਸਕਿ ਕਿਧੋਂ ਬੇਗ ਟਰ ਦੀਰਘ, ਬਿਨਤਾ ਸੁਤ ਕੇ ਤ੍ਰਾਸਾ।
ਦੇਖ ਰੰਧ੍ਰ ਗਿਰਿ ਵਿਖੈ ਪ੍ਰਵੇਸ਼ਜੋ, ਨਹਿ ਪੁਨਿ ਬਦਨ ਨਿਕਾਸਾ ॥੪੦॥
ਮਨਹੁ ਇੰਦ੍ਰ ਕਰਿ ਕ੍ਰੋਧ ਬਿਲੰਦੈ, ਲੀਨ ਰੁਦ੍ਰ ਤੇ ਸੂਲੰ।
ਗਿਰਜੋ ਹਤਜੋ ਬਧਨ ਕੇ ਹਿਤ ਕਰਿ, ਅਸੁ ਉਪਮਾ ਅਨਕੂਲੰ ॥੩੧॥
(ਸ੍ਰੀ ਗੁਰ ਪ੍ਰਤਾਪ ਸੂਰਜ, ਰੁੱਤ ੪, ਅੰਸ਼ੂ ੨੫)

ਫੇਰ ਉਹ ਮਸਤ ਹਾਥੀ ਸਿੱਖਾਂ ਤੋਂ ਬਚ ਕੇ ਨਹੀਂ ਜਾ ਸਕਿਆ। ਭਾਈ ਮੁਹਕਮ ਸਿੰਘ (ਪਿਆਰੇ) ਨੇ ਹੱਲਾ ਕਰ ਕੇ ਤਲਵਾਰ ਦੇ ਇਕੋ ਝਟਕੇ ਨਾਲ ਉਸ ਦੀ ਸੁੰਡ ਲਾਹ ਸੁੱਟੀ ਤੇ ਉਹ ਪਾਗਲ ਹੋ ਕੇ ਦਰਿਆ ਸਤਲੁਜ ਵਲ ਦੌੜ ਗਿਆ। ਇਸ ਦੇ ਨਾਲ ਹੀ ਦੁਸ਼ਮਨ ਦੀ ਫ਼ੌਜ ਵੀ ਆਨੰਦਪੁਰ ਦਾ ਘੇਰਾ ਛੱਡ ਕੇ ਨੱਸ ਗਈ।

ਇਸ ਜੰਗ ਵਿਚ ਦੁਸ਼ਮਨ ਦੀ ਸੈਨਾ ਵਿਚੋਂ ਸਭ ਤੋਂ ਵੱਡਾ ਖ਼ੂਨ ਖ਼੍ਵਾਰ ਤੇ ਸ਼ਰਾਰਤਾਂ ਦਾ ਮੋਢੀ ਜਮਤੁੱਲਾ ਭਾਊ (ਗੁੱਜਰ) ਬਜਰੂੜ ਵਾਲਾ, ਜਿਸ ਨੇ ਜੰਗ ਛਿੜਦਿਆਂ ਹੀ ਅਨੇਕਾਂ ਗੁਰੂ ਕੇ ਸਿੰਘ ਮਾਰ ਮੁਕਾਏ ਸਨ, ਭਾਈ ਸਾਹਿਬ ਸਿੰਘ (ਪਿਆਰੇ) ਦੇ ਹੱਥੋਂ ਤੁਫ਼ੰਗ ਦੀ ਗੋਲੀ ਨਾਲ ਮਾਰਿਆ ਗਿਆ। ਇਸੇ ਤਰ੍ਹਾਂ ਭਾਈ ਉਦੇ ਸਿੰਘ ਦੇ ਹੱਥੋਂ ਰਾਜਾ ਕੇਸਰੀ ਚੰਦ ਜਸਵਾਲੀਆ ਤੇ ਸ੍ਰੀ ਦਸਮੇਸ਼ ਜੀ ਦੇ ਹੱਥੋਂ ਸਰਦਾਰ ਅਜ਼ੀਮ ਖ਼ਾਨ (ਸਿਪਹ ਸਾਲਾਰ) ਇਹ ਦੋ ਵੱਡੇ ਮੋਢੀ ਇਕ ਦੂਜੇ ਤੋਂ ਬਾਦ ਕਾਲ ਦੇ ਮੂੰਹ 'ਚ ਜਾ ਪਏ। ਇਨ੍ਹਾਂ ਤੋਂ ਬਿਨਾ ਦੁਸ਼ਮਨ ਦੀ ਜੋ ਸਿਪਾਹ ਸਿੱਖਾਂ ਦੀ ਤੋਪ, ਤੁਪਕ, ਤਲਵਾਰ ਤੇ ਨੇਜ਼ੇ-ਬਰਛਿਆਂ ਦੀ ਮਾਰ ਹੇਠ ਆਈ, ਉਹ ਇਸ ਤੋਂ ਅਲੱਗ ਸੀ। ਲਾਹੌਰ ਦਾ ਸੂਬੇਦਾਰ ਜ਼ਬਰਦਸਤ ਖ਼ਾਨ, ਜੋ ਦਿੱਲੀਓਂ ਇਸ ਮੁਹਿਮ ਦਾ ਮੋਢੀ ਬਣ ਕੇ ਆਇਆ ਸੀ, ਸਿੱਖਾਂ ਦੀ

ਫ਼ਤਿਹ ਹੋਈ ਦੇਖ ਕੇ ਦਿੱਲੀ ਜਾਣ ਦੀ ਥਾਵੇਂ ਸਿੱਧਾ ਲਾਹੌਰ ਚਲਾ ਗਿਆ। ਏਧਰ ਸਿੱਖ ਸੈਨਾ ਵਿਚੋਂ ਬਹੁਤ ਸਾਰੇ ਸੂਰਵੀਰ ਭਾਈ ਭਗਵਾਨ ਸਿੰਘ, ਜਵਾਹਰ ਸਿੰਘ, ਨੰਦ ਸਿੰਘ, ਬਾਘ ਸਿੰਘ, ਘਰਬਾਰਾ ਸਿੰਘ, ਆਲਮ ਸਿੰਘ, ਸੁੱਖਾ ਸਿੰਘ, ਖ਼ੁਸ਼ਹਾਲ ਸਿੰਘ ਆਦਿ ਦੁਸ਼ਮਨ ਦੇ ਨਾਲ ਲੜਦੇ ਹੋਏ ਸ਼ਹੀਦ ਹੋ ਗਏ। ਗੁਰੂ ਸਾਹਿਬ ਉਨ੍ਹਾਂ ਸਾਰਿਆਂ ਦਾ ਵਿਧੀ ਪੂਰਵਕ ਅੰਤਮ ਸੰਸਕਾਰ ਕਰ ਕੇ ਵਾਪਸ ਆਨੰਦਪੁਰ ਪਰਤ ਗਏ।

ਗੁਰੂ ਜੀ ਨੇ ਦੂਜੀ ਵੇਰ ਆਨੰਦਪੁਰ ਛੱਡਿਆ :

ਆਖ਼ਰ ਰਾਜਾ ਬਿਲਾਸਪੁਰ, ਹੰਡੂਰ ਆਦਿ ਨੇ ਇਸ ਹਾਰ ਤੋਂ ਪਿੱਛੋਂ ਹੋਰ ਕੋਈ ਵੱਸ ਚਲਦਾ ਨਾ ਦੇਖ ਕੇ ਪੰਮੇ ਵਜ਼ੀਰ ਰਾਹੀਂ, ਜਿਸ ਦਾ ਅਸਲ ਨਾਮ ਪਰਮਾਨੰਦ ਸੀ ਤੇ ਰਿਆਸਤ ਬਿਲਾਸਪੁਰ (ਕਹਿਲੂਰ) ਦਾ ਹੀ ਵਸਨੀਕ ਸੀ, ਵੱਡਾ ਭਾਰੀ ਫ਼ਰੇਬ ਰਚ ਕੇ ਆਟੇ ਦੀ ਇਕ ਗਊ ਬਣਾਈ ਤੇ ਉਹ ਗਊ ਸੌਂਹ (ਸੁਗੰਦ) ਵਜੋਂ ਕਿਲ੍ਹਾ ਲੋਹਗੜ੍ਹ ਦੇ ਬੂਹੇ ਅੱਗੇ ਬੰਨ੍ਹ[1] ਕੇ ਵਿਨੈ ਪਤ੍ਰ ਭੇਜਿਆ ਕਿ 'ਜੇ ਗੁਰੂ ਸਾਹਿਬ ਹੁਣ ਕੁਝ ਚਿਰ ਵਾਸਤੇ ਇਕ ਵੇਰ ਆਨੰਦਪੁਰ ਛੱਡ ਜਾਣ ਤੇ ਫੇਰ ਬੇਸ਼ਕ ਵਾਪਸ ਆ ਕੇ ਏਥੇ ਹੀ ਰਹਿਣ ਤਾਂ ਸਾਨੂੰ ਕੋਈ ਉਜ਼ਰ ਨਹੀਂ ਹੋਵੇਗਾ[2] ਤੇ ਅਸੀਂ ਗੁਰੂ ਘਰ ਦੀ ਕਿਸੇ ਕਿਸਮ ਦੀ ਬੁਰਿਆਈ ਹਰਗਿਜ਼ ਨਹੀਂ ਕਰਾਂਗੇ।'

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਭਾਵੇਂ ਰਾਜਾ ਬਿਲਾਸਪੁਰ ਹੰਡੂਰ ਆਦਿ ਦੀ ਇਸ ਚਾਲ ਨੂੰ ਚੰਗੀ ਤਰ੍ਹਾਂ ਜਾਣਦੇ ਸਨ ਤੇ ਪਰਮਾਨੰਦ ਉਰਫ਼ ਪੰਮੇ ਵਜ਼ੀਰ ਦੀਆਂ ਸ਼ਰਾਰਤਾਂ ਤੋਂ ਵੀ, ਜੋ ਉਹ ਕਈ ਵੇਰ ਇਧਰ ਉਧਰ ਨੱਸ-ਭੱਜ ਕਰ ਕੇ ਕਰਦਾ ਰਿਹਾ ਸੀ, ਅਨਜਾਣ ਨਹੀਂ ਸਨ, ਪਰ ਫੇਰ ਵੀ ਇਹ ਭਰੋਸਾ ਮਿਲਣ ਤੇ ਕਿ ਪਹਾੜੀ ਰਾਜੇ ਆਨੰਦਪੁਰ ਨਗਰ ਨੂੰ ਕਿਸੇ ਗੱਲੋਂ ਕੋਈ ਨੁਕਸਾਨ ਨਹੀਂ ਪਹੁੰਚਾਉਣਗੇ, ਗੁਰੂ ਸਾਹਿਬ ਨੇ ਠੀਕ ਉਸੇ ਤਰ੍ਹਾਂ ਜਿਸ ਤਰ੍ਹਾਂ ਕਿ ਪਹਿਲੀ ਵੇਰ ਸੰਮਤ 1742 ਵਿਚ ਪਾਉਂਟਾ (ਸਿਰਮੌਰ) ਜਾਣ ਸਮੇਂ ਆਨੰਦਪੁਰ ਛੱਡਿਆ ਸੀ, ਮੁੜ ਫੇਰ ਆਨੰਦਪੁਰ ਛੱਡਣ ਦੀ ਤਿਆਰੀ ਕਰ ਲਈ ਤੇ ਕੁਝ ਚਿਰ ਵਾਸਤੇ ਬਾਹਰ ਜਾਣਾ ਮੰਨ ਲਿਆ। ਸੋ ਇਸ ਕਰ ਕੇ ਗੁਰੂ ਸਾਹਿਬ ਆਪਣੇ ਪਰਿਵਾਰ ਤੇ ਹੋਰ ਸਾਰੇ ਸਿੱਖ ਸਿਪਾਹੀਆਂ ਸਮੇਤ ਸ੍ਰੀ ਆਨੰਦਪੁਰੋਂ ਕੂਚ ਕਰ ਕੇ ਵੀਹ ਕੁ ਮੀਲਾਂ ਦੀ ਵਿੱਥ ਉਤੇ ਰੋਪੜ ਦੇ ਲਾਗੇ ਪਿੰਡ ਹਰਦੇ ਨਮੋਹ ਦੇ ਕੋਲ ਉੱਚੀ ਟਿੱਬੀ ਪਰ ਚਲੇ ਗਏ ਤੇ ਉਥੇ ਹੀ ਕੱਚਾ ਦੁਰਗ (ਕਿਲ੍ਹਾ) ਸਥਾਪਤ ਕਰ ਕੇ ਰਹਿਣ ਲੱਗ ਪਏ।

ਗੁਰੂ ਸਾਹਿਬ ਚੂੰਕਿ ਸ੍ਰੀ ਆਨੰਦਪੁਰ ਦਾ ਮੋਹ ਛੱਡ ਕੇ ਇਸ ਸਥਾਨ ਪਰ ਵਿਰਾਜੇ

---

[1]ਕਵੀ ਸੈਨਾਪਤਿ ਦੇ ਕਥਨ ਅਨੁਸਾਰ ਪਹਾੜੀਏ ਜੀਊਂਦੀ ਗਊ ਬੰਨ੍ਹ ਗਏ ਸਨ। (ਦੇਖੋ, ਸ੍ਰੀ ਗੁਰ ਸੋਭਾ, ਅਧਿ. ੮, ਛੰਦ ੩੯)

[2]ਲਿਖਯੋ ਪਤ੍ਰ ਪਰ ਆਨ ਗਊ ਕੀ, ਤਜਾਗ ਅਨੰਦਪੁਰ ਜਾਵੇ।
ਰਾਜਨ ਕੋ ਅਰ ਮਾਨ ਰਹੈ ਜਗ, ਨਿਕਟ ਬਸਹੁ ਸੁਖ ਪਾਵੇ ॥ ੨੧ ॥
ਏਕ ਬਾਰ ਤਜਿ ਕਿਤਕ ਸਮੈ ਮੈ, ਬਹੁਰਿ ਬਸਹੁ ਪੁਰ ਜਾਈ।......
(ਸ੍ਰੀ ਗੁਰ ਪ੍ਰਤਾਪ ਸੂਰਜ, ਰੁੱਤ ੪, ਅੰਸੂ ੩੬)

ਸਨ, ਇਸ ਲਈ ਇਸ ਗੜ੍ਹੀ ਦਾ ਨਾਂ ਉਸੇ ਸਮੇਂ ਤੋਂ ਨਿਰਮੋਹ ਗੜ੍ਹ ਪ੍ਰਸਿੱਧ ਹੋ ਗਿਆ। ਇਹ ਸਥਾਨ ਹੁਣ ਤਹਿਸੀਲ, ਥਾਨਾ ਤੇ ਜ਼ਿਲਾ ਰੋਪੜ (ਪੂਰਬੀ ਪੰਜਾਬ) ਵਿਚ ਸਥਿਤ ਹੈ।

ਨਿਰਮੋਹ ਗੜ੍ਹ ਦੀ ਲੜਾਈ (ਸੰਨ 1700 ਈ.) :

ਰਾਜਾ ਬਿਲਾਸਪੁਰ, ਹੰਡੂਰ ਆਦਿ ਪਹਾੜੀ ਰਾਜਿਆਂ ਨੇ ਇਹ ਦੇਖ ਕੇ ਕਿ ਗੁਰੂ ਸਾਹਿਬ ਆਨੰਦਪੁਰ ਦਾ ਵਸੇਬਾ ਛੱਡ ਗਏ ਹਨ, ਆਪਣੀਆਂ ਸੌਂਹਾਂ-ਸੁਗੰਦਾਂ ਤੋੜ ਕੇ ਪਹਿਲਾਂ ਤਾਂ ਆਨੰਦਪੁਰ ਵਿਚ ਲੁੱਟ ਮਚਾਈ, ਲੋਕਾਂ ਦੇ ਬਹੁਤ ਸਾਰੇ ਘਰ ਘਾਟ ਬਰਬਾਦ ਕਰ ਦਿੱਤੇ ਤੇ ਫੇਰ ਫ਼ੌਜਾਂ ਲੈ ਕੇ ਗੁਰੂ ਸਾਹਿਬ ਦਾ ਪਿੱਛਾ ਕਰਨ ਲਈ ਨਿਰਮੋਹ ਗੜ੍ਹ ਉਤੇ ਚੜ੍ਹਾਈ ਕਰ ਦਿੱਤੀ। ਉਧਰੋਂ ਦਿੱਲੀ ਤੇ ਸਰਹਿੰਦ ਦੀ ਮੁਗ਼ਲੇਈ ਫ਼ੌਜ ਵੀ ਪਹਾੜੀ ਰਾਜਿਆਂ ਨੇ ਸੂਬਾ ਵਜ਼ੀਰ ਖ਼ਾਨ ਕੁੰਜ ਪੁਰੀਏ ਨਾਲ ਗੰਢ-ਤੁਪ ਕਰ ਕੇ ਮੰਗਵਾ ਲਈ ਤਾਕਿ ਗੁਰੂ ਸਾਹਿਬ ਨੂੰ ਘੇਰਾ ਪਾਉਣ ਵਿਚ ਕਿਸੇ ਪਾਸਿਓਂ ਕੋਈ ਕਮੀ ਨਾ ਰਹਿ ਜਾਵੇ ਤੇ ਨਾਲੇ ਪਿਛਲੀ ਆਨੰਦਪੁਰ ਦੀ ਹਾਰ ਦਾ ਗੱਚ ਵੀ ਲਾਹ ਲਿਆ ਜਾਵੇ।

ਬਾਦਸ਼ਾਹ ਔਰੰਗਜ਼ੇਬ, ਜੋ ਇਸ ਸਮੇਂ ਦੱਖਣ ਦੀ ਮੁਹਿਮ ਵਿਚ ਉਲਝਿਆ ਹੋਇਆ ਸੀ, ਗੁਰੂ ਸਾਹਿਬ ਦੇ ਵਿਰੁੱਧ ਪਹਾੜੀ ਰਾਜਿਆਂ ਦੀ ਪਿੱਠ ਭਾਵੇਂ ਪਹਿਲਾਂ ਹੀ ਆਪਣੇ ਖ਼ਾਸ ਅਧਿਕਾਰੀਆਂ ਰਾਹੀਂ ਹੁਕਮ ਭੇਜ ਕੇ ਠੋਕ ਰਿਹਾ ਸੀ, ਪਰ ਫੇਰ ਵੀ ਉਸ ਦੇ ਕੰਨ ਬਹੁਤੇ ਪੰਜਾਬ ਤੇ ਸੂਬਾ ਸ਼ਰਹੱਦ (ਪਿਸ਼ਾਵਰ, ਕਾਬਲ ਆਦਿ) ਦੀਆਂ ਖ਼ਬਰਾਂ ਵਲ ਹੀ ਲੱਗੇ ਰਹਿੰਦੇ ਸਨ, ਇਸ ਲਈ ਪਹਾੜੀ ਰਾਜਿਆਂ ਨੂੰ ਦਿੱਲੀ, ਲਾਹੌਰ ਦੀ ਇਮਦਾਦੀ ਫ਼ੌਜ ਦੇ ਨਾਲ ਜਾਲੰਧਰ-ਦੁਆਬ ਦੇ ਇਲਾਕੇ ਵਿਚ ਗੁੱਜਰ, ਡੋਗਰ ਆਦਿ ਧਾੜਵੀ, ਜੋ ਪਹਿਲਾਂ ਹੀ ਰਸਤੇ ਵਿਚ ਆਉਂਦੀਆਂ-ਜਾਂਦੀਆਂ ਸਿੱਖ-ਸੰਗਤਾਂ ਨੂੰ ਲੁਟਦੇ ਰਹਿੰਦੇ ਸਨ, ਇਕੱਠੇ ਕਰਨ ਵਿਚ ਬਹੁਤੀ ਖੇਚਲ ਨਾ ਕਰਨੀ ਪਈ।

ਏਧਰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਹੁਕਮ ਦੇ ਅਧੀਨ ਜਾਨਾਂ ਕੁਰਬਾਨ ਕਰਨ ਵਾਲੇ ਸਿੰਘ ਸੂਰਮੇ ਵੀ, ਜੋ ਇਲਾਕਾ ਮਾਲਵਾ, ਦੁਆਬਾ, ਮਾਝਾ, ਦੜਪ, ਧੰਨੀ, ਪੋਠੋਹਾਰ ਆਦਿ ਥਾਵਾਂ ਤੋਂ ਪੰਜੇ ਹਥਿਆਰ ਬੰਨ੍ਹ ਕੇ ਬੜੇ ਜੋਸ਼-ਖ਼ਰੋਸ਼ ਨਾਲ ਗੁਰੂ ਸਾਹਿਬ ਦੀ ਸੇਵਾ ਵਿਚ ਹਾਜ਼ਰ ਹੋ ਗਏ ਸਨ, ਦੁਸ਼ਮਨ ਦੇ ਇਸ ਇਰਾਦੇ ਤੋਂ ਨਾਵਾਕਿਫ਼ ਨਹੀਂ ਸਨ। ਇਸ ਲਈ 7 ਕੱਤਕ ਸੰਮਤ 1757 ਬਿ. (ਮੁਤਾਬਿਕ ਸੰਨ 1700) ਨੂੰ ਨਿਰਮੋਹ ਗੜ੍ਹ ਦੇ ਸਥਾਨ ਪਰ ਦੋਹਾਂ ਦਲਾਂ ਦਾ ਟਾਕਰਾ ਹੋਇਆ। ਇਸ ਟਾਕਰੇ ਵਿਚ ਸਰਹਿੰਦ ਦਾ ਸੂਬਾ ਵਜ਼ੀਰ ਖ਼ਾਨ ਕੁੰਜਪੁਰੀਆ ਵੀ ਸ਼ਾਮਲ ਸੀ। ਜਦ ਇਹ ਹਮਲਾ ਪਹਾੜੀਆਂ ਵਲੋਂ ਸ਼ੁਰੂ ਹੋਇਆ ਤਾਂ ਗੁਰੂ ਸਾਹਿਬ ਉਸ ਸਮੇਂ ਦਸਤਾਰ ਸਜਾ ਰਹੇ ਸਨ। ਰਾਜਾ ਕਹਿਲੂਰ ਦੇ ਗੋਲੰਦਾਜ਼ ਨੇ ਗੁਰੂ ਜੀ ਵਲ ਤੱਕ ਕੇ ਤੋਪ ਦਾ ਗੋਲਾ ਚਲਾਇਆ, ਜਿਸ ਦਾ ਨਿਸ਼ਾਨਾ ਠੀਕ ਨਾ ਲੱਗਣ ਕਰ ਕੇ ਗੁਰੂ ਜੀ ਬਚ ਗਏ ਤੇ ਹਜ਼ੂਰੀ ਸੇਵਕ ਰਾਮ ਸਿੰਘ ਉਡ ਗਿਆ। ਗੁਰੂ ਸਾਹਿਬ ਨੇ ਉਸੇ ਵੇਲੇ ਕਮਾਨ ਚੁੱਕੀ ਤੇ ਦੋ ਤੀਰ ਚਲਾ ਕੇ ਰਾਜਾ ਕਹਿਲੂਰ ਦੇ ਦੋਵੇਂ ਗੋਲੰਦਾਜ਼ ਮਾਰ ਦਿੱਤੇ ਤੇ ਸਿੱਖ ਦੌੜ ਕੇ ਉਨ੍ਹਾਂ ਦੀਆਂ ਤੋਪਾਂ ਖੋਹ ਲਿਆਏ। ਇਧਰ ਸਾਹਿਬਜ਼ਾਦਾ ਅਜੀਤ ਸਿੰਘ ਨੇ, ਜੋ ਇਸ ਸਮੇਂ ਸਿੰਘਾਂ ਦੀ ਫ਼ੌਜ ਦਾ ਸਿਪਹ ਸਾਲਾਰ ਸੀ, ਉਤੋੜੁੱਤੀ ਕਈ ਜ਼ੋਰਦਾਰ ਹਮਲੇ ਕਰ ਕੇ ਦੁਸ਼ਮਨ ਨੂੰ ਚੰਗੇ ਨੱਕ ਚਣੇ ਚਬਾਏ ਤੇ ਉਸ ਦੀਆਂ ਫ਼ੌਜਾਂ ਦੇ

ਸਥਾਰ ਲਾਹ ਸੁੱਟੇ। ਸਿੱਖ ਜੋਧਿਆਂ ਵਿਚੋਂ ਇਸ ਸਮੇਂ ਭਾਈ ਸਾਹਿਬ ਚੰਦ, ਈਸ਼ਰ ਸਿੰਘ, ਨੰਦ ਸਿੰਘ, ਸੂਰਾ ਸਿੰਘ, ਸਾਧੂ ਸਿੰਘ ਆਦਿ ਅਤੇ ਦੁਸ਼ਮਨ ਦੀ ਫ਼ੌਜ ਵਿਚੋਂ ਅਲੀ ਮਰਦਾਨ ਖ਼ਾਨ, ਯਾਕੂਬ ਖ਼ਾਨ ਆਦਿ ਸਰਦਾਰ ਲੜਦੇ ਹੋਏ ਮਾਰੇ ਗਏ। ਇਹ ਲੜਾਈ ਇਸ ਤਰ੍ਹਾਂ ਸੱਤ ਪਹਿਰ ਹੁੰਦੀ ਰਹੀ ਤੇ ਫੇਰ ਸੂਰਜ ਛਿਪ ਗਿਆ, ਜਿਸ ਕਰ ਕੇ ਸਾਰੇ ਥਾਵੀਂ ਚੁਪ ਵਰਤ ਗਈ। ਤੁਰਕਾਨੀ ਫ਼ੌਜਾਂ ਨੇ ਇਸ ਹਾਲਤ ਵਿਚ ਹਾਰ ਹੋਈ ਮੰਨ ਕੇ ਪਹਾੜੀ ਰਾਜਿਆਂ ਤੋਂ ਜੰਗ ਦਾ ਸਾਰਾ ਖ਼ਰਚ-ਪਰਚ ਵਸੂਲ ਲਿਆ ਤੇ ਵਾਪਸ ਚਾਲੇ ਪਾ ਦਿੱਤੇ, ਪਰ ਪਹਾੜੀ ਰਾਜੇ ਇਸ ਹਾਲਤ ਵਿਚ ਵੀ ਪਿੱਛੇ ਨਾ ਹਟੇ ਤੇ ਉਹ ਸਿੱਖਾਂ ਦੀ ਤਾਕ ਵਿਚ ਬੈਠੇ ਹੀ ਰਹੇ।

ਬਿਸਾਲੀ ਤੇ ਕਲਮੋਟ ਦੇ ਜੁੱਧ (ਸੰਨ 1700 ਈ.) :

ਇਸ ਸਮੇਂ ਬਿਸਾਲੀ (ਇਲਾਕਾ ਊਨਾ) ਦਾ ਰਾਜਾ ਧਰਮ ਪਾਲ, ਜੋ ਗੁਰੂ ਸਾਹਿਬ ਦਾ ਪਰਮ ਪ੍ਰੇਮੀ ਸੀ, ਅਚਾਣਕ ਆ ਮਿਲਿਆ ਤੇ ਉਸ ਦੇ ਖਿੱਚ ਪਾਉਣ ਤੇ ਗੁਰੂ ਸਾਹਿਬ ਦਰਿਆ ਸਤਲੁਜ ਲੰਘ ਕੇ ਉਸ ਦੇ ਇਲਾਕੇ ਵਿਚ, ਜੋ ਜਾਲੰਧਰ-ਦੁਆਬ ਦੀਆਂ ਪਹਾੜੀਆਂ ਨਾਲ ਸੰਬੰਧਿਤ ਹੈ, ਸਿੱਖ ਜੋਧਿਆਂ ਸਮੇਤ ਚਲੇ ਗਏ। ਇਧਰ ਪਹਾੜੀ ਰਾਜਿਆਂ ਨੇ ਵੀ ਮੌਕਾ ਤਾੜ ਕੇ ਗੁਰੂ ਜੀ ਦਾ ਪਿੱਛਾ ਕੀਤਾ, ਜਿਸ ਕਰ ਕੇ ਹੱਲਾ ਕਰਨ ਤੇ ਰਾਜਾ ਬਿਸਾਲੀ ਦਾ ਇਲਾਕਾ ਹੀ ਇਕ ਜੰਗੀ ਅਖਾੜਾ ਬਣ ਗਿਆ। ਇਸ ਸਮੇਂ ਮਹੀਨਾ ਅਕਤੂਬਰ ਦਾ ਸੀ। ਸਿੱਖਾਂ ਨੇ ਗੁਰੂ ਜੀ ਦੇ ਹੁਕਮ ਨਾਲ ਅਜਿਹੀ ਚੁਸਤੀ ਦਿਖਾਈ ਕਿ ਪਹਾੜੀ ਰਾਜੇ ਉਨ੍ਹਾਂ ਦੇ ਜਵਾਬੀ ਹਮਲੇ ਦੀ ਝਾਲ ਨਾ ਝੱਲ ਸਕੇ ਤੇ ਅਨੇਕਾਂ ਲੋਥਾਂ ਮੈਦਾਨਿ ਜੰਗ ਵਿਚ ਛੱਡ ਕੇ ਨੱਸ ਗਏ। ਇਸ ਤੋਂ ਬਾਦ ਗੁਰੂ ਸਾਹਿਬ ਕਿਤਨੇ ਹੀ ਦਿਨ ਰਾਜਾ ਬਿਸਾਲੀ ਦੇ ਕੋਲ ਰਹੇ ਤੇ ਉਸ ਦੇ ਨਾਲ ਜਾ ਕੇ ਸ਼ਿਕਾਰ ਵੀ ਖੇਡਦੇ ਰਹੇ।

ਨਗਰ ਬਿਸਾਲੀ ਦੀ ਰਿਹਾਇਸ਼ ਸਮੇਂ ਹੀ ਭੰਭੋਰ ਦੇ ਸਥਾਨ ਪਰ ਗੁਰੂ ਸਾਹਿਬ ਦੇ ਪਾਸ ਸਿੱਖ-ਸੰਗਤਾਂ ਵਲੋਂ ਸ਼ਿਕਾਇਤ ਪੁੱਜੀ ਕਿ ਉਨ੍ਹਾਂ ਨੂੰ ਨੇੜੇ ਹੀ ਪਿੰਡ ਕਲਮੋਟ ਦੇ ਰੰਘੜਾਂ ਤੇ ਗੁੱਜਰਾਂ ਨੇ ਡਾਢੇ ਤੰਗ ਕੀਤਾ ਹੈ ਤੇ ਉਨ੍ਹਾਂ ਦਾ ਸਾਰਾ ਮਾਲ-ਮਤਾਹ ਲੁੱਟ ਲਿਆ ਹੈ। ਗੁਰੂ ਸਾਹਿਬ ਨੇ ਝੱਟ ਸਿੱਖਾਂ ਨੂੰ ਹੁਕਮ ਦਿੱਤਾ ਜਿਸ ਕਰ ਕੇ ਖ਼ਾਲਸੇ ਨੇ ਹੱਲਾ ਕਰ ਕੇ ਉਥੋਂ ਦੇ ਰੰਘੜ ਤੇ ਗੁੱਜਰ ਮਾਰ ਮੁਕਾਏ ਤੇ ਕਲਮੋਟ ਦੀ ਇੱਟ ਨਾਲ ਇੱਟ ਵਜਾ ਦਿੱਤੀ। ਫੇਰ ਗੁਰੂ ਸਾਹਿਬ ਉਥੋਂ ਜਿੱਤ ਦੇ ਨਗਾਰੇ ਵਜਾਉਂਦੇ ਹੋਏ ਆਪਣੀ ਸਿਪਾਹ ਸਮੇਤ ਦਰਿਆ ਸਤਲੁਜ ਲੰਘੇ ਤੇ ਸ੍ਰੀ ਆਨੰਦਪੁਰ ਵਾਪਸ ਪਰਤ ਆਏ। ਰਾਜਾ ਅਜਮੇਰ ਚੰਦ ਕਹਿਲੂਰ ਤੇ ਉਸ ਦੇ ਸਾਥੀ ਹੋਰ ਪਹਾੜੀ ਰਾਜਿਆਂ ਨੇ, ਜੋ ਰਣ-ਭੂਮੀ ਵਿਚ ਸਿੱਖਾਂ ਦੇ ਕਰਾਰੇ ਹੱਥ ਦੇਖ ਚੁਕੇ ਸਨ, ਗੁਰੂ ਸਾਹਿਬ ਤੋਂ ਪਿਛਲੇ ਗੁਨਾਹਾਂ ਦੀ ਮਾਫ਼ੀ ਮੰਗ ਲਈ ਤੇ ਅੱਗੇ ਵਾਸਤੇ ਸਹੀ ਰਸਤੇ ਉਤੇ ਚੱਲਣ ਦਾ ਭਰੋਸਾ ਦਿੱਤਾ।

ਗੁਰੂ ਸਾਹਿਬ ਚੂੰਕਿ ਮਿਹਰਾਂ ਦੇ ਦਾਤੇ ਤੇ ਬਖ਼ਸ਼ਣਹਾਰ ਸਨ, ਇਸ ਲਈ ਪਹਾੜੀ ਰਾਜਿਆਂ ਦੇ ਇਸ ਤਰ੍ਹਾਂ ਈਨ ਮੰਨਣ ਕਰ ਕੇ ਉਨ੍ਹਾਂ ਨੂੰ ਪਹਿਲਾਂ ਵਾਂਗ ਉਸੇ ਤਰ੍ਹਾਂ ਗੁਰੂ-ਦਰਬਾਰ ਵਲੋਂ ਰੋਜ਼ੀਨੇ ਮਿਲਣ ਲੱਗ ਪਏ ਤੇ ਨੌਕਰ ਵੀ ਰੱਖ ਲਿਆ ਗਿਆ। ਕਵੀ ਕੇਸਰ ਸਿੰਘ ਛਿੱਬਰ ਦੇ ਕਥਨ ਅਨੁਸਾਰ :

ਡੋਗਰੇ[1] ਸਭੇ ਰਹਿਦੇ ਆਹੇ ਚਰਨਾਂ ਪਾਸ ।
ਕਰਦੇ ਚਾਕਰੀ ਲੈਂਦੇ ਰੁਪਯੇ ਤਲਬਾ ਤਾਸ ।
ਚਾਰ ਕੂੰਟ ਦਾ ਪਦਾਰਥ ਸਾਹਿਬ ਪਾਸ ਆਵੇ ।
ਜੋ ਕੋਈ ਮੰਗੇ ਸੋਈ ਲੈ ਜਾਵੇ ॥ ੩੯੮ ॥

(ਦੇਖੋ, ਬੰਸਾਵਲੀ ਨਾਮਾ, ਚਰਣ ਦਸਵਾਂ)

[1]ਅਰਥਾਤ-ਡਗਰ ਦੇਸ (ਪਹਾੜ) ਦੇ ਰਾਜੇ ।

ਸਿੱਖਾਂ ਦੀ ਵੀਰ ਪਰੰਪਰਾ

ਛੇਵਾਂ ਦੌਰ

ਸ੍ਰੀ ਆਨੰਦਪੁਰ ਤੋਂ ਨੰਦੇੜ-ਦੱਖਣ

(ਛੇਕੜਲਾ ਪੜਦਾ)

ਆਨੰਦਪੁਰ ਦੀ ਨਵੀਂ ਆਬਾਦੀ ਤੇ ਆਖ਼ਰੀ ਜੁੱਧ :

ਨਿਰਮੋਹਗੜ੍ਹ ਤੇ ਬਿਸਾਲੀ-ਕਲਮੋਟ ਦੀ ਲੜਾਈ ਤੋਂ ਬਾਦ ਗੁਰੂ ਸਾਹਿਬ ਨੇ ਵਾਪਸ ਆਨੰਦਪੁਰ ਮੁੜ ਕੇ ਇਸ ਵੀਰਾਨ ਨਗਰੀ ਨੂੰ, ਜੋ ਦੁਸ਼ਮਨ ਨੇ ਲੁੱਟ ਪੁੱਟ ਕੇ ਉਜਾੜ ਕਰ ਛੱਡੀ ਸੀ, ਥੋੜੇ ਦਿਨਾਂ ਵਿਚ ਹੀ ਨਵੇਂ ਸਿਰੇ ਆਬਾਦ ਕਰ ਲਿਆ। 52 ਕਵੀ ਵਿਦਵਾਨ, ਜੋ ਪਸਿਲਾਂ ਤੋਰ ਛੱਡੇ ਸਨ, ਮੁੜ ਵਾਰਸ ਬੁਲਾ ਲਏ, ਰੋਜ਼ ਕਵੀ ਦਰਬਾਰ ਅਤੇ ਰਾਜ ਦਰਬਾਰ ਲੱਗਣ ਲੱਗੇ, ਸਾਰੇ ਪਹਾੜੀ ਰਾਜਿਆਂ ਨੇ ਫੇਰ ਈਨ ਮੰਨ ਲਈ ਤੇ ਮੁੜ ਉਹੋ ਚਹਿਲ ਪਹਿਲ ਕਾਇਮ ਹੋਣ ਕਰ ਕੇ ਸ੍ਰੀ ਆਨੰਦਪੁਰ ਸਾਹਿਬ ਸਚ ਮੁਚ ਹੀ ਆਨੰਦ ਦੀ ਪੁਰੀ ਬਣ ਗਈ।[1]

ਪਰ ਇਹ ਅਮਨ-ਅਮਾਨ ਤੇ ਆਨੰਦ ਭਰਪੂਰ ਅਵਸਥਾ ਬਹੁਤਾ ਚਿਰ ਕਾਇਮ ਨਾ ਰਹਿ ਸਕੀ। ਪਹਾੜੀ ਰਾਜੇ — ਕਹਿਲੂਰ, ਕਟੋਚ,ਜਮਵਾਲ ਆਦਿ — ਭਾਵੇਂ ਉਸੇ ਤਰ੍ਹਾਂ ਅਧੀਨ ਹੋ ਕੇ ਮੁੜ ਉਹੋ ਰੁਜ਼ੀਨੇ ਗੁਰ-ਦਰਬਾਰ ਤੋਂ ਲੈਣ ਲੱਗ ਪਏ ਸਨ, ਪਰ ਮਨ ਉਨ੍ਹਾਂ ਦੇ ਮੁਗ਼ਲੇਈ ਹਕੂਮਤ ਨਾਲ ਪੂਰੀ ਤਰ੍ਹਾਂ ਪਰੋਤੇ ਹੋਏ ਸਨ, ਇਸ ਲਈ ਉਹ ਮਨ ਵਚਨ ਕਰਮ ਤੋਂ ਅੰਦਰਗਤੀ ਵਿਰੋਧ ਦੇ ਕਾਰਣ ਹਮੇਸ਼ਾਂ ਮੁਗ਼ਲਾਂ ਦੇ ਜਾਸੂਸ ਬਣ ਕੇ ਹੀ ਕੰਮ ਕਰਦੇ ਰਹੇ। 16 ਮਾਘ 1759 ਬਿ. ਨੂੰ ਚਮਕੌਰ ਦੇ ਨੇੜੇ, ਜਦੋਂ ਗੁਰੂ ਸਾਹਿਬ ਕੁਰੁਖੇਤ੍ਰ ਤੋਂ ਵਾਪਸ ਆ ਰਹੇ ਸਨ, ਸੈਦ ਬੇਗ ਤੇ ਅਲਿਫ਼ ਖ਼ਾਨ ਨਾਲ ਉਨ੍ਹਾਂ ਦੀ ਚੰਗੀ ਮੁੱਠ ਭੇੜ ਹੋਈ, ਜਿਸ ਵਿਚ ਭਾਈ ਉਦੇ ਸਿੰਘ ਦੇ ਹੱਥੋਂ ਅਲਿਫ਼ ਖ਼ਾਨ ਤੇ ਉਸ ਦੇ ਸਾਥੀ ਭਾਂਜ ਖਾ ਗਏ। ਇਸੇ ਤਰ੍ਹਾਂ ਚੇਤ ਵਦੀ 1, ਸੰਮਤ 1759 ਬਿ. ਨੂੰ ਸਾਹਿਬਜ਼ਾਦਾ ਅਜੀਤ ਸਿੰਘ ਜੀ ਨੇ 100 ਸਿੰਘ ਸਿਪਾਹੀ ਆਪਣੇ ਨਾਲ ਲਿਜਾ ਕੇ ਪਿੰਡ ਬਸੀ ਜ਼ਿਲਾ ਹੁਸ਼ਿਆਰਪੁਰ ਦੇ ਪਠਾਣ ਜਬਰ ਜੰਗ ਖ਼ਾਨ ਤੋਂ ਇਕ ਬ੍ਰਾਹਮਣ (ਦੇਵਕੀ ਨੰਦਨ) ਦੀ ਬ੍ਰਾਹਮਣੀ, ਜੋ ਉਸ ਪਠਾਣ ਨੇ ਧੱਕੇ

---

[1]ਫੇਰ ਬਸਜੋ ਆਨੰਦਗੜ੍ਹ, ਰਾਜਨ ਮਾਨੀ ਆਨ।
ਬੈਸਾਲੀ ਤੇ ਕੂਚ ਕਰਿ ਵਸੇ ਪ੍ਰਭੂ ਤਿਹ ਥਾਨ ॥ ੧ ॥ ੪੦੪ ॥

(ਸ੍ਰੀ ਗੁਰ ਸੋਭਾ)

ਨਾਲ ਖੋਹ ਲਈ ਸੀ, ਬੜੀ ਜੱਦੋ ਜਹਿਦ ਨਾਲ ਵਾਪਸ ਲਿਆ ਕੇ ਦਿੱਤੀ। ਸਿੱਖਾਂ ਦੀਆਂ ਇਨ੍ਹਾਂ ਗੱਲਾਂ ਤੋਂ ਮੁਗਲ ਹਕੂਮਤ ਹੋਰ ਵੀ ਚਿੜ੍ਹ ਗਈ। ਭਾਈ ਕੇਸਰ ਸਿੰਘ ਛਿੱਬਰ ਦੇ ਕਥਨ ਅਨੁਸਾਰ ਏਧਰ ਇਸੇ ਸਾਲ ਵਿਸਾਖੀ ਸਮੇਂ ਇਕ ਧਨੀ ਸਿੱਖ ਕੁਝ ਜ਼ਰੂਰੀ ਭੇਟਾ ਦੇ ਨਾਲ ਇਕ ਅਜੀਬ ਜਿਹਾ ਤਾਰ ਦਾ ਗੋਂਦਵਾ ਜਾਨਵਰ ਲੈ ਕੇ ਆਇਆ, ਜੋ ਅਸਲ ਜਾਨਵਰ ਵਾਂਗੂ ਹੀ ਤੁਰਦਾ, ਫਿਰਦਾ, ਦਾਣੇ ਚੁਗਦਾ ਤੇ ਵਿੱਠਾਂ ਕਰਦਾ ਸੀ। ਰਾਜੇ ਹਿੰਮਤ ਚੰਦ ਹੰਡੂਰੀਏ ਨੇ ਲਾਲਚ ਵਿਚ ਆ ਕੇ ਉਹ ਜਾਨਵਰ ਗੁਰੂ ਜੀ ਤੋਂ ਮੰਗਿਆ, ਜੋ ਅਚਾਣਕ ਉਸ ਸਿੱਖ ਦੀ ਸ਼ਰਧਾ ਦੇ ਕਾਰਣ ਛੋਟੇ ਸਾਹਿਬਜ਼ਾਦਾ ਫ਼ਤਹਿ ਸਿੰਘ ਜੀ ਲੈ ਗਏ ਸਨ।[1] ਰਾਜਾ ਹੰਡੂਰ ਨੇ ਗੁਰੂ ਜੀ ਵਲੋਂ ਇਨਕਾਰ ਹੋਣ ਤੇ ਇਸ ਗੱਲੋਂ ਹਤਕ ਮੰਨੀ ਤੇ ਰਾਜਾ ਕਹਿਲੂਰ, ਕਟੋਚ ਆਦਿ ਨਾਲ ਸਲਾਹ ਕਰ ਕੇ ਫੇਰ ਉਹੋ ਬਗ਼ਾਵਤ ਦਾ ਝੰਡਾ ਖੜਾ ਕਰ ਦਿੱਤਾ। ਇਕ ਪਾਸੇ ਤਾਂ ਉਨ੍ਹਾਂ ਨੇ ਖੇਖਣ ਕਰ ਕੇ ਬਾਦਸ਼ਾਹ ਔਰੰਗਜ਼ੇਬ ਤੋਂ ਫ਼ੌਜੀ ਸਹਾਇਤਾ ਮੰਗੀ ਤੇ ਦੂਜੇ ਪਾਸੇ ਖ਼ੁਦ ਜੰਗੀ ਤਿਆਰੀਆਂ ਕਰਨ ਲੱਗ ਪਏ। 20-21 ਚੇਤ ਸੰਮਤ 1761 ਬਿ. ਨੂੰ ਰਾਜਾ ਅਜਮੇਰ ਚੰਦ ਬਿਲਾਸਪੁਰ, ਰਾਜਾ ਹੰਡੂਰ, ਕਟੋਚ ਆਦਿ ਨੇ ਆਨੰਦਪੁਰ ਉਤੇ ਚੜ੍ਹਾਈ ਕਰ ਦਿੱਤੀ, ਪਰ ਉਨ੍ਹਾਂ ਦਾ ਇਹ ਹਮਲਾ ਵੀ ਤੁਰਤ ਹੀ ਪਛਾੜ ਦਿੱਤਾ ਗਿਆ।

ਇਸ ਤੋਂ ਪਿਛੋਂ ਰਾਜਨੀਤਕ ਹਾਲਾਤ ਅਚਾਣਕ ਕੁਝ ਅਜਿਹੇ ਬਦਲੇ ਕਿ ਆਨੰਦਪੁਰ ਦੇ ਨੇੜੇ ਤੇੜੇ ਦਰਿਆ ਸਤਲੁਜ ਦੇ ਢਾਹੇ ਦੇ ਰੰਘੜਾਂ ਤੇ ਗੁੱਜਰਾਂ ਦੇ ਪਿੰਡ, ਜੋ ਗੁਰੂ ਸਾਹਿਬ ਦੇ ਹੁਕਮ ਨਾਲ ਖ਼ਾਲਸੇ ਨੇ ਅਜਿਹੇ ਦਬਾਏ ਤੇ ਅਧੀਨ ਕੀਤੇ ਕਿ ਉਹ ਮੁੜ ਉਭਰਨ ਜੋਗੇ ਨਾ ਰਹੇ। ਇਲਾਕਾ ਪਹਾੜ ਦੇ ਰਾਜੇ ਇਸ ਗੱਲੋਂ ਵਧੇਰੇ ਖੁਣਸਾਏ ਤੇ ਉਨ੍ਹਾਂ ਨੇ ਇਸ ਤਰ੍ਹਾਂ ਜਦ ਸਾਰੇ ਇਲਾਕੇ ਵਿਚ ਦੂਰ-ਨੇੜੇ ਗੁਰੂ ਖ਼ਾਲਸੇ ਦਾ ਰਾਜ ਫੈਲਦਾ ਦੇਖਿਆ ਤਾਂ ਫੇਰ ਸਿੱਖਾਂ ਨਾਲੋਂ ਆਪਣੇ ਸੰਬੰਧ ਕਤਈ ਤੋੜ ਲਏ ਤੇ ਉਸੇ ਤਰ੍ਹਾਂ ਗੁਰੂ ਜੀ ਤੋਂ ਵਿਰੁੱਧ ਇਕ ਥਾਵੇਂ ਹੋਕੇ ਜੰਗੀ ਤਿਆਰੀਆਂ ਕਰਨੀਆਂ ਸ਼ੁਰੂ ਕਰ ਦਿੱਤੀਆਂ ਤੇ ਉਧਰ ਆਪਣੀ ਮਦਦ ਵਾਸਤੇ ਮੁਗਲ ਹਕੂਮਤ ਨੂੰ ਵੀ ਲਿਖ ਦਿੱਤਾ। ਨਤੀਜਾ ਇਸ ਜੱਦੋ ਜਹਿਦ ਦਾ ਇਹ ਹੋਇਆ ਕਿ ਸ੍ਰੀ ਆਨੰਦਪੁਰ ਸਾਹਿਬ ਉਤੇ ਇਕ ਪਾਸਿਓਂ ਤਾਂ ਪਹਾੜੀ ਰਾਜਿਆਂ ਦੀਆਂ ਫ਼ੌਜਾਂ ਚੜ੍ਹੀਆਂ ਤੇ ਦੂਜੇ ਪਾਸਿਓਂ ਦਿੱਲੀ, ਲਾਹੌਰ ਤੇ ਸਰਹਿੰਦ ਦੀਆਂ ਬੇਗਿਣਤ ਫ਼ੌਜਾਂ ਆ ਪਹੁੰਚੀਆਂ। ਇਸ ਤਰ੍ਹਾਂ ਦੁਪਾਸਿਓਂ ਫ਼ੌਜਾਂ ਆਹਮੋ ਸਾਹਮਣੇ ਹੋਣ ਤੇ ਜੰਗ ਸ਼ੁਰੂ ਹੋ ਗਿਆ ਤੇ ਗੁਰੂ ਕੇ ਸਿੰਘਾਂ ਨੇ ਬੜੀ ਦਲੇਰੀ ਨਾਲ ਦੁਸ਼ਮਨ ਦਾ ਮੁਕਾਬਲਾ ਸ਼ੁਰੂ ਕਰ ਦਿੱਤਾ। ਇਹ ਜੰਗ ਮਿਤੀ ਮੱਘਰ ਸੁਦੀ 5 ਸੰਮਤ 1761 ਬਿ. (ਸੰਨ 1704 ਈ.) ਤੋਂ ਸ਼ੁਰੂ ਹੋ ਕੇ ਮਿਤੀ ਪੋਹ ਸੰਮਤ 1762 ਬਿ. (ਸੰਨ 1705 ਈ.) ਤਕ ਕਦੇ ਬੜੇ ਜੋਸ਼ ਨਾਲ ਲਗਾਤਾਰ ਤੇ ਕਦੇ ਕੁਝ ਸਮਾਂ ਲੰਘਾਉਣ ਲਈ ਪਿੱਛੇ ਹਟ ਕੇ ਚਲਦਾ ਰਿਹਾ। ਗੱਲ ਕੀ ਇਸ ਤਰ੍ਹਾਂ ਸ੍ਰੀ ਆਨੰਦ ਗੜ੍ਹ ਤੇ ਉਸ ਦੇ ਨਾਲ ਸੰਬੰਧਿਤ ਸਾਰੇ ਹੀ ਕਿਲੇ ਦੁਸ਼ਮਨ ਦੇ ਅੱਗੇ ਇਕ ਪ੍ਰਕਾਰ ਦੀ ਮਜ਼ਬੂਤ ਕੰਧ ਬਣ ਕੇ ਖਲੋਤੇ ਰਹੇ, ਜਿਨ੍ਹਾਂ ਨੂੰ ਉਸ ਸਮੇਂ ਫ਼ਤਹਿ ਕਰਨਾ ਕੋਈ ਆਸਾਨ ਕੰਮ ਨਹੀਂ ਸੀ।

ਬਾਦਸ਼ਾਹ ਔਰੰਗਜ਼ੇਬ ਵਲੋਂ ਮੁਗਲ ਹਕੂਮਤ ਦੀ ਸਾਰੀ ਫ਼ੌਜੀ ਤਾਕਤ ਉਸ ਸਮੇਂ,

---

[1] ਦੇਖੋ, ਬੰਸਾਵਲੀ ਨਾਮਾ ਦਸਾਂ ਪਾਤਸ਼ਾਹੀਆਂ ਕਾ (ਕੇਸਰ ਸਿੰਘ, ਛਿੱਬਰ), ਚਰਣ ਦਸਵਾਂ।

ਜਿਸ ਤਰ੍ਹਾਂ ਕਿ ਪਿੱਛੇ ਦੱਸਿਆ ਗਿਆ ਹੈ, ਦੱਖਣ ਵਿਚ ਜਿੱਤ ਪ੍ਰਾਪਤ ਕਰਕੇ ਸ਼ਾਂਤੀ ਸਥਾਪਤ ਕਰਨ ਲਈ ਵਲ ਲੱਗੀ ਸੀ । ਇਸ ਕਾਰਣ ਔਰੰਗਜ਼ੇਬ ਪੰਜਾਬ ਵਲ ਏਨਾ ਧਿਆਨ ਨਾ ਦੇ ਸਕਿਆ, ਪਰ ਫੇਰ ਵੀ ਬਾਦਸ਼ਾਹੀ ਹੁਕਮ ਨਾਲ ਦਿੱਲੀ, ਲਾਹੌਰ ਤੇ ਸਰਹਿੰਦ ਦੀਆਂ ਫ਼ੌਜਾਂ ਸਮੇਤ ਬਹੁਤ ਸਾਰੇ ਗੁੱਜਰ, ਡੋਗਰ ਆਦਿ ਧਾੜਵੀ ਜੱਥੇ ਪਹਾੜੀ ਰਾਜਿਆਂ ਦੇ ਨਾਲ ਮਿਲਕੇ ਆਨੰਦਪੁਰ ਉਤੇ ਲਗਾਤਾਰ ਹਮਲੇ ਕਰਦੇ ਰਹੇ । ਗੁਰੂ ਸਾਹਿਬ ਨੇ ਇਸ ਸਮੇਂ ਕਿਲਿਆਂ ਦੀ ਰਾਖੀ ਲਈ ਕਿਲਾ ਕੇਸਗੜ੍ਹ ਵਿਚ ਸਾਹਿਬਜ਼ਾਦਾ ਅਜੀਤ ਸਿੰਘ, ਕਿਲ੍ਹਾ ਲੋਹਗੜ੍ਹ ਵਿਚ ਭਾਈ ਨੰਦ ਸਿੰਘ, ਨਾਹਰ ਸਿੰਘ ਤੇ ਸ਼ੇਰ ਸਿੰਘ ਆਦਿ, ਦਮਦਮੇ ਦੇ ਮੋਰਚੇ ਵਿਚ ਆਲਮ ਸਿੰਘ, ਸੰਗਤ ਸਿੰਘ, ਸੰਤ ਸਿੰਘ ਆਦਿ, ਕਿਲਾ ਅਗਮ ਗੜ੍ਹ ਵਿਚ ਉਦੇ ਸਿੰਘ, ਈਸ਼ਰ ਸਿੰਘ ਆਦਿ ਸਿੱਖ ਯੋਧੇ ਬਹੁ-ਗਿਣਤੀ ਦੇ ਬਹਾਦੁਰ ਸਿਪਾਹੀਆਂ ਸਮੇਤ ਕਾਇਮ ਕਰ ਦਿੱਤੇ । ਇਸੇ ਤਰ੍ਹਾਂ ਹੋਰ ਕਿਲ੍ਹਿਆਂ ਦੀ ਹਿਫ਼ਾਜ਼ਿਤ ਦਾ ਵੀ ਪੂਰਾ ਪੂਰਾ ਪ੍ਰਬੰਧ ਕਰ ਦਿੱਤਾ ਗਿਆ ।

ਦੁਸ਼ਮਨ ਨੇ ਇਸ ਹਾਲਤ ਵਿਚ ਅਨੇਕਾਂ ਹਮਲਿਆਂ ਦੇ ਬਾਵਜੂਦ ਫ਼ਤਿਹ ਨਾ ਹੁੰਦੀ ਦੇਖ ਕੇ ਧੀਰੇ ਧੀਰੇ ਆਨੰਦਪੁਰ ਨੂੰ ਚੁਤਰਫੋਂ ਘੇਰਾ ਘੱਤ ਲਿਆ ਤੇ ਸਾਰਾ ਰਸਦ-ਪਾਣੀ, ਜੋ ਬਾਹਰੋਂ ਆਉਂਦਾ ਸੀ, ਬੰਦ ਕਰ ਦਿੱਤਾ । ਇਸ ਤਰ੍ਹਾਂ ਇਹ ਘੇਰਾ ਮਹੀਨਾ ਜੇਠ ਤੋਂ ਪੋਹ 1762 ਬਿ. ਤਕ ਲਗਭਗ 8 ਮਹੀਨੇ ਜਾਰੀ ਰਿਹਾ । ਨਤੀਜਾ ਇਸ ਘੇਰੇ ਦਾ ਇਹ ਹੋਇਆ ਕਿ ਅੰਦਰੋਂ ਸਾਰਾ ਰਸਦ-ਪਾਣੀ ਮੁੱਕਣ ਕਰ ਕੇ ਆਨੰਦਪੁਰ ਵਿਚ ਕਾਲ ਵਰਤ ਗਿਆ ਤੇ ਇਸ ਤਰ੍ਹਾਂ ਜਦ ਅਨੇਕਾਂ ਲੋਕ ਭੁੱਖ ਦੇ ਦੁੱਖੋਂ ਤੰਗ ਆਕੇ ਨਗਰ ਛੱਡ ਗਏ ਤਾਂ ਸਿੱਖਾਂ ਨੇ ਗੁਰੂ ਸਾਹਿਬ ਦੇ ਉਤੇ ਜ਼ੋਰ ਪਾਇਆ । ਉਧਰੋਂ ਔਰੰਗਜ਼ੇਬ ਵਲੋਂ ਵੀ ਉਤੋੜੁੱਤੀ ਦੋ ਖ਼ਾਸ ਪਤ੍ਰ, ਜੋ ਇਕ ਪ੍ਰਕਾਰ ਦੇ ਅਹਿਦਨਾਮੇ ਸਨ, ਆਉਣ ਤੇ ਪਹਾੜੀ ਰਾਜਿਆਂ ਤੇ ਮੁਗ਼ਲ ਹਕੂਮਤ ਵਲੋਂ ਭਰੋਸਾ ਦਿੰਦਿਆਂ ਦੁਸ਼ਮਨ ਦੇ ਵਕੀਲ ਨੇ ਆਨੰਦਪੁਰ ਪਹੁੰਚ ਕੇ ਕਿਹਾ ਕਿ ਜੇ ਗੁਰੂ ਸਾਹਿਬ ਆਨੰਦਪੁਰ ਛੱਡ ਜਾਣ ਤਾਂ ਉਨ੍ਹਾਂ ਨੂੰ, ਉਨ੍ਹਾਂ ਦੇ ਪਰਿਵਾਰ ਨੂੰ ਤੇ ਸਿੱਖਾਂ ਨੂੰ ਕੁਝ ਨਹੀਂ ਕਿਹਾ ਜਾਵੇਗਾ, ਸਗੋਂ ਉਨ੍ਹਾਂ ਨੂੰ ਜਿੱਥੇ ਉਹ ਚਾਹੁਣ, ਆਉਣ-ਜਾਣ ਦੀ ਖੁਲ੍ਹ ਹੋਵੇਗੀ ਤੇ ਉਨ੍ਹਾਂ ਦੀ ਪੂਰੀ ਪੂਰੀ ਹਿਫ਼ਾਜ਼ਿਤ ਵੀ ਕੀਤੀ ਜਾਵੇਗੀ[1] ।

---

[1]ਭਾਈ ਸੰਤੋਖ ਸਿੰਘ ਦੇ ਕਥਨ ਅਨੁਸਾਰ ਇਹ ਅਸਲੀਅਤ ਕੁਝ ਇਸ ਪ੍ਰਕਾਰ ਹੈ :

ਕਿਤਕ ਬਿਤੇ, ਦਿਵਸ ਇਸ ਭਾਤੀ ।
ਪੁਨਿ ਆਈ ਅਵਰੰਗ ਕੀ ਪਾਤੀ ।
ਕਸਮ ਕੁਰਾਨ ਆਦਿ ਦੀ ਖਾਈ ।
ਤੁਮਰ ਬੁਰੋ ਨ ਚਿਤਹਿ ਕਦਾਈ ॥ ੨੪ ॥
ਸੱਚ ਜਾਨ ਇਹ ਲਿਖਯੋ ਹਮਾਰੋ ।
ਤਜੋ ਅਬੈ ਸੰਗ੍ਰਾਮ ਅਖਾਰੋ ॥ ੨੫ ॥
ਹਮਰੀ ਓਰ ਆਪ ਚਲ ਆਵਹੁ ।
ਹੁਇ ਹੈ ਮੇਲ ਸਦਾ ਹਰਖਾਵਹੁ ॥ ੨੬ ॥...
ਅੰਹਿਦ ਕਰੇ ਵਿਚ ਦਿਯੋ ਖੁਦਾਇ ।
ਸਪਥ ਮੁਹੰਮਦ ਕੀ ਤਿਨ ਖਾਇ ॥ ੩੭ ॥

(ਬਾਕੀ ਦੇਖੋ ਸਫ਼ਾ 98 ਉਤੇ)

ਸ੍ਰੀ ਆਨੰਦਪੁਰ ਦਾ ਸਦੀਵੀ ਤਿਆਗ (ਸੰਨ 1705 ਈ.) :

ਗੁਰੂ ਸਾਹਿਬ ਮੁਗ਼ਲ ਹਾਕਮਾਂ ਤੇ ਪਹਾੜੀ ਰਾਜਿਆਂ ਦੀਆਂ ਇਸ ਤਰ੍ਹਾਂ ਝੂਠੀਆਂ ਸੌਂਹਾਂ-ਸੁਗੰਦਾਂ ਖਾ ਕੇ ਛਲ-ਫ਼ਰੇਬ ਦੀ ਨੀਤੀ ਤੋਂ ਪਹਿਲਾਂ ਹੀ ਚੰਗੀ ਤਰ੍ਹਾਂ ਵਾਕਿਫ਼ ਸਨ ਤੇ ਉਨ੍ਹਾਂ ਨੂੰ ਇਸ ਸੰਬੰਧ ਵਿਚ ਕਈ ਵੇਰ ਅਜ਼ਮਾ ਵੀ ਚੁੱਕੇ ਸਨ, ਇਸ ਲਈ ਇਸ ਚਖ਼ਮੇ ਵਿਚ ਨਾ ਆਏ, ਪਰ ਫੇਰ ਵੀ 6 ਪੋਹ ਨੂੰ ਔਰੰਗਜ਼ੇਬ ਵਲੋਂ ਇਕ ਨਵੇਂ ਸੌਂਹਾਂ-ਸੁਗੰਦਾਂ ਭਰੇ ਖ਼ਤ ਦੇ ਆਉਣ ਤੇ ਵੱਡੇ ਮਾਤਾ ਗੂਜਰੀ ਜੀ ਤੇ ਹੋਰ ਸਾਰੇ ਸਿੱਖਾਂ ਨੇ ਬਹੁਤਾ ਜ਼ੋਰ ਪਾਇਆ, ਜਿਸ ਕਰ ਕੇ ਗੁਰੂ ਸਾਹਿਬ ਆਨੰਦਪੁਰ ਛੱਡਣ ਲਈ ਤਿਆਰ ਹੋ ਗਏ। ਇਸ ਸਮੇਂ ਗੁਰੂ ਜੀ ਨੇ ਲੱਖਾਂ ਰੁਪਏ, ਜੋ ਖ਼ਜ਼ਾਨੇ ਵਿਚ ਜਮ੍ਹਾਂ ਸਨ, ਦਰਿਆ ਸਤਲੁਜ ਦੀ ਭੇਟ ਕਰ ਦਿੱਤੇ, ਵੱਡੀਆਂ ਵੱਡੀਆਂ ਤੋਪਾਂ ਸਾਰੀਆਂ ਹੀ ਨਦੀ ਵਿਚ ਰੁੜ੍ਹਾ ਦਿੱਤੀਆਂ, ਹੋਰ ਸਾਰਾ ਕੀਮਤੀ ਸਾਮਾਨ ਫੂਕ ਦਿੱਤਾ, ਵਾਧੂ ਘੋੜੇ, ਖੱਚਰਾਂ, ਊਠ ਮੱਝਾਂ, ਗਊਆਂ ਆਦਿ ਪਸ਼ੂ ਆਨੰਦਪੁਰ ਦੀ ਹੱਦ 'ਚੋਂ ਕੱਢ ਇਲਾਕਾ ਕਹਿਲੂਰ ਦੇ ਜੰਗਲਾਂ ਵਲ ਖੁਲ੍ਹੇ ਛੱਡਵਾ ਦਿੱਤੇ, 52 ਕਵੀਆਂ ਦਾ ਬਹੁਤ ਸਾਰਾ ਸਾਹਿੱਤ, ਜਿਸ ਵਿਚ 9 ਮਣ ਪੱਕੇ ਦਾ ਵਿਦਜਾ ਸਾਗਰ ਗ੍ਰੰਥ ਵੀ ਸ਼ਾਮਲ ਸੀ, ਗੱਡਿਆਂ ਉਤੇ ਲੱਦ ਕੇ ਰੋਪੜ ਵਲ ਭੇਜ ਦਿੱਤਾ, ਦੋ ਛੋਟੇ ਸਾਹਿਬਜ਼ਾਦਿਆਂ ਸਮੇਤ ਮਾਤਾ ਗੂਜਰੀ, ਮਾਤਾ ਸੁੰਦਰੀ ਤੇ ਸਾਹਿਬ ਦੇਵੀ ਜੀ ਵੱਖੋ ਵੱਖ ਡੋਲਿਆਂ ਵਿਚ ਬਿਠਾ ਕੇ ਭਾਈ ਮਨੀ ਸਿੰਘ ਤੇ ਹੋਰ ਹਜ਼ੂਰੀ ਸਿੱਖਾਂ ਦੀ ਦੇਖ-ਰੇਖ ਵਿਚ ਅੱਗੇ ਤੋਰੇ ਤੇ ਪਿੱਛੋਂ ਸ੍ਰੀ ਆਨੰਦਪੁਰ ਦੇ ਸਥਾਨਾਂ ਦੀ ਸੇਵਾ ਦਾ ਭਾਰ ਭਾਈ ਗੁਰਬਖ਼ਸ਼ ਨਾਮੀ ਇਕ ਉਦਾਸੀ ਸਾਧੂ ਦੇ ਸਿਪੁਰਦ ਕੀਤਾ ਤੇ ਆਪ ਆਪਣੇ ਹਜ਼ੂਰੀ ਸਿੱਖਾਂ ਤੇ ਸਿਪਾਹੀਆਂ ਸਮੇਤ 6 ਪੋਹ ਸੰਮਤ 1762 ਬਿ. ਦੀ ਅੱਧੀ ਰਾਤ ਦੇ ਸਮੇਂ ਘੋੜੇ ਉਤੇ ਸਵਾਰ ਹੋਏ ਤੇ ਕੀਰਤਪੁਰ ਵਲ ਚੱਲ ਪਏ। ਇਸ ਤਰ੍ਹਾਂ ਗੁਰੂ ਸਾਹਿਬ ਨੇ ਤੀਜੀ ਵੇਰ ਆਨੰਦਪੁਰ ਛੱਡਿਆ। ਆਪ ਇਸ ਤੋਂ ਪਹਿਲਾਂ, ਜਿਵੇਂ ਕਿ ਪਿੱਛੇ ਦੱਸਿਆ ਗਿਆ ਹੈ, ਦੋ ਵੇਰ ਆਨੰਦਪੁਰ ਛੱਡ ਕੇ ਗਏ ਤੇ ਫੇਰ ਵਾਪਸ ਆ ਜਾਂਦੇ ਰਹੇ, ਪਰ ਇਹ ਤੀਜੀ ਵੇਰ ਆਨੰਦਪੁਰ ਦਾ ਤਿਆਗ ਇਕ ਪ੍ਰਕਾਰ ਦਾ ਸਦੀਵੀ ਤਿਆਗ ਸੀ, ਜਿਸ ਕਰ ਕੇ ਗੁਰੂ ਸਾਹਿਬ ਫੇਰ ਮੁੜ ਕੇ ਆਨੰਦਪੁਰ ਦੀ ਪਵਿਤ੍ਰ ਭੂਮੀ ਵਿਚ ਕਦਮ ਨਹੀਂ ਰੱਖ ਸਕੇ।

ਸਰਸੇ ਦੀ ਜੰਗ (ਸੰਨ 1705 ਈ.) :

ਇਸ ਤਰ੍ਹਾਂ ਆਨੰਦਪੁਰੋਂ ਗੁਰੂ ਸਾਹਿਬ ਦੇ ਨਿਕਲਣ ਦੀ ਦੇਰ ਸੀ ਕਿ ਪਹਾੜੀ ਰਾਜਿਆਂ ਤੇ ਮੁਗ਼ਲ ਹਾਕਮਾਂ ਨੇ ਸੌਂਹਾਂ-ਸੁਗੰਦਾਂ ਤੋੜ ਕੇ ਝੱਟ ਪੱਟ ਪਿਛਲੇ ਪਾਸਿਓਂ ਹਮਲਾ ਕਰ ਦਿੱਤਾ ਜਿਸ ਕਰ ਕੇ ਮੁੜ ਉਹੋ ਜੰਗ, ਜਿਸ ਨੂੰ ਟਾਲਣ ਦਾ ਜਤਨ ਕੀਤਾ ਸੀ, ਸ਼ੁਰੂ ਹੋ ਗਿਆ। ਸਿੱਖ ਇਸ ਤਰ੍ਹਾਂ ਲੜਦੇ-ਭਿੜਦੇ ਨਦੀ ਸਰਸੇ ਦੇ ਕੰਢੇ ਤਕ ਚਲੇ ਗਏ।

(ਸਫ਼ਾ 97 ਦੇ ਫ਼ੁਟਨੋਟ ਦੀ ਬਾਕੀ)

ਗਿਰਪਤਿ ਸਗਰੇ ਕਰਿ ਕਰਿ ਆਨ।...
ਠਾਕੁਰ ਧੇਨੁ ਧਰਮ ਵਿਚ ਦੀਨੇ।
ਤਜਹੁ ਜੰਗ ਅਬ ਆਛੁ ਸੁ ਚੀਨੇ ॥ ੩੯ ॥

(ਵੇਖੋ, ਗੁਰ ਪ੍ਰਤਾਪ ਸੂਰਜ, ਰੁੱਤ ੬, ਅੰਸੂ ੨੭)

ਇਤਨੇ ਸਮੇਂ ਵਿਚ ਮਾਤਾ ਸੁੰਦਰੀ ਆਦਿ ਦੇ ਡੋਲੇ ਦੂਰ ਨਿਕਲ ਗਏ ਸਨ, ਪਰ ਗੁਰੂ-ਘਰ ਦਾ ਬਾਕੀ ਸਾਰਾ ਸਾਮਾਨ, ਜੋ ਗੱਡਿਆਂ ਉਤੇ ਲੱਦਿਆ ਹੋਇਆ ਸੀ, ਦੁਸ਼ਮਨ ਦੇ ਹੱਥ ਆਉਣ ਤੇ ਨਸ਼ਟ ਹੋ ਗਿਆ। ਗੁਰੂ ਸਾਹਿਬ ਨੇ ਦੁਸ਼ਮਨ ਨੂੰ ਸਿਰ ਤੇ ਆਇਆ ਦੇਖ ਕੇ 150 ਸਿੰਘ ਸੂਰਮੇ ਭਾਈ ਉਦੇ ਸਿੰਘ, ਬਚਿਤ੍ਰ ਸਿੰਘ ਆਦਿ ਦੀ ਕਮਾਨ ਹੇਠ ਸਰਸੇ ਦੇ ਕੰਢੇ ਛੱਡੇ ਤੇ ਆਪ 40 ਕੁ ਸਿੰਘਾਂ ਸਮੇਤ, ਜਿਨ੍ਹਾਂ ਵਿਚ ਦੋਵੇਂ ਵੱਡੇ ਸਾਹਿਬਜ਼ਾਦੇ ਅਜੀਤ ਸਿੰਘ ਤੇ ਜੁਝਾਰ ਸਿੰਘ ਸ਼ਾਮਲ ਸਨ, ਸਰਸਾ ਲੰਘ ਕੇ ਰੋਪੜ ਥੀਂ ਹੁੰਦੇ ਹੋਏ 7 ਪੋਹ ਨੂੰ ਦਿਨ ਚੜ੍ਹਦੇ ਸਾਰ ਚਮਕੌਰ ਪਹੁੰਚ ਗਏ।

ਇਧਰ ਭਾਈ ਉਦੇ ਸਿੰਘ ਸਮੇਤ ਬਹੁਤ ਸਾਰੇ ਸਿੰਘ ਤਾਂ ਸਰਸਾ ਨੰਦੀ ਕੰਢੇ ਹੀ ਦੁਸ਼ਮਨ ਦੇ ਨਾਲ ਲੜਦੇ ਹੋਏ ਸ਼ਹੀਦ ਹੋ ਗਏ ਤੇ ਬਾਕੀ ਕੁਝ ਸਿੰਘ, ਜੋ ਭਾਈ ਬਚਿਤ੍ਰ ਸਿੰਘ ਸਮੇਤ ਸਰਸਾ ਲੰਘ ਆਏ ਉਹ ਰੋਪੜੋਂ ਥੋੜੀ ਦੂਰ ਤੇ ਪਿੰਡ ਕੋਟਲਾ ਨਿਹੰਗ ਖ਼ਾਨ ਪਹੁੰਚ ਕੇ ਤੇ ਉਸ ਪਿੰਡ ਦੇ ਆਸ ਪਾਸ ਹੀ ਦੁਸ਼ਮਨ ਦੇ ਨਾਲ ਲੜਦੇ ਹੋਏ ਸ਼ਹੀਦੀਆਂ ਪ੍ਰਾਪਤ ਕਰ ਗਏ। ਬਾਕੀ ਦੋ ਵੱਡੇ ਸਾਹਿਬਜ਼ਾਦਿਆਂ ਸਮੇਤ ਗੁਰੂ ਸਾਹਿਬ ਆਪ ਤੇ ਉਨ੍ਹਾਂ ਦੇ ਸਾਥੀ 40 ਸਿੰਘ, ਜੋ ਸਿੱਧੇ ਚਮਕੌਰ ਦੀ ਗੜ੍ਹੀ ਵਿਚ, ਉਥੋਂ ਦੇ ਚੌਧਰੀ ਦੇ ਹੀਲ-ਹੁੱਜਤ ਕਰਨ ਦੇ ਬਾਵਜੂਦ ਜਾ ਵੜੇ ਸਨ, ਸਾਫ਼ ਬਚ ਨਿਕਲੇ। ਇਤਨੇ ਸਮੇਂ ਵਿਚ ਹੀ ਦੁਸ਼ਮਨ ਦੀਆਂ ਫ਼ੌਜਾਂ ਵੀ, ਜੋ ਬੜੀ ਤੇਜ਼ੀ ਨਾਲ ਪਿੱਛਾ ਕਰ ਰਹੀਆਂ ਸਨ, ਚਮਕੌਰ ਦੇ ਨੇੜੇ ਆ ਢੁੱਕੀਆਂ। ਬਹੁਤ ਸਾਰੀ ਹੋਰ ਦਿੱਲੀਓਂ ਆਈ ਨਵੀਂ ਫ਼ੌਜ ਵੀ ਉਨ੍ਹਾਂ ਦੇ ਨਾਲ ਹੀ ਸ਼ਾਮਲ ਹੋ ਗਈ।

ਚਮਕੌਰ ਦਾ ਜੁੱਧ ਤੇ ਵੱਡੇ ਸਾਹਿਬਜ਼ਾਦਿਆਂ ਦੀ ਸ਼ਹੀਦੀ (ਸੰਨ 1705 ਈ.) :

ਇਧਰ ਬਾਹਰ ਤਾਂ ਦੁਸ਼ਮਨ ਦਾ ਇਤਨਾ ਅਣਗਿਣਤ ਟਿੱਡੀ ਦਲ ਤੇ ਉਧਰ ਇਕ ਛੋਟੀ ਜਿਹੀ ਕੱਚੀ ਗੜ੍ਹੀ ਦੇ ਅੰਦਰ ਸਿਰਫ਼ ਗੁਰੂ ਸਾਹਿਬ, ਦੋ ਵੱਡੇ ਸਾਹਿਬਜ਼ਾਦੇ ਤੇ 40 ਜੋਧੇ ਸਿੰਘ, ਜੋ ਬਹੁਤੇ ਆਟੇ ਵਿਚ ਰੱਤੀ ਕੁ ਲੂਣ ਵਾਲੀ ਗੱਲ ਸੀ, ਪਰ ਇਸ ਹਾਲਤ ਵਿਚ ਵੀ "ਸਵਾ ਲਾਖ ਸੇ ਏਕ ਲੜਾਊਂ" ਦਾ ਪ੍ਰਣ ਕਰ ਕੇ ਡਟਣ ਵਾਲੇ ਅਦੁੱਤੀ ਵੀਰ ਸ੍ਰੀ ਦਸਮੇਸ਼ ਨੇ ਹੌਸਲਾ ਨਾ ਹਾਰਿਆ ਤੇ ਅੰਦਰੋਂ ਬੜੀ ਦਲੇਰੀ ਨਾਲ ਦੁਸ਼ਮਨ ਦਾ ਮੁਕਾਬਲਾ ਕਰਨਾ ਸ਼ੁਰੂ ਕਰ ਦਿੱਤਾ। ਇਸ ਮੁਕਾਬਲੇ ਵਿਚ ਉਨ੍ਹਾਂ ਦੇ ਅਮੋਘ ਤੀਰਾਂ ਦੇ ਨਿਸ਼ਾਨਿਆਂ ਨਾਲ ਨਵਾਬ ਸ਼ੇਰ ਮੁਹੰਮਦ ਖ਼ਾਨ ਮਾਲੇਰ ਕੋਟਲਾ ਦਾ ਭਾਈ ਨਾਹਰ ਖ਼ਾਨ ਆਦਿ ਅਨੇਕਾਂ ਵਿਰੋਧੀ ਸਰਦਾਰ ਧਰਤੀ ਉਤੇ ਸਦਾ ਦੀ ਨੀਂਦ ਸੌਂ ਗਏ। ਇਧਰੋਂ ਗੁਰੂ ਸਾਹਿਬ ਦੇ ਸਿੰਘਾਂ ਵਿਚੋਂ ਵੀ ਦੋਵੇਂ ਵੱਡੇ ਸਾਹਿਬਜ਼ਾਦਿਆਂ ਸਮੇਤ ਲਗ ਭਗ 30 ਜੋਧੇ ਸਿੰਘ ਗੜ੍ਹੀ 'ਚੋਂ ਵਾਰੋ-ਵਾਰੀ ਬਾਹਰ ਨਿਕਲ ਕੇ ਹੱਥੋ ਹੱਥੀ ਦੀ ਲੜਾਈ ਵਿਚ ਸ਼ਹੀਦ ਹੋਏ। ਇਸ ਤਰ੍ਹਾਂ ਸਾਰਾ ਦਿਨ ਗੁਜ਼ਰਨ ਤੇ ਰਾਤ ਸਮੇਂ ਜਦ ਗੁਰੂ ਸਾਹਿਬ ਨੇ ਦੇਖਿਆ ਕਿ ਉਨ੍ਹਾਂ ਦੇ ਕੋਲ ਦਸ ਸਿੰਘ ਬਾਕੀ ਰਹਿ ਗਏ ਹਨ ਤੇ ਬਾਹਰੋਂ ਦੁਸ਼ਮਨ ਦਾ ਜ਼ੋਰ ਵਧੇਰੇ ਵਧ ਰਿਹਾ ਹੈ ਤਾਂ ਆਪਣੇ ਹਮ-ਸ਼ਕਲ ਭਾਈ ਸੰਤ ਸਿੰਘ ਬੰਗਸ਼ ਦੇ ਸਿਰ ਉਤੇ ਉਨ੍ਹਾਂ ਨੇ ਬੜੀ ਦੂਰੰਦੇਸ਼ੀ ਨਾਲ ਕਲਗੀ ਸਜਾਈ ਤੇ ਖ਼ੁਦ ਇਕ ਲਾਂਘੇ ਵਿਚੋਂ ਦੀ ਆਪਣੇ ਤੀਰਾਂ ਦੀ ਬੁਛਾੜ ਨਾਲ ਰਾਹ ਸਾਫ਼ ਕਰ ਕੇ ਬੜੀ ਤੇਜ਼ੀ ਨਾਲ ਬਾਹਰ ਨਿਕਲੇ ਤੇ ਮਾਛੀਵਾੜੇ ਵਲ ਚੱਲ ਪਏ। ਇਸ ਸਮੇਂ ਉਨ੍ਹਾਂ ਦੇ ਪਿੱਛੇ ਬਚ ਨਿਕਲਣ ਵਾਲੇ ਭਾਈ ਦਯਾ ਸਿੰਘ, ਧਰਮ ਸਿੰਘ ਤੇ ਮਾਨ੍ਹ ਸਿੰਘ ਇਹ

ਤਿੰਨ ਸਿੰਘ ਸਨ ਜੋ ਅੱਗੇ ਮਾਲਵੇ ਵਿਚ ਜਾ ਕੇ ਹਮ-ਰਕਾਬ ਹੋਏ ਤੇ ਬਾਕੀ ਹੋਰ ਸਾਰੇ ਹੀ ਜੋਧੇ ਜੰਗ ਵਿਚ ਸ਼ਹੀਦ ਹੋ ਗਏ।

ਛੋਟੇ ਸਾਹਿਬਜ਼ਾਦਿਆਂ ਦੀ ਸ਼ਹੀਦੀ :

ਇਧਰ ਰੋਪੜ ਦੇ ਨੇੜਿਓਂ ਮਾਤਾ ਸੁੰਦਰੀ ਤੇ ਸਾਹਿਬ ਦੇਵੀ ਜੀ ਦੇ ਡੋਲੇ ਤਾਂ ਭਾਈ ਮਨੀ ਸਿੰਘ ਦੀ ਹਿਫ਼ਾਜ਼ਿਤ ਵਿਚ ਅੱਗੇ ਲੰਘ ਕੇ ਸਿੱਧੇ ਦਿੱਲੀ ਪਹੁੰਚ ਗਏ, ਪਰ ਮਾਤਾ ਗੂਜਰੀ ਤੇ ਦੋਵੇਂ ਛੋਟੇ ਸਾਹਿਬਜ਼ਾਦੇ—ਬਾਬਾ ਜ਼ੋਰਾਵਰ ਸਿੰਘ ਤੇ ਫ਼ਤਹਿ ਸਿੰਘ ਜੀ ਅਚਾਣਕ ਪਿੰਡ ਮੁਰਿੰਡਾ (ਬਾਗਾਂ ਵਾਲਾ) ਦੇ ਰੰਘੜਾਂ ਹੱਥੋਂ ਗ੍ਰਿਫ਼ਤਾਰ ਹੋਣ ਤੇ ਸਰਹਿੰਦ ਪਹੁੰਚਾਏ ਗਏ ਜਿੱਥੇ ਪਹਿਲਾਂ ਤਾਂ ਉਨ੍ਹਾਂ ਨੂੰ ਦੀਨ ਇਸਲਾਮ ਕਬੂਲ ਕਰਨ ਵਾਸਤੇ ਮਜਬੂਰ ਕੀਤਾ ਗਿਆ, ਪਰ ਜਦ ਅੱਗੋਂ ਇਨਕਾਰ ਹੋਇਆ ਤਾਂ ਆਪ ਸੂਬਾ ਵਜ਼ੀਰ ਖ਼ਾਨ ਕੁੰਜ ਪੁਰੀਏ ਦੇ ਹੁਕਮ ਨਾਲ ਸ਼ਹੀਦ ਕੀਤੇ ਗਏ।

ਕਾਂਗੜ ਤੋਂ ਜ਼ਫ਼ਰਨਾਮਾ :

ਗੁਰੂ ਸਾਹਿਬ ਦੇ ਇਸ ਤਰ੍ਹਾਂ ਚਮਕੌਰ ਦੀ ਗੜ੍ਹੀ 'ਚੋਂ ਨਿਕਲਨਸਾਰ ਹੀ ਦੁਸ਼ਮਨ ਨੇ ਹਮਲਾ ਕੀਤਾ ਤੇ ਗੜ੍ਹੀ ਵਿਚ ਦਾਖ਼ਲ ਹੋ ਕੇ ਸਾਥੀਆਂ ਸਮੇਤ ਭਾਈ ਸੰਤ ਸਿੰਘ ਬੰਗਸ਼ ਦਾ ਸਿਰ ਕੱਟ ਲਿਆ ਤੇ ਸਿਰ ਉਤੇ ਸਜੀ ਕਲਗੀ ਦੇਖ ਕੇ ਸਮਝ ਲਿਆ ਕਿ ਉਨ੍ਹਾਂ ਨੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੂੰ ਕਤਲ ਕਰ ਦਿੱਤਾ ਹੈ, ਪਰ ਜਦ ਦਿੱਲੀ ਲਿਜਾਣ ਤੇ ਉਸ ਸੀਸ ਦੀ ਪਛਾਣ ਹੋਈ ਤਾਂ ਪਤਾ ਲੱਗਾ ਕਿ ਉਹ ਸੀਸ ਗੁਰੂ ਜੀ ਦਾ ਨਹੀਂ ਹੈ ਤੇ ਗੁਰੂ ਜੀ ਤਾਂ ਕਿਸੇ ਹੋਰ ਪਾਸੇ ਹੀ ਬਚ ਕੇ ਚਲੇ ਗਏ ਹਨ, ਇਸ ਲਈ ਹਕੂਮਤ ਵਲੋਂ ਦੁਬਾਰਾ ਸੂਬਿਆਂ ਦੇ ਨਾਂ ਹੁਕਮ ਜਾਰੀ ਹੋਏ ਤੇ ਹਰ ਪਾਸੇ ਗੁਰੂ ਸਾਹਿਬ ਦੀ ਢੂੰਡ-ਭਾਲ ਹੋਣ ਲੱਗੀ। ਇਤਨੇ ਸਮੇਂ ਵਿਚ ਗੁਰੂ ਸਾਹਿਬ ਮਾਛੀਵਾੜਾ, ਕਨੇਚ, ਦੁਰਾਹਾ, ਆਲਮਗੀਰ, ਰਾਇ ਕੋਟ ਆਦਿ ਨਗਰਾਂ ਥੀਂ ਹੁੰਦੇ ਹੋਏ ਪਹਿਲਾਂ ਕਾਂਗੜ ਤੇ ਫੇਰ ਦੀਨੇ (ਪਿੰਡ) ਪੁੱਜੇ ਜਿੱਥੇ ਕਿ ਉਨ੍ਹਾਂ ਨੇ ਰਾਇ ਜੋਧ ਦੇ ਪੋਤੇ ਰਾਇ ਲਖਮੀਰ ਤੇ ਸ਼ਮੀਰ ਪਾਸ ਰਹਿ ਕੇ ਭਾਈ ਦਯਾ ਸਿੰਘ (ਪਿਆਰੇ) ਦੇ ਹੱਥ ਬਾਦਸ਼ਾਹ ਔਰੰਗਜ਼ੇਬ ਦੇ ਨਾਂ ਸ਼ਿਕਾਇਤ ਤੇ ਹੱਡ ਬੀਤੀ ਜੁੱਧ-ਕਥਾ ਵਜੋਂ ਫ਼ਾਰਸੀ ਵਿਚ ਜ਼ਫ਼ਰਨਾਮਾ ਲਿਖ ਕੇ ਭੇਜਿਆ ਤੇ ਦੱਸਿਆ ਕਿ ਉਨ੍ਹਾਂ ਦੇ ਉੱਚ ਅਧਿਕਾਰੀਆਂ ਨੇ ਕਿਵੇਂ ਸੌਹਾਂ-ਸੌਗੰਧਾਂ ਤੋੜ ਕੇ ਏਨੀ ਵੱਡੀ ਬੇਇਨਸਾਫ਼ੀ ਗੁਰੂ ਸਾਹਿਬ ਤੇ ਉਨ੍ਹਾਂ ਦੇ ਸਿੱਖਾਂ ਨਾਲ ਕੀਤੀ ਹੈ।

ਮੁਕਤਸਰ ਦਾ ਜੁੱਧ (ਸੰਨ 1705 ਈ.) :

ਫੇਰ ਗੁਰੂ ਸਾਹਿਬ ਦੀਨੇ ਤੋਂ ਅੱਗੇ ਚੱਲ ਕੇ ਮਾਨਾਂ ਦੇ ਬੁਰਜ, ਭਦੌੜ, ਜਲਾਲ, ਦਯਾਲ ਪੁਰਾ, ਭਗਤਾ, ਪੱਤੋ, ਜੈਤੋ, ਢਿੱਲਵਾਂ, ਕੋਟ ਕਪੂਰਾ ਆਦਿ ਥੀਂ ਹੁੰਦੇ ਹੋਏ ਜਦ ਖਿਦਰਾਣੇ ਦੀ ਢਾਬ ਦੇ ਨੇੜੇ ਪੁੱਜੇ ਤਾਂ ਪਤਾ ਲੱਗਾ ਕਿ ਪਿੱਛੇ ਬਾਦਸ਼ਾਹੀ ਹੁਕਮ ਨਾਲ ਸੂਬਾ ਸਰਹਿੰਦ ਦੀ ਫ਼ੌਜ ਬੜੀ ਤੇਜ਼ੀ ਨਾਲ ਉਨ੍ਹਾਂ ਦਾ ਪਿੱਛਾ ਕਰਦੀ ਆ ਰਹੀ ਹੈ। ਇਸ ਸਮੇਂ ਗੁਰੂ ਸਾਹਿਬ ਦੇ ਨਾਲ ਵੀ ਚੂੰਕਿ ਬਹੁਤ ਸਾਰੇ ਮਲਵਈ ਤੇ ਮਝੈਲ ਸਿੰਘ ਮੌਜੂਦ ਸਨ, ਇਸ ਲਈ ਗੁਰੂ ਸਾਹਿਬ ਆਪ ਤਾਂ ਉਥੋਂ ਬਰਾੜ ਸਿੰਘਾਂ ਦੇ ਨਾਲ ਟਿੱਬੀ ਸਾਹਿਬ ਦੇ ਸਥਾਨ ਪਰ ਚਲੇ ਗਏ ਤੇ ਇਧਰ ਖਿਦਰਾਣੇ ਦੀ ਢਾਬ ਉਤੇ ਮਾਈ ਭਾਗੋ (ਭਾਗ ਕੌਰ) ਦੀ ਅਗਵਾਈ ਵਿਚ ਦੁਸ਼ਮਨ ਦਾ ਅੱਗਾ ਰੋਕਣ ਲਈ 40 ਮਝੈਲ

ਸਿੰਘਾਂ ਨੇ, ਜਿਨ੍ਹਾਂ ਦੇ ਨਾਲ ਕੁਝ ਹੋਰ ਸਿੰਘ ਵੀ ਸਨ, ਮੋਰਚੇ ਗੱਡ ਦਿੱਤੇ। ਦੋਹਾਂ ਪਾਸਿਆਂ ਦੀਆਂ ਫ਼ੌਜਾਂ ਆਹਮੋ ਸਾਹਮਣੇ ਹੋਣ ਤੇ ਲਗ ਭਗ ਡੇਢ ਪਹਿਰ ਲੜਾਈ ਹੋਈ ਜਿਸ ਵਿਚ ਦੋਹਾਂ ਧਿਰਾਂ ਦੇ ਬਹੁਤ ਸਾਰੇ ਸਿਪਾਹੀ ਮਾਰੇ ਜਾਣ ਤੇ ਦੁਸ਼ਮਨ ਮੈਦਾਨ ਛੱਡ ਗਿਆ ਤੇ ਗੁਰੂ ਸਾਹਿਬ ਨੇ, ਜੋ ਟਿੱਬੀ ਸਾਹਿਬ ਤੋਂ ਦੁਸ਼ਮਨ ਦੀ ਫ਼ੌਜ ਉਤੇ ਬਾਣਾਂ ਦੀ ਵਰਖਾ ਕਰ ਰਹੇ ਸਨ, ਮੈਦਾਨਿ ਜੰਗ ਵਿਚ ਪਹੁੰਚ ਕੇ ਸਾਰੇ ਸ਼ਹੀਦ ਸਿੰਘਾਂ ਦੇ ਆਪਣੇ ਹੱਥੀਂ ਰੁਮਾਲ ਨਾਲ ਮੂੰਹ ਪੂੰਝੇ ਤੇ ਉਨ੍ਹਾਂ 40 ਮਝੈਲ ਸ਼ਹੀਦ ਸਿੰਘਾਂ ਦੀ ਟੁਟੀ ਸਿੱਖੀ ਗੰਢੀ ਤੇ ਬੇਦਾਵੇ ਦਾ ਕਾਗਜ਼ ਪਾੜ ਕੇ ਉਨ੍ਹਾਂ ਨੂੰ 'ਮੁਕਤਾ' ਪਦਵੀ ਪ੍ਰਦਾਨ ਕੀਤੀ। ਖਿਦਰਾਣੇ ਦੀ ਉਸ ਢਾਬ ਦਾ ਨਾਂ ਉਸੇ ਸਮੇਂ ਤੋਂ ਮੁਕਤਸਰ ਪ੍ਰਸਿੱਧ ਹੋ ਗਿਆ[1]। ਗੁਰੂ ਸਾਹਿਬ ਫੇਰ ਉਥੋਂ ਚੱਲ ਕੇ ਪਿੰਡ ਭਗਤਾ, ਦਿਆਲਪੁਰਾ, ਬਠਿੰਡਾ ਆਦਿ ਥਾਵੀਂ ਹੁੰਦੇ ਹੋਏ ਤਲਵੰਡੀ ਸਾਬੋ (ਦਮਦਮਾ ਸਾਹਿਬ) ਪਹੁੰਚ ਗਏ।

ਤਲਵੰਡੀ ਸਾਬੋ, ਦਮਦਮਾ ਸਾਹਿਬ (ਸੰਨ 1705 ਈ.) :

ਗੁਰੂ ਸਾਹਿਬ ਦਾ ਤਲਵੰਡੀ ਸਾਬੋ (ਦਮਦਮਾ ਸਾਹਿਬ) ਜਾਣ ਦਾ ਸਭ ਤੋਂ ਵੱਡਾ ਮਕਸਦ ਮਾਲਵੇ ਦੇ ਬਰਾੜ ਸਿੱਖਾਂ ਨੂੰ ਆਜ਼ਾਦੀ ਦੇ ਇਕ ਝੰਡੇ ਹੇਠ ਇਕਤ੍ਰ ਕਰਨਾ ਸੀ, ਪਰ ਚੌਧਰੀ ਡਲ ਸਿੰਘ, ਰਾਮ ਸਿੰਘ, ਜੋ ਇਲਾਕਾ ਮਾਲਵਾ ਦੇ ਮੋਢੀ ਸਨ, ਕੁਝ ਪਿਛਾਂਹ-ਖਿੱਚੂ ਹੋਣ ਕਰ ਕੇ ਇਸ ਸਮੇਂ ਏਨੇ ਕਾਰ ਆਮਦ ਸਾਬਤ ਨਾ ਹੋ ਸਕੇ, ਪਰ ਫੇਰ ਵੀ ਸਿੱਖ-ਸੰਗਤਾਂ ਦੀ ਗਹਿਮਾ ਗਹਿਮ ਹੋਣ ਕਰ ਕੇ ਜੰਗਲ ਦੇ ਇਲਾਕੇ ਵਿਚ ਸਿੱਖੀ-ਪ੍ਰਚਾਰ ਦਾ ਆਨੰਦ ਮੰਗਲਾਚਾਰ ਹੋਣ ਲੱਗ ਪਿਆ। ਪਤਾ ਲੱਗਣ ਤੇ ਇਸੇ ਸਥਾਨ ਪਰ ਹੀ ਗੁਰੂ ਕੇ ਮਹਲ ਮਾਤਾ ਸੁੰਦਰੀ ਤੇ ਸਾਹਿਬ ਦੇਵੀ ਜੀ ਦਿੱਲੀਓਂ ਆਏ, ਪਰ ਜਦ ਉਨ੍ਹਾਂ ਨੇ ਮਾਤਾ ਗੁਜਰੀ ਜੀ ਸਮੇਤ ਚਾਰੇ ਸਾਹਿਬਜ਼ਾਦਿਆਂ ਦੇ ਸ਼ਹੀਦੀ ਸਮਾਚਾਰ ਸੁਣੇ ਤਾਂ ਬੜਾ ਅਫ਼ਸੋਸ ਕੀਤਾ। ਅੱਗੋਂ ਉੱਤਰ ਵਜੋਂ ਗੁਰੂ ਸਾਹਿਬ ਨੇ ਖ਼ਾਲਸਾ ਪੰਥ ਵਲ ਬੜੇ ਮਾਣ ਨਾਲ ਇਸ਼ਾਰਾ ਕਰ ਕੇ ਉਨ੍ਹਾਂ ਨੂੰ ਦਿਲਾਸਾ ਦਿੱਤਾ ਤੇ ਕਿਹਾ ਕਿ :

ਇਨ ਪੁਤ੍ਰਨ ਕੇ ਵਾਸਤੇ ਵਾਰ ਦਿਯੇ ਸੁਤ ਚਾਰ।
ਚਾਰ ਗਏ ਤੋ ਕਿਆ ਹੂਆ, ਜੀਵਤ ਕਈ ਹਜ਼ਾਰ॥

ਇਸ ਤੋਂ ਬਾਦ ਗੁਰੂ ਸਾਹਿਬ 9 ਮਹੀਨੇ ਤੋਂ ਕੁਝ ਵੱਧ ਸਮਾਂ ਉਥੇ ਰਹੇ। ਫੇਰ ਤਲਵੰਡੀ ਸਾਬੋ ਨੂੰ ਦਮਦਮਾ ਸਾਹਿਬ, ਗੁਰੂ ਕੀ ਕਾਸ਼ੀ, ਲਿਖਣਸਰ ਆਦਿ ਵਰਦਾਨ ਦੇ ਕੇ ਗੁਰੂ ਸਾਹਿਬ ਬਾਦਸ਼ਾਹ ਔਰੰਗਜ਼ੇਬ ਵਲੋਂ ਜ਼ਫ਼ਰਨਾਮੇ ਦਾ ਕੋਈ ਉੱਤਰ ਨਾ ਆਉਣ ਕਰ ਕੇ ਛੇਤੀ ਹੀ ਆਪਣੇ ਸਿੰਘ ਸਿਪਾਹੀਆਂ ਸਮੇਤ ਦੱਖਣ ਵਲ ਚੱਲ ਪਏ।

ਬਘੌਰ ਦਾ ਜੰਗ (ਸੰਨ 1706 ਈ.) :

ਗੁਰੂ ਸਾਹਿਬ ਤਲਵੰਡੀ ਸਾਬੋ ਦਮਦਮਾ ਸਾਹਿਬ ਤੋਂ ਚੱਲ ਕੇ ਰਾਜਸਥਾਨ ਦੇ

---

[1]ਦੇਖੋ, ਗੁਰ ਬਿਲਾਸ ਪਾਤਸ਼ਾਹੀ ੧੦ (ਸੁਖਾ ਸਿੰਘ), ਛਾਪਾ ਪੱਥਰ, ਅਧਿਆਇ ੨੨, ਸਫ਼ੇ ੪੧੮-੨੧; ਗੁਰ ਪ੍ਰਤਾਪ ਸੂਰਜ (ਸੰਤੋਖ ਸਿੰਘ), ਐਨ ੧, ਅੰਸੂ ੧੦-੧੨; ਤਵਾਰੀਖ ਗੁਰੂ ਖ਼ਾਲਸਾ (ਗਿਆਨ ਸਿੰਘ), ਛਾਪਾ ਪੱਥਰ, ਭਾਗ ੧, ਗੁਰੂ ੧੦, ਸਫ਼ੇ ੩੩੮-੪੦; ਸ੍ਰੀ ਗੁਰੂ ਪਦ ਪ੍ਰੇਮ ਪ੍ਰਕਾਸ਼ (ਬਾਬਾ ਸੁਮੇਰ ਸਿੰਘ, ਭੱਲਾ), ਛਾਪਾ ਪੱਥਰ, ਸਫ਼ੇ ੫੮੪-੯੩।

ਰਸਤੇ ਰਿਆਸਤ ਉਦੇ ਪੁਰ ਦੇ ਬਘੌਰ ਨਾਮਕ ਸਥਾਨ ਪਰ ਪਹੁੰਚੇ ਤੇ ਇਸ ਦੌਰੇ ਵਿਚ ਆਸ ਸੀ ਕਿ ਰਾਜਸਥਾਨ ਦੇ ਰਾਜਪੂਤ ਰਾਜੇ-ਰਾਣੇ ਉਨ੍ਹਾਂ ਨੂੰ ਪੂਰੀ ਪੂਰੀ ਮਿਲਵਰਤਣ ਦੇਣਗੇ, ਪਰ ਉਹ ਰਾਜੇ-ਰਾਣੇ ਵੀ ਪੰਜਾਬ ਦੇ ਪਹਾੜੀ ਰਾਜੇ-ਰਾਣਿਆਂ ਵਾਂਗੂ ਹੀ ਬਾਹਰੋਂ ਮੇਲ ਜੋਲ ਲਈ ਤਾਂ ਬੜੇ ਅੱਛੇ, ਪਰ ਅੰਦਰੋਂ ਬੜੇ ਬੇ-ਅਸੂਲੇ, ਦੇਸ਼-ਭਗਤੀ ਤੋਂ ਹੀਨ ਤੇ ਮੁਗ਼ਲਾਂ ਦੇ ਗ਼ੁਲਾਮ ਸਾਬਤ ਹੋਏ, ਜਿਸ ਦਾ ਪ੍ਰਮਾਣ ਗੁਰੂ ਸਾਹਿਬ ਨੂੰ ਬਘੌਰ ਪਹੁੰਚਣ ਤੇ ਹੀ ਮਿਲ ਗਿਆ ਕਿ ਉਥੋਂ ਦੇ ਰਾਣੇ ਨੇ ਐਵੇਂ ਗੁਰੂ ਸਾਹਿਬ ਦੇ ਸ਼ੁਤਰ ਸਵਾਰਾਂ ਨਾਲ ਉਨ੍ਹਾਂ ਦੇ ਹੱਥੋਂ ਬਾਗ਼ ਉਜਾੜੇ ਜਾਣ ਦਾ ਬਹਾਨਾ ਲਾ ਕੇ ਛੇੜਖ਼ਾਨੀ ਕੀਤੀ ਤੇ ਅਚਾਣਕ ਗੁਰੂ ਜੀ ਦੇ ਡੇਰੇ ਉਤੇ ਹਮਲਾ ਕਰ ਦਿੱਤਾ। ਇਹ ਦੇਖ ਕੇ ਗੁਰੂ ਸਾਹਿਬ ਨੇ ਅੱਗੋਂ ਸਿੰਘਾਂ ਨੂੰ ਆਪਣੇ ਬਚਾਉ ਲਈ ਮੁਕਾਬਲਾ ਕਰਨ ਦਾ ਹੁਕਮ ਦੇ ਦਿੱਤਾ ਤੇ ਇਸ ਤਰ੍ਹਾਂ ਤਿੰਨ ਦਿਨ ਦੁਪਾਸਿਓਂ ਅੱਛੀ ਖਾਸੀ ਤਲਵਾਰ ਤੇ ਤੀਰ-ਤੁਪਕ ਦੀ ਲੜਾਈ ਹੁੰਦੀ ਰਹੀ, ਜਿਸ ਵਿਚ ਬਘੌਰ ਦੇ ਦੋਵੇਂ ਰਾਣੇ, ਜੋ ਇਸ ਸ਼ਰਾਰਤ ਦੇ ਮੋਢੀ ਸਨ, ਸਿੱਖਾਂ ਦੇ ਹੱਥੋਂ ਮਾਰੇ ਗਏ ਤੇ ਫ਼ਤਹਿ ਗੁਰੂ-ਖ਼ਾਲਸੇ ਦੀ ਹੋਈ।

ਤਾਰਾ ਆਜ਼ਮ ਮਾਰਿਆ (ਸੰਨ 1707 ਈ.) :

ਬਾਘੌਰ ਦੀ ਇਸ ਘਟਨਾ ਤੋਂ ਬਾਦ ਗੁਰੂ ਸਾਹਿਬ ਪਹਿਲਾਂ ਸ਼ਾਹਜਹਾਨਾਬਾਦ (ਦਿੱਲੀ) ਤੇ ਫੇਰ ਮਥੁਰਾ ਥੀਂ ਹੁੰਦੇ ਹੋਏ ਆਗਰੇ ਵਲ ਅੱਗੇ ਵਧੇ। ਇਸ ਤੋਂ ਪਹਿਲਾਂ ਬਾਘੌਰ ਪਹੁੰਚਣ ਸਮੇਂ ਹੀ ਗੁਰੂ ਸਾਹਿਬ ਨੂੰ ਇਤਲਾਹ ਮਿਲ ਗਈ ਸੀ ਕਿ ਮੁਗ਼ਲ ਬਾਦਸ਼ਾਹ ਔਰੰਗਜ਼ੇਬ, ਜੋ 91 ਸਾਲਾਂ ਦਾ ਬੁੱਢਾ ਸੀ, ਭਾਈ ਦਯਾ ਸਿੰਘ ਦੇ ਹੱਥ ਗੁਰੂ ਸਾਹਿਬ ਦਾ ਭੇਜਿਆ ਹੋਇਆ ਜ਼ਫ਼ਰਨਾਮਾ ਪੜ੍ਹਨ ਸਾਰ ਬਦਹਵਾਸ ਹੋ ਕੇ ਆਪਣੇ ਪਾਪਾਂ ਦਾ ਫਲ ਭੁਗਤਦਾ ਹੋਇਆ ਅਹਿਮਦ ਨਗਰ (ਦੱਖਨ) ਦੇ ਸਥਾਨ ਪਰ ਮਰ ਗਿਆ ਹੈ ਤੇ ਇਸ ਤੋਂ ਬਾਦ ਸ਼ਾਹਜਹਾਨਾਬਾਦ (ਦਿੱਲੀ) ਪਹੁੰਚਣ ਤੇ ਸ਼ਾਹ ਮੁਅੱਜ਼ਮ (ਬਹਾਦੁਰ ਸ਼ਾਹ) ਵਲੋਂ ਅਰਜ਼ੀ ਪੁੱਜੀ ਕਿ ਸ਼ਾਹਜ਼ਾਦਾ ਤਾਰਾ ਆਜ਼ਮ ਦੇ ਮੁਕਾਬਲੇ ਤੇ ਗੁਰੂ ਸਾਹਿਬ ਉਸ ਦੀ ਮਦਦ ਕਰਨ। ਇਹ ਦੋਵੇਂ ਸਾਹਿਬਜ਼ਾਦੇ ਚੂੰਕਿ ਔਰੰਗਜ਼ੇਬ ਦੀਆਂ ਅੱਖਾਂ ਦੇ ਚਰਾਗ ਸਨ, ਪਰ ਹਿੰਦੁਸਤਾਨੀ ਤਾਜ-ਤਖ਼ਤ ਦੇ ਦੋਵੇਂ ਦਾਵੇਦਾਰ ਹੋਣ ਕਰ ਕੇ ਉਨ੍ਹਾਂ ਵਿਚੋਂ ਕਿਸ ਨੂੰ ਮਦਦ ਦਿੱਤੀ ਜਾਵੇ, ਇਹ ਸੋਚਣਾ ਹੋਰ ਵੀ ਜ਼ਰੂਰੀ ਸੀ। ਗੁਰੂ ਸਾਹਿਬ ਚੂੰਕਿ ਸ਼ੁਰੂ ਤੋਂ ਹੀ ਸ਼ਾਹਜ਼ਾਦਾ ਮੁਅੱਜ਼ਮ (ਬਹਾਦਰ ਸ਼ਾਹ) ਦੇ ਹਿਮਾਇਤੀ ਸਨ, ਇਸ ਲਈ ਉਸ ਵਲੋਂ ਗੁਰੂ-ਘਰ ਦੇ ਦੋਖੀ ਵਜ਼ੀਰ ਖ਼ਾਨ ਸੂਬਾ ਸਰਹਿੰਦ, ਪਹਾੜੀ ਰਾਜੇ ਆਦਿ ਹਵਾਲੇ ਕਰ ਦੇਣ ਦਾ ਵਾਦਾ ਹੋਣ ਤੇ ਗੁਰੂ ਸਾਹਿਬ ਆਗਰੇ ਵਲ ਚੱਲ ਪਏ[1]। ਇਧਰ ਸ਼ਾਹਜ਼ਾਦਾ ਮੁਅੱਜ਼ਮ (ਬਹਾਦੁਰ ਸ਼ਾਹ) ਆਪਣੇ ਪੁਤ੍ਰ ਅਜ਼ੀਮੁੱਸ਼ਾਨ ਨੂੰ ਲੈ ਕੇ ਚੜ੍ਹਿਆ ਤੇ ਉਧਰੋਂ ਸ਼ਾਹਜ਼ਾਦਾ ਤਾਰਾ ਆਜ਼ਮ, ਜੋ ਦੱਖਣੋਂ ਬੜੀ ਤੇਜ਼ੀ ਨਾਲ ਆਇਆ ਸੀ, ਆਪਣੇ ਯੋਗ ਪੁਤ੍ਰ ਬੇਦਾਰ ਬਖ਼ਤ ਸਮੇਤ ਅੱਗੇ ਵਧਿਆ। ਤਾਰਾ ਆਜ਼ਮ ਦੇ ਅਧੀਨ ਇਸ ਸਮੇਂ 65000 ਘੋੜ ਸਵਾਰ, 45000 ਪੈਦਲ ਬੰਦੂਕਚੀ ਸਨ। ਇਧਰ ਮੁਅੱਜ਼ਮ ਸ਼ਾਹ ਦੇ ਅਧੀਨ ਵੀ ਉਸ ਦੇ ਮੁਕਾਬਲੇ ਦੀ ਚੰਗੀ ਫ਼ੌਜ ਸੀ। ਤਾਰਾ ਆਜ਼ਮ ਸੁਭਾਉ ਦਾ ਬੜਾ ਸ਼ੱਕੀ, ਜ਼ਿੱਦੀ, ਦਲੀਲਾਂ ਵਿਚ ਹੀ

---

[1]ਦੇਖੋ, ਤਵਾਰੀਖ਼ ਗੁਰੂ ਖ਼ਾਲਸਾ (ਗਿਆਨ ਸਿੰਘ), ਛਾਪਾ ਪੱਥਰ, ਭਾਗ ੧, ਸਫ਼ੇ ੩੪੭-੪੮।

ਸਮਾਂ ਗੁਜ਼ਾਰਨ ਵਾਲਾ ਸੀ, ਪਰ ਉਸ ਦਾ ਪੁਤ੍ਰ ਬੇਦਾਰ ਬਖ਼ਤ ਉਸ ਦੇ ਮੁਕਾਬਲੇ ਤੇ ਬੜਾ ਤੇਜ਼ ਫ਼ਹਿਮ ਤੇ ਜੰਗੀ ਕੰਮਾਂ ਦਾ ਡਾਢਾ ਤਜਰਬੇਕਾਰ ਸੀ। ਤਾਰਾ ਆਜ਼ਮ ਇਸੇ ਕਾਰਣ ਉਸ ਤੋਂ ਭੈ ਖਾਂਦਾ ਸੀ ਕਿ ਕਿਤੇ ਉਹ ਖ਼ੁਦ ਹੀ ਉਸ ਤੋਂ ਤਾਜ-ਤਖ਼ਤ ਨਾ ਖੋਹ ਲਵੇ, ਜਿਸ ਕਰ ਕੇ ਪਿਉ ਨੇ ਆਪਣੇ ਪੁਤ੍ਰ ਦੀ ਕੋਈ ਸਕੀਮ ਨਾ ਚੱਲਣ ਦਿੱਤੀ। ਇਧਰ ਮੁਅੱਜ਼ਮ ਸ਼ਾਹ ਵਿਚ ਇਹ ਨੁਕਸ ਨਹੀਂ ਸਨ। ਇਸ ਲਈ 18 ਜੂਨ, 1707 ਈ. (ਮੁਤਾਬਿਕ ਸੰਮਤ 1763 ਬਿ.) ਨੂੰ ਆਗਰੇ ਤੋਂ 16 ਮੀਲ ਸ਼ਾਮੂ ਗੜ੍ਹ ਦੇ ਨੇੜੇ ਜਾਜੋ ਦੇ ਮੁਕਾਮ ਪਰ ਦੋਹਾਂ ਪਾਸਿਆਂ ਦੀਆਂ ਫ਼ੌਜਾਂ ਆਹਮੋ ਸਾਹਮਣੇ ਹੋਈਆਂ ਤੇ ਲੋਹੇ ਨਾਲ ਲੋਹਾ ਖੜਕਿਆ ਤਾਂ 29 ਜੂਨ ਤਕ ਦੋਹਾਂ ਧਿਰਾਂ ਦੇ ਹਜ਼ਾਰਾਂ ਸਿਪਾਹੀ ਮਾਰੇ ਜਾਣ ਦੇ ਬਾਵਜੂਦ ਹਾਰ-ਜਿੱਤ ਦਾ ਕੋਈ ਨਤੀਜਾ ਨਜ਼ਰ ਨਾ ਆਇਆ, ਪਰ ਫੇਰ ਛੇਤੀ ਹੀ ਤਾਰਾ ਆਜ਼ਮ ਦੀ ਫ਼ੌਜ ਵਿਚੋਂ ਸ਼ਾਹਜ਼ਾਦਾ ਬੇਦਾਰ ਬਖ਼ਤ, ਖ਼ਾਨ ਆਲਮ, ਦਲਪਤਿ ਰਾਉ ਬੁੰਦੇਲਾ, ਰਾਮ ਸਿੰਘ ਹਾਂਡਾ ਆਦਿ ਮੋਢੀਆਂ ਦੇ ਮਾਰੇ ਜਾਣ ਕਰ ਕੇ ਜ਼ੁਲਫ਼ਿਕਾਰ ਖ਼ਾਨ ਆਦਿ ਸਮੇਤ ਕੁਝ ਰਾਜਪੂਤ ਰਾਜਿਆਂ ਦੇ ਮੈਦਾਨ ਛੱਡ ਜਾਣ ਤੇ, ਜਿਨ੍ਹਾਂ ਵਿਚ ਰਾਜਾ ਜੈ ਸਿੰਘ ਅੰਬਰ (ਜੈਪੁਰ) ਵਾਲਾ ਵੀ ਸ਼ਾਮਲ ਸੀ, ਤਾਰਾ ਆਜ਼ਮ ਦੀ ਫ਼ੌਜ ਦੇ ਇਕ ਦਮ ਪੈਰ ਉੱਖੜ ਗਏ, ਪਰ ਇਸ ਹਾਲਤ ਵਿਚ ਵੀ ਸ਼ਾਹਜ਼ਾਦਾ ਤਾਰਾ ਆਜ਼ਮ ਨੇ ਬੜੀ ਦਲੇਰੀ ਨਾਲ ਜੰਗ ਦੀ ਮਚਦੀ ਅੱਗ ਵਿਚ ਆਪਣਾ ਹਾਥੀ ਅੱਗੇ ਵਧਾਉਣ ਦਾ ਜਤਨ ਕੀਤਾ, ਤੇ ਇਧਰੋਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ, ਜੋ ਮੁਅੱਜ਼ਮ ਸ਼ਾਹ ਦੀ ਮਦਦ ਉਤੇ ਐਨ ਮੌਕੇ ਤੇ ਹੀ ਪਹੁੰਚ ਗਏ ਸਨ, ਇਕੋ ਤੀਰ ਨਾਲ ਤਾਰਾ ਆਜ਼ਮ ਨੂੰ ਮੌਤ ਦੇ ਘਰ ਪਹੁੰਚਾ ਦਿੱਤਾ। ਤਾਰਾ ਆਜ਼ਮ ਦੇ ਇਸ ਤਰ੍ਹਾਂ ਮਾਰੇ ਜਾਣ ਤੇ ਉਸ ਦੀਆਂ ਫ਼ੌਜਾਂ ਨੂੰ ਅਜਿਹੀ ਭਾਂਜ ਪਈ ਕਿ ਦੌੜਦੇ ਹੋਏ ਹਜ਼ਾਰਾਂ ਸਿਪਾਹੀ ਧਰਤੀ ਉਤੇ ਡਿੱਗ ਕੇ ਸਦੀਵੀ ਨੀਂਦ ਸੌਂ ਗਏ ਤੇ ਫ਼ਤਿਹ ਮੁਅੱਜ਼ਮ ਸ਼ਾਹ ਦੀ ਹੋਈ।

ਬਹਾਦੁਰ ਸ਼ਾਹ ਦੀ ਅਹਿਦ ਸ਼ਿਕਨੀ :

ਸ਼ਾਹਜ਼ਾਦਾ ਤਾਰਾ ਆਜ਼ਮ ਦੇ ਮਾਰੇ ਜਾਣ ਤੇ ਹਿੰਦੁਸਤਾਨ ਦਾ ਤਾਜ-ਤਖ਼ਤ ਮਿਲਣ ਸਾਰ ਮੁਅੱਜ਼ਮ ਸ਼ਾਹ ਨੇ, ਜੋ ਬਾਦਸ਼ਾਹ ਬਹਾਦੁਰ ਸ਼ਾਹ ਬਣ ਗਿਆ ਸੀ, ਭਾਵੇਂ ਗੁਰੂ ਸਾਹਿਬ ਦਾ ਆਦਰ ਤਾਂ ਬੜਾ ਕੀਤਾ ਤੇ ਗੁਰੂ ਜੀ ਨੂੰ ਆਪਣੇ ਨਾਲ ਵੀ ਬੜੇ ਮਾਣ ਨਾਲ ਰਖਦਾ ਰਿਹਾ, ਪਰ ਗੁਰੂ ਘਰ ਦੇ ਮਹਾਨ ਦੋਖੀ, ਖ਼ਾਸ ਕਰ ਕੇ ਛੋਟੇ ਸਾਹਿਬਜ਼ਾਦਿਆਂ ਦੇ ਲਹੂ ਨਾਲ ਹੱਥ ਰੰਗਣ ਵਾਲੇ ਸੂਬਾ ਵਜ਼ੀਰ ਖ਼ਾਨ ਸਰਹਿੰਦੀ ਆਦਿ ਨੂੰ ਫੜ ਕੇ ਗੁਰੂ ਸਾਹਿਬ ਦੇ ਹਵਾਲੇ ਕਰਨ ਵਿਚ ਉਸ ਨੇ ਟਾਲਮਟੋਲ ਕਰਨੀ ਸ਼ੁਰੂ ਕਰ ਦਿੱਤੀ। ਇਹ ਇਸ ਕਰ ਕੇ ਕਿ ਬਹਾਦੁਰ ਸ਼ਾਹ ਆਪਣੇ ਵਾਦੇ ਦਾ ਪੱਕਾ ਨਹੀਂ ਸੀ। ਇਸੇ ਤਰ੍ਹਾਂ ਉਸ ਨੇ ਰਾਜਪੂਤ ਰਾਜਿਆਂ ਨਾਲ ਵੀ, ਜੋ ਤਾਰਾ ਆਜ਼ਮ ਦੇ ਸਹਾਇਕ ਸਨ, ਇਹੋ ਗੱਲ ਕੀਤੀ। ਜਦ ਫ਼ਤਿਹ ਹਾਸਲ ਕਰ ਲਈ ਤਾਂ ਉਨ੍ਹਾਂ ਦੇ ਹੀ ਇਲਾਕਿਆਂ ਉਤੇ ਧਾਵਾ ਕਰਨ ਵਾਸਤੇ ਰਾਜਸਥਾਨ ਵਲ ਚੱਲ ਪਿਆ। ਗੁਰੂ ਸਾਹਿਬ ਉਸ ਦੇ ਇਸ ਰੰਗ-ਢੰਗ ਨੂੰ ਦੇਖਦੇ ਹੋਏ ਕੁਝ ਸਮਾਂ ਤਾਂ ਬਾਦਸ਼ਾਹੀ ਸਵਾਰੀ ਦੇ ਨਾਲੋ ਨਾਲ ਰਹੇ, ਪਰ ਫੇਰ ਸਿੱਧੇ ਮੱਧ ਭਾਰਤ ਦੇ ਨਗਰ ਬੁਰਹਾਨਪੁਰ ਆਦਿ ਥੀਂ ਹੁੰਦੇ ਹੋਏ ਨੰਦੇੜ (ਦੱਖਣ) ਜਾ ਪਹੁੰਚੇ। ਦੱਖਣ ਵਿਚ ਇਸ ਸਮੇਂ ਚੂੰਕਿ ਡਾਢੀ ਗੜ ਬੜ ਸੀ। ਮਰਾਠਿਆਂ ਤੋਂ ਬਿਨਾ ਔਰੰਗਜ਼ੇਬ ਦਾ

ਛੋਟਾ ਪੁਤ੍ਰ ਸ਼ਾਹਜ਼ਾਦਾ ਕਾਮ ਬਖ਼ਸ਼ ਵੀ ਆਪਣਾ ਵੱਖਰਾ ਧੜਾ ਬਣਾ ਕੇ ਬਗ਼ਾਵਤ ਖੜੀ ਕਰ ਰਿਹਾ ਸੀ, ਇਸ ਲਈ ਬਹਾਦੁਰ ਸ਼ਾਹ ਰਾਜਸਥਾਨ ਦੀ ਮੁਹਿਮ ਅਧਵਾਟੇ ਹੀ ਛੱਡ ਕੇ ਬੜੀ ਛੇਤੀ ਦੱਖਣ ਜਾ ਪੁੱਜਾ।

ਬਾਬਾ ਬੰਦਾ ਬਹਾਦੁਰ ਦਾ ਮਿਲਾਪ :

ਇਨ੍ਹਾਂ ਹੀ ਦਿਨਾਂ ਵਿਨਾਂ ਵਿਚ ਜਦ ਗੁਰੂ ਸਾਹਿਬ ਸਿੰਘਾਂ ਸਮੇਤ ਨੰਦੇੜ ਪਹੁੰਚੇ ਤਾਂ ਗੁਦਾਵਰੀ ਨਦੀ ਦੇ ਕੰਢੇ ਸ਼ਿਕਾਰ ਕੇਡਦਿਆਂ ਉਨ੍ਹਾਂ ਨੇ ਮਾਧੋ ਦਾਸ ਨਾਂ ਦੇ ਇਕ ਵੈਰਾਗੀ ਸਾਧੂ ਦੀ ਕੁਟੀਆ ਵਿਚ ਚਰਣ ਪਾਏ। ਮਾਧੋ ਦਾਸ ਉਸ ਸਮੇਂ ਕਿਤੇ ਬਾਹਰ ਗਿਆ ਹੋਇਆ ਸੀ, ਇਸ ਲਈ ਉਸ ਦੀ ਗ਼ੈਰ ਹਾਜ਼ਰੀ ਵਿਚ ਹੀ ਗੁਰੂ ਸਾਹਿਬ ਆਪ ਤਾਂ ਉਸ ਦੇ ਪਲੰਘ ਪਰ ਵਿਰਾਜ ਗਏ ਅਤੇ ਸਿੰਘਾਂ ਨੇ ਉਸ ਦੇ ਬੱਕਰੇ ਝਟਕਾ ਕੇ ਦੇਗਾਂ ਚਾੜ੍ਹ ਦਿੱਤੀਆਂ ਤੇ ਲੰਗਰ ਛਕਣ ਦੀ ਤਿਆਰੀ ਕਰ ਦਿੱਤੀ। ਜਦ ਮਾਧੋ ਦਾਸ ਬਾਹਰੋਂ ਵਾਪਸ ਆਇਆ ਤਾਂ ਉਹ ਵੈਰਾਗੀ ਫ਼ਕੀਰ ਹੋਣ ਕਰ ਕੇ ਪਹਿਲਾਂ ਤਾਂ ਗੁਰੂ ਸਾਹਿਬ ਦੇ ਨਾਲ ਨਾਰਾਜ਼ ਹੋਇਆ ਤੇ ਆਪਣੇ ਜੰਤ੍ਰਾਂ-ਮੰਤ੍ਰਾਂ ਦਾ ਜ਼ੋਰ ਵੀ ਦਿਖਾਉਣ ਲੱਗਾ, ਪਰ ਜਦ ਕੋਈ ਵੱਸ ਨਾ ਚੱਲਿਆ ਤਾਂ ਛੇਕੜ ਸਤਿਗੁਰੂ ਪੂਰਨ ਪੁਰਖ ਦੇ ਚਰਣਾਂ ਉਤੇ ਅਧੀਨਗੀ ਨਾਲ ਢਹਿ ਪਿਆ। ਉਸ ਦਾ ਅਸਲ ਨਾਂ ਤਾਂ ਭਾਵੇਂ ਉਸ ਸਮੇਂ ਮਾਧੋ ਦਾਸ ਸੀ, ਪਰ ਗੁਰੂ ਸਾਹਿਬ ਦੇ ਪੁੱਛਣ ਤੇ ਉਸ ਨੇ ਆਪਣੇ ਆਪ ਨੂੰ ਗੁਰੂ ਸਾਹਿਬ ਦਾ ਬੰਦਾ ਦੱਸਿਆ, ਜਿਸ ਦਾ ਅਰਥ-ਭਾਵ ਇਹ ਸੀ ਕਿ ਮੈਂ ਹਜ਼ੂਰ ਦੇ ਚਰਣਾਂ ਦਾ ਬੰਦਾ, ਦਾਸ ਅਥਵਾ ਗ਼ੁਲਾਮ ਹਾਂ। ਗੁਰੂ ਸਾਹਿਬ ਨੇ ਉਸ ਦਾ ਇਹ ਉੱਤਰ ਸੁਣ ਕੇ ਕਿਹਾ ਕਿ "ਜੇ ਤੂੰ ਬੰਦਾ ਹੈਂ ਤਾਂ ਬੰਦਿਆਂ ਵਾਲੇ ਕੰਮ ਕਰ, ਖੰਡੇ ਦਾ ਅਮ੍ਰਿਤ ਛਕ ਕੇ ਪੂਰੀ ਤਰ੍ਹਾਂ ਗੁਰੂ ਕਾ ਸਿੰਘ ਸਜ ਤੇ ਸ਼ਸਤ੍ਰ ਫੜ ਕੇ ਦੁਸ਼ਟ-ਦੋਖੀਆਂ ਨੂੰ ਸੋਧਣ ਵਾਸਤੇ ਸਿੱਧਾ ਪੰਜਾਬ ਦਾ ਰਾਹ ਫੜ।" ਬਾਬਾ ਬੰਦਾ ਬਹਾਦੁਰ ਨੇ ਗੁਰੂ ਸਾਹਿਬ ਦਾ ਇਹ ਹੁਕਮ ਬੜੀ ਖ਼ੁਸ਼ੀ ਨਾਲ ਮੰਨ ਕੇ ਅਮ੍ਰਿਤ ਛਕ ਲਿਆ। ਬਾਬਾ ਬੰਦਾ ਅਸਲ ਵਿਚ ਜਾਤਿ ਦਾ ਰਾਜਪੂਤ ਤੇ ਸ੍ਰੀ ਨਗਰ ਕਸ਼ਮੀਰ ਦਾ ਜੰਮ ਪਲ ਹੋਣ ਕਰ ਕੇ ਆਪਣੇ ਦਿਲ ਵਿਚ ਬਹਾਦੁਰੀ ਦਾ ਬੜਾ ਜਜ਼ਬਾ ਰਖਦਾ ਸੀ। ਗੁਰੂ ਸਾਹਿਬ ਨੇ ਅਮ੍ਰਿਤ ਛਕਾ ਕੇ ਉਸ ਦਾ ਨਾਂ ਗੁਰਬਖ਼ਸ਼ ਸਿੰਘ ਰੱਖਿਆ ਤੇ ਉਸ ਨੂੰ ਬੰਦਾ ਬਹਾਦੁਰ ਦਾ ਖ਼ਿਤਾਬ ਦਿੱਤਾ। ਫਰ ਗੁਰੂ ਜੀ ਨੇ ਆਪਣੇ ਭੱਥੇ ਵਿਚੋਂ ਪੰਜ ਤੀਰ ਉਸ ਨੂੰ ਪ੍ਰਦਾਨ ਕੀਤੇ ਤੇ ਕੁਝ ਜ਼ਰੂਰੀ ਹਦਾਇਤਾਂ ਦੇ ਕੇ ਪੰਜ ਸਿੰਘਾਂ—ਬਾਬਾ ਬਿਨੋਦ ਸਿੰਘ, ਬਾਜ ਸਿੰਘ, ਕਾਨ੍ਹ ਸਿੰਘ, ਬਿਜੈ ਸਿੰਘ ਅਤੇ ਰਾਮ ਸਿੰਘ ਸਮੇਤ ਸੂਬਾ ਸਰਹਿੰਦ ਆਦਿ ਦੀ ਖੁੰਬ ਠੱਪਣ ਲਈ ਪੰਜਾਬ ਵਲ ਤੋਰ ਦਿੱਤਾ ਅਤੇ ਇਸ ਦੇ ਨਾਲ ਹੀ ਪੰਜਾਬ ਦੇ ਸਰਬੱਤ ਖ਼ਾਲਸੇ ਨੂੰ ਹੁਕਮਨਾਮੇ ਵੀ ਭੇਜ ਦਿੱਤੇ ਕਿ ਉਹ ਇਸ ਨੇਕ ਕੰਮ ਵਿਚ ਬੰਦਾ ਬਹਾਦੁਰ ਦੀ ਮਨ, ਵਚਨ, ਕਰਮ ਤੋਂ ਪੂਰੀ ਪੂਰੀ ਮਦਦ ਕਰਨ।

ਗੁਰੂ ਜੀ ਜੋਤੀ ਜੋਤ ਸਮਾਏ (ਸੰਨ 1708 ਈ.) :

ਇਸ ਤੋਂ ਬਾਦ ਗੁਰੂ ਸਾਹਿਬ ਨੰਦੇੜ ਦੇ ਸਥਾਨ ਪਰ ਕੁਝ ਚਿਰ ਬਹਾਦੁਰ ਸ਼ਾਹ ਨੂੰ, ਜੋ ਸ਼ਾਹਜ਼ਾਦਾ ਕਾਮ ਬਖ਼ਸ਼ ਦੀ ਬਗ਼ਾਵਤ ਦਬਾਉਣ ਵਿਚ ਰੁੱਝਾ ਹੋਇਆ ਸੀ, ਮਿਲਦੇ ਰਹੇ। ਗੁਰੂ ਸਾਹਿਬ ਦੇ ਨਾਲ ਇਸ ਸਮੇਂ ਤਿੰਨ ਕੁ ਸੌ ਘੋੜ ਸਵਾਰ ਤੇ ਪੈਦਲ ਸਿਪਾਹੀ ਸਨ। ਬਹਾਦੁਰ ਸ਼ਾਹ ਇਸ ਸਮੇਂ ਦੱਖਣ ਦੀ ਮੁਹਿਮ ਤੇ ਕਾਮ ਬਖ਼ਸ਼ ਦੀ ਬਗ਼ਾਵਤ ਦਬਾਉਣ

ਦੇ ਨਾਲ ਹੀ ਉੱਪਰੋਂ ਮਿੱਠਤ ਤੇ ਅੰਦਰੋਂ ਖੋਟ ਰੱਖ ਕੇ ਗੁਰੂ ਸਾਹਿਬ ਦੇ ਨਾਲ ਏਨੀ ਸਫ਼ਾਈ ਨਹੀਂ ਸੀ ਵਰਤਦਾ, ਇਸੇ ਕਾਰਣ ਉਸ ਨੇ ਗੁਰੂ ਘਰ ਦੇ ਦੋਖੀ ਸੂਬਾ ਵਜ਼ੀਰ ਖ਼ਾਨ ਸਰਹਿੰਦੀ ਨੂੰ ਸ਼ਾਹੀ-ਸਨਮਾਨ ਦੇ ਕੇ ਹੋਰ ਵੀ ਸਿਰ ਉਤੇ ਚਾੜ੍ਹ ਲਿਆ। ਇਸ ਅੰਦਰੂਨੀ ਗੰਢ-ਤਰੁੱਪ ਦਾ ਹੀ ਨਤੀਜਾ ਸੀ ਕਿ ਸਰਹਿੰਦ ਦਾ ਇਕ ਪਠਾਣ ਜਮਸ਼ੈਦ ਖ਼ਾਨ ਕਿਸੇ ਬਹਾਨੇ ਗੁਰੂ ਸਾਹਿਬ ਦੇ ਪਾਸ ਆ ਕੇ ਨੌਕਰ ਰਿਹਾ ਤੇ ਫੇਰ ਉਸ ਨੇ ਹਕੂਮਤ ਦੇ ਗੁਪਤ ਇਸ਼ਾਰੇ ਨਾਲ ਇਕ ਦਿਨ ਸ਼ਾਮ ਨੂੰ ਇਕਾਂਤ ਸਮੇਂ ਮੌਕਾ ਤਾੜ ਕੇ ਗੁਰੂ ਸਾਹਿਬ ਦੇ ਪੇਟ ਵਿਚ, ਜਦ ਕਿ ਉਹ ਆਰਾਮ ਕਰ ਰਹੇ ਸਨ, ਅਚਾਣਕ ਖ਼ੰਜਰ ਘੋਪ ਦਿੱਤਾ। ਭਾਵੇਂ ਉਹ ਪਠਾਣ ਐਨ ਮੌਕੇ ਤੇ ਉਸੇ ਵੇਲੇ ਗੁਰੂ ਜੀ ਦੇ ਹੱਥੋਂ ਮਾਰਿਆ ਗਿਆ ਤੇ ਉਸ ਦਾ ਇਕ ਸਾਥੀ ਵੀ, ਪਤਾ ਲੱਗਣ ਤੇ ਸਿੰਘਾਂ ਨੇ ਦਬੋਚ ਕੇ ਵੱਢ ਸੁਟਿਆ, ਪਰ ਇਸ ਤੋਂ ਪਤਾ ਲਗਦਾ ਹੈ ਕਿ ਇਹ ਵਾਕਿਆ ਬਹਾਦੁਰ ਸ਼ਾਹ ਦੀ ਇਕ ਗਹਿਰੀ ਸਾਜ਼ਿਸ਼ ਦਾ ਨਤੀਜਾ ਸੀ। ਗੁਰੂ ਸਾਹਿਬ ਪੇਟ ਦੇ ਇਸ ਜ਼ਖ਼ਮ ਤੋਂ, ਬਹੁਤ ਕੁਝ ਇਲਾਜ ਕਰਵਾਣ ਦੇ ਬਾਵਜੂਦ ਸਿਹਤਯਾਬ ਨਾ ਹੋ ਸਕੇ ਤੇ ਛੇਕੜ ਕੱਤਕ ਸੁਦੀ 5 ਸੰਮਤ 1765 ਬਿ. (7 ਅਕਤੂਬਰ, ਸੰਨ 1708 ਈ.) ਨੂੰ ਗੁਰ-ਗੱਦੀ ਗੁਰੂ ਗ੍ਰੰਥ-ਪੰਥ ਨੂੰ ਦੇ ਕੇ ਖ਼ੁਦ ਨੰਦੇੜ ਦੇ ਸਥਾਨ ਪਰ, ਜਿੱਥੇ ਕਿ ਅਜ ਕਲ੍ਹ ਗੁਰਦੁਆਰਾ ਹਜ਼ੂਰ ਸਾਹਿਬ ਅਬਚਲ ਨਗਰ ਬਣਿਆ ਹੋਇਆ ਹੈ, ਜੋਤੀ ਜੋਤ ਸਮਾ ਗਏ। ਇਹ ਸਮਾਚਾਰ ਸੁਣ ਕੇ ਮੁਗ਼ਲ ਬਾਦਸ਼ਾਹ ਬਹਾਦੁਰ ਸ਼ਾਹ ਨੇ ਅਫ਼ਸੋਸ ਵਜੋਂ ਗੁਰੂ ਸਾਹਿਬ ਦੇ ਪਾਲਿਤ ਪੁਤ੍ਰ ਅਜੀਤ ਸਿੰਘ ਨੂੰ ਬੁਰਹਾਨ ਪੁਰ ਦੇ ਸਥਾਨ ਪਰ ਖਿਲਅਤ ਭੇਜਿਆ, ਇਸ ਦੇ ਨਾਲ ਹੀ ਜਮਸ਼ੈਦ ਖ਼ਾਨ ਕਾਤਲ ਦੇ ਮਾਣ ਵਜੋਂ, ਜੋ ਗੁਰੂ ਜੀ ਦੇ ਪੇਟ ਵਿਚ ਖ਼ੰਜਰ ਖੋਭਣ ਸਮੇਂ ਮਾਰਿਆ ਗਿਆ ਸੀ, ਉਸ ਦੇ ਪੁਤ੍ਰ ਨੂੰ ਵੀ ਉਸੇ ਤਰ੍ਹਾਂ ਸ਼ਾਹੀ ਖ਼ਿਲਅਤ ਭੇਜਿਆ। ਇਸ ਤੋਂ ਸਾਫ਼ ਪਤਾ ਲਗਦਾ ਹੈ ਕਿ ਇਸ ਸਾਜ਼ਿਸ਼ ਵਿਚ ਬਹਾਦੁਰ ਸ਼ਾਹ ਦਾ ਅੰਦਰਗਤੀ ਖ਼ਾਸ ਤੌਰ ਤੇ ਹੱਥ ਸੀ। (ਦੇਖੋ, ਅਖ਼ਬਾਰਾਤਿ ਦਰਬਾਰ ਮੁਅੱਲਾ, ਜੈ ਪੁਰ)

ਸਮਕਾਲੀ ਵੀਰ-ਸਾਹਿੱਤ

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਦਰਬਾਰ ਵਿਚ, ਜਿਵੇਂ ਕਿ ਪਿੱਛੇ ਦੱਸਿਆ ਗਿਆ ਹੈ, ਦੋ ਢਾਡੀ ਤੇ ਬਵੰਜਾ ਕਵੀ ਰੱਖੇ ਹੋਏ ਸਨ, ਜੋ ਹੋਰ ਅਨੇਕ ਪ੍ਰਕਾਰ ਦੀਆਂ ਸਾਹਿੱਤਕ ਰਚਨਾਵਾਂ ਦੇ ਨਾਲ ਹੀ ਵੀਰ-ਰਸੀ ਕਵਿਤਾਵਾਂ, ਜੰਗਨਾਮੇ ਜਾਂ ਵਾਰਾਂ ਵੀ ਲਿਖਦੇ ਰਹਿੰਦੇ ਸਨ। ਉਨ੍ਹਾਂ ਬਵੰਜਾ ਕਵੀਆਂ ਦੀ ਸੂਚੀ ਪਿੱਛੇ ਦਿੱਤੀ ਗਈ ਹੈ। ਉਨ੍ਹਾਂ ਕਵੀਆਂ ਤੇ ਢਾਡੀਆਂ ਵਿਚੋਂ ਭਾਈ ਛਬੀਲੇ ਤੇ ਮੁਸ਼ਕੀ ਢਾਡੀ ਦੀ ਭੰਗਾਣੀ ਦੀ ਵਾਰ, ਕਵੀ ਕੰਕਣ ਦੀ ਦਸ ਗੁਰਾਂ ਦੀ ਕਥਾ, ਕਵੀ ਅਣੀ ਰਾਇ ਕ੍ਰਿਤ ਜੰਗ-ਨਾਮਾ ਸ੍ਰੀ ਗੁਰੂ ਗੋਬਿੰਦ ਸਿੰਘ, ਦਸਮ ਗ੍ਰੰਥ ਦੀ ਚੰਡੀ ਦੀ ਵਾਰ ਆਦਿ ਵੀਰ ਰਸੀ ਕਾਵਜ-ਰਚਨਾਵਾਂ ਇਸ ਸੰਬੰਧ ਵਿਚ ਵਿਸ਼ੇਸ਼ ਅਹਿਮੀਅਤ ਰੱਖਦੀਆਂ ਹਨ। ਇਨ੍ਹਾਂ ਵਾਰਾਂ ਜਾਂ ਜੰਗਨਾਮਿਆਂ ਤੋਂ ਬਿਨਾਂ ਦਸ਼ਮ ਗ੍ਰੰਥ ਦੇ ਰਾਮਾਵਤਾਰ, ਸਰਬ ਲੋਹ ਪ੍ਰਕਾਸ਼ ਗ੍ਰੰਥ ਤੇ ਕਵਿ ਸੈਨਾਪਤਿ ਦੇ ਸ੍ਰੀ ਗੁਰ ਸੋਭਾ ਗ੍ਰੰਥ ਵਿਚ ਵੀ ਕੁਝ ਵਾਰ-ਸਾਹਿੱਤ ਫੁਟਕਲ ਪਉੜੀਆਂ ਜਾਂ ਸਿਰਖੰਡੀ ਛੰਦਾਂ ਦੇ ਰੂਪ ਵਿਚ ਮੌਜੂਦ ਹੈ। ਪੰਜਾਬੀ-ਹਿੰਦੀ ਦੇ ਕਬਿੱਤ ਤੇ ਚੰਡੀ ਚਰਿਤ੍ਰੋਕਤੀ ਬਿਲਾਸ ਆਦਿ ਦੇ ਬ੍ਰਿਜ ਭਾਸ਼ਾ ਰੂਪ ਅਲੰਕ੍ਰਿਤ ਸਵੈਯੇ ਉਸ ਸਮੇਂ ਦੇ ਵੀਰ ਰਸ ਦਾ ਇਕ ਹੋਰ ਵੀ ਅਗਾਂਹ-ਵਧੂ ਪੱਖ ਪੇਸ਼ ਕਰਦੇ ਹਨ, ਇਸ ਲਈ ਪਾਠਕਾਂ ਦੀ ਦਿਲਚਸਪੀ ਵਾਸਤੇ ਸ੍ਰੀ ਦਸਮੇਸ਼-ਦਰਬਾਰ ਦੇ ਵੀਰ ਰਸੀ ਸਾਹਿੱਤ ਦੇ ਮੁਲ-ਅੰਕਣ ਤੇ ਸਪੱਸ਼ਟੀ-ਕਰਣ ਲਈ ਕ੍ਰਮ ਅਨੁਸਾਰ ਅੱਗੇ ਕੁਝ ਇਤਿਹਾਸਿਕ ਤੇ ਮਿਥਿਹਾਸਿਕ ਰਚਨਾਵਾਂ ਦੇ ਪ੍ਰਮਾਣ ਦਿੱਤੇ ਜਾਂਦੇ ਹਨ :—

ਇਤਿਹਾਸਿਕ ਵੀਰ-ਕਾਵਜ

(ੳ) ਸ੍ਰੀ ਅਮ੍ਰਿਤਸਰ ਦੇ ਸਥਾਨ ਪਰ ਛੇਵੇਂ ਗੁਰੂ ਜੀ ਦੇ ਨਾਲ ਮੁਗ਼ਲ ਫ਼ੌਜਦਾਰ ਮੁਖ਼ਲਿਸ ਖ਼ਾਂ ਦਾ ਜੰਗ (ਸੰਨ 1638 ਈ.) :

1. ਕੱਕੇ ਭੂਰੇ ਦਿੱਸਣ ਮੁਗ਼ਲ ਡਰਾਵਣੇ।
ਦੰਦੀ ਵੱਢਾ ਵੱਢ ਦੂਬੇ ਜਿਨ ਖਾਵਣੇ।
ਰਣ ਵਿਚ ਉੱਚੇ ਜਾਪਣ ਬੁਰਜ ਸੁਹਾਵਣੇ।
ਵਾਹਗੁਰੂ ਦੀ ਹੱਥੀ ਮਿਲੇ ਗਿੜਾਵਣੇ।
ਧਰਮ ਰਾਇ ਫੜ ਆਂਦੇ ਸਭ ਕੁਹਾਵਣੇ॥ ੬੯॥

2. ਕਹਿਆ ਗੁਰੂ ਸੁਣਾਇ ਕੇ ਸਭਨਾ ਨੂੰ,
"ਅਸੀਂ ਜੰਗ ਤੋਂ ਮੂਲ ਨਾ ਸੰਗਦੇ ਹਾਂ।

ਤੁਸੀਂ ਬਾਜ ਹੀ ਬਾਜ ਪੁਕਾਰਦੇ ਹੋ,
ਅਸੀਂ ਤਾਜ ਤੁਹਾਡਾ ਵੀ ਮੰਗਦੇ ਹਾਂ।
ਕਾਹਜ਼ੀ ਵੈਰੀਆਂ ਦੀ ਸਾਨੂੰ ਕਾਣ ਨਾਹੀ,
ਅਸੀਂ ਵੈਰੀ ਨੂੰ ਮਾਰ ਕੇ ਟੰਗਦੇ ਹਾਂ।
ਤੁਸੀਂ ਫੌਜ ਦਾ ਕਰੋ ਗੁਮਾਨ ਯਾਰੋ,
ਅਸੀਂ ਤਾਣ ਅਕਾਲ ਦਾ ਮੰਗਦੇ ਹਾਂ" ॥ ੭੨ ॥
ਗੁਰੂ ਰਸਨਾ ਤੋਂ ਇਹ ਉਚਾਰ ਕੇ ਜੀ,
ਘੋੜਾ ਪੇਲਿ ਮੈਦਾਨਿ ਦੇ ਵਿਚ ਆਯਾ।
ਖੰਡਾ ਧੂਹ ਮਿਯਾਨ ਤੋਂ ਜੁਦਾ ਕੀਤਾ,
ਹੱਥੀਂ ਦੁਹੀਂ ਪਠਾਣ ਦੇ ਸੀਸ ਲਾਯਾ।
ਜਿਵੇਂ ਰੁੱਖ ਨੂੰ ਚੀਰ ਕਰਵੱਤ ਪਾਵੇ,
ਤਿਵੇਂ ਜੁੱਸਾ ਪਠਾਣ ਦਾ ਦਿੱਸ ਆਯਾ ॥ ੭੩ ॥

(ਕਵਿ ਕੰਕਣ ਕ੍ਰਿਤ ਦਸ ਗੁਰਾਂ ਦੀ ਕਥਾ)

(ਅ) 1. ਜੰਗ ਭੰਗਾਣੀ—ਸੰਗੋ ਸ਼ਾਹ ਦਾ ਜੁੱਧ ਤੇ ਸ਼ਹੀਦੀ :

ਤਹਾਂ ਸਾਹ ਸ੍ਰੀ ਸਾਹ ਸੰਗ੍ਰਾਮ ਕੋਪੇ।
ਪੰਚੋ ਬੀਰ ਬੰਕੇ ਪ੍ਰਿਥੀ ਪਾਇ ਰੋਪੇ।
ਹਠੀ ਜੀਤ ਮੱਲੰ ਸੁ ਗਾਜੀ ਗੁਲਾਬੰ।
ਰਣੰ ਦੇਖੀਐ ਰੂਖ ਰੰਗੰ ਸਹਾਬੰ ॥ ੪ ॥

ਦੋਹਰਾ। ਮਾਰ ਨਜਾਬਤ ਖ਼ਾਨ ਕੋ ਸੰਗੋ ਜੁਝੇ ਜੁਝਾਰ।
ਹਾ ਹਾ ਇਹ ਲੋਕੈ ਭਯੋ, ਸੁਰਗ ਲੋਕ ਜੈਕਾਰ ॥ ੨੩ ॥

ਭੁਜੰਗ ਛੰਦ। ਲਖੇ ਸਾਹ ਸੰਗ੍ਰਾਮ ਜੁੱਝੇ ਜੁਝਾਰੰ।
ਤਵੰ ਕੀਟ ਬਾਣੰ ਕਮਾਣੰ ਸੰਭਾਰੰ।
ਹਨਯੋ ਏਕ ਖਾਨੰ ਖਿਆਲੰ ਖਤੰਗੰ।
ਡਸਯੋ ਸਤ੍ਰੁ ਕੋ ਜਾਨੁ ਸਯਾਮੰ ਭੁਜੰਗੰ ॥ ੨੪ ॥

(ਬਚਿਤ੍ਰ ਨਾਟਕ ਪਾਤਸ਼ਾਹੀ ੧੦, ਅਧਿ. ੮)

2. ਬਾਬਾ ਕ੍ਰਿਪਾਲ ਦਾਸ ਉਦਾਸੀ ਦਾ ਜੁੱਧ :

ਕ੍ਰਿਪਾਲੰ ਸੁ ਕੋਪਿਯੰ ਕੁਤਕੋ ਸੰਭਾਰੀ।
ਹਠੀ ਖ਼ਾਨ ਹਯਾਤ ਕੇ ਸੀਸ ਝਾਰੀ।
ਉਠੀ ਛਿੱਛ ਇੱਛੰ ਕਢਾ ਮੇਜਿ ਜੋਰੰ।
ਮਨੋ ਮਾਖਨੰ ਮੱਟਕੀ ਕਾਨ੍ਹ ਫੋਰੰ ॥ ੭ ॥

(ਬਚਿਤ੍ਰ ਨਾਟਕ ਪਾਤਸ਼ਾਹੀ ੧੦, ਅਧਿ. ੮)

(ੲ) ਸ੍ਰੀ ਆਨੰਦਪੁਰ ਦਾ ਪਹਿਲਾ ਜੁੱਧ—ਸੰਨ 1700 ਈ.

ਸੱਤੇ ਧਾਰਾਂ[1] ਧਾਈਆਂ ਚੜਿ ਬੱਡੈ ਰਾਜੈ ।
ਖੇਤ ਮਚਾਇਆ ਸੂਰਮੇ ਦਲ ਮਾਰੂ ਬਾਜੈ ।
ਝੰਡੇ ਨੇਜੇ ਬੈਰਕਾਂ, ਤਨ ਪੱਖਰ ਸਾਜੈ ।
ਨਾਰਦ ਤੁੰਦ ਬਜਾਇਆ, ਬੀਰ ਤੱਕਣ ਖਾਜੈ ।
ਤੇਗ ਸਰਾਹੀ ਸਿੰਘ ਦੀ ਜਿਨ ਸਭੇ ਰਾਜੈ ।
ਫ਼ਤਿਹ ਕਰੀ ਸ੍ਰੀ ਸਾਹਿਬਾਂ, ਜਗ ਮੈ ਜਸ ਛਾਜੈ ॥ ੬੪ ॥
ਖੋਟੀ ਮਸਲਤ ਧੋਹਿ ਦਿਲ ਚੜ੍ਹ ਚਲੇ ਪਠਾਣ ।
ਧਾਏ ਨਾਮ ਲਿਖਾਇ ਕੈ ਸਜਿ ਵਡੇ ਮਾਣ ।
ਅਗੈ ਗੁਰੂ ਗੋਬਿੰਦ ਸਿੰਘ ਬਲ ਭੀਮ ਸਮਾਨ ।
ਮਾਰੇ ਖੇਤ ਖਰਾਬ ਕਰ ਘਾਇਲ ਘਰ ਜਾਨ ।
ਲਗੇ ਕੈਬਰ ਕਹਿਰ ਦੇ, ਚੁਗ ਲਏ ਜਵਾਨ ।
ਖੋਹਨ ਬਾਲ ਚੁੜੈਲੀਆਂ, ਮਹਿਲੀ ਕੁਰਲਾਨ ।
ਢੂੰਡੇ ਹੱਥ ਨ ਆਉਂਦੇ, ਰਣਿ ਰੁੜ੍ਹੇ ਪਠਾਨ ॥ ੬੫ ॥ ...
ਬੰਦੂਕੀ ਭਰਿ ਗੋਲੀਆਂ, ਪੱਲੀਤੇ ਲਾਏ ।
ਸ਼ੋਰ ਸੁਣਿਆ ਸਭ ਪ੍ਰਿਥਵੀ, ਬੱਦਲ ਗਰੜਾਏ ।
ਤਕਿ ਤਕਿ ਮਾਰਨ ਸਾਊਆਂ, ਬਹੁਤੇ ਬਿਰਲਾਏ ।
ਖੇਤ ਜਿਤਾ ਸ੍ਰੀ ਸਾਹਿਬਾਂ, ਜਗਿ ਸਾਕੇ ਪਾਏ ।
ਬੁਰਜਾਂ ਵਾਂਗੂ ਢਾਹਿ ਕਰਿ, ਸਭ ਗਰਦ ਮਿਲਾਏ ।
ਜਨ ਦੂਰੋਂ ਆਏ ਪਾਹੁਨੇ ਸੁਖ ਨੀਂਦ ਸਵਾਏ ॥ ੬੮ ॥

(ਜੰਗ ਨਾਮਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਕ੍ਰਿਤ ਕਵੀ ਅਣੀ ਰਾਇ)

(ਸ) ਸ੍ਰੀ ਦਸਮੇਸ਼ ਜੀ ਦੀ ਕ੍ਰਿਪਾਨ ਧਾਰਨਾ :

ਚਢਤ ਹੀ ਬਾਜੀ ਚਢਜੋ ਗਾਢੇ ਗਢ ਗਾਹਬੇ ਕੋ,
ਦੂੱਖ ਰੀਝੈ ਬਰ ਦਿਯੋ ਆਦਿ ਜਜੋਂ ਭਵਾਨੀ ਕੋ ।
ਆਵਤ ਹੀ ਦਾਬੀ ਛਾਤੀ ਦਾਧੀ ਛਿਤਿ ਪਾਲਨ ਕੀ,
ਰਾਜ ਕੋ ਕਰੈਯਾ ਉਨ ਹੀ ਕੀ ਰਾਜਧਾਨੀ ਕੋ ।
ਮਹਾ ਬਾਹੁ ਗੁਰੂ ਜੀ ਗੋਬਿੰਦ ਸਿੰਘ ਪਾਰਥ ਜਿਉਂ
ਭਾਰਥ ਕੋ ਜੀਤ ਲੇਤ ਬਸੁਧਾ ਬਿਰਾਨੀ ਕੋ ।

---

[1]ਸੱਤ ਧਾਰਾਂ ਦੇ ਰਈਸ। ਸੱਤ ਧਾਰਾਂ ਇਲਾਕਾ ਕਹਿਲੂਰ ਦੀਆਂ ਇਹ ਹਨ : (1) ਧਾਰ ਨੈਣਾਂ ਦੇਵੀ, (2) ਧਾਰ ਕੋਟ, (3) ਧਾਰ ਤਜੂਨੀ, (4) ਧਾਰ ਬੁੰਦਲਾ, (5) ਧਾਰ ਝਿੰਜਿਆਰ, (6) ਧਾਰ ਰਤਨਪੁਰ, ਅਤੇ (7) ਧਾਰ ਬਹਾਦੁਰਪੁਰ। (ਦੇਖੋ, History of the Punjab Hill States, Vol. II, P. 494.)

ਪਾਗਹੂੰ ਕੋ ਬਾਂਧਬੋ ਕਛੁਕ ਦਿਨ ਪਾਛੇ ਸੀਖਜੋ,
ਪਹਿਲੇ ਹੀ ਸੁ ਸੀਖਜੋ ਸਿੰਘ ਬਾਂਧਬੋ ਕ੍ਰਿਪਾਨੀ ਕੋ ॥

(ਕਵਿ ਮੰਗਲ)

(ਹ) ਸ੍ਰੀ ਦਸ਼ਮੇਸ਼ ਜੀ ਦੀ ਛੜੀ :

ਅਸੁਰ ਬਿਦਾਰਬੇ ਕੋ, ਸੁਰਪਤਿ ਪਾਰਬੇ ਕੋ,
ਭਗਤ ਉਧਾਰਬੇ ਕੋ ਮੁਕਤਿ ਕੀ ਜਰੀ ਹੈ ।
ਅਰਿ ਦਲ ਭੰਜਬੇ ਕੋ, ਗੜ੍ਹ ਦਲ ਗੰਜਬੇ ਕੋ,
ਸਭ ਸੁਖ ਸੰਜਬੇ ਕੋ ਮਹਾ ਸੁਖ ਭਰੀ ਹੈ ।
ਕਰਤ ਕਲੋਲ ਗੁਰੁ ਗੋਬਿੰਦ ਕੇ ਕਰ ਮਾਹਿ,
ਚਕ੍ਰ ਸਾਥ ਹੂੰ ਤੇ ਮਾਰਬੇ ਕੀ ਬਿਧਿ ਪਰੀ ਹੈ ।
ਫਤੇ ਕੀ ਨਿਸਾਨੀ ਯਹਿ ਪੂਰਬ ਜਨਮ ਹੂੰ ਕੀ,
ਤਬ ਹੁਤੀ ਗਦਾ ਅਬ ਸਯਾਮ ਰੰਗ ਛਰੀ ਹੈ ॥

(ਕਵਿ ਮੰਗਲ)

(ਕ) ਸ੍ਰੀ ਦਸ਼ਮੇਸ਼ ਦੀ ਦਾਨ ਵੀਰਤਾ :

1. ਸਾਗਰ ਦੇ ਵਾਰ ਪਾਰ ਵਿਚ ਮਹੀ ਮੰਡਲ ਦੇ,
ਜੈਂਦਾ ਜਸ ਦੇਸ ਦੇਸ ਸਭੇ ਲੋਕ ਗਾਂਵਦੇ ।
ਸੇਂਵਦੇ ਭਿਖਾਰੀ ਸੋਈ ਹੋਂਦੇ ਨੀ ਹਜ਼ਾਰੀ ਹੁਣ,
ਵਾਰ ਵਾਰ ਪੜ੍ਹ ਕੇ ਕਬਿੱਤ ਨੀ ਸੁਣਾਂਵਦੇ ।
ਚਾਰੋ ਹੀ ਵਰਨ ਖਟ ਦਰਸਨ ਜੈਂਦੇ ਦੁਆਰ,
'ਮੰਗਲ' ਸੁਕਵਿ ਮਨ ਇੱਛਾ ਫਲ ਪਾਂਵਦੇ ।
ਦੇਖੀ ਬਲਿ ਵਾਂਗੁ ਕੋਈ ਸਾਹਿਬ ਗੁਰੁ ਗੋਬਿੰਦ ਜੀ,
ਇਕ ਲੈ ਲੈ ਜਾਂਦੇ ਇਕ ਲੇਵਣੇ ਨੂੰ ਆਂਵਦੇ ॥ ੧ ॥
ਭਾਵੈ ਜਾਇ ਤੀਰਥ ਭ੍ਰਮਤਿ ਸੇਤ ਬੰਧ ਹੂੰ ਲੌਂ,
ਭਾਵੈ ਜਾਇ ਕੰਦਰਾਂ ਮੈ ਕੰਦ ਮੂਲ ਖਾਈਏ ।
ਭਾਵੈ ਦੇਹ ਦੁਆਰਕਾ ਦਗਧ ਕਰੈ ਛਾਪੇ ਲਾਇ,
ਭਾਵੈ ਕਾਸੀ ਮਾਹਿ ਜਾਇ ਜੁਗ ਲੌਂ ਬਸਾਈਏ ।
ਭਾਵੈ ਪੂਜੇ ਦੇਹੁਰੇ ਦੇਵਾਲੇ ਸਭ ਜਗ ਹੂੰ ਕੇ,
ਭਾਵੈ ਖਟ ਦਰਸਨ ਕੇ ਭੇਖ ਮੈ ਫਿਰਾਈਏ ।
ਜੌ ਤੂੰ ਚਾਹੇਂ ਮਨਸਾ ਕੇ 'ਮੰਗਲ' ਤੁਰਤ ਫਲ,
ਗੋਬਿੰਦ ਗੁਰੂ ਕੀ ਏਕ ਮੌਜ ਹੂੰ ਮੈਂ ਪਾਈਏ ॥ ੨ ॥

(ਕਵਿ ਮੰਗਲ)

2. ਜਿਨ ਕੋ ਪ੍ਰਤਾਪ ਪਰਿਪੂਰਨ ਪ੍ਰਹਮਿ ਪਰ,
ਸੋਊ ਤੇਰੇ ਚਰਨ ਕੋ ਕਰਤ ਬਖਾਨ ਹੈ ।

ਜਿਨ੍ਹੇਂ ਚਾਹਿ ਚਕ੍ਰਵੈ ਚਕਿਤ ਹੋਤ 'ਹੰਸ ਰਾਮ',
ਤੇਊ ਤੇਰੇ ਚਾਹਿਬੇ ਕੋ ਧਾਰਤ ਧਿਆਨ ਹੈ ।
ਜਿਨ ਹੂੰ ਕੋ ਬਿਜਯ ਪਾਰਾਵਾਰ ਪਾਰ ਦੇਖਿਯਤਿ,
ਪ੍ਰਬਲ ਪ੍ਰਚੰਡ ਸੁਨੇ ਜਾਹਿਰ ਜਹਾਨ ਹੈ ।
ਜਿਨ ਕੋ ਨ ਦਰਬਾਰ ਪਾਇਯਤ ਮਹੀਨਨਿ ਲੌਂ,
ਤੇਊ ਤੇਰੇ ਦਰਬਾਰ ਦੇਖੇ ਦਰਬਾਨ[1] ਹੈ ॥

(ਕਵੀ ਹੰਸ ਰਾਜ)

3. ਸੋਭਾ ਹੂੰ ਕੇ ਸਾਗਰ ਨਵਲ ਨੇਹ ਨਾਗਰ ਹੈ,
ਬਲ ਭੀਮ ਸਮ, ਸੀਲ ਕਹਾ ਲੌ ਗਿਨਾਈਏ ।
ਭੂਮਿ ਕੇ ਬਿਭੂਖਨ ਜੁ ਦੂਖਨ ਨੇ ਦੂਖਨ,
ਸਮੂਹ ਸੁਖ ਹੂੰ ਕੇ ਮੁਖ ਦੇਖੇ ਤੇ ਅਘਾਈਏ ।
ਹਿੰਮਤ ਨਿਧਾਨ ਆਨ ਦਾਨ ਕੋ ਬਖਾਨੇ ਜਾਨੇ,
'ਆਲਮ' ਤਮਾਮ ਜਾਮ ਆਠੋ ਗੁਨ ਗਾਈਏ ।
ਪ੍ਰਬਲ ਪ੍ਰਤਾਪੀ ਪਾਤਸਾਹੁ ਗੁਰੁ ਗੋਬਿੰਦ ਜੀ,
ਭੋਜ[2] ਕੀ ਸੀ ਮੌਜ ਤੇਰੇ ਰੋਜ ਰੋਜ ਪਾਈਏ ॥

(ਕਵਿ ਆਲਮ)

ਮਿਥਿਹਾਸਿਕ ਵੀਰ-ਕਾਵ੍ਯ

1. ਦੇਵੀ ਦੁਰਗਾ ਦਾ ਨਿਸੁੰਭ ਰਾਖਸ ਨਾਲ ਜੁੱਧ :

ਦੁਹਾਂ ਕੰਧਾਰਾਂ ਮੁਹਿ ਜੁੜੇ, ਜਦ ਸੱਟ ਪਈ ਜਮਧਾਣ ਕਉ ।
ਤਦ ਖਿੰਗ ਨਿਸੁੰਭ ਨਚਾਇਆ, ਡਾਲ ਉਪਰਿ ਬਰਗਸਤਾਣ ਕਉ ।
ਫੜੀ ਬਿਲੰਦ ਮੰਗਾਇਉਸ, ਫੁਰਮਾਇਸ ਕਰ ਮੁਲਤਾਨ ਕਉ ।
ਗੁੱਸੇ ਆਈ ਸਾਮ੍ਹਣੇ, ਰਣ ਅੰਦਰ ਘੱਤਣ ਘਾਣ ਕਉ ।
ਅਗੈ ਤੇਗ ਵਗਾਈ ਦੁਰਗ ਸ਼ਾਹ ਬਢਿ ਸੁੰਭਨ ਬਹੀ ਪਲਾਣ ਕਉ ।
ਰੜਕੀ ਜਾਇ ਕੈ ਧਰਤਿ ਕਉ, ਬਢਿ ਪਾਖਰ ਬਢਿ ਕਿਕਾਣ ਕਉ ।
ਬੀਰ ਪਲਾਣੋਂ ਡਿੱਗਿਆ ਕਰਿ ਸਿਜਦਾ ਸੁੰਭ ਸੁਜਾਣ ਕਉ ।
ਸਾਬਾਸ਼ ਸਲੋਣੇ ਖਾਣ ਕਉ, ਸਦਾ ਸਾਬਿਸ ਤੇਰੇ ਤ੍ਰਾਣ ਕਉ ।

---

[1] ਏਥੇ ਕਵੀ ਹੰਸ ਰਾਮ ਨੇ ਉਨ੍ਹਾਂ ਪਹਾੜੀ ਰਾਜਿਆਂ ਵਲ ਇਸ਼ਾਰਾ ਕੀਤਾ ਹੈ, ਜੋ ਗੁਰੂ ਸਾਹਿਬ ਦੇ ਦਰਬਾਰ ਵਿਚ ਨੌਕਰ ਹੋ ਕੇ ਰਹਿੰਦੇ ਤੇ ਗੁਰੂ ਜੀ ਤੋਂ ਰੋਜ਼ੀਨੇ ਲੈਂਦੇ ਸਨ । (ਦੇਖੋ, ਬੰਸਾਵਲੀਨਾਮਾ ਕ੍ਰਿਤ ਕੇਸਰ ਸਿੰਘ ਛਿੱਬਰ, ਚਰਣ ਦਸਵਾਂ) ।

[2] ਧਾਰਾ ਨਗਰੀ (ਮਧਯ ਭਾਰਤ) ਦਾ ਪਰਮ ਪ੍ਰਸਿੱਧ ਰਾਜਾ ਭੋਜ (੧੧ਵੀਂ ਸਦੀ ਈ:), ਜੋ ਖ਼ੁਦ ਵੀ ਸ੍ਰੀ ਦਸ਼ਮੇਸ਼ ਵਾਂਗੂ ਬੜਾ ਅੱਛਾ ਵਿਦਵਾਨ ਕਵੀ ਹੋਣ ਕਰ ਕੇ ਕਵੀ ਵਿਦ੍ਵਾਨਾਂ ਦੀ ਬਹੁਤੀ ਕਦਰ ਕਰਦਾ ਸੀ ।

ਤਾਰੀਫ਼ਾਂ ਪਾਨ ਚਬਾਣ ਕਉ, ਸਦ ਰਹਿਮਤ ਕੈਫ਼ਾਂ ਖਾਣ ਕਉ ।
ਸਦ ਰਹਿਮਤ ਤੁਰੇ ਨਚਾਣ ਕਉ ॥ ੫੦ ॥

(ਚੰਡੀ ਦੀ ਵਾਰ, ਦਸਮ ਗ੍ਰੰਥ)

2. ਰਾਵਣ ਦੇ ਪੁਤ੍ਰ ਇੰਦ੍ਰਜੀਤ ਦਾ ਸ੍ਰੀ ਰਾਮ ਚੰਦ੍ਰ ਦੇ ਭਾਈ ਲਛਮਣ ਨਾਲ ਜ਼ੰਗ :

ਜੁੱਟੇ ਬੀਰ ਜੁਝਾਰੇ ਧੱਗਾਂ ਵੱਜੀਆਂ ।
ਬੱਜੇ ਨਾਦ ਕਰਾਰੇ ਦਲਾਂ ਮੁਸ਼ਾਹਿਦਾ ।
ਲੁੱਝੇ ਕਾਰਣਯਾਰੇ ਸੰਘਰ ਸੂਰਮੇ ।
ਵੁੱਠੇ ਜਾਣ ਡਰਾਰੇ ਘਨੀਅਰ ਕੈਬਰੀ ॥ ੪੬੭ ॥
ਵੱਜੇ ਸੰਗਲੀਆਲੇ ਹਾਠਾਂ ਜੁੱਟੀਆਂ ।
ਖੇਤ ਵਹੇ ਮੁੱਛਾਲੇ, ਕਹਰ ਤਤਾਰਚੇ ।
ਡਿੱਗੇ ਵੀਰ ਜੁਝਾਰੇ ਹੂੰਗਾਂ ਫੁੱਟੀਆਂ ।
ਬਕੇ ਜਾਣ ਮਤਵਾਲੇ ਭੰਗਾਂ ਖਾਇਕੈ ॥ ੪੬੮ ॥ ...
ਚੋਬੀ ਧਉਸ ਵਜਾਈ ਸੰਘਰੁ ਮੱਚਿਆ ।
ਬਾਹਿ ਫਿਰੇ ਵੈਰਾਈ ਤੁਰੇ ਤਤਾਰਚੇ ।
ਹੂਰਾਂ ਚਿੱਤ ਵਧਾਈ ਅੰਬਰ ਪੂਰਿਆ ।
ਜੋਧਿਆਂ ਦੇਖਣ ਤਾਈਂ ਹੂਲੇ ਹੋਈਆਂ ॥ ੪੭੦ ॥

(ਰਾਮਾਵਤਾਰ, ਦਸਮ ਗ੍ਰੰਥ)

ਏਕਣ ਹੀ ਦਸਮ ਗ੍ਰੰਥ ਦੇ ਚੰਡੀ ਚਰਿਤ੍ਰ ਆਦਿ ਵਿਚ ਵੀ ਵੀਰ-ਕਾਵਯ ਤੇ ਚੰਗੇ ਨਮੂਨੇ ਮਿਲਦੇ ਹਨ ਤੇ ਸਰਬ ਲੋਹ ਪ੍ਰਕਾਸ਼ ਗ੍ਰੰਥ ਵਿਚ ਤਾਂ ਬਹੁਤ ਸਾਰਾ ਵੀਰ-ਸਾਹਿੱਤ ਹੀ ਭਰਿਆ ਪਿਆ ਹੈ, ਜਿਸ ਵਿਚ ਭਗਉਤੀ ਦੀ ਵਾਰ, ਦੀਰਘ ਦਾੜ੍ਹ ਦਾਨਵ ਤੇ ਮਹਾ ਕਾਲ ਦਾ ਭਯਾਨਕ ਜੁੱਧ ਇਸੇ ਮਿਥਿਹਾਸਿਕ ਵੀਰ-ਕਾਵਯ ਦੇ ਅਤਿ ਉੱਤਮ ਉਦਾਹਰਣ ਪੇਸ਼ ਕਰਦੇ ਹਨ ।

(ਅ)

ਰਾਜਪੂਤਾਂ ਦੀ ਵੀਰ ਪਰੰਪਰਾ

(1601-1700 ਈ.)

ਰਾਜਪੂਤਾਂ ਦਾ ਮੁੱਢ :

ਰਾਜਪੂਤ ਵੀਰ-ਪਰੰਪਰਾ ਦੱਸਣ ਤੋਂ ਪਹਿਲਾਂ ਏਥੇ ਉਨ੍ਹਾਂ ਦਾ ਮੁੱਢਲਾ ਹਾਲ ਦੱਸਣਾ ਜ਼ਰੂਰੀ ਹੈ। ਪੰਜਾਬ ਦੇ ਰਾਜਪੂਤ, ਜਿਵੇਂ ਕਿ ਇਸ ਸੰਬੰਧ ਵਿਚ ਪੰਜਾਬ ਦੇ ਇਤਿਹਾਸ ਤੋਂ ਪਤਾ ਲਗਦਾ ਹੈ, ਉਨ੍ਹਾਂ ਛਤ੍ਰੀਆਂ ਦੀ ਸੰਤਾਨ ਹਨ ਜੋ ਪੁਰਾਣਿਕ ਕਾਲ ਤੋਂ ਸੂਰਜ ਵੰਸ਼ੀ ਤੇ ਚੰਦ੍ਰ ਵੰਸ਼ੀ ਹੋਣ ਦਾ ਦਾਅਵਾ ਕਰਦੇ ਆਏ ਹਨ, ਪਰ ਛਤ੍ਰੀ ਚੂੰਕਿ ਦੋ ਕੁ ਜੁਗ ਪਹਿਲਾਂ ਹੀ ਰਿਖੀ ਜਮਦਗਨੀ ਦੇ ਪੁਤ੍ਰ ਪਰਸੁ ਰਾਮ ਦੇ ਹੱਥੋਂ 21 ਵੇਰ ਸਮੂਹਿਕ ਰੂਪ ਵਿਚ ਨਸ਼ਟ ਹੋ ਚੁਕੇ ਸਨ, ਇਸ ਲਈ ਉਨ੍ਹਾਂ ਦੀ ਥਾਵੇਂ ਛਤ੍ਰੀ ਪਦਵੀ ਧਾਰਣ ਕਰ ਕੇ ਇਕ ਨਵੇਂ ਖ਼ਾਨਦਾਨ ਦੇ ਰਾਜਪੂਤ ਲੋਕ, ਸਾਡੇ ਦੇਸ਼ ਦੇ ਇਤਿਹਾਸਿਕ ਰੰਗ-ਮੰਚ ਉਤੇ ਕਿਵੇਂ ਅਧਿਕਾਰ ਜਮਾ ਬੈਠੇ, ਇਹ ਗੱਲ ਜ਼ਰਾ ਹੋਰ ਵੀ ਸੋਚਣ ਤੇ ਵਿਚਾਰਨ ਜੋਗ ਹੈ।

ਛਤ੍ਰੀਆਂ ਦੇ ਵੰਸ਼ ਮੁੱਢ ਵਿਚ ਦੋ ਹਨ—(1) ਸੂਰਜ ਵੰਸ਼ ਤੇ (2) ਚੰਦ੍ਰ ਵੰਸ਼। ਸ੍ਰੀ ਰਾਮ ਚੰਦ੍ਰ ਜੀ ਸੂਰਜ ਵੰਸ਼ੀ ਸਨ ਤੇ ਸ੍ਰੀ ਕ੍ਰਿਸ਼ਨ ਜੀ ਚੰਦ੍ਰ ਵੰਸ਼ੀ। ਛਤ੍ਰੀ ਵੈਸੇ ਪੁਰਾਤਨ ਕਾਲ ਵਿਚ ਹੀ ਪਰਸ ਰਾਮ ਦੇ ਹੱਥੋਂ 21 ਵੇਰ ਨਸ਼ਟ ਹੋਏ ਤੇ ਫੇਰ ਰਹਿੰਦੇ ਖੂੰਹਦੇ ਮਹਾਭਾਰਤ ਦੇ ਜੰਗ ਸਮੇਂ ਹੀ ਮਾਰੇ ਗਏ ਸਨ। ਇਸ ਤੋਂ ਬਾਦ ਬਹੁਤ ਸਾਰੇ ਲੋਕ ਛਤ੍ਰੀ ਪਦਵੀ ਧਾਰਣ ਕਰਕੇ, ਜਿਵੇਂ ਕਿ ਭਾਰਤ ਦੇ ਇਤਿਹਾਸ ਤੋਂ ਪਤਾ ਲਗਦਾ ਹੈ, ਵਿਦੇਸ਼ੀ ਹਮਲਿਆਂ ਦਾ ਸ਼ਿਕਾਰ ਵੀ ਹੁੰਦੇ ਰਹੇ, ਇਸ ਲਈ ਕਈ ਵੇਰ ਘੋਰ ਜੁਗ ਗਰਦੀ ਹੋਣ ਕਰ ਕੇ ਚਾਰ ਵਰਣਾਂ (ਬ੍ਰਾਹਮਣ, ਛਤ੍ਰੀ, ਸ਼ੂਦ੍ਰ, ਵੈਸ਼) ਤੇ ਹੋਰ ਬਾਹਰਲੀਆਂ ਜਾਤੀਆਂ ਦੇ ਆਪਸ ਵਿਚ ਦੇ ਰਲ-ਗੱਡ ਦੇ ਕਾਰਣ ਕਈ ਹੋਰ ਵਰਣਾਂ ਤੇ ਜਾਤੀਆਂ ਦਾ ਵੀ ਇਹੋ ਹਾਲ ਹੋਇਆ ਤੇ ਗੁਪਤ ਰਾਜਿਆਂ ਦੇ ਸਮੇਂ ਪਿੱਛੋਂ ਤਾਂ ਅਨੇਕ ਜਾਤੀਆਂ ਦੇ ਮੇਲ ਨਾਲ ਇਕ ਨਵੀਂ ਵਰਣ ਸੰਕਰ ਜਾਤੀ ਪੈਦਾ ਹੋ ਗਈ, ਜਿਸ ਤੋਂ ਇਸ ਦੇਸ ਦੀ ਰੂਪ-ਰੇਖਾ ਕੁਝ ਹੋਰਵੇਂ ਹੀ ਉਲੀਕੀ ਗਈ।

ਕੁਝ ਬ੍ਰਾਹਮਣਾਂ ਨੇ ਇਕਤ੍ਰ ਹੋ ਕੇ ਪੁਰਾਣੇ ਛਤ੍ਰੀਆਂ ਦੀ ਥਾਵੇਂ, ਜਿਵੇਂ ਕਿ ਇਤਿਹਾਸਿਕ ਪੁਸਤਕਾਂ ਤੋਂ ਪਤਾ ਲਗਦਾ ਹੈ, ਇਕ ਨਵੀਂ ਜਾਤੀ ਦੀ ਉਪਜ-ਨਿਪਜ ਲਈ ਰਾਜਸਥਾਨ ਦੇ ਆਬੂ ਪਰਬਤ (ਅਰਵਲੀ ਪਹਾੜ) ਉਤੇ ਇਕ ਮਹਾਨ ਯੱਗ ਰਚਿਆ, ਜਿੱਥੇ ਅਹੂਤੀਆਂ ਪਾਉਣ ਤੇ ਮੰਤ੍ਰ-ਬਲ ਨਾਲ ਚਾਰ ਨਵੇਂ ਰਾਜ-ਵੰਸ਼ ਪੈਦਾ ਹੋਏ—(1) ਪ੍ਰਮਾਰ (ਪੰਵਾਰ), (2) ਸੋਲੰਕੀ, (3) ਚੋਹਾਨ (ਚੁਹਾਣ) ਅਤੇ (4) ਪ੍ਰਤਿਹਾਰ (ਪੜਿਹਾਰ)। ਬਸ

ਇਹੋ ਇਸ ਨਵੀਂ ਰਾਜਪੂਤ ਜਾਤਿ ਦਾ ਮੁੱਢ ਹੈ। ਫੇਰ ਬ੍ਰਾਹਮਣਾਂ ਵਲੋਂ ਜਤਨ ਹੋਣ ਤੇ ਇਨ੍ਹਾਂ ਚਾਰੇ ਰਾਜਪੂਤ ਖ਼ਾਨਦਾਨਾਂ ਦਾ ਸੰਬੰਧ ਸੂਰਜ-ਵੰਸ਼ ਤੇ ਚੰਦ੍-ਵੰਸ਼ ਨਾਲ ਸਥਾਪਿਤ ਕੀਤਾ ਗਿਆ।

ਪੰਜਾਬ ਦੇ ਰਾਜਪੂਤ :

ਮਹਾਭਾਰਤ ਦੇ ਸਮੇਂ ਛਤ੍ਰੀ ਲੋਕ, ਜਿਨ੍ਹਾਂ ਦਾ ਸਥਾਨ ਪਿੱਛੋਂ ਰਾਜਪੂਤਾਂ ਨੇ ਲਿਆ, ਬੰਗਾਲ, ਬਿਹਾਰ, ਉੜੀਸਾ, ਗੁਜਰਾਤ, ਉੱਤਰ ਪ੍ਰਦੇਸ਼, ਰਾਜਸਥਾਨ ਆਦਿ ਸਾਰੇ ਇਲਾਕਿਆਂ ਵਿਚ ਭਰੇ ਪਏ ਸਨ। ਫੇਰ ਉਨ੍ਹਾਂ ਦੀਆਂ ਸੰਤਾਨਾਂ ਨੇ, ਜੋ ਸਮੇਂ ਦੇ ਫੇਰ ਨਾਲ ਰਾਜ-ਭਾਗ ਖੁੱਸਣ ਕਰ ਕੇ ਜਾਤੀ-ਭ੍ਰਸ਼ਟ ਹੋ ਗਈਆਂ, ਕਿਸੇ ਹੀਲੇ ਪੰਜਾਬ ਦੇ ਵਾਹੀਕਾਂ ਨਾਲ ਮਿਲ ਕੇ ਅਨੇਕ ਨਵੀਆਂ ਰਿਆਸਤਾਂ ਦਾ ਮੁੱਢ ਬੰਨ੍ਹਿਆ। ਜੰਮੂ ਦੇ ਡੋਗਰੇ, ਕਾਂਗੜੇ ਦੇ ਕਟੋਚ ਤੇ ਇਲਾਕਾ ਪਹਾੜ ਦੇ ਪਾਲ, ਸੇਨ ਆਦਿ ਹੋਰ ਰਾਜੇ ਜਾਂ ਸਾਮੰਤ ਇਸੇ ਕਿਸਮ ਦੇ ਨਵੇਂ ਛਤ੍ਰੀ ਜਾਂ ਆਧੁਨਿਕ ਰਾਜਪੂਤ ਹਨ। ਪੰਜਾਬ ਦੇ ਮੈਦਾਨੀ ਇਲਾਕੇ ਵਿਚ ਤੰਵਰ, ਮੰਡਾਹੜ, ਰਾਵਤ, ਵਡਗੁੱਜਰ, ਬਾਗੜੀ, ਰੰਘੜ, ਬਰਿਆਹ, ਨੈਪਾਲ, ਰਾਠੌਰ, ਭੱਟੀ, ਵੱਟੂ, ਜੋਹੀਆ, ਖੀਚੀ, ਢੁੱਡੀ, ਸਿਆਲ, ਰਾਂਝਾ. ਗੋਂਦਲ, ਮੇਕਨ, ਟਿਵਾਣਾ, ਧੰਨਿਆਲ, ਭਕਰਾਲ, ਖਰਵਾਲ, ਘੇਬਾ, ਜੰਜੂਆ, ਮਿਨਹਾਸ, ਚਿੱਬ, ਠਾਕੁਰ, ਸਲਾਰੀਆ, ਚੰਦੇਲ, ਪਠਾਣੀਆ, ਜਸਵਾਲ, ਡਢਵਾਲ, ਮੰਝ, ਧੂੰਦ ਆਦਿ ਜਾਤਾਂ ਦੇ ਰਾਜਪੂਤ ਤੇ ਆਮ ਕਿਸਾਨਾਂ ਵਿਚ ਖਰਲ, ਗੱਖੜ, ਆਵਾਨ, ਖੱਟਰ, ਖੋਖਰ, ਭਾਟੀਆ, ਖੱਗਾ, ਹਾਂਸ ਆਦਿ ਨੀਮ ਰਾਜਪੂਤ ਮਸ਼ਹੂਰ ਹਨ। ਮਾਨ, ਭੁੱਲਰ ਤੇ ਹੇਹਰ ਜਾਤਿ ਦੇ ਜੱਟਾਂ ਤੋਂ ਬਿਨਾ ਹੋਰ ਲਗ ਭਗ ਸਾਰੇ ਹੀ ਜੱਟ ਗੋਤ, ਜਿਨ੍ਹਾਂ ਵਿਚ ਕਰੇਵੇ ਦਾ ਆਮ ਰਿਵਾਜ ਹੈ, ਪਹਿਲੇ ਪਹਿਲ ਜੇ ਉਨ੍ਹਾਂ ਦੇ ਮੁੱਢ ਨੂੰ ਦੇਖਿਆ ਜ਼ਾਵੇ ਤਾਂ ਕੁਝ ਖ਼ਾਨਦਾਨੀ ਵਿੰਗ-ਟੇਢ ਪਾ ਕੇ ਰਾਜਪੂਤਾਂ ਨਾਲ ਹੀ ਜਾ ਰਲਦੇ ਹਨ। ਰਾਜਪੂਤ ਚੂੰਕਿ ਇਕ ਪੁਰਾਣੀ ਜੰਗੀ ਕੌਮ ਦੇ ਨਾਂ ਨਾਲ ਮਸ਼ਹੂਰ ਹਨ ਤੇ ਇਨ੍ਹਾਂ ਦੇ ਮੁਕਾਬਲੇ ਤੇ ਜੱਟ ਵੀ, ਜੇ ਇਨ੍ਹਾਂ ਦੇ ਜੰਗੀ ਕਰਤੱਬ ਦੇਖੇ ਜਾਣ ਤਾਂ ਕਿਸੇ ਗੱਲੋਂ ਘੱਟ ਨਹੀਂ, ਸਗੋਂ ਦੋ ਕਦਮ ਅੱਗੇ ਹੀ ਹਨ, ਇਸ ਲਈ ਇਹ ਵੀ ਰਾਜਪੂਤਾਂ ਵਾਂਗੂ ਉਨੇ ਹੀ ਵਡੱਪਣ ਦੇ ਮਾਲਿਕ ਹਨ।

ਰਾਜਪੂਤਾਂ ਦੇ ਦਰਜੇ :

ਤਾਰੀਖ਼ਿ ਰਾਜਪੂਤਾਨਿ ਪੰਜਾਬ ਦੇ ਕਥਨ ਅਨੁਸਾਰ ਇਲਾਕਾ ਜੰਮੂ ਵ ਕਸ਼ਮੀਰ ਦੇ ਰਾਜਪੂਤ ਹੇਠ ਲਿਖੇ ਪੰਜ ਦਰਜਿਆਂ ਵਿਚ ਵੰਡੇ ਹੋਏ ਹਨ :—

1. ਪਹਿਲੇ ਦਰਜੇ ਦੇ ਰਾਜਪੂਤ—ਜਮਵਾਲ, ਜਸਰੋਟੀਏ, ਮਨਕੋਟੀਏ ਆਦਿ।
2. ਦੂਜੇ ਦਰਜੇ ਦੇ ਰਾਜਪੂਤ—ਮਿਨਹਾਸ, ਚਿੱਬ, ਭਾਊ ਆਦਿ।
3. ਤੀਜੇ ਦਰਜੇ ਦੇ ਰਾਜਪੂਤ—ਸਲਾਰੀਆ, ਬਜਿਆਲ, ਖਟੂਆ ਆਦਿ।
4. ਚੌਥੇ ਦਰਜੇ ਦੇ ਰਾਜਪੂਰ—ਮਾਡਲ, ਰਛਪਾਲ, ਖਤ੍ਰੀ-ਜੱਗੀ, ਖੰਨੇ, ਮਲਹੋਤ੍ਰੇ, ਕਟਾਲ, ਭਲਵਾਲ ਆਦਿ।
5. ਪੰਜਵੇਂ ਦਰਜੇ ਦੇ ਰਾਜਪੂਤ — ਡਾਂਗ, ਬਿਜਈ, ਗੰਗੀ, ਸਲਹੋਤ੍ਰੇ, ਗਲੌਤ੍ਰੇ, ਲਦਠੱਕਰ, ਵਡਗੁੱਜਰ ਆਦਿ।

ਜੰਮੂ-ਕਸ਼ਮੀਰ ਵਿਚ ਇਸ ਜਾਤੀ-ਵੰਡ ਦੇ ਅਨੁਸਾਰ ਇਲਾਕਾ ਪਹਾੜ ਜਾਂ ਪੰਜਾਬ ਦੇ

ਖਤ੍ਰੀਆਂ ਨੂੰ ਚੌਥੇ ਦਰਜੇ ਦੇ ਰਾਜਪੂਤਾਂ ਵਿਚ ਗਿਣਿਆ ਹੈ।[1] ਇਹ ਸਾਰੇ ਹੀ ਰਾਜਪੂਤ ਜਾਂ ਛਤ੍ਰੀ ਆਪਣੇ ਤੋਂ ਛੋਟੇ ਜਾਂ ਅਦਨੇ ਦਰਜੇ ਦੇ ਰਾਜਪੂਤਾਂ ਨਾਲ ਰੋਟੀ-ਬੇਟੀ ਦੀ ਸਾਂਝ ਨਹੀਂ ਰਖਦੇ।

ਹਿੰਦੂ ਰਾਜਪੂਤ

ਰਾਜਪੂਤ ਤੇ ਪਹਾੜੀ ਰਿਆਸਤਾਂ :

ਪੰਜਾਬ ਦੇ ਪਹਾੜੀ ਇਲਾਕੇ ਵਿਚ, ਜੋ ਦਰਿਆ ਜਮਨਾ ਤੋਂ ਕਸ਼ਮੀਰ ਤਕ ਫੈਲਿਆ ਹੋਇਆ ਹੈ, ਸ੍ਰੀ ਨਗਰ (ਕਸ਼ਮੀਰ) ਦੇ ਰਾਜ-ਵੰਸ਼ ਤੋਂ ਅਲਾਵਾ ਪੱਛਮੀ ਜੁੱਟ ਦੀਆਂ ਮੁਸਲਮਾਨ ਰਿਆਸਤਾਂ—ਜਿੰਗਲ, ਮੁਜ਼ੱਫ਼ਰਾਬਾਦ, ਖਗਾਨ, ਗੜ੍ਹੀ, ਰਸ਼, ਧੰਨਤਾਵਰ, ਗੰਡਗੜ੍ਹ, ਦਰਬੰਦ, ਤਰਬੇਲਾ, ਫਰਵਾਲਾ, ਸੁਲਤਾਨਪੁਰ ਤੇ ਖ਼ਾਨ ਪੁਰ; ਡੂਗਰ ਦੇਸ ਦੀਆਂ ਹਿੰਦੂ ਰਿਆਸਤਾਂ—ਜੰਮੂ, ਮਨਕੋਟ, ਜਸਰੋਟਾ, ਲੱਖਨਪੁਰ, ਸਾਂਬਾ, ਤਿਰੀਕੋਟ, ਅਖਨੂਰ, ਰਿਆਸੀ, ਦਲਪਤਿ ਪੁਰ, ਭਾਊ, ਭੋਟੀ, ਚਨੈਹਨੀ, ਬੰਦਰਾਲਟਾ, ਬਸੋਹਲੀ, ਭਦ੍ਰਵਾਹ, ਭਾਦੂ, ਤੇ ਹੋਰ ਰਿਆਸਤਾਂ—ਕਸ਼ਟਵਾੜ, ਪੁਣਛ, ਕੋਟਲੀ, ਰਾਜੌੜੀ, ਭਿੰਬਰ, ਖਰੀ ਖਰਿਆਲੀ; ਇਲਾਕਾ ਤ੍ਰਿਗਰਤ ਅਥਵਾ ਜਾਲੰਧਰ-ਦੁਆਬ ਦੀਆਂ ਰਿਆਸਤਾਂ—ਕਾਂਗੜਾ, ਗੁਲੇਰ, ਕੋਟਲਾ, ਜੱਸਵਾਂ, ਸਿੱਬਾ, ਦਾਤਾਰਪੁਰ, ਨੂਰਪੁਰ, ਚੰਬਾ, ਸੁਕੇਤ, ਮੰਡੀ, ਕੁੱਲੂ, ਕੁਟਲੇਹਰ ਤੇ ਬੰਗਾਹਲ ਅਤੇ ਸਤਲੁਜੋਂ ਉਰਾਰ ਦੀਆਂ ਰਿਆਸਤਾਂ ਹੰਡੂਰ (ਨਾਲਾਗੜ੍ਹ) ਆਦਿ ਵਧੇਰੇ ਪ੍ਰਸਿੱਧ ਰਹੀਆਂ ਹਨ। ਇਨ੍ਹਾਂ ਰਿਆਸਤਾਂ ਵਿਚੋਂ ਹੀ ਜਾਲੰਧਰ (ਦੁਆਬ) ਦੀਆਂ 11 ਰਿਆਸਤਾਂ—ਚੰਬਾ, ਨੂਰਪੁਰ, ਗੁਲੇਰ, ਦਾਤਾਰਪੁਰ, ਸਿੱਬਾ, ਜੱਸਵਾਂ, ਕਾਂਗੜਾ, ਕੁਟਲੇਹਰ, ਮੰਡੀ, ਸੁਕੇਤ ਤੇ ਕੁੱਲੂ ਅਤੇ ਰਾਵੀਓਂ ਪਾਰ ਡੂਗਰ ਦੇਸ ਦੀਆਂ ਰਿਆਸਤਾਂ—ਬਸੋਹਲੀ, ਭਾਦੂ, ਮਨ ਕੋਟ, ਬੰਦਰਾਲਟਾ, ਜਸਰੋਟਾ, ਸਾਂਬਾ, ਜੰਮੂ, ਚਨੈਹਨੀ, ਕਸ਼ਟਵਾੜ, ਸ਼ਾਹਪੁਰ ਤੇ ਭਦ੍ਰਵਾਹ ਮਿਲ ਕੇ 22 ਹੋ ਜਾਂਦੀਆਂ ਹਨ। ਇਹੋ ਇਲਾਕਾ ਪਹਾੜ ਦੀਆਂ ਇਤਿਹਾਸ ਪ੍ਰਸਿੱਧ 22 (ਧਾਰ) ਰਿਆਸਤਾਂ ਹਨ। ਇਨ੍ਹਾਂ ਦੇ ਰਾਜੇ ਕ੍ਰਮ ਅਨੁਸਾਰ ਚੰਬਿਆਲ, ਪਠਾਣੀਆਂ, ਢਡਵਾਲ, ਜਸਵਾਲ, ਕਟੋਚ, ਬਲੌਰੀਆ, ਜੰਮਵਾਲ, ਹੰਡਾਲ, ਬਿਝੜਵਾਲ ਆਦਿ ਅਖਵਾਂਦੇ ਰਹੇ ਹਨ, ਜਿਵੇਂ ਕਿ ਚੰਡੀਗੜ੍ਹ ਦੇ ਨੇੜੇ ਪੰਜੌਰ ਦੇ ਰਾਜਪੂਤ ਪਾਂਗਲੂ ਤੇ ਇਲਾਕਾ ਨੰਗਲ ਦੇ ਨਾਂਗਲੂ ਮਸ਼ਹੂਰ ਸਨ।

ਹੁਣ ਅੱਗੇ ਲਓ 22 ਧਾਰ ਦੀਆਂ ਰਿਆਸਤਾਂ ਦੇ ਰਾਜਪੂਤ ਰਾਜਿਆਂ ਜਾਂ ਰਈਸਾਂ ਦੀ ਵੀਰ ਪਰੰਪਰਾ ਦੇ ਕ੍ਰਮਵਾਰ ਕੁਝ ਕੁ ਇਤਿਹਾਸਿਕ ਉਦਾਹਰਣ :

ਰਾਜਾ ਬਾਹੂ, ਜੰਮੂ ਤੇ ਮੀਆਂ ਨਾਥ ਦਾ ਜੁੱਧ :

ਜੰਮੂ ਦੇ ਰਾਜਪੂਤ (ਜਮਵਾਲ) ਸੂਰਜਵੰਸ਼ੀ ਕਹੇ ਜਾਂਦੇ ਹਨ। ਜਮਵਾਲਾਂ ਦੀ ਰਾਜਧਾਨੀ ਪਹਿਲਾਂ ਦਰਿਆ ਤਵੀ ਕੰਢੇ ਨਗਰ ਬਾਹੂ ਸੀ, ਜੋ ਕਿਸੇ ਸਮੇਂ ਧਾਰਾ ਨਗਰੀ ਦੇ ਨਾਂ ਨਾਲ ਮਸ਼ਹੂਰ ਸੀ ਤੇ ਫੇਰ ਰਾਜਧਾਨੀ ਨਗਰ ਜੰਮੂ ਬਣੀ। ਬਾਹੂ ਦਾ ਪਹਿਲੇ ਰਾਜਾ ਬਾਹੂ

---

[1]ਦੇਖੋ, ਤਾਰੀਖ਼ਿ ਰਾਜਪੂਤਾਨਿ ਪੰਜਾਬ (ਉਰਦੂ) ਕ੍ਰਿਤ ਠਾਕੁਰ ਕਾਨ੍ਹ ਸਿੰਘ; ਰਾਜਪੂਤ ਗੋਤੇਂ (ਉਰਦੂ) ਕ੍ਰਿਤ ਚੌਧਰੀ ਮੁਹੰਮਦ ਅਫ਼ਜ਼ਲ ਖ਼ਾਨ, ਅੰਮ੍ਰਿਤਸਰੀ ਤੇ ਪੰਜਾਬ ਦਾ ਸੰਖੇਪ ਇਤਿਹਾਸ (ਪੰਜਾਬੀ) ਕ੍ਰਿਤ ਸ਼ਮਸ਼ੇਰ ਸਿੰਘ ਅਸ਼ੋਕ, ਦੂਜੀ ਛਾਪ, ਸੰਨ ੧੯੬੧, ਸਫ਼ੇ ੭੧-੭੨।

ਲੋਚਨ ਦੇ ਪੋਤ੍ਰ ਪਰਸ ਰਾਮ ਦੇਵ ਨੇ ਬਾਦਸ਼ਾਹ ਅਕਬਰ ਦੇ ਕੋਲ ਸ਼ਿਕਾਇਤ ਕੀਤੀ ਕਿ ਉਸ ਦੇ ਭਾਈ ਸਮੀਲ ਦੇਵ ਨੇ ਪਿਤਾ ਜਗਦੇਵ ਦੇ ਮਰਨ ਸਾਰ ਸਾਰੀ ਹਕੂਮਤ ਇਕੱਲਿਆਂ ਹੀ ਸਾਂਭ ਲਈ ਹੈ, ਇਸ ਲਈ ਉਸ ਨੂੰ ਅੱਧ ਦਿਵਾਇਆ ਜਾਵੇ। ਪਰਸ ਰਾਮ ਦੇ ਪਿਤਾ ਜਗਦੇਵ ਨੇ ਚੂੰਕਿ ਬਾਦਸ਼ਾਹ ਦੀ ਫ਼ੌਜੀ ਖ਼ਿਦਮਤ ਕੀਤੀ ਸੀ, ਇਸ ਲਈ ਉਸ ਦੀ ਅਰਜ਼ੀ ਦੇ ਮੁਤਾਬਿਕ ਡੋਗਰਾ ਰਿਆਸਤ ਦੋ ਹਿੱਸਿਆਂ ਵਿਚ ਵੰਡੀ ਗਈ। ਬਾਹੂ ਦਾ ਰਾਜ ਪਰਸ ਰਾਮ ਦੇਵ ਦੇ ਹਿੱਸੇ ਆਇਆ ਤੇ ਨਵੀਂ ਰਾਜਧਾਨੀ ਜੰਮੂ ਦੀ ਹਕੂਮਤ ਸਮੀਲ ਦੇਵ ਨੂੰ ਮਿਲੀ।

ਰਾਜਾ ਪਰਸ ਰਾਮ ਦੇਵ ਦਾ ਪੋਤ੍ਰਾ ਰਾਜਾ ਕ੍ਰਿਪਾਲ ਦੇਵ, ਜੋ ਰਾਜਾ ਕਰਣ ਦੀ ਤਰ੍ਹਾਂ ਬਹੁਤ ਵੱਡਾ ਦਾਨਵੀਰ ਅਥਵਾ ਦਾਨੀ ਹੋਣ ਦੇ ਕਾਰਣ ਕਰਣ ਦੇਵ ਦੇ ਨਾਂ ਨਾਲ ਮਸ਼ਹੂਰ ਹੋਇਆ, ਰਾਜਗੱਦੀ ਉਤੇ ਬੈਠਦਿਆਂ ਹੀ ਅਜਿਹਾ ਹਰਮਨ ਪਿਆਰਾ ਬਣ ਗਿਆ ਤੇ ਜੋਧਾ ਵੀ ਸਾਬਤ ਹੋਇਆ ਕਿ ਢਾਡੀ ਉਸ ਦੀਆਂ ਵਾਰਾਂ ਗਾਉਣ ਲੱਗ ਪਏ। ਉਸ ਦਾ ਵਜ਼ੀਰ ਸ੍ਰੀ ਦਲਪਤੀ ਜੈ ਸਿੰਘ ਦਾ ਪੁਤ੍ਰ ਮੀਆਂ ਨਾਥ ਸੀ, ਪਰ ਅਜਿਹੇ ਜੋਧਿਆਂ ਤੋਂ ਕਈ ਵੇਰ ਕੁਝ ਅਨਹੋਣੀਆਂ ਤੇ ਨਾ-ਭੁੱਲਣ ਜੋਗ ਗ਼ਲਤੀਆਂ ਵੀ ਹੋ ਜਾਂਦੀਆਂ ਹਨ ਜਿਨ੍ਹਾਂ ਦਾ ਨਤੀਜਾ ਬੜਾ ਭੈੜਾ ਹੁੰਦਾ ਹੈ। ਫੇਰ ਉਹੋ ਨਤੀਜਾ ਸਾਰੀ ਕੌਮ ਨੂੰ ਲਾਜ਼ਮੀ ਤੌਰ ਤੇ ਭੁਗਤਣਾ ਪੈਂਦਾ ਹੈ। ਇਹੋ ਹਾਲ ਰਾਜਾ ਕ੍ਰਿਪਾਲ ਦੇਵ ਦਾ ਹੋਇਆ। ਉਸ ਸੋਂ ਉਸ ਨੂੰ ਚੂੰਕਿ ਚੰਗੇ ਤੋਂ ਚੰਗੇ ਹਥਿਆਰ ਇਕਤ੍ਰ ਕਰਨ ਦਾ ਸ਼ੌਕ ਸੀ, ਇਸ ਲਈ ਇਕ ਦਿਨ ਸਹਿਜ ਸੁਭਾਉ ਹੀ ਆਪਣੇ ਵਜ਼ੀਰ ਮੀਆਂ ਨਾਥ ਦੀ ਅਤਿ ਚੰਗੀ ਕੀਮਤੀ ਤਲਵਾਰ ਦੇਖ ਕੇ ਉਸ ਤੋਂ ਰਹਿ ਨਾ ਹੋਇਆ ਤੇ ਉਹ ਤਲਵਾਰ ਉਸ ਨੇ ਮੰਗ ਲਈ ਤੇ ਫ਼ਰਮਾਇਸ਼ ਪਾ ਕੇ ਕਿਹਾ ਕਿ ਉਹ ਆਪਣੀ ਇਹ ਤਲਵਾਰ ਟਿੱਕਾ ਨੰਦ ਦੇਵ ਦੇ ਹਵਾਲੇ ਕਰ ਦੇਵੇ। ਵਜ਼ੀਰ ਮੀਆਂ ਨਾਥ ਇਸ ਗੱਲੋਂ ਡਾਢਾ ਗੁੱਸੇ ਹੋਇਆ ਤੇ ਵਿਗੜ ਕੇ ਕਹਿਣ ਲੱਗਾ, "ਮਹਾਰਾਜ ! ਅੱਜ ਤਾਂ ਤੁਸੀਂ ਮੇਰੀ ਸੋਹਣੀ ਤਲਵਾਰ ਮੰਗਦੇ ਹੋ ਤੇ ਕਲ੍ਹ ਨੂੰ ਮੇਰੀ ਸੋਹਣੀ ਔਰਤ ਵੀ ਮੰਗ ਲਓਗੇ, ਇਸ ਲਈ ਮੈਂ ਹੁਣ ਤੁਹਾਡੇ ਕੋਲ ਮੁਲਾਜ਼ਮ ਨਹੀਂ ਰਹਿ ਸਕਦਾ।"

ਇਹ ਕਹਿ ਕੇ ਵਜ਼ੀਰ ਮੀਆਂ ਨਾਥ ਨੇ ਰਾਜਾ ਕ੍ਰਿਪਾਲ ਦੇਵ ਦੀ ਨੌਕਰੀ ਛੱਡੀ ਤੇ ਸਿੱਧਾ ਜਸਰੋਟੇ ਚਲਾ ਗਿਆ। ਰਾਜਾ ਧ੍ਰੁਵ ਦੇਵ ਜਸਰੋਟਾ ਨੇ ਇਸ ਗੱਲੋਂ ਆਪਣੇ ਚੰਗੇ ਭਾਜ ਸਮਝੇ ਤੇ ਮੀਆਂ ਨਾਥ ਨੂੰ ਬੜੇ ਆਦਰ ਭਾਵ ਨਾਲ ਮਾਕੂਲ ਰੋਜ਼ੀਨਾ ਦੇ ਕੇ ਰੱਖ ਲਿਆ। ਵਜ਼ੀਰ ਮੀਆਂ ਨਾਥ ਨੇ ਥੋੜੇ ਹੀ ਚਿਰ ਵਿਚ ਜਸਰੋਟੇ ਦੀ ਫ਼ੌਜ ਨੂੰ ਚੰਗੀ ਫ਼ੌਜੀ ਟ੍ਰੇਨਿੰਗ ਦੇ ਦਿੱਤੀ। ਰਾਜਾ ਜਸਰੋਟਾ ਤੇ ਰਾਜਾ ਬਾਹੂ ਦੀ ਆਪਸ ਵਿਚ ਬੜੀ ਦੇਰ ਤੇ ਕੁਝ ਖਟਪਟੀ ਸੀ, ਇਸ ਲਈ ਅਚਾਣਕ ਇਹੋ ਪਤਾ ਲੱਗਾ ਕਿ ਜਦ ਰਾਜਾ ਧ੍ਰੁਵ ਦੇਵ ਨੇ ਵਜ਼ੀਰ ਮੀਆਂ ਨਾਥ ਦੀ ਕਮਾਨ ਹੇਠ ਰਿਆਸਤ ਬਾਹੂ ਉਤੇ ਫ਼ੌਜੀ ਚੜ੍ਹਾਈ ਕਰ ਦਿੱਤੀ ਹੈ। ਆਖ਼ਰ ਦੋਹਾਂ ਦਲਾਂ ਦਾ ਟਾਕਰਾ ਜਾਂਡੂ ਦੇ ਸਥਾਨ ਪਰ ਹੋਇਆ, ਜਿੱਥੇ ਕਿ ਜਸਰੋਟੇ ਤੇ ਬਾਹੂ ਦੇ ਰਾਜ ਦੀਆਂ ਹੱਦਾਂ ਮਿਲਦੀਆਂ ਹਨ। ਉਥੇ ਦੋਹਾਂ ਧਿਰਾਂ ਵਲੋਂ ਕਹਿਰਾਂ ਦਾ ਜੰਗ ਛਿੜਨ ਤੇ ਵਜ਼ੀਰ ਮੀਆਂ ਨਾਥ ਦੇ ਹੱਥੋਂ ਉਸੇ ਤਲਵਾਰ ਨਾਲ ਰਾਜਾ ਕ੍ਰਿਪਾਲ ਦੇਵ ਦੇ ਦੋਵੇਂ ਪੁਤ੍ਰ-ਰਾਜ ਕੁਮਾਰ ਨੰਦ ਦੇਵ ਤੇ ਅਖੰਡ ਦੇਵ, ਹੋਰ ਬਹੁਤ ਸਾਰੇ ਜੋਧਿਆਂ ਸਮੇਤ

ਮਾਰੇ ਗਏ ਤੇ ਆਖ਼ਰ ਮੀਆਂ ਨਾਥ ਖ਼ੁਦ ਵੀ ਉਸੇ ਥਾਂ ਹੀ ਤਲਵਾਰਾਂ ਮਾਰਦਾ ਹੋਇਆ ਰਣਚੰਡੀ ਦੀ ਭੇਟ ਚੜ੍ਹ ਗਿਆ। ਮੀਆਂ ਨਾਥ ਦੀ ਇਸ ਕੁਰਬਾਨੀ ਬਾਰੇ ਹੁਣ ਤਕ ਉਸ ਇਲਾਕੇ ਵਿਚ ਬਹੁਤ ਸਾਰੇ ਜੰਗੀ ਗੀਤ ਗਾਏ ਜਾਂਦੇ ਹਨ।[1]

ਫੇਰ ਰਿਆਸਤ ਬਾਹੂ ਰਾਜਾ ਕ੍ਰਿਪਾਲ ਦੇਵ ਤੋਂ ਬਾਦ ਰਿਆਸਤ ਜੰਮੂ ਵਿਚ ਮਿਲਣ ਤੇ ਹਮੇਸ਼ਾਂ ਲਈ ਖ਼ਤਮ ਹੋ ਗਈ।

ਕਾਂਗੜੇ ਦੇ ਕਟੋਚ :

ਪੰਜਾਬ ਦੇ ਰਾਜਪੂਤਾਂ ਵਿਚ ਜੰਮੂ-ਕਸ਼ਮੀਰ ਤੋਂ ਬਾਦ ਕਾਂਗੜੇ ਦੇ ਕਟੋਚ, ਜੋ ਚੰਦ੍ਰ ਵੰਸ਼ੀ ਰਾਜਪੂਤ ਹਨ, ਬੜਾ ਅਹਿਮ ਦਰਜਾ ਰਖਦੇ ਹਨ। ਕਟੋਚ, ਜਿਵੇਂ ਕਿ ਇਤਿਹਾਸ ਦਾ ਅਧਿਐਨ ਕਰਨ ਤੋਂ ਪਤਾ ਲਗਦਾ ਹੈ, ਈਸਾ ਤੋਂ ਕਈ ਸਦੀਆਂ ਪਹਿਲਾਂ ਮੁਲਤਾਨ ਤੋਂ ਪ੍ਰਵਾਸੀ ਹੋ ਕੇ ਤ੍ਰਿਗਰਤ (ਜਾਲੰਧਰ-ਦੁਆਬ) ਦੇ ਇਲਾਕੇ ਵਿਚ ਆਏ ਸਨ ਤੇ ਇੱਥੇ ਹੀ ਉਨ੍ਹਾਂ ਨੇ ਆਪਣੀ ਰਾਜਧਾਨੀ ਬਣਾ ਲਈ ਸੀ। ਮਹਾਭਾਰਤ ਦੇ ਸਮੇਂ ਵਿਚ ਏਥੇ ਇਕ ਕਟੋਚ ਰਾਜਾ, ਜਿਸ ਦਾ ਨਾਂ ਸੁਸ਼ਰਮਾ ਕਿਹਾ ਜਾਂਦਾ ਹੈ, ਰਾਜ ਕਰਦਾ ਸੀ। ਈਸਾ ਦੀ 10ਵੀਂ ਸਦੀ ਵਿਚ ਮੁਸਲਮਾਨੀ ਹਮਲੇ ਹੋਣ ਤੇ ਕਟੋਚਾਂ ਨੇ ਜਾਲੰਧਰ ਛੱਡਿਆ ਤੇ ਕਾਂਗੜੇ ਕਿਲ੍ਹਾ ਬਣਾ ਕੇ ਆਪਣੀ ਰਾਜਧਾਨੀ ਬਦਲ ਲਈ। ਫੇਰ 10ਵੀਂ ਸਦੀ ਵਿਚ ਮਹਿਮੂਦ ਗਜ਼ਨਵੀ ਨੇ ਕਾਂਗੜਾ ਵੀ ਕੁਝ ਸਮੇਂ ਵਾਸਤੇ ਕਟੋਚਾਂ ਤੋਂ ਖੋਹ ਲਿਆ, ਪਰ ਕਟੋਚ ਚੂੰਕਿ ਜੱਦੋਜਹਿਦ ਕਰਦੇ ਹੀ ਚਲੇ ਗਏ, ਇਸ ਲਈ ਪਿੱਛੋਂ ਅਚਾਣਕ ਦਿੱਲੀ ਦੇ ਰਾਜਪੂਤ ਰਾਜਿਆਂ ਵਲੋਂ ਸਹਾਇਤਾ ਮਿਲਣ ਤੇ ਕਾਂਗੜਾ ਕਿਸੇ ਨਾ ਕਿਸੇ ਤਰ੍ਹਾਂ ਉਨ੍ਹਾਂ ਦੇ ਹੱਥ ਆ ਗਿਆ। ਇਸ ਤੋਂ ਬਾਦ ਕਟੋਚਾਂ ਨੇ ਕਾਂਗੜੇ ਦਾ ਕਿਲ੍ਹਾ ਹੋਰ ਵੀ ਮਜ਼ਬੂਤ ਬਣਾ ਲਿਆ।

ਮਹਿਮੂਦ ਗਜ਼ਨਵੀ ਤੋਂ ਪਿੱਛੋਂ ਕਾਂਗੜੇ ਉਤੇ ਕਈ ਮੁਸਲਮਾਨ ਬਾਦਸ਼ਾਹਾਂ ਨੇ ਹਮਲੇ ਕੀਤੇ, ਪਰ ਫ਼ਤਿਹ ਹਾਸਲ ਨਾ ਹੋਈ। ਫੇਰ ਸੰਨ 1582 ਵਿਚ ਮੁਗ਼ਲ ਬਾਦਸ਼ਾਹ ਅਕਬਰ ਨੇ ਵੀ ਹਮਲਾ ਕੀਤਾ, ਪਰ ਉਹ ਵੀ ਨਾਕਾਮਯਾਬ ਰਿਹਾ। ਛੇਕੜ ਅਕਬਰ ਦੇ ਇਸ਼ਾਰੇ ਨਾਲ ਸ਼ਾਹਜ਼ਾਦਾ ਸਲੀਮ (ਜਹਾਂਗੀਰ) ਨੇ ਇਸ ਮੁਹਿੰਮ ਦਾ ਬੀੜਾ ਉਠਾਇਆ। ਸੰਨ 1605 ਵਿਚ ਅਕਬਰ ਦੇ ਮਰਨ ਪਿੱਛੋਂ ਜਹਾਂਗੀਰ ਨੇ ਗੱਦੀ ਸਾਂਭਦਿਆਂ ਹੀ ਹੋਰ ਕੰਮਾਂ ਤੋਂ ਫ਼ਾਰਿਗ਼ ਹੋ ਕੇ ਜਿਹੜਾ ਵੱਡਾ ਕੰਮ ਆਪਣੇ ਹੱਥ ਵਿਚ ਲਿਆ, ਉਹ ਨਗਰ ਕੋਟ (ਕਾਂਗੜਾ) ਦੀ ਮੁਹਿਮ ਸੀ। ਕਾਂਗੜੇ ਦੀ ਗੱਦੀ ਉਤੇ ਇਸ ਸਮੇਂ ਰਾਜਾ ਤ੍ਰਿਲੋਕ ਚੰਦ ਸੀ, ਜੋ ਕਈ ਵੇਰ ਮੁਗ਼ਲਾਂ ਦੇ ਹਮਲੇ ਹੋਣ ਤੇ ਚੰਗਾ ਮੁਕਾਬਲਾ ਕਰਦਾ ਰਿਹਾ। ਕਾਂਗੜੇ ਦੇ ਇਕ ਜੰਗੀ ਗੀਤ[2] ਦੇ ਅਨੁਸਾਰ, ਜੋ ਉਥੋਂ ਦੇ ਭੋਜਕੀ ਦੇਵੀ ਦੀਆਂ ਭੇਟਾ ਵਜੋਂ ਗਾਉਂਦੇ ਹਨ, ਰਾਜਾ ਤ੍ਰਿਲੋਕ ਚੰਦ ਹੱਥੋਂ ਅਕਬਰ ਨੇ ਕਾਂਗੜੇ ਦਾ ਕਿਲ੍ਹਾ ਫ਼ਤਿਹ ਕੀਤਾ,

---

[1]ਵੇਖੋ, ਤਾਰੀਖ਼ਿ ਰਾਜਗਾਨਿ ਜਮਵਾਲ (ਉਰਦੂ), ਹਿੱਸਾ ਦੋਇਮ, ਕ੍ਰਿਤ ਠਾਕੁਰ ਕਾਨ੍ਹ ਸਿੰਘ ਬਿਲਾਵਰੀਆ, ੧੯੮੮ ਬਿ:, ਸਫ਼ੇ ੩੩੨-੩੪।

[2]ਇਹ ਜੰਗੀ ਗੀਤ, ਜੋ 'ਕਾਂਗੜੇ ਦੀ ਵਾਰ' ਦੇ ਰੂਪ ਵਿਚ ਹੈ, ਇਸ ਪੁਸਤਕ ਦੇ ਅੰਤ ਵਿਚ ਅੰਤਿਕਾ-੧ ਵਜੋਂ ਦਿੱਤਾ ਗਿਆ ਹੈ।

ਪਰ ਇਹ ਕਥਨ ਇਕ ਮਿਥਿਹਾਸਿਕ ਕਹਾਣੀ ਹੋਣ ਕਰ ਕੇ ਕੁਝ ਗ਼ਲਤ ਹੈ। ਕਾਂਗੜੇ ਦਾ ਕਿਲ੍ਹਾ ਅਸਲ ਵਿਚ ਅਕਬਰ ਨੇ ਨਹੀਂ, ਜਿਵੇਂ ਕਿ ਸ਼ਾਹ ਜਹਾਂਗੀਰ ਦੀ ਫ਼ਾਰਸੀ ਕਿਤਾਬ, "ਤੁਜ਼ਕਿ ਜਹਾਂਗੀਰੀ" ਤੋਂ ਪਤਾ ਲਗਦਾ ਹੈ, ਜਹਾਂਗੀਰੀ ਰਾਜ ਦੇ 15ਵੇਂ ਵਰ੍ਹੇ, ਅਰਥਾਤ ਨਵੰਬਰ ਸੰਨ 1620 ਈ: ਵਿਚ ਮੁਗ਼ਲੲੀ ਫ਼ੌਜਾਂ ਦੇ ਹੱਥੋਂ, ਜਿਨ੍ਹਾਂ ਦੀ ਵਾਂਗਡੋਰ ਰਾਜਾ ਬਿਕ੍ਰਮਾਜੀਤ ਰਾਇ ਰਾਇਆਂ ਦੇ ਹੱਥ ਵਿਚ ਸੀ, ਪੂਰੀ ਤਰ੍ਹਾਂ ਫ਼ਤਿਹ ਹੋਇਆ ਸੀ। ਰਾਜਾ ਤ੍ਰਿਲੋਕ ਚੰਦ ਉਸ ਤੋਂ 8 ਵਰ੍ਹੇ ਪਹਿਲਾਂ ਹੀ ਇਕ ਲੜਾਈ ਵਿਚ ਮੁਗ਼ਲਾਂ ਦੇ ਹੱਥੋਂ ਮਾਰਿਆ ਗਿਆ ਸੀ, ਤੇ ਸੰਨ 1612 ਤੋਂ ਸੰਨ 1627 ਤਕ ਕਾਂਗੜੇ ਦਾ ਰਾਜਾ ਹਰੀ ਚੰਦ ਸੀ, ਜੋ ਕਾਂਗੜੇ ਦਾ ਕਿਲ੍ਹਾ ਫ਼ਤਿਹ ਹੋਣ ਸਮੇਂ ਮਸਾਂ 12 ਕੁ ਸਾਲਾਂ ਦਾ ਬੱਚਾ ਸੀ। ਅਜਿਹੀ ਹਾਲਤ ਵਿਚ ਰਾਜਾ ਹਰੀ ਚੰਦ ਦੇ ਹੱਥੋਂ, ਜਦ ਕਿ ਹੋਰ ਰਾਜਪੂਤ ਰਾਜਾ ਸੂਰਜ ਮੱਲ ਨੂਰਪੁਰ, ਰਾਜਾ ਰੂਪ ਚੰਦ ਗੁਲੇਰੀ, ਕਟੋਚ, ਰਾਜਾ ਸੁਕੇਤ, ਮੰਡੀ ਆਦਿ ਲਗ ਭਗ ਸਾਰੇ ਹੀ ਮੁਗ਼ਲਾਂ ਦੀ ਮਦਦ ਉਤੇ ਸਨ, ਕਾਂਗੜੇ ਦਾ ਕਿਲ੍ਹਾ ਖੁੱਸ ਜਾਣਾ ਕੋਈ ਹੈਰਾਨੀ ਵਾਲੀ ਗੱਲ ਨਹੀਂ ਹੈ।

ਸੰਨ 1620 ਵਿਚ ਕਾਂਗੜਾ ਫ਼ਤਿਹ ਹੋਣ ਤੇ ਜਨਵਰੀ ਸੰਨ 1622 ਵਿਚ ਬਾਦਸ਼ਾਹ ਜਹਾਂਗੀਰ ਖ਼ੁਦ ਬੇਗ਼ਮ ਨੂਰ ਜਹਾਂ ਸਮੇਤ ਉੱਥੋਂ ਦਾ ਕਿਲ੍ਹਾ ਦੇਖਣ ਲਈ ਆਇਆ। ਅਨੇਕਾਂ ਦਰਬਾਰੀ ਮੌਲਵੀ ਤੇ ਮੁਫ਼ਤੀ ਉਸ ਦੇ ਨਾਲ ਸਨ। ਉਸ ਸਮੇਂ ਬਾਦਸ਼ਾਹ ਦੇ ਹੁਕਮ ਨਾਲ ਕਿਲ੍ਹੇ ਦੇ ਨਾਲ ਹੀ ਜੁਆਲਾ ਮੁਖੀ ਦੇ ਸਥਾਨ ਪਰ ਇਕ ਗਊ ਜ਼ਿਬ੍ਹਾ ਕੀਤੀ ਗਈ, ਜਿਸ ਦਾ ਲਹੂ ਸਾਰੇ ਮੰਦਿਰ ਵਿਚ ਛਿੜਕਿਆ ਗਿਆ ਤੇ ਬਾਦਸ਼ਾਹ ਦੇ ਨਾਂ ਦਾ ਖ਼ੁਤਬਾ ਪੜ੍ਹਿਆ ਗਿਆ।

ਬਾਦਸ਼ਾਹ ਦੇ ਹੁਕਮ ਨਾਲ ਕਾਂਗੜੇ ਦੇ ਕਿਲ੍ਹੇ ਦੀ ਰਖਵਾਲੀ ਲਈ ਨਵਾਬ ਅਲੀ ਖ਼ਾਨ ਤੈਨਾਤ ਹੋਇਆ। ਬਾਦਸ਼ਾਹ ਨੇ ਰਾਜਾ ਕਾਂਗੜਾ ਦੇ ਹੋਰ ਸਾਰੇ ਇਲਾਕੇ ਜ਼ਬਤ ਕਰ ਕੇ ਰਾਜ-ਪਰਿਵਾਰ ਦੇ ਗੁਜ਼ਾਰੇ ਲਈ ਸਿਰਫ਼ ਰਾਜਗਿਰਿ ਦਾ ਇਲਾਕਾ ਛੱਡਿਆ। ਪਿੱਛੋਂ ਸੰਨ 1627 ਵਿਚ ਰਾਜਾ ਹਰੀ ਚੰਦ ਦੇ ਮਰਨ ਤੇ ਉਸ ਦੀ ਥਾਵੇਂ ਰਾਜਾ ਚੰਦ੍ਰ ਭਾਨ ਚੰਦ ਨੇ ਗੱਦੀ ਸੰਭਾਲੀ ਤੇ ਗੁਪਤ ਛਾਪੇ ਮਾਰ ਕੇ ਮੁਗ਼ਲਾਂ ਨਾਲ ਟੱਕਰ ਲੈਣੀ ਸ਼ੁਰੂ ਕੀਤੀ। ਫੇਰ ਇਸੇ ਤਰ੍ਹਾਂ ਸੰਨ 1660 ਤੋਂ ਉਸ ਦੀ ਥਾਵੇਂ ਰਾਜਾ ਵਿਜੈ ਰਾਮ ਚੰਦ ਵੀ ਜੰਗੀ ਜੱਦੋਜਹਿਦ ਵਿਚ ਹੀ ਜੁਟਿਆ ਰਿਹਾ। ਸੰਨ 1627 ਵਿਚ ਜਹਾਂਗੀਰ ਤੋਂ ਬਾਦ ਸ਼ਾਹਜਹਾਂ ਤੇ ਫੇਰ ਸੰਨ 1656 ਤੋਂ ਬਾਦ ਸ਼ਾਹਜਹਾਂ ਦੀ ਥਾਵੇਂ ਔਰੰਗਜ਼ੇਬ ਨੇ ਹਿੰਦੁਸਤਾਨ ਦਾ ਰਾਜ-ਭਾਗ ਸਾਂਭ ਕੇ ਬੜੀ ਰਾਜਨੀਤਿਕ ਸਿਆਣਪ ਨਾਲ ਰਾਜਾ ਵਿਜੈ ਰਾਮ ਚੰਦ ਨੂੰ ਸੰਨ 1660 ਵਿਚ ਦਿੱਲੀ ਸੱਦਿਆ ਤੇ ਰਾਜਗਿਰਿ ਦੇ ਨਾਲ ਹੀ ਨਦਾਉਨ, ਪਾਲਮ, ਮਹਲ ਸਰਾਇ, ਜੈ ਸੁਖ ਤੇ ਮਲਿਹਾਰ ਦੇ ਇਲਾਕੇ ਦੇ ਕੇ ਹਦਾਇਤ ਕਰ ਦਿੱਤੀ ਕਿ ਉਹ ਗੁਰੀਲਾ ਜੰਗ ਛੱਡੇ ਤੇ ਅਮਨ ਅਮਾਨ ਨਾਲ ਮੁਗ਼ਲ ਹਕੂਮਤ ਦਾ ਵਫ਼ਾਦਾਰ ਬਣ ਕੇ ਰਹੇ। ਰਾਜਾ ਵਿਜੈ ਰਾਮ ਚੰਦ ਨੇ ਬਾਦਸ਼ਾਹ ਦੀ ਇਹ ਗੱਲ ਮੰਨ ਲਈ, ਪਰ ਫੇਰ ਵੀ ਉਸ ਤੋਂ ਪਿੱਛੋਂ ਰਾਜਾ ਉਦੈ ਰਾਮ ਚੰਦ ਤੇ ਆਲਮ ਚੰਦ ਦੇ ਸਮੇਂ ਮੁੜ ਉਹੋ ਹਾਲਤ ਪੈਦਾ ਹੋ ਗਈ ਤੇ ਕਾਂਗੜੇ ਦੇ ਕਟੋਚ ਰਾਜੇ ਕਾਂਗੜੇ ਦੇ ਹਾਕਮਾਂ—ਸੱਯਦ ਹੁਸੈਨ ਖ਼ਾਨ, ਹਸਨ ਅਬਦੁੱਲਾ ਖ਼ਾਨ, ਨਵਾਬ ਖਲੀਲੁੱਲਾ ਖ਼ਾਨ ਆਦਿ—ਦੇ ਨਾਲ ਸੰਨ 1700 ਤਕ

ਲੜਦੇ-ਭਿੜਦੇ ਹੀ ਰਹੇ, ਪਰ ਕੋਟ ਕਾਂਗੜਾ, ਜੋ ਇਕ ਵੇਰ ਖੁੱਸ ਚੁੱਕਾ ਸੀ, ਮੁੜ ਉਨ੍ਹਾਂ ਦੇ ਹੱਥ ਨਾ ਆਇਆ।

ਗੁਲੇਰੀ ਕਟੋਚ :

ਜਿਵੇਂ ਅਸੀਂ ਪਿੱਛੇ ਦੱਸਿਆ ਹੈ ਕਿ ਕਾਂਗੜੇ ਦੇ ਕਟੋਚ ਰਾਜੇ ਆਪਣੇ ਘਰ ਦੀ ਫੁੱਟ ਦੇ ਕਾਰਣ ਮੁਗ਼ਲ ਹਾਕਮਾਂ ਦੇ ਸਾਮ੍ਹਣੇ ਪੂਰੀ ਤਰ੍ਹਾਂ ਹਥਿਆਰ ਨਹੀਂ ਚੁਕ ਸਕੇ ਤੇ ਨਾ ਹੀ ਮੁੜ ਕਾਂਗੜੇ ਦਾ ਕਿਲ੍ਹਾ ਹੀ ਲੈ ਸਕੇ। ਇਸ ਵਿਰੋਧਤਾ ਬਾਰੇ ਗੁਲੇਰੀ ਕਟੋਚਾਂ ਦਾ ਉਦਾਹਰਣ ਪੇਸ਼ ਕਰਦਾ ਹਾਂ। ਕਾਂਗੜੇ ਦੇ ਕਟੋਚਾਂ ਵਿਚੋਂ ਹੀ ਚਾਰ ਹੋਰ ਪਹਾੜੀ ਰਿਆਸਤਾਂ ਨਿਕਲੀਆਂ—(1) ਗੁਲੇਰ, (2) ਜੱਸਵਾਂ, (3) ਸਿੱਬਾ ਤੇ (4) ਦਾਤਾਰਪੁਰ, ਤੇ ਇਨ੍ਹਾਂ ਚਹੁੰਆਂ ਦੇ ਆਪਸ ਵਿਚ ਨਿਆਰੇ ਹੀ ਰਾਹ ਸਨ। ਗੁਲੇਰ ਦੇ ਰਾਜਾ ਰੂਪ ਚੰਦ ਕਟੋਚ ਨੂੰ ਬਾਦਸ਼ਾਹ ਜਹਾਂਗੀਰ ਵਲੋਂ 7 ਦਸੰਬਰ, ਸੰਨ 1621 ਈ. ਨੂੰ ਬਮਏ ਸ਼ਾਹਾਨਾ ਖ਼ਿਲਅਤ ਤੇ ਗੁਲੇਰ ਦਾ ਅੱਧਾ ਰਾਜ ਮੁਫ਼ਤ ਤੇ ਅੱਧਾ ਤਨਖ਼ਾਹ ਵਜੋਂ ਇਕ ਹਾਥੀ ਤੇ ਘੋੜੇ ਸਮੇਤ ਇਸ ਕਰ ਕੇ ਦਿੱਤਾ ਗਿਆ ਕਿ ਉਸ ਨੇ 16 ਨਵੰਬਰ, ਸੰਨ 1620 ਨੂੰ ਕਾਂਗੜੇ ਦੇ ਕਿਲ੍ਹੇ ਉਤੇ ਮੁਗ਼ਲੇਈ ਫ਼ੌਜ ਦਾ ਕਬਜ਼ਾ ਕਰਵਾਉਣ ਲਈ ਹੱਦੋਂ ਪਰੇ ਸੈਨਿਕ ਸਹਾਇਤਾ ਦਿੱਤੀ ਸੀ ਤੇ ਖ਼ੁਦ ਵੀ ਕਈ ਵੇਰ ਹਥਿਆਰ ਫੜ ਕੇ ਮਰਦਾਨਗੀ ਨਾਲ ਲੜਿਆ ਸੀ।

ਕਾਂਗੜੇ ਦੀ ਜਿੱਤ ਤੋਂ ਬਾਦ ਰਾਜਾ ਰੂਪ ਚੰਦ ਨੇ ਸੰਨ 1623–24 ਵਿਚ ਨੂਰਪੁਰ ਦੇ ਰਾਜਾ ਜਗਤ ਸਿੰਘ ਦੀ ਬਗ਼ਾਵਤ ਦਬਾਉਣ ਲਈ ਬਾਦਸ਼ਾਹ ਜਹਾਂਗੀਰ ਦੀਆਂ ਫ਼ੌਜਾਂ ਨੂੰ ਪੂਰੀ ਪੂਰੀ ਮਦਦ ਦਿੱਤੀ। ਰਾਜਾ ਜਗਤ ਸਿੰਘ ਨੇ ਇਸ ਸਮੇਂ ਸ਼ਾਹਜ਼ਾਦਾ ਖ਼ੁੱਰਮ (ਸ਼ਾਹਜਹਾਂ) ਦੇ ਗੁਪਤ ਇਸ਼ਾਰੇ ਨਾਲ ਜਹਾਂਗੀਰ ਤੋਂ ਵਿਰੁੱਧ ਹਥਿਆਰ ਚੁੱਕੇ ਸਨ। ਰਾਜਾ ਰੂਪ ਚੰਦ ਨੇ, ਜੋ ਰਿਆਸਤ ਨੂਰਪੁਰ ਦੇ ਨਾਲ ਕੁਝ ਜਾਤੀ ਵਿਰੋਧ ਰਖਦਾ ਸੀ, ਰਾਜਾ ਜਗਤ ਸਿੰਘ ਨੂੰ ਦਬਾਉਣ ਤੋਂ ਬਾਦ ਬਾਈ ਧਾਰ ਦੇ ਹੋਰ ਪਹਾੜੀ ਰਾਜਿਆਂ ਨੂੰ ਵੀ ਮੁਗ਼ਲਾਂ ਦੀ ਈਨ ਵਿਚ ਰਹਿਣ ਲਈ ਕਈ ਵੇਰ ਦਬਾਇਆ ਸੀ। ਇਸੇ ਕਾਰਣ ਬਾਦਸ਼ਾਹ ਵਲੋਂ ਉਸ ਨੂੰ ਉਚੇਚੇ ਤੌਰ ਤੇ ਖ਼ਿਲਅਤ ਫ਼ਾਖਰਾ ਤੇ ਦੋ ਉਮਦਾ ਸ਼ਸਤ੍ਰ ਇਨਾਮ ਵਜੋਂ ਮਿਲੇ, ਜੋ ਉਸ ਦੇ ਤੋਸ਼ੇਖ਼ਾਨੇ ਵਿਚ ਰੱਖੇ ਹੋਏ ਸਨ।

ਬਾਦਸ਼ਾਹ ਜਹਾਂਗੀਰ ਤੋਂ ਬਾਦ ਸ਼ਾਹਜਹਾਂ ਨੇ ਵੀ ਸੰਨ 1634 ਵਿਚ ਰਿਆਸਤ ਸ੍ਰੀ ਨਗਰ (ਗੜ੍ਹਵਾਲ) ਕਾਬੂ ਕਰਨ ਵਾਸਤੇ ਰਾਜਾ ਰੂਪ ਚੰਦ ਗੁਲੇਰ ਨੂੰ ਹੀ ਨਜਾਬਤ ਖਾਂ ਦੇ ਨਾਲ ਨਿਯੁਕਤ ਚੀਤਾ, ਪਰ ਇਸ ਲੜਾਈ ਵਿਚ ਮੁਗਲੇਈ ਫ਼ੌਜ ਅਚਾਣਕ ਘੇਰੇ ਵਿਚ ਆ ਗਈ ਤੇ ਰਾਜਾ ਰੂਪ ਚੰਦ ਗੜ੍ਹਵਾਲੀਆਂ ਹੱਥੋਂ ਮਾਰਿਆ ਗਿਆ ਅਤੇ ਨਜਾਬਤ ਖ਼ਾਨ ਹਥਿਆਰ ਸੁੱਟ ਕੇ ਬਚ ਨਿਕਲਿਆ।

ਸੰਨ 1635 ਵਿਚ ਰਾਜਾ ਰੂਪ ਚੰਦ ਤੋਂ ਬਾਦ ਉਸ ਦਾ ਪੁਤ੍ਰ ਰਾਜਾ ਮਾਨ ਸਿੰਘ ਗੱਦੀ ਬੈਠਾ ਤੇ ਮੁਗ਼ਲ ਹਕੂਮਤ ਤੋਂ 'ਸ਼ੇਰਿ ਅਫ਼ਗਨ' ਦੀ ਪਦਵੀ ਪ੍ਰਾਪਤ ਕਰ ਕੇ ਸੰਨ 1641–42 ਵਿਚ ਰਾਜਾ ਜਗਤ ਸਿੰਘ ਨੂਰਪੁਰੀਏ ਤੋਂ ਵਿਰੁੱਧ ਬੜੀ ਬਹਾਦੁਰੀ ਨਾਲ ਲੜਿਆ। ਰਾਜਾ ਮਾਨ ਸਿੰਘ ਚੂੰਕਿ ਆਪਣੇ ਪਿਤਾ ਰਾਜਾ ਰੂਪ ਚੰਦ ਵਾਂਗੂ ਹੀ ਜਗਤ ਸਿੰਘ ਦਾ ਜਾਨੀ ਦੁਸ਼ਮਨ ਸੀ, ਇਸ ਲਈ ਉਸ ਨੇ ਮੁਗ਼ਲੇਈ ਫ਼ੌਜ ਨੂੰ ਮਊ ਕੋਟ ਤੇ ਤਾਰਾਗੜ੍ਹ ਦੇ ਕਿਲ੍ਹੇ ਫ਼ਤਿਹ ਕਰਨ ਵਿਚ ਭਰਪੂਰ ਸਹਾਇਤਾ ਦਿੱਤੀ। ਫੇਰ ਇਸੇ ਤਰ੍ਹਾਂ ਉਸ ਨੇ

ਮੰਡੀ, ਸੁਕੇਤ, ਬੁਸ਼ਹਿਰ ਤੇ ਕੁੱਲੂ ਦੇ ਇਲਾਕੇ ਵੀ ਸ਼ਾਹੀ ਫ਼ੌਜ ਨੂੰ ਫ਼ਤਿਹ ਕਰਵਾਏ। ਸੰਨ 1647 ਵਿਚ ਇਸੇ ਕਾਰਣ ਉਹ ਸ਼ਾਹਜ਼ਾਦਾ ਔਰੰਗਜ਼ੇਬ ਦੇ ਅਧੀਨ ਕੰਧਾਰ (ਅਫ਼ਗਾਨਿਸਤਾਨ) ਦੀ ਮੁਹਿਮ ਉਤੇ ਤੋਰਿਆ ਗਿਆ। ਗੁਲੇਰ ਦੇ ਇਲਾਕੇ ਵਿਚ ਕਿਲ੍ਹਾ ਮਾਨਗੜ੍ਹ ਇਸੇ ਰਾਜਾ ਮਾਨ ਸਿੰਘ ਦੀ ਯਾਦਗਾਰ ਹੈ।

ਰਾਜਾ ਮਾਨ ਸਿੰਘ ਤੋਂ ਪਿੱਛੋਂ ਰਾਜਾ ਬਿਕ੍ਰਮ ਸਿੰਘ (1661-1675) ਤੇ ਫੇਰ ਰਾਜਾ ਰਾਜ ਸਿੰਘ (1675-1695) ਨੇ ਗੱਦੀ ਬੈਠ ਕੇ ਪਹਿਲਾਂ ਮੁਗ਼ਲ ਹਕੂਮਤ ਦਾ ਸਾਥ ਦਿੱਤਾ ਤੇ ਪਿੱਛੋਂ ਰਾਜਾ ਚਤੁਰ ਸਿੰਘ ਚੰਬਾ, ਰਾਜਾ ਧੀਰਜ ਪਾਲ ਬਸੋਹਲੀ ਤੇ ਰਾਜਾ ਕ੍ਰਿਪਾਲ ਦੇਵ ਜੰਮੂ ਨਾਲ ਏਕਾ ਕਰ ਕੇ ਮੁਗ਼ਲਾਂ ਤੋਂ ਇਲਾਕਾ ਪਹਾੜ ਦੇ ਕੁਝ ਖੋਹੇ ਹੋਏ ਇਲਾਕੇ ਵਾਪਸ ਲੈ ਲਏ ਤੇ ਇਸੇ ਤਰ੍ਹਾਂ ਰਾਜਾ ਰਾਜ ਸਿੰਘ ਨੇ ਫ਼ੌਜਦਾਰ ਹੁਸੈਨ ਖ਼ਾਨ, ਅਲਿਫ਼ ਖ਼ਾਨ ਤੇ ਮੀਆਂ ਖ਼ਾਨ (ਸੂਬਾ ਲਾਹੌਰ) ਤੋਂ ਵਿਰੁੱਧ ਰਾਜਾ ਮੰਡੀ ਤੇ ਕਹਿਲੂਰ ਦੀ ਮਦਦ ਵੀ ਕੀਤੀ।

ਸੰਨ 1695 ਵਿਚ ਰਾਜਾ ਰਾਜ ਸਿੰਘ ਤੋਂ ਪਿੱਛੋਂ ਉਸ ਦਾ ਪੁਤ੍ਰ ਰਾਜਾ ਦਲੀਪ ਸਿੰਘ, ਜੋ ਕੇਵਲ 7 ਵਰ੍ਹਿਆਂ ਦਾ ਬਾਲਕ ਸੀ, ਗੱਦੀ ਬੈਠਾ ਤੇ ਰਾਜਾ ਉਦੇ ਸਿੰਘ ਚੰਬੇ ਵਾਲਾ ਦਿਲੀ ਸ਼ੁਭਚਿੰਤਕ ਹੋਣ ਦੇ ਕਾਰਣ ਉਸ ਦਾ ਪਾਲਕ ਨਿਯੁਕਤ ਹੋਇਆ। ਰਾਜਾ ਜੰਮੂ ਤੇ ਬਸੋਹਲੀ ਨੇ ਇਹ ਦੇਖ ਕੇ ਕਿ ਰਾਜਾ ਦਲੀਪ ਸਿੰਘ ਨਾਬਾਲਿਗ ਹੈ, ਇਸ ਲਈ ਗੁਲੇਰ ਉਤੇ ਹਮਲਾ ਕਰ ਦਿੱਤਾ। ਰਾਜਾ ਉਦੇ ਸਿੰਘ ਚੰਬਾ ਨੇ ਉਨ੍ਹਾਂ ਦੇ ਮੁਕਾਬਲੇ ਤੇ ਰਾਜਾ ਸਿੱਬਾ, ਕਹਿਲੂਰ ਤੇ ਮੰਡੀ ਦੀ ਸਹਾਇਤਾ ਪ੍ਰਾਪਤ ਕਰ ਲਈ ਤੇ ਰਾਜਾ ਜੰਮੂ ਤੇ ਬਸੋਹਲੀ ਦਾ ਹਮਲਾ ਪਛਾੜ ਕੇ ਨਾਬਾਲਿਗ ਰਾਜਾ ਦਲੀਪ ਸਿੰਘ ਦਾ ਰਾਜ-ਭਾਗ ਬਚਾ ਕੇ ਉਸੇ ਤਰ੍ਹਾਂ ਕਾਇਮ ਰੱਖ ਵਿਖਾਇਆ।

ਚੰਬੇ ਦੇ ਚੰਬਿਆਲ (ਰਾਜਪੂਤ) :

ਪਹਾੜੀ ਰਿਆਸਤਾਂ ਵਿਚੋਂ ਕਾਂਗੜੇ ਦੇ ਕਟੋਚਾਂ ਵਾਂਗੂ ਹੀ ਚੰਬੇ ਦੀ ਰਿਆਸਤ ਵੀ ਬੜੀ ਪੁਰਾਣੀ ਤੇ ਆਕਾਰ ਅਤੇ ਪ੍ਰਕਾਰ ਦੇ ਪੱਖ ਤੋਂ ਬਹੁਤ ਵੱਡੀ ਸੀ। ਚੰਬੇ ਦੇ ਵਰਮਨ ਤੇ ਸੁਕੇਤ ਦੇ ਸੇਨ ਦੋਵੇਂ ਚੰਦ੍ਰਵੰਸ਼ੀ ਰਾਜਪੂਤ ਹਨ। 17ਵੀਂ ਸਦੀ ਦੇ ਸ਼ੁਰੂ ਵਿਚ ਹੀ ਜਦ ਰਾਜਾ ਬਲਭਦ੍ਰ ਵਰਮਾ ਤੋਂ ਬਾਦ ਉਸ ਦੇ ਪੁਤ੍ਰ ਰਾਜਾ ਜਨਾਰਦਨ ਵਰਮਾ ਨੇ ਗੱਦੀ ਸਾਂਭੀ ਤਾਂ ਅਚਾਨਕ ਉਸ ਦੀ ਰਾਜਾ ਸੂਰਜ ਮੱਲ ਨੂਰ ਪੁਰੀਏ ਨਾਲ, ਜੋ ਜਾਤਿ ਦਾ ਪਠਾਣੀਆਂ ਰਾਜਪੂਤ ਸੀ, ਲੜਾਈ ਛਿੜ ਪਈ। ਕਾਰਣ ਇਸ ਲੜਾਈ ਦਾ ਇਹੋ ਸੀ ਕਿ ਰਾਜਾ ਸੂਰਜ ਮੱਲ ਬਾਦਸ਼ਾਹ ਜਹਾਂਗੀਰ ਵਲੋਂ ਹਲਾ ਸ਼ੇਰੀ ਮਿਲਣ ਕਰਕੇ ਇਲਾਕਾ ਪਹਾੜ ਉਤੇ ਪੂਰੀ ਤਰ੍ਹਾਂ ਛਾ ਜਾਣ ਦਾ ਚਾਹਵਾਨ ਸੀ, ਇਸੇ ਕਾਰਣ ਉਸ ਨੇ ਰਾਜਾ ਜਨਾਰਦਨ ਨਾਲ ਛੇੜ ਛਾੜ ਸ਼ੁਰੂ ਕੀਤੀ ਸੀ, ਪਰ ਫੇਰ ਛੇਤੀ ਹੀ ਸੰਨ 1618 ਵਿਚ ਉਸ ਦੀ ਮੌਤ ਹੋ ਜਾਣ ਤੇ ਰਾਜਾ ਜਗਤ ਸਿੰਘ, ਜੋ ਉਸ ਸਮੇਂ ਜਹਾਂਗੀਰ ਵਲੋਂ ਬੰਗਾਲ ਦੇ ਰਾਜ ਪ੍ਰਬੰਧ ਉਤੇ ਨਿਯੁਕਤ ਸੀ, ਵਾਪਸ ਆ ਕੇ ਨੂਰ ਪੁਰ ਦੇ ਰਾਜ ਦਾ ਮਾਲਿਕ ਬਣਿਆ ਤੇ ਇਸ ਤਰ੍ਹਾਂ ਰਿਆਸਤ ਚੰਬੇ ਦਾ ਕੁਝ ਸਮੇਂ ਲਈ ਬਚਾਉ ਹੋ ਗਿਆ। ਨਵਾਂ ਰਾਜਾ ਜਗਤ ਸਿੰਘ ਨੂਰਪੁਰੀਆ ਰਾਜਾ ਚੰਬਾ ਨਾਲ ਦਿਲੀ ਵਿਰੋਧ ਰਖਦਾ ਸੀ, ਇਸ ਲਈ ਉਸ ਨੇ ਮੁਗ਼ਲੇਈ ਫ਼ੌਜਾਂ ਦੀ ਮਦਦ ਨਾਲ ਫੇਰ ਉਹੋ ਲੜਾਈ ਛੇੜ ਦਿੱਤੀ। ਸੇਧਰਾ ਦੀ ਸੜਕ ਉਤੇ ਢਲੋਗ ਦੇ ਸਥਾਨ ਪਰ

ਦੋਹਾਂ ਦਲਾਂ ਦਾ ਬੜਾ ਸਖ਼ਤ ਟਾਕਰਾ ਹੋਇਆ, ਜਿਸ ਵਿਚ ਰਾਜਾ ਚੰਬਾ ਨੂੰ ਹਾਰ ਹੋਈ ਤੇ ਰਾਜਾ ਜਨਾਰਦਨ ਦਾ ਭਾਈ ਬਿਸ਼ੰਭਰ ਮਾਰਿਆ ਗਿਆ। ਰਾਜਾ ਜਗਤ ਸਿੰਘ ਨੇ ਚੰਬੇ ਦੀ ਰਾਜਧਾਨੀ ਉਤੇ ਕਬਜ਼ਾ ਕਰ ਲਿਆ। ਰਾਜਾ ਜਨਾਰਦਨ ਇਸ ਸਮੇਂ ਭਾਵੇਂ ਮੁਕਾਬਲਾ ਤਾਂ ਨਹੀਂ ਕਰ ਸਕਦਾ ਸੀ, ਪਰ ਫੇਰ ਵੀ ਰਾਜਾ ਜਗਤ ਸਿੰਘ ਨੇ ਉਸ ਨੂੰ ਉਸ ਦੇ ਆਪਣੇ ਹੀ ਰਾਜ ਮਹਲ ਵਿਚ ਸੁਲਹ ਦੇ ਬਹਾਨੇ ਨਾਲ ਬੁਲਾਇਆ ਤੇ ਸਾਮ੍ਹਣੇ ਆਉਣ ਤੇ ਆਪਣਾ ਤੇਜ਼ ਖ਼ੰਜਰ ਉਸ ਦੇ ਪੇਟ ਵਿਚ ਖੋਭ ਦਿੱਤਾ। ਰਾਜਾ ਜਨਾਰਦਨ ਨੇ ਵੀ ਮੁਕਾਬਲੇ ਵਿਚ ਉਸ ਸਮੇਂ ਆਪਣਾ ਖ਼ੰਜਰ ਕੱਢਣ ਦਾ ਜਤਨ ਕੀਤਾ, ਪਰ ਪੇਟੀ ਦੇ ਫੀਤੇ ਕਸੇ ਹੋਣ ਕਰਕੇ ਏਨੀ ਛੇਤੀ ਨਿਕਲ ਨਾ ਸਕਿਆ। ਇਸ ਤਰ੍ਹਾਂ ਰਾਜਾ ਜਗਤ ਸਿੰਘ ਦੇ ਹੱਥੋਂ ਰਾਜਾ ਜਨਾਰਦਨ ਦੀ ਮੌਤ ਹੋਈ, ਜੋ ਗ਼ਾਲਬਨ ਸੰਨ 1623 ਈ: ਦੀ ਘਟਨਾ ਹੈ। ਰਾਜਾ ਜਨਾਰਦਨ ਦੇ ਮਾਰੇ ਜਾਣ ਤੇ ਰਾਜਾ ਜਗਤ ਸਿੰਘ ਨੂਰਪੁਰੀਆ ਲਗ ਭਗ 20 ਸਾਲ ਚੰਬੇ ਦੇ ਇਲਾਕੇ ਉਤੇ ਰਾਜ ਕਰਦਾ ਰਿਹਾ। ਸਮੇਂ ਦੇ ਇਸ ਦੌਰਾਨ ਵਿਚ ਰਾਜਾ ਜਗਤ ਸਿੰਘ ਨੇ ਇਲਾਕਾ ਚੰਬਾ ਵਿਚ ਤਾਰਾ ਗੜ੍ਹ ਨਾਮੀ ਇਕ ਮਜ਼ਬੂਤ ਕਿਲਾ ਬਣਵਾਇਆ, ਜਿੱਥੇ ਕੋਈ ਵੀ ਰਾਜ-ਧ੍ਰੋਹੀ ਲੋੜ ਪੈਣ ਤੇ ਅੱਛੀ ਤਰ੍ਹਾਂ ਪਨਾਹ ਲੈ ਸਕਦਾ ਸੀ।

ਰਾਜਾ ਜਨਾਰਦਨ (ਚੰਬਾ) ਦੇ ਭਾਵੇਂ ਕਈ ਹੋਰ ਵੀ ਭਾਈ-ਭਰਾ ਸਨ, ਜੋ ਕਿਸੇ ਹੱਦ ਤਕ ਰਿਆਸਤ ਨੂਰਪੁਰ ਦੇ ਅਧੀਨ ਹੁੰਦਿਆਂ ਵੀ ਇਲਾਕਾ ਚੰਬਾ ਨੂੰ ਆਪਣੇ ਕਾਬੂ ਵਿਚ ਰੱਖਣ ਦਾ ਜਤਨ ਕਰਦੇ ਰਹੇ, ਪਰ ਰਾਜਾ ਜਨਾਰਦਨ ਦਾ ਅਸਲ ਗੱਦੀ ਨਸ਼ੀਨ ਯੁਵਰਾਜ ਪ੍ਰਿਥਵੀ ਸਿੰਘ, ਜੋ ਰਾਜੇ ਦੇ ਮਾਰੇ ਜਾਣ ਸਮੇਂ ਅਜੇ ਦੁੱਧ ਚੁੰਘਦਾ ਬਾਲਕ ਹੀ ਸੀ, ਅਚਾਣਕ ਉਸ ਦੀ ਟਹਿਕਣ ਬਾਤਲੂ ਕਿਸੇ ਤਰ੍ਹਾਂ ਬਚਾ ਕੇ ਰਾਜਾ ਮੰਡੀ ਦੇ ਰਾਜ-ਮਹਲਾਂ ਵਿਚ ਲੈ ਗਈ, ਜਿਸ ਕਰ ਕੇ ਉਹ ਬਚ ਗਿਆ।

ਰਾਜਾ ਪ੍ਰਿਥਵੀ ਸਿੰਘ ਸੰਨ 1641 ਵਿਚ, ਜਦ ਰਾਜਾ ਜਗਤ ਸਿੰਘ ਤੇ ਉਸ ਦੇ ਪੁਤ੍ਰ ਰਾਜਰੂਪ ਸਿੰਘ ਨੇ ਸ਼ਾਹਜਹਾਂ ਤੋਂ ਵਿਰੁੱਧ ਬਗ਼ਾਵਤ ਕੀਤੀ ਤਾਂ ਮੌਕਾ ਤਾੜ ਕੇ ਮੰਡੀਓਂ ਉਠਿਆ ਤੇ ਮੁਗ਼ਲ ਫ਼ੌਜਾਂ ਦੇ ਨਾਲ ਹੀ, ਜਿਨ੍ਹਾਂ ਦੀ ਵਾਗਡੋਰ ਸ਼ਾਹਜ਼ਾਦਾ ਮੁਰਾਦ ਬਖਸ਼ ਦੇ ਹੱਥਾਂ ਵਿਚ ਸੀ ਤੇ ਜੋ ਪਠਾਨਕੋਟ ਤੋਂ ਕੋਟ ਮਊ ਤੇ ਨੂਰ ਪੁਰ ਵਲ ਅੱਗੇ ਵਧ ਰਹੀਆਂ ਸਨ, ਭਰਤੀ ਹੋ ਕੇ ਚੱਲ ਪਿਆ। ਇਧਰ ਤਾਂ ਮੁਗ਼ਲੇਈ ਸਿਪਾਹ ਨੇ ਕੋਟ ਮਊ ਤੇ ਨੂਰ ਪੁਰ ਨੂੰ ਘੇਰਾ ਘੱਤਿਆ ਤੇ ਉਧਰ ਰਾਜਾ ਪ੍ਰਿਥਵੀ ਸਿੰਘ ਨੂੰ ਰਾਜਗੀ ਦੇ ਖ਼ਿਤਾਬ ਸਮੇਤ ਸ਼ਾਹੀ ਖ਼ਿਲਅਤ ਦੇ ਕੇ ਰਿਆਸਤ ਚੰਬਾ ਦਾ ਕਬਜ਼ਾ ਲੈਣ ਲਈ ਹੋਰ ਪਹਾੜੀ ਰਾਜਿਆਂ ਦੀ ਮਦਦ ਨਾਲ, ਜਿਸ ਵਿਚ ਰਿਆਸਤ, ਮੰਡੀ, ਗੁਲੇਰ, ਸੁਕੇਤ, ਬਸੋਹਲੀ ਆਦਿ ਸ਼ਾਮਲ ਸਨ, ਭੇਜਿਆ ਗਿਆ। ਇਧਰ ਰਾਜਾ ਜਗਤ ਸਿੰਘ ਬਾਦਸ਼ਾਹੀ ਫ਼ੌਜਾਂ ਤੋਂ ਹਾਰ ਖਾ ਕੇ ਕੋਟ ਮਊ ਤੇ ਨੂਰ ਪੁਰ ਛੱਡ ਦੌੜਿਆ ਤੇ ਤਾਰਾ ਗੜ੍ਹ (ਚੰਬਾ) ਦੇ ਕਿਲੇ ਵਿਚ, ਜੋ ਪਹਿਲਾਂ ਹੀ ਇਕ ਪ੍ਰਕਾਰ ਦੀ ਪਨਾਹ ਦੀ ਥਾਂ ਬਣਾਈ ਸੀ, ਜਾ ਛੁਪਿਆ, ਪਰ ਉਥੇ ਵੀ ਮੁਗ਼ਲੇਈ ਫ਼ੌਜਾਂ ਨੇ ਜੱਦੋ ਜਹਿਦ ਕਰ ਕੇ ਉਸ ਨੂੰ ਜਾ ਪਕੜਿਆ ਤੇ ਕੈਦ ਕਰ ਕੇ ਸੂਬਾ ਲਾਹੌਰ ਪਾਸ, ਜੋ ਉਨ੍ਹੀਂ ਦਿਨੀਂ ਕਲਾਨੌਰ ਰਹਿੰਦਾ ਸੀ, ਭੇਜਿਆ ਗਿਆ। ਸੰਨ 1648 ਵਿਚ ਚੰਬੇ ਦੇ ਸਾਰੇ ਇਲਾਕੇ, ਜੋ ਦੁਸ਼ਮਨ ਪਾਸ ਚਲੇ ਗਏ ਸਨ, ਰਾਜਾ ਪ੍ਰਿਥਵੀ ਸਿੰਘ ਨੂੰ ਵਾਪਸ ਮਿਲ ਗਏ।

ਇਸ ਤੋਂ ਬਾਦ ਰਾਜਾ ਪ੍ਰਿਥਵੀ ਸਿੰਘ ਨੇ ਰਿਆਸਤ ਚੰਬਾ ਨੂੰ ਆਪਣੇ ਕਬਜ਼ੇ ਵਿਚ ਕਰ ਕੇ ਪੂਰੀ ਤਰ੍ਹਾਂ ਵਧਣ-ਫੁਲਣ ਦਾ ਮੌਕਾ ਦਿੱਤਾ। ਲਾਹੌਰ ਦੇ ਬਹੁਤ ਸਾਰੇ ਗੱਦੀ ਖੱਤ੍ਰੀ, ਜੋ ਬਾਦਸ਼ਾਹ ਔਰੰਗਜ਼ੇਬ ਦੇ ਹੱਥੋਂ ਤੰਗ ਹੋਣ ਤੇ ਉੱਥੇ ਚਲੇ ਗਏ ਸਨ, ਰਾਜਾ ਪ੍ਰਿਥਵੀ ਸਿੰਘ ਦੀ ਸ਼ਰਣ ਆਏ ਤੇ ਥਾਉਂ ਥਾਈਂ ਵਸਾਏ ਗਏ। ਇਸੇ ਤਰ੍ਹਾਂ ਬਾਤਲੂ ਦਾਸੀ ਦੇ ਨਾਂ ਤੇ, ਜਿਸ ਨੇ ਬਚਪਨ ਸਮੇਂ ਰਿਆਸਤ ਮੰਡੀ ਲਿਜਾ ਕੇ ਰਾਜਾ ਪ੍ਰਿਥਵੀ ਸਿੰਘ ਦੀ ਜਾਨ ਬਚਾਈ ਸੀ, ਅਕੀਦਤ ਵਜੋਂ ਚੰਬੇ ਵਿਚ ਸੀਤਾ ਰਾਮ ਦਾ ਮੰਦਿਰ, ਖਜਿਆਰ ਵਿਚ ਖਾਜੀ ਨਾਗ ਦਾ ਮੰਦਿਰ ਤੇ ਮਹਲਾ ਵਿਚ ਹਿੜਿੰਬਾ ਦੇ ਮੰਦਿਰ ਤਾਮੀਰ ਕਰਵਾਏ, ਜੋ ਹੁਣ ਤਕ ਉਸ ਦੀ ਯਾਦ ਤਾਜ਼ੀ ਕਰ ਰਹੇ ਹਨ। ਰਾਜਾ ਪ੍ਰਿਥਵੀ ਸਿੰਘ ਦਾ ਸਮਾਂ ਸੰਨ 1641 ਤੋਂ 1664 ਈ. ਤਕ ਹੈ।

ਪਠਾਣੀਏ ਰਾਜਪੂਤ :

ਪਠਾਣ ਕੋਟ ਤੇ ਨੂਰਪੁਰ ਦੇ ਰਾਜਪੂਤ, ਜਿਵੇਂ ਕਿ ਪਿੱਛੇ ਦੱਸਿਆ ਗਿਆ ਹੈ, ਪਠਾਣੀਏ ਰਾਜਪੂਤ ਅਖਵਾਂਦੇ ਹਨ। ਜ਼ਿਲਾ ਕਾਂਗੜਾ ਦੇ ਗਜ਼ਟੀਅਰ ਦੇ ਅਨੁਸਾਰ ਰਿਆਸਤ ਨੂਰਪੁਰ ਵਿਚ ਪਹਿਲਾਂ ਗੁਰਦਾਸ ਪੁਰ ਦੇ ਬਹੁਤ ਸਾਰੇ ਪੱਧਰ ਮੈਦਾਨੀ ਇਲਾਕੇ ਤੋਂ ਬਿਨਾਂ ਪਠਾਣਕੋਟ, ਕਾਂਡੀ (ਗੁਰਦਾਸਪੁਰ), ਨੂਰਪੁਰ (ਕਾਂਗੜਾ), ਸ਼ਾਹਪੁਰ (ਜਾਲੰਧਰ) ਤੇ ਲਖਨਪੁਰ (ਜੰਮੂ) ਆਦਿ ਦੇ ਇਲਾਕੇ ਵੀ ਸ਼ਾਮਲ ਸਨ ਤੇ ਇਹ ਰਿਆਸਤ ਉੱਤਰ ਵਿਚ ਚੰਬਾ, ਪੂਰਬ ਵਿਚ ਕਾਂਗੜਾ ਤੇ ਗੁਲੇਰ, ਦੱਖਣ ਵਿਚ ਪੰਜਾਬ ਅਤੇ ਪੱਛਮ ਵਿਚ ਦਰਿਆ ਰਾਵੀ ਨਾਲ ਘਿਰੀ ਹੋਈ ਸੀ। ਮਹਾਭਾਰਤ ਦੇ ਸਮੇਂ ਵਿਚ ਉਦੁੰਬਰ ਲੋਕ, ਜੋ ਪਠਾਣੀਆਂ ਰਾਜਪੂਤਾਂ ਦੇ ਹੀ ਵਡਿੱਕੇ ਸਨ, ਇਸ ਇਲਾਕੇ ਦੇ ਹੁਕਮਰਾਨ ਸਨ।

ਰਾਜਾ ਬਾਸੂ (1601-1613 ਈ.)

ਬਾਦਸ਼ਾਹ ਜਹਾਂਗੀਰ ਦੇ ਸਮੇਂ ਵਿਚ ਧਮੇਰੀ (ਪਠਾਣਕੋਟ) ਤੇ ਮਊ (ਨੂਰਪੁਰ) ਰਿਆਸਤ ਨੂਰ ਪੁਰ ਵਿਚ ਸ਼ਾਮਲ ਸਨ ਤੇ ਇੱਥੋਂ ਦਾ ਰਾਜਾ ਸੀ ਬਾਸੂ ਜਾਂ ਬਾਸ ਦੇਵ। ਬਾਦਸ਼ਾਹ ਅਕਬਰ ਜਦ ਗੱਦੀ ਨਸ਼ੀਨ ਹੋਇਆ ਤਾਂ ਰਾਜਾ ਬਾਸੂ ਦਾ ਝੁਕਾਉ ਬਹੁਤਾ ਸਾਬਕ ਬਾਦਸ਼ਾਹ ਸ਼ੇਰ ਸ਼ਾਹ ਸੂਰੀ ਦੇ ਸ਼ਾਹੀ ਖ਼ਾਨਦਾਨ ਵਲ ਸੀ, ਜਿਸ ਦੇ ਹੱਥੋਂ ਹੁਮਾਯੂੰ ਨੇ ਮੁੜ ਹਕੂਮਤ ਖੋਹੀ ਸੀ। ਕੋਟ ਮਊ (ਨੂਰਪੁਰ) ਤੇ ਸ਼ਾਹਪੁਰ (ਜਾਲੰਧਰ) ਦੇ ਕਿਲੇ ਨੂਰਪੁਰੀਆਂ ਦੇ ਸਹਿਯੋਗ ਨਾਲ ਸੂਰੀ ਬਾਦਸ਼ਾਹਾਂ ਨੇ ਹੀ ਤਾਮੀਰ ਕਰਵਾਏ ਸਨ ਤੇ ਆਖ਼ਰ ਬਾਦਸ਼ਾਹ ਅਕਬਰ ਤੋਂ ਡਰਦਿਆਂ ਸਿਕੰਦਰ ਸ਼ਾਹ ਸੂਰੀ ਨੇ ਰਾਜਾ ਬਾਸੂ ਦੇ ਸਮੇਂ ਕੋਟ ਮਊ ਵਿਚ ਹੀ ਪਨਾਹ ਲਈ ਸੀ। ਅਕਬਰ ਦਾ ਡੇਰਾ ਉਸ ਸਮੇਂ ਕਲਾਨੌਰ ਸੀ। ਸੰਨ 1602-03 ਈ. ਵਿਚ ਸਿਕੰਦਰ ਸ਼ਾਹ ਸੂਰ ਦੇ ਹੱਕ ਵਿਚ ਰਾਜਾ ਬਾਸੂ ਨੂੰ ਬਾਗ਼ੀ ਹੋਇਆ ਦੇਖ ਕੇ ਅਕਬਰ ਨੇ ਪਹਿਲਾਂ ਪਠਾਨਕੋਟ ਰਾਜਾ ਬਾਸੂ ਤੋਂ ਖੋਹਿਆ ਤੇ ਫੇਰ ਅੱਗੇ ਉਸ ਦੇ ਇਲਾਕਾ ਕੋਟ ਮਊ (ਨੂਰਪੁਰ) ਉਤੇ ਚੜ੍ਹਾਈ ਕਰ ਦਿੱਤੀ। ਅਕਬਰ ਦੀ ਨਿਗਾਹ ਵਿਚ ਉਸ ਸਮੇਂ ਰਾਜਾ ਬਾਸੂ ਦਾ ਇਹ ਗੁਨਾਹ ਤਾਂ ਬਹੁਤ ਵੱਡਾ ਸੀ, ਪਰ ਸ਼ਾਹਜ਼ਾਦਾ ਸਲੀਮ (ਜਹਾਂਗੀਰ) ਦੀ ਸਿਫ਼ਾਰਿਸ਼ ਤੇ ਉਸ ਨੂੰ ਮਾਫ਼ੀ ਦੇ ਦਿੱਤੀ ਤੇ ਸ਼ਾਹੀ ਫ਼ੌਜ ਕੋਟ ਮਊ ਤੋਂ ਪਿੱਛੇ ਹਟਾ ਲਈ।

ਸ਼ਾਹਜ਼ਾਦਾ ਸਲੀਮ (ਜਹਾਂਗੀਰ) ਖ਼ੁਦ ਉਸ ਸਮੇਂ ਹਿੰਦੁਸਤਾਨ ਦਾ ਤਾਜ-ਤਖ਼ਤ ਲੈਣ ਲਈ ਆਪਣੇ ਪਿਤਾ ਅਕਬਰ ਤੋਂ ਵਿਰੁੱਧ ਅੰਦਰਗਤੀ ਬਗ਼ਾਵਤ ਕਰ ਰਿਹਾ ਸੀ,

ਇਸ ਕੰਮ ਲਈ ਉਸ ਨੂੰ ਰਾਜਾ ਬਾਸੂ ਜਿਹੇ ਬਾਗੀਆਂ ਦੀ ਮਿਲਵਰਤਣ ਪ੍ਰਾਪਤ ਕਰਨ ਦੀ ਡਾਢੀ ਲੋੜ ਸੀ। ਪੰਜਾਬ ਵਿਚ ਉਸ ਨੇ ਇਸ ਸਮੇਂ ਆਪਣੇ ਹਮਸ਼ੀਰ ਤੇ ਮੂੰਹ ਬੋਲੇ ਭਰਾ ਦੁੱਲੇ ਭੱਟੀ ਤੋਂ ਵੀ ਬਗ਼ਾਵਤ ਕਰਵਾਈ ਤੇ ਇਧਰ ਰਾਜਾ ਬਾਸੂ ਨੂੰ ਅਜਿਹਾ ਆਪਣੇ ਅੱਡੇ ਲਾਇਆ ਕਿ ਇਸ ਰਾਜੇ ਨੇ ਫੇਰ ਉਮਰ ਭਰ ਉਸ ਦਾ ਸਾਥ ਨਿਭਾਇਆ। ਸ਼ਾਹਜ਼ਾਦਾ ਸਲੀਮ ਵਲੋਂ ਹੋਈ ਅਲਾਹਾਬਾਦ ਦੀ ਬਗ਼ਾਵਤ ਤੇ ਫੇਰ ਆਗਰੇ ਉਤੇ ਚੜ੍ਹਾਈ ਕਰਨ ਸਮੇਂ ਉਹ ਸ਼ਾਹਜ਼ਾਦਾ ਸਲੀਮ ਦੇ ਨਾਲ ਹੀ ਰਿਹਾ। ਇਸੇ ਤਰ੍ਹਾਂ ਸਲੀਮ (ਜਹਾਂਗੀਰ) ਨੂੰ ਅਕਬਰ ਤੋਂ ਬਾਦ ਤਾਜ-ਤਖ਼ਤ ਮਿਲਣ ਤੇ ਸ਼ਾਹਜ਼ਾਦਾ ਖ਼ੁਸਰੋ ਦੀ ਬਗਾਵਤ ਖ਼ਤਮ ਕਰਨ ਲਈ ਵੀ ਰਾਜਾ ਬਾਸੂ ਨੇ ਬਾਦਸ਼ਾਹੀ ਫ਼ੌਜਾਂ ਦਾ ਪੂਰਾ ਪੂਰਾ ਸਾਥ ਦਿੱਤਾ, ਜਿਸ ਕਰ ਕੇ 'ਰਾਜ' ਪਦਵੀ ਦੇ ਨਾਲ ਹੀ ਉਸ ਦਾ ਮਨਸਬ 1500 ਤੋਂ ਵਧਾ ਕੇ 3200 ਕਰ ਦਿੱਤਾ ਗਿਆ।

ਰਾਜਾ ਬਾਸੂ ਨੇ, ਜੋ ਬਾਦਸ਼ਾਹ ਜਹਾਂਗੀਰ ਵਾਂਗ ਹੀ ਪੂਰਾ ਪੂਰਾ ਮੌਕਾ ਤਾੜੂ ਤੇ ਸਮੇਂ ਦੀ ਨਬਜ਼ ਪਛਾਨਣ ਵਾਲਾ ਸੀ, ਬਾਦਸ਼ਾਹ ਨੂੰ ਖ਼ੁਸ਼ ਕਰਨ ਲਈ ਉਸ ਦੇ ਨਾਂ ਤੇ ਕਿਲਾ ਨੂਰ ਪੁਰ ਉਸਰਵਾ ਕੇ ਮਊ ਦੀ ਥਾਵੇਂ ਆਪਣੀ ਰਾਜਧਾਨੀ ਨੂਰ ਪੁਰ ਬਦਲ ਲਈ ਤੇ ਇਸ ਦੇ ਨਾਲ ਹੀ ਬੇਗਮ ਨੂਰ ਜਹਾਂ ਨੂੰ ਨਿਸ਼ਚਾ ਕਰਵਾਣ ਦਾ ਵੀ ਜਤਨ ਕੀਤਾ ਕਿ ਇਹ ਸਥਾਨ ਉਸ ਨੇ ਬੇਗਮ ਦੇ ਨਾਂ ਨੂੰ ਹੀ ਚਾਰ ਚੰਨ ਲਾਉਣ ਲਈ ਰਚਿਆ ਹੈ। ਇਸ ਤੋਂ ਬਾਦ ਰਾਜਾ ਬਾਸੂ, ਜਦੋਂ ਉਹ ਸ਼ਾਹੀ ਹੁਕਮ ਨਾਲ ਫ਼ੌਜਾਂ ਲੈ ਕੇ ਮੇਵਾੜ (ਉਦੈਪੁਰ) ਉਤੇ ਚੜ੍ਹਾਈ ਕਰ ਕੇ ਗਿਆ ਹੋਇਆ ਸੀ ਤਾਂ ਥਾਨਾ ਸ਼ਾਹਾਬਾਦ (ਝਾਲਾਵਾੜ) ਦੇ ਸਥਾਨ ਪਰ ਸੰਨ 1613 ਈ. ਨੂੰ ਸਤੰਬਰ ਦੇ ਮਹੀਨੇ ਮਰ ਗਿਆ।

ਰਾਜਾ ਸੂਰਜ ਮੱਲ (1613-1619 ਈ.)

ਰਾਜਾ ਬਾਸੂ ਦੇ ਤਿੰਨ ਪੁਤ੍ਰ ਸਨ: (1) ਸੂਰਜ ਮੱਲ, (2) ਜਗਤ ਸਿੰਘ ਤੇ (3) ਮਾਧੋ ਸਿੰਘ। ਰਾਜਾ ਬਾਸੂ ਦੀ ਮੌਤ ਤੋਂ ਬਾਦ ਜਹਾਂਗੀਰ ਨੇ ਸੂਰਜ ਮੱਲ ਨੂੰ ਬਹੁਤਾ ਜੋਗ ਸਮਝਿਆ ਤੇ 2000 ਹਜ਼ਾਰੀ ਮਨਸਬ ਸਹਿਤ ਰਾਜ ਪਦਵੀ ਦੇ ਕੇ ਸ਼ੇਖ਼ ਫ਼ਰੀਦ ਮੁਰਤਜ਼ਾ ਖ਼ਾਨ ਦੇ ਨਾਲ ਕਾਂਗੜੇ ਦੀ ਮੁਹਿੰਮ ਉਤੇ ਭੇਜ ਦਿੱਤਾ। ਰਾਜਾ ਬਾਸੂ ਸੂਰਜ ਮੱਲ ਨੂੰ ਬੜਾ ਅਜੋਗ ਸਮਝਦਾ ਸੀ, ਇਸ ਲਈ ਉਸ ਨੇ ਇਸ ਨੂੰ ਇਕ ਦੋ ਵਾਰ ਕੈਦ ਵੀ ਕਰ ਦਿੱਤਾ ਸੀ, ਪਰ ਜਹਾਂਗੀਰ ਨੇ ਸੂਰਜ ਮੱਲ ਦੀ ਸਜ ਧਜ ਦੇਖ ਕੇ ਡਾਢੀ ਖ਼ਤਾ ਖਾਧੀ ਤੇ ਇਸ ਖ਼ਤਾ ਦਾ ਉਸ ਨੂੰ ਤਦ ਹੀ ਪਤਾ ਲੱਗਾ ਜਦ ਸ਼ੇਖ਼ ਫ਼ਰੀਦ ਮੁਰਤਜ਼ਾ ਖ਼ਾਨ ਦੇ ਜਤਨ ਨਾਲ ਕਾਂਗੜਾ ਫ਼ਤਿਹ ਹੋਣ ਵਾਲਾ ਹੀ ਸੀ ਕਿ ਇਸ ਨੇ ਫ਼ਰੇਬ ਕੀਤਾ ਤੇ ਰੋਕ ਪਾ ਕੇ ਬਾਦਸ਼ਾਹ ਦੇ ਕੋਲ ਮੁਰਤਜ਼ਾ ਖ਼ਾਨ ਦੀਆਂ ਲਗਾਤਾਰ ਖ਼ੁਫ਼ੀਆ ਸ਼ਿਕਾਇਤਾਂ ਭੇਜੀਆਂ ਤੇ ਉਸ ਨੂੰ ਕਾਂਗੜੇ ਦੀ ਮੁਹਿੰਮ ਤੋਂ ਵਾਪਸ ਮੁੜਨ ਤੇ ਮਜ਼ਬੂਰ ਕਰ ਦਿੱਤਾ ਤੇ ਇਸ ਕਾਰਣ ਕਾਂਗੜੇ ਦੀ ਮੁਹਿੰਮ ਉਸ ਸਮੇਂ ਅਧਵਾਟੇ ਹੀ ਰਹਿ ਗਈ।

ਰਾਜਾ ਸੂਰਜ ਮੱਲ ਨੇ ਇਸੇ ਸਮੇਂ ਦੇ ਦੌਰਾਨ ਵਿਚ ਜਹਾਂਗੀਰ ਨੂੰ ਲਿਖਿਆ ਕਿ ਜੇ ਕੋਈ ਹੋਰ ਜੋਗ ਸਰਦਾਰ ਮੁਰਤਜ਼ਾ ਖ਼ਾਨ ਦੀ ਥਾਵੇਂ ਭੇਜੋਂ ਤਾਂ ਕਾਂਗੜਾ ਛੇਤੀ ਫ਼ਤਿਹ ਹੋ ਸਕਦਾ ਹੈ। ਇਹ ਦੇਖ ਕੇ ਜਹਾਂਗੀਰ ਨੇ ਰਾਇ ਰਾਇਆਂ ਰਾਜਾ ਬਿਕ੍ਰਮਾਜੀਤ, ਜੋ ਜਾਤੀ ਦਾ ਬ੍ਰਾਹਮਣ ਤੇ ਬਾਦਸ਼ਾਹੀ ਦਰਬਾਰ ਵਿਚ ਗਿਣਤੀ ਦਾ ਜੋਧਾ ਸੀ, ਕਾਂਗੜੇ ਦੀ ਮੁਹਿੰਮ ਤੇ ਭੇਜਿਆ। ਸਮੇਂ ਦੇ ਇਸ ਦੌਰਾਨ ਵਿਚ ਰਾਜਾ ਸੂਰਜ ਮੱਲ ਨੇ ਇਹ ਚਾਲਾਕੀ ਕੀਤੀ ਕਿ

ਬਾਦਸ਼ਾਹੀ ਫ਼ੌਜ ਦੇ ਸਭ ਸਿਪਾਹੀਆਂ ਨੂੰ ਛੁੱਟੀ ਦੇ ਦਿੱਤੀ ਤੇ ਕਿਹਾ ਕਿ ਜਦ ਰਾਜਾ ਬਿਕ੍ਰਮਾਜੀਤ ਆਵੇ ਤਾਂ ਉਹ ਸਾਰੇ ਸਿਪਾਹੀ ਹਾਜ਼ਰ ਹੋ ਜਾਣ। ਇਸ ਦੇ ਨਾਲ ਹੀ ਸੂਰਜ ਮੱਲ ਨੇ ਖ਼ੁਦ ਆਪਣੇ ਸਿਪਾਹੀ ਲੈ ਕੇ ਆਸਪਾਸ ਦੇ ਇਲਾਕੇ ਵਿਚ ਲੁੱਟ ਮਚਾ ਦਿੱਤੀ। ਇਸ ਲੁੱਟ ਦੀ ਖ਼ਬਰ ਜਹਾਂਗੀਰ ਨੂੰ ਅਹਿਮਦਾਬਾਦ ਦੇ ਸਥਾਨ ਪਰ ਪਹੁੰਚੀ, ਜਿਸ ਕਰ ਕੇ ਉਸ ਨੇ ਰਾਜਾ ਬਿਕ੍ਰਮਾਜੀਤ ਨੂੰ ਤਾਕੀਦ ਕਰ ਕੇ ਭੇਜਿਆ।

ਆਖ਼ਰ ਜਦ ਰਾਜਾ ਬਿਕ੍ਰਮਾਜੀਤ ਰਾਇ ਰਾਇਆਂ ਸ਼ਾਹੀ ਫ਼ੌਜ ਲੈ ਕੇ ਕਾਂਗੜੇ ਦੇ ਨੇੜੇ ਪੁੱਜਾ ਤਾਂ ਸੂਰਜ ਮੱਲ ਨੇ ਕੁਝ ਅਜਿਹੀਆਂ ਸਮਾਂ ਟਪਾਊ ਬਣਾਵਟੀ ਗੱਲਾਂ ਕੀਤੀਆਂ ਜਿਨ੍ਹਾਂ ਤੋਂ ਰਾਇ ਰਾਇਆਂ ਨੂੰ ਉਸ ਦੀ ਬਦਨੀਤ ਬਾਰੇ ਸ਼ੱਕ ਪੈ ਗਿਆ। ਨਤੀਜਾ ਇਸ ਸ਼ੱਕ ਦਾ ਇਹ ਹੋਇਆ ਕਿ ਰਾਜਾ ਬਿਕ੍ਰਮਾਜੀਤ ਨੇ ਪਹਿਲਾਂ ਕਾਂਗੜੇ ਉੱਤੇ ਚੜ੍ਹਾਈ ਕਰਨ ਦੀ ਥਾਵੇਂ ਉਸੇ ਨੂੰ ਜੰਗ ਲਈ ਲਲਕਾਰਿਆ। ਬਸ, ਫੇਰ ਕੀ ਸੀ, ਰਾਜਾ ਸੂਰਜ ਮੱਲ ਬਿਨਾ ਸੋਚੇ-ਸਮਝੇ ਉਸ ਦੇ ਮੁਕਾਬਲੇ ਤੇ ਲੜਾਈ ਲੜੀ ਖੜਾ ਤਾਂ ਹੋ ਗਿਆ, ਪਰ ਬਾਦਸ਼ਾਹੀ ਫ਼ੌਜ ਦੀ ਝਾਲ ਨਾ ਝੱਲ ਸਕਿਆ, ਜਿਸ ਕਰ ਕੇ ਉਸ ਦੇ ਬਹੁਤ ਸਾਰੇ ਬਹਾਦੁਰ ਰਾਜਪੂਤ ਪਹਿਲੇ ਹੱਲੇ ਵਿਚ ਹੀ ਮਾਰੇ ਗਏ। ਕਿਲ੍ਹਾ ਮਊ ਤੇ ਨੂਰਪੁਰ ਉੱਤੇ ਬਾਦਸ਼ਾਹੀ ਫ਼ੌਜ ਦਾ ਕਬਜਾ ਹੋ ਗਿਆ ਤੇ ਆਖ਼ਰ ਰਾਜਾ ਸੂਰਜ ਮੱਲ ਹਾਰ ਖਾ ਕੇ ਅਜਿਹਾ ਦੌੜਿਆ ਕਿ ਚੰਬੇ ਜਾਣ ਸਾਰ ਉਸ ਦੀ ਮੌਤ ਹੋ ਗਈ।

ਰਾਜਾ ਜਗਤ ਸਿੰਘ ਨੂਰਪੁਰ (1619-1646 ਈ.)

ਬਾਦਸ਼ਾਹ ਜਹਾਂਗੀਰ ਨੇ ਰਾਜਾ ਬਾਸੂ ਦੇ ਦੂਜੇ ਪੁਤ੍ਰ ਜਗਤ ਸਿੰਘ ਨੂੰ, ਜੋ ਸ਼ੁਰੂ ਵਿਚ ਹੀ 300 ਮਨਸਬ ਦੇ ਕੇ ਸਰਕਾਰੀ ਮੁਲਾਜ਼ਮਤ ਉਤੇ ਬੰਗਾਲ ਭੇਜ ਛੱਡਿਆ ਸੀ, ਤੇਜ਼ੀ ਨਾਲ ਸੂਰਜ ਮੱਲ ਦੀ ਬਗ਼ਾਵਤ ਸਮੇਂ ਵਾਪਸ ਬੁਲਾਇਆ ਤੇ 1000 ਜਾਤੀ ਮਨਸਬ ਤੇ ਰਾਜਗੀ ਦੇ ਖ਼ਿਤਾਬ ਸਮੇਤ 500 ਘੋੜ ਸਵਾਰ ਬਮੈ 20000 ਰੁਪਏ ਨਕਦ, ਮੋਤੀ ਹੀਰੇ ਜੜਿਤ ਖ਼ੰਜਰ, ਘੋੜਾ ਤੇ ਹਾਥੀ ਦੇ ਕੇ ਪੂਰੀ ਤਰ੍ਹਾਂ ਸਨਮਾਨਿਆ ਅਤੇ ਫ਼ੌਰਨ ਰਾਜਾ ਬਿਕ੍ਰਮਾਜੀਤ ਸਿੰਘ ਰਾਇ ਰਾਇਆਂ ਦੇ ਕੋਲ ਬਗ਼ਾਵਤ ਦਬਾਉਣ ਵਾਸਤੇ ਭੇਜ ਦਿੱਤਾ। ਰਾਜਾ ਸੂਰਜ ਮੱਲ ਦੀ ਬਗ਼ਾਵਤ ਦੂਰ ਹੋਣ ਸਾਰ ਰਾਇ ਰਾਇਆਂ ਵਲੋਂ ਫੇਰ ਸ਼ਾਹੀ ਫ਼ੌਜਾਂ ਲੈ ਕੇ ਕਾਂਗੜੇ ਦੇ ਕਿਲ੍ਹੇ ਉਤੇ ਚੜ੍ਹਾਈ ਕਰ ਦਿੱਤੀ ਗਈ। ਆਖ਼ਰ ਰਾਜਪੂਤਾਂ ਤੇ ਬਾਦਸ਼ਾਹੀ ਫ਼ੌਜਾਂ ਦੀ ਪਰਸਪਰ ਦੁਪਾਸਿਓਂ ਕਰਾਰੀ ਮੁੱਠ-ਭੇੜ ਹੋਣ ਤੇ ਨਵੰਬਰ ਸੰਨ 1620 ਵਿਚ ਕਟੋਚ ਪੂਰੀ ਤਰ੍ਹਾਂ ਹਾਰ ਗਏ ਤੇ ਕਿਲ੍ਹਾ ਕਾਂਗੜਾ ਫ਼ਤਿਹ ਹੋ ਗਿਆ।

ਜਹਾਂਗੀਰ ਨੇ ਜਦ ਇਹ ਖ਼ਬਰ ਸੁਣੀ ਤਾਂ ਉਸ ਦੀ ਖ਼ੁਸ਼ੀ ਦਾ ਕੋਈ ਟਿਕਾਣਾ ਨਾ ਰਿਹਾ, ਕਿਉਂਕਿ ਕਾਂਗੜੇ ਦਾ ਕਿਲ੍ਹਾ ਅਜਿਹਾ ਮਜ਼ਬੂਤ ਸੀ ਕਿ ਉਸ ਨੂੰ ਕਦੇ ਕੋਈ ਮੁਸਲਮਾਨ ਬਾਦਸ਼ਾਹ ਫ਼ਤਿਹ ਨਹੀਂ ਸੀ ਕਰ ਸਕਿਆ। ਇਸ ਲਈ ਬਾਦਸ਼ਾਹ ਖ਼ੁਦ ਏਸ ਖ਼ੁਸ਼ੀ ਵਿਚ ਨੂਰ ਜਹਾਂ ਬੇਗਮ ਸਮੇਤ ਸੰਨ 1622 ਈ. ਵਿਚ ਬਸੰਤ ਦੀ ਰੁੱਤੇ ਕਾਂਗੜੇ ਪੁੱਜਾ। ਇਸ ਦੌਰਾਨ ਵਿਚ ਉਸ ਨੇ ਨੂਰ ਪੁਰ ਦਾ ਇਲਾਕਾ ਵੀ ਦੇਖਿਆ ਤੇ ਖ਼ੁਸ਼ ਹੋ ਕੇ ਸ਼ਾਹੀ ਖ਼ਜ਼ਾਨੇ ਵਿਚੋਂ ਇਕ ਲੱਖ ਰੁਪਏ ਨੂਰਪੁਰ ਵਿਚ ਚੰਗੇ ਮਕਾਨ ਉਸਾਰਨ ਲਈ ਦਿੱਤੇ। ਇਹ ਸ਼ਾਹੀ ਬਖ਼ਸ਼ਿਸ਼ ਜਹਾਂਗੀਰ ਨੇ ਨੂਰ ਜਹਾਂ ਦੇ ਇਸ਼ਾਰੇ ਨਾਲ ਰਾਜਾ ਜਗਤ ਸਿੰਘ ਨੂੰ ਖ਼ੁਸ਼ ਕਰਨ ਵਾਸਤੇ ਕੀਤੀ ਸੀ।

ਪਰ ਰਾਜਾ ਜਗਤ ਸਿੰਘ ਥੋੜੇ ਦਿਨਾਂ ਵਿਚ ਹੀ ਜਹਾਂਗੀਰ ਦੀ ਇਹ ਬਖ਼ਸ਼ਿਸ਼ ਤੇ ਮਿਹਰਵਾਨੀ ਅੱਖੋਂ ਉਹਲੇ ਕਰ ਕੇ ਆਪਣੇ ਪਿਤਾ ਰਾਜਾ ਬਾਸੂ ਵਾਂਗ ਹੀ ਅੱਖਾਂ ਫੇਰ ਗਿਆ ਤੇ ਸ਼ਾਹਜ਼ਾਦਾ ਖ਼ੁੱਰਮ (ਸ਼ਾਹਜਹਾਂ) ਦੇ ਪੱਖ ਤੇ ਹੋ ਕੇ, ਜੋ ਉਸ ਸਮੇਂ ਆਪਣੇ ਪਿਤਾ ਜਹਾਂਗੀਰ ਤੋਂ ਵਿਰੁੱਧ ਬਗ਼ਾਵਤ ਖੜੀ ਕਰ ਰਿਹਾ ਸੀ, ਪੂਰੀ ਤਰ੍ਹਾਂ ਬਾਗ਼ੀ ਹੋ ਗਿਆ ਤੇ ਕਾਂਗੜੇ ਦੇ ਕਟੋਚਾਂ ਨੂੰ ਬਾਦਸ਼ਾਹ ਤੋਂ ਵਿਰੁੱਧ ਉਕਸਾਇਆ। ਇਹ ਸੁਣ ਕੇ ਜਹਾਂਗੀਰ ਨੇ ਨਵਾਬ ਸਾਦਿਕ ਖ਼ਾਨ ਸੂਬਾ ਪੰਜਾਬ ਨੂੰ ਜਗਤ ਸਿੰਘ ਦੀ ਬਗ਼ਾਵਤ ਦਬਾਉਣ ਦਾ ਹੁਕਮ ਦਿੱਤਾ ਤੇ ਉਸ ਦੇ ਮੁਕਾਬਲੇ ਤੇ ਉਸ ਦੇ ਛੋਟੇ ਭਾਈ ਮਾਧੋ ਸਿੰਘ ਨੂੰ ਰਾਜਗੀ ਦਾ ਖ਼ਿਤਾਬ ਤੇ ਖ਼ਿਲਅਤ ਆਦਿ ਦੇ ਕੇ ਨੂਰਪੁਰ ਦਾ ਰਾਜਾ ਬਣਾਣ ਦਾ ਜਤਨ ਕੀਤਾ। ਰਾਜਾ ਜਗਤ ਸਿੰਘ ਨੇ ਕੋਟ ਮਊ ਦੇ ਸਥਾਨ ਪਰ ਡੱਟ ਕੇ ਸ਼ਾਹੀ ਫ਼ੌਜਾਂ ਦਾ ਟਾਕਰਾ ਕੀਤਾ, ਪਰ ਫੇਰ ਛੇਤੀ ਹੀ ਹਥਿਆਰ ਸੁੱਟ ਦਿੱਤੇ ਤੇ ਬਾਦਸ਼ਾਹ ਤੋਂ ਮਾਫ਼ੀ ਮੰਗ ਲਈ, ਜੋ ਬੇਗ਼ਮ ਨੂਰ ਜਹਾਂ ਦੇ ਸਿਫ਼ਾਰਿਸ਼ ਕਰਨ ਤੇ ਪ੍ਰਵਾਨ ਹੋ ਗਈ।

ਰਾਜਾ ਜਗਤ ਸਿੰਘ ਦੀ, ਇਹ ਦਬਾਊ ਨੀਤੀ ਕੋਈ ਅਜੋਕੀ ਨਹੀਂ, ਸਗੋਂ ਚਿਰੋਕੀ ਸੀ, ਜਿਸ ਕਰ ਕੇ ਰਾਜਾ ਚੰਬਾ ਨਾਲ ਉਸ ਦੀ ਲੜਾਈ ਸੰਨ 1613 ਤੋਂ ਸ਼ੁਰੂ ਹੋ ਕੇ ਲਗ ਭਗ 12 ਸਾਲ ਚਲਦੀ ਰਹੀ ਤੇ ਆਖ਼ਰ ਉਸ ਨੇ ਰਿਆਸਤ ਚੰਬਾ ਦਾ ਬਹੁਤ ਸਾਰਾ ਇਲਾਕਾ ਦਬਾ ਕੇ ਤੇ ਉਸ ਇਲਾਕੇ ਵਿਚ ਤਾਰਾ ਗੜ੍ਹ ਕਿਲ੍ਹਾ ਬਣਾ ਕੇ ਸਾਹ ਲਿਆ। ਇਸੇ ਤਰ੍ਹਾਂ ਉਸ ਨੇ ਰਾਜਾ ਬਸੋਹਲੀ ਨੂੰ ਵੀ ਸ਼ਾਹੀ ਫ਼ੌਜਾਂ ਰਾਹੀਂ ਕੈਦ ਕਰਾ ਕੇ ਉਸ ਦਾ ਸਾਰਾ ਇਲਾਕਾ ਲਗ ਭਗ 14 ਵਰ੍ਹੇ ਦਬਾਈਂ ਰੱਖਿਆ। ਏਕਣ ਹੀ ਸ਼ਾਹੀ ਦਰਬਾਰ ਵਿਚ ਸ਼ਿਕਾਇਤਾਂ ਕਰ ਕੇ ਗੁਲੇਰ ਤੇ ਸੁਕੇਤ ਦੇ ਰਾਜੇ ਵੀ ਉਸ ਨੇ ਬੁਰੀ ਤਰ੍ਹਾਂ ਤੰਗ ਕੀਤੇ। ਮੁਗ਼ਲ ਹਕੂਮਤ ਚੂੰਕਿ ਰਾਜਪੂਤਾਂ ਨੂੰ ਇਸ ਤਰ੍ਹਾਂ ਇਕ ਦੂਜੇ ਦੀ ਮੱਦਦ ਨਾਲ ਦਬਾਈਂ ਰੱਖਣਾ ਚਾਹੁੰਦੀ ਸੀ, ਇਸ ਲਈ ਰਾਜਾ ਜਗਤ ਸਿੰਘ ਦੀਆਂ ਵਧੀਕੀਆਂ ਵਲ ਬਾਦਸ਼ਾਹ ਨੇ ਉੱਕਾ ਹੀ ਧਿਆਨ ਨਾ ਦਿੱਤਾ।

ਸੰਨ 1627 ਵਿਚ ਬਾਦਸ਼ਾਹ ਜਹਾਂਗੀਰ ਦੇ ਮਰਨ ਤੇ ਜਦ ਸ਼ਾਹਜ਼ਾਦਾ ਖ਼ੁੱਰਮ ਸ਼ਾਹਜਹਾਂ ਦੀ ਪਦਵੀ ਧਾਰਣ ਕਰ ਕੇ ਗੱਦੀ ਬੈਠਾ ਤਾਂ ਰਾਜਾ ਜਗਤ ਸਿੰਘ ਦਾ ਸ਼ਾਹੀ ਮਨਸਬ ਵਧਾ ਕੇ 2000 ਘੋੜ ਸਵਾਰ ਉਸ ਦੇ ਸਿਪੁਰਦ ਕੀਤੇ ਗਏ ਤੇ ਉਸ ਨੂੰ ਕੁੱਰਮ (ਬੰਗਿਸ਼) ਦਾ ਥਾਣੇਦਾਰ ਥਾਪ ਕੇ ਕਾਬਲ ਭੇਜਿਆ ਗਿਆ। ਇਧਰ ਉਸ ਦੇ ਪੁਤ੍ਰ ਰਾਜਰੂਪ ਨੂੰ ਬਾਦਸ਼ਾਹ ਵਲੋਂ ਇਲਾਕਾ ਕੋਹਿਸਤਾਨ ਦੀ ਤਹਿਸੀਲਦਾਰੀ ਦਿੱਤੀ ਗਈ। ਰਾਜਰੂਪ ਇਸ ਸਮੇਂ ਪਿਉ ਨਾਲੋਂ ਵੀ ਦੋ ਕਦਮ ਅੱਗੇ ਵੱਧ ਗਿਆ ਤੇ ਉਸ ਨੇ ਇਲਾਕਾ ਪਹਾੜ ਵਿਚ ਗਹਿਰੀ ਸਾਜ਼ਿਸ਼ ਦਾ ਜਾਲ ਤਣ ਕੇ ਬਹੁਤ ਸਾਰੇ ਰਾਜਪੂਤ ਰਾਜੇ-ਰਾਣੇ ਕਿਸੇ ਤਰ੍ਹਾਂ ਆਪਣੇ ਪੱਖ ਤੇ ਕਰ ਲਏ। ਰਾਜਾ ਜਗਤ ਸਿੰਘ ਉਸ ਦੀਆਂ ਇਨ੍ਹਾਂ ਗੱਲਾਂ ਤੋਂ ਅਨਜਾਣ ਨਹੀਂ ਸੀ, ਇਸ ਲਈ ਉਸ ਨੇ ਬਾਦਸ਼ਾਹ ਨੂੰ ਲਿਖਿਆ ਕਿ ਜੇ ਇਲਾਕਾ ਕੋਹਿਸਤਾਨ ਦੀ ਫ਼ੌਜਦਾਰੀ ਮੈਨੂੰ ਦਿੱਤੀ ਜਾਵੇ ਤਾਂ ਬਗ਼ਾਵਤ ਦਬ ਸਕਦੀ ਹੈ ਤੇ ਰਾਜ-ਕਰ ਆਸਾਨੀ ਨਾਲ ਉਗਰਾਹਿਆ ਜਾ ਸਕਦਾ ਹੈ ਇਸ ਲਈ ਬਾਦਸ਼ਾਹ ਨੇ ਉਸ ਦੀ ਇਹ ਤਜਵੀਜ਼ ਮੰਨ ਲਈ, ਪਰ ਰਾਜਾ ਜਗਤ ਸਿੰਘ ਨੇ ਨੂਰਪੁਰ ਪਹੁੰਚਦਿਆਂ ਹੀ ਖ਼ੁਦ ਬਾਗ਼ੀਆਂ ਦਾ ਸਾਥ ਦੇ ਕੇ ਅਮਲੀ ਵਰਤੋਂ ਬਾਦਸ਼ਾਹ ਦੀ ਮਰਜ਼ੀ ਤੋਂ ਉਲਟ ਕੀਤੀ। ਪਤਾ ਲੱਗਣ ਤੇ ਬਾਦਸ਼ਾਹ

ਨੇ ਉਸ ਦੀ ਬਗ਼ਾਵਤ ਦਬਾਉਣ ਲਈ ਸ਼ਾਹਜ਼ਾਦਾ ਮੁਰਾਦ ਬਖ਼ਸ਼ ਨੂੰ ਫ਼ੌਜ ਦੇ ਕੇ ਤੋਰਿਆ ਤੇ ਤਿੰਨ ਫ਼ੌਜਾਂ ਹੋਰ ਖ਼ਾਨ ਜਹਾਂ ਬਾਰਹਾ, ਸਈਦ ਖ਼ਾਨ ਜ਼ਫ਼ਰ ਤੇ ਅਸਾਲਤ ਖ਼ਾਨ ਦੇ ਅਧੀਨ ਕਿਲ੍ਹਾ ਮਊ, ਨੂਰਪੁਰ ਤੇ ਤਾਰਾ ਗੜ੍ਹ ਉਤੇ ਭੇਜੀਆਂ। ਜਗਤ ਸਿੰਘ ਨੇ ਜੁੱਧ ਕਰ ਕੇ ਇਹ ਕਿਲ੍ਹੇ ਬਚਾਉਣ ਦਾ ਬਹੁਤ ਜਤਨ ਕੀਤਾ, ਪਰ ਆਖ਼ਰ ਕਿਲ੍ਹਾ ਮਊ ਤੇ ਨੂਰਪੁਰ ਸ਼ਾਹੀ ਫ਼ੌਜਾਂ ਨੇ ਜਿੱਤ ਲਏ ਤੇ ਤਾਰਾ ਗੜ੍ਹ ਜਗਤ ਸਿੰਘ ਦੇ ਹੱਥੋਂ ਜਾਣ ਲੱਗਾ, ਜਿਸ ਕਾਰਣ ਮਜਬੂਰ ਹੋ ਕੇ ਉਸ ਨੇ ਬਾਦਸ਼ਾਹ ਤੋਂ ਇਸ ਸ਼ਰਤ ਤੇ ਖ਼ਿਮਾਂ ਮੰਗ ਲਈ ਕਿ ਜੇ ਇਹ ਸਾਰੇ ਕਿਲ੍ਹੇ ਢਾਹ ਦਿੱਤੇ ਜਾਣ ਤਾਂ ਮੈਨੂੰ ਕੋਈ ਉਜ਼ਰ ਨਹੀਂ ਹੋਵੇਗਾ।

ਸ਼ਾਹਜਹਾਂ ਨੇ ਖ਼ੁਸ਼ ਹੋ ਕੇ ਫੇਰ ਜਗਤ ਸਿੰਘ ਦੇ ਗੁਨਾਹ ਬਖ਼ਸ਼ ਦਿੱਤੇ ਤੇ ਉਸ ਦਾ ਮਨਸਬ ਬਹਾਲ ਰੱਖ ਕੇ ਪਹਿਲਾਂ ਉਸ ਨੂੰ ਸ਼ਾਹਜ਼ਾਦਾ ਦਾਰਾ ਸ਼ਿਕੋਹ ਦੇ ਹਮਰਕਾਬ ਕਰ ਕੇ ਕੰਧਾਰ ਤੇ ਫੇਰ ਨਵਾਬ ਅਲੀਵਰਦੀ ਖ਼ਾਨ ਦੇ ਨਾਲ ਬਦਖ਼ਸ਼ਾਂ ਦੀ ਮੁਹਿੰਮ ਤੇ ਭੇਜਿਆ। ਇਨ੍ਹਾਂ ਮੁਹਿੰਮਾਂ ਤੋਂ ਫ਼ਾਰਿਗ਼ ਹੋ ਕੇ ਜਦ ਰਾਜਾ ਜਗਤ ਸਿੰਘ ਪਿਸ਼ਾਵਰ ਪੁੱਜਾ ਤਾ ਜਨਵਰੀ ਸੰਨ 1646 ਈ: ਵਿਚ ਅਚਾਨਕ ਉਸ ਦੀ ਮੌਤ ਹੋ ਗਈ।

ਰਾਜਾ ਜਗਤ ਸਿੰਘ ਦੇ ਸਮੇਂ ਵਿਚ ਰਿਆਸਤ ਨੂਰਪੁਰ ਨੇ ਬਹੁਤ ਤਰੱਕੀ ਕੀਤੀ। ਨੂਰਪੁਰ ਦੇ ਕਵੀ ਤੇ ਢਾਡੀ ਉਸ ਨੂੰ ਆਪਣੀ ਕਿਸਮ ਦਾ ਨਿਰਾਲਾ ਸਦੀ ਪੁਰਸ਼ ਮੰਨ ਕੇ ਇਨ੍ਹਾਂ ਸ਼ਬਦਾਂ ਵਿਚ ਉਸ ਦੀ ਉਪਮਾ ਕਰਦੇ ਸਨ :

ਜਗਤਾ ਰਾਜਾ ਭਗਤਾ ਰਾਜਾ, ਬਾਸਦੇਵ ਦਾ ਜਾਇਆ।
ਸਿੰਧੂ ਮਾਰੇ ਸਾਗਰ ਮਾਰੇ, ਹਿਮਾਂਚਲ ਡੇਰਾ ਪਾਇਆ।
ਆਕਾਸ਼ੇ ਕੋ ਅਰਬਾ ਕੀਤਾ ਤਾਂ ਜਗਤਾ ਨਾਮ ਕਹਾਇਆ॥

ਰਾਜਾ ਜਗਤ ਸਿੰਘ ਤੋਂ ਬਾਦ ਰਾਜ ਰੂਪ ਸੰਨ 1646 ਤੋਂ 1661 ਈ. ਤਕ ਤੇ ਰਾਜਾ ਮਾਨਧਾਤਾ ਸੰਨ 1661 ਤੋਂ 1700 ਤਕ ਦੋ ਹੋਰ ਰਾਜੇ ਨੂਰਪੁਰ ਦੇ ਹੋਏ, ਜੋ ਮੁਗ਼ਲੇਈ ਹਕੂਮਤ ਦੇ ਸਹਾਰੇ ਹਮੇਸ਼ਾ ਆਪਣੇ ਭਾਈਚਾਰੇ ਤੇ ਇਲਾਕਾ ਪਹਾੜ ਦੇ ਰਾਜਪੂਤਾਂ ਨਾਲ ਲੜਦੇ ਰਹੇ, ਪਰ ਗ਼ੁਲਾਮੀ ਦੀਆਂ ਜ਼ੰਜੀਰਾਂ ਮਜ਼ਬੂਤ ਕਰਨ ਤੋਂ ਬਿਨਾਂ ਉਨ੍ਹਾਂ ਨੇ ਸਮੁੱਚੇ ਤੌਰ ਤੇ ਕੌਮੀ ਉਸਾਰੀ, ਦੇਸ਼-ਸੇਵਾ ਜਾਂ ਲੋਕ-ਭਲਾਈ ਦਾ ਕੋਈ ਕੰਮ ਨਾ ਕੀਤਾ। ਇਸੇ ਕਾਰਣ ਰਾਜਾ ਜਗਤ ਸਿੰਘ ਦਾ ਛੋਟਾ ਪੁਤ੍ਰ ਰਾਜਾ ਭਾਊ ਸਿੰਘ, ਜਿਸ ਨੂੰ ਸ਼ਾਹਜਹਾਂ ਦੇ ਹੁਕਮ ਨਾਲ ਰਿਆਸਤ ਨੂਰਪੁਰ ਵਿਚੋਂ ਹੀ ਚੱਕੀ ਤੇ ਰਾਵੀ ਦੇ ਦਰਮਿਆਨ ਤਅੱਲੁਕਾ ਸ਼ਾਹ ਪੁਰ ਪਲਾਹੀ ਤੇ ਕਾਂਡੀ ਇਨਾਮ ਵਜੋਂ ਮਿਲੇ ਸਨ, ਸੰਨ 1686 ਵਿਚ ਬਾਦਸ਼ਾਹ ਔਰੰਗਜ਼ੇਬ ਦੇ ਪ੍ਰਭਾਵ ਹੇਠ ਆ ਕੇ ਮੁਸਲਮਾਨ ਹੋ ਗਿਆ।

ਰਿਆਸਤ ਕਹਿਲੂਰ ਤੇ ਕਿਉਂਥਲ ਦਾ ਜੰਗ (1667-1692 ਈ.)

ਰਿਆਸਤ ਕਹਿਲੂਰ (ਬਿਲਾਸਪੁਰ) ਵਿਚ, ਜਿਵੇਂ ਕਿ ਇਲਾਕਾ ਪਹਾੜ ਦੀਆਂ ਰਿਆਸਤਾਂ ਦੇ ਇਤਿਹਾਸ ਤੋਂ ਪਤਾ ਲਗਦਾ ਹੈ, 12 ਠਕੁਰਾਈਆਂ ਦੇ ਰਾਜੇ-ਰਾਣੇ ਸ਼ਾਮਲ ਸਨ। ਉਹ ਬਾਰਾਂ ਠਕੁਰਾਈਆਂ ਇਹ ਸਨ : (1) ਬਘਾਲ, (2) ਕੁਨ੍ਹਿਆਰ, (3) ਬੀਜਾ, (4) ਧਾਮੀ, (5) ਕਿਉਂਥਲ, (6) ਕੋਠਾਰ, (7) ਜੁੱਬਲ, (8) ਬਘਾਟ, (9) ਬੱਜੀ, (10) ਮੈਲੋਗ, (11) ਮੰਗਾਲ ਤੇ (12) ਬਲਸਾਨ। ਇਨ੍ਹਾਂ ਵਿਚੋਂ ਹੀ ਇਕ ਠਕੁਰਾਈ ਸੀ

ਝੁਣਗਾ ਜਾਂ ਕਿਊਂਥਲ, ਜੋ ਅੰਗਰੇਜ਼ੀ ਰਾਜ ਸਮੇਂ ਸ਼ਿਮਲੇ ਦੀਆਂ ਪਹਾੜੀ ਰਿਆਸਤਾਂ ਦਾ ਹੀ ਇਕ ਹਿੱਸਾ ਗਿਣੀ ਜਾਂਦੀ ਰਹੀ। ਰਿਆਸਤ ਕਿਊਂਥਲ ਦਾ ਰਾਣਾ ਅਨੂਪ ਚੰਦ, ਜਿਸ ਦਾ ਸਮਾਂ ਸੰਨ 1670 ਤੋਂ 1692 ਈ: ਤਕ ਹੈ, ਅਚਾਨਕ ਰਾਜਾ ਭੀਮ ਚੰਦ ਦੀਆਂ ਅੱਖਾਂ ਵਿਚ ਓਕਣ ਹੀ ਰੜਕਿਆ, ਜੀਕਣ ਉਸ ਸਮੇਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਰੜਕਦੇ ਸਨ। ਰਾਜਾ ਬਿਲਾਸਪੁਰ ਤੇ ਰਾਜਾ ਕਿਊਂਥਲ ਦੀ ਪਰਸਪਰ ਲੜਾਈ ਛਿੜ ਗਈ। ਇਹ ਲੜਾਈ ਸੰਨ 1680 ਈ: ਵਿਚ ਕਿਊਂਥਲ ਦੇ ਨੇੜੇ ਹੀ ਮਾਇਲ ਮਲਾਂਗਨੇ ਦੇ ਸਥਾਨ ਪਰ ਹੋਈ, ਜਿਸ ਵਿਚ ਮਦਨਾ ਭਾਰਾ ਨਾਮੀ ਇਕ ਰਾਜਪੂਤ ਸਰਦਾਰ, ਜੋ ਪਿੰਡ ਚੌਰਾ ਰਿਆਸਤ ਕਿਊਂਥਲ ਦਾ ਵਸਨੀਕ ਸੀ, ਰਾਜਾ ਕਿਊਂਥਲ ਵਲੋਂ ਹੁਕਮ ਹੋਣ ਤੇ ਆਪਣੇ ਚਾਚੇ ਊਦੋ ਸਮੇਤ ਫ਼ੌਜ ਲੈ ਕੇ ਗਿਆ। ਉਸ ਨੇ ਜਾਣ ਸਮੇਂ ਪ੍ਰਣ ਕੀਤਾ ਕਿ ਉਹ ਜੇ ਲੜਾਈ ਜਿੱਤ ਨਾ ਸਕਿਆ ਤਾਂ ਜੀਊਂਦਾ ਵਾਪਸ ਮੁੜ ਕੇ ਨਹੀਂ ਆਵੇਗਾ। ਮਦਨੇ ਨੇ ਰਣਖੇਤ ਵਿਚ ਵੜਦਿਆਂ ਹੀ ਤਲਵਾਰ ਫੜ ਕੇ ਪਹਿਲੇ ਹੱਲੇ ਵਿਚ ਦੁਸ਼ਮਣ ਦੀ ਪਹਿਲੀ ਕਤਾਰ, ਫੇਰ ਤੀਰ ਕਮਾਨ ਲੈ ਕੇ ਦੂਜੇ ਹੱਲੇ ਵਿਚ ਦੂਜੀ ਕਤਾਰ ਤੇ ਇਸੇ ਤਰ੍ਹਾਂ ਲਗਾਤਾਰ ਸੱਤ ਹੱਲੇ ਕਰ ਕੇ ਦੁਸ਼ਮਨ ਦੀਆਂ ਸੱਤ ਕਤਾਰਾਂ ਖ਼ਤਮ ਕਰ ਦਿੱਤੀਆਂ ਤੇ ਮੈਦਾਨਿ ਜੰਗ ਵਿਚ ਲਹੂ ਦਾ ਹੜ੍ਹ ਵਗਾ ਦਿੱਤਾ। ਆਖ਼ਰ ਜਦ ਇਸ ਤਰ੍ਹਾਂ ਬਹੁਤ ਸਾਰੇ ਜੋਧੇ ਮਾਰੇ ਜਾਣ ਤੇ ਮਦਨੇ ਦੇ ਹੱਥ ਵਿਚ ਕੋਈ ਹਥਿਆਰ ਨਾ ਰਿਹਾ ਤਾਂ ਰਾਜਾ ਭੀਮ ਚੰਦ ਨੇ ਨੇੜੇ ਪਹੁੰਚ ਕੇ ਮਦਨੇ ਨੂੰ ਲਲਕਾਰਿਆ ਕਿ ਉਹ ਅਧੀਨਤਾ ਮੰਨ ਕੇ ਤੇ ਗੱਲ ਵਿਚ ਪੱਲਾ ਪਾ ਕੇ ਕੈਦੀ ਹੋਣਾ ਕਬੂਲ ਕਰ ਲਵੇ, ਨਹੀਂ ਤਾਂ ਉਹ ਬਰਛੇ ਦਾ ਸ਼ਿਕਾਰ ਹੋ ਜਾਵੇਗਾ। ਸਰਦਾਰ ਮਦਨਾ ਭੀਮ ਚੰਦ ਦੀ ਇਸ ਲਲਕਾਰ ਤੋਂ ਉਸ ਦੇ ਅੱਗੇ ਨਾ ਝੁਕਿਆ, ਜਿਸ ਕਰ ਕੇ ਰਾਜਾ ਭੀਮ ਚੰਦ ਨੇ ਨੇੜੇ ਆ ਕੇ ਅਜਿਹਾ ਬਰਛਾ ਚਲਾਇਆ, ਜੋ ਮਦਨੇ ਦੀ ਛਾਤੀ ਵਿਚ ਖੁਭ ਕੇ ਉਸ ਦੇ ਪਿੱਠ ਪਿੱਛੇ ਜਾ ਨਿਕਲਿਆ। ਇਸ ਤਰ੍ਹਾਂ ਮੈਦਾਨਿ ਜੰਗ ਵਿਚ ਭੀਮ ਚੰਦ ਦੇ ਹੱਥੋਂ ਚਾਚੇ ਊਦੋ ਦੇ ਸਾਮ੍ਹਣੇ ਹੀ ਸਰਦਾਰ ਮਦਨੇ ਦੀ ਮੌਤ ਹੋ ਗਈ।

ਮਦਨੇ ਦੇ ਇਸ ਤਰ੍ਹਾਂ ਮਰਨ ਸਾਰ ਹੀ ਉਸ ਦੀ ਫ਼ੌਜ ਨੱਸ ਗਈ ਤੇ ਮੈਦਾਨ ਭੀਮ ਚੰਦ ਦੇ ਹੱਥ ਰਿਹਾ। ਚਾਚਾ ਊਦੋ ਨੇ ਇਸ ਸਮੇਂ ਹੌਸਲਾ ਕੀਤਾ ਤੇ ਹੱਲਾ ਕਰ ਕੇ ਮਦਨੇ ਦੀ ਲੋਥ ਚੁੱਕ ਲਿਆਂਦੀ, ਜੋ ਪਾਲਕੀ ਵਿਚ ਪਾ ਕੇ ਉਸ ਦੇ ਪਿੰਡ ਚਉਰੇ ਪਹੁੰਚਾਈ ਗਈ। ਰਾਜਾ ਕਿਊਂਥਲ ਵੀ ਅਫਸੋਸ ਕਰਨ ਆਇਆ। ਮਦਨੇ ਦੇ ਬੁੱਢੇ ਮਾਂ-ਪਿਉ ਤੇ ਹੋਰ ਪਰਿਵਾਰ ਨੇ ਹਮਦਰਦੀ ਵਜੋਂ ਉਸ ਦੀ ਲੋਥ ਉਤੇ ਹੰਝੂ ਕੇਰੇ। ਆਖ਼ਰ ਪੂਰੀ ਪੂਰੀ ਫ਼ੌਜੀ ਸਜ ਧਜ ਨਾਲ ਕੇਬਰੂ ਦੇ ਸਥਾਨ ਪਰ ਬਹਾਦੁਰ ਮਦਨੇ ਜਾ ਸਸਕਾਰ ਉਸ ਦੇ ਚਾਚੇ ਊਦੋ ਦੇ ਹੱਥੀਂ ਕੀਤਾ ਗਿਆ[1]।

ਰਿਆਸਤ ਕਹਿਲੂਰ ਵਲੋਂ ਉਸ ਸਮੇਂ ਇਸ ਤੋਂ ਬਿਨਾ ਕਈ ਅਜਿਹੀਆਂ ਹੋਰ ਜੰਗੀ ਘਟਨਾਵਾਂ ਵੀ ਹੋਈਆਂ ਤੇ 12 ਠਕੁਰਾਈਆਂ ਦੇ ਰਾਣਿਆਂ ਦੀਆਂ ਸਾਰੀਆਂ ਹੀ ਰਿਆਸਤਾਂ ਰਾਜਾ ਕਹਿਲੂਰ ਦੇ ਅਧੀਨ ਹੋ ਜਾਣ ਤੇ ਰਾਜਾ ਭੀਮ ਚੰਦ ਦਾ ਇਲਾਕਾ ਸ਼ਿਮਲੇ ਤਕ ਫੈਲ ਗਿਆ।

---

[1]ਦੇਖੋ, The Legends of the Punjab, Vol. I, by Sir R. C. Temple, 1962, PP. 404-13.

ਰਾਜਪੂਤਾਂ ਦਾ ਸਮੁੱਚਾ ਜੀਵਨ ਤੇ ਅਖ਼ਲਾਕੀ ਮੱਯਾਰ :

ਇਹ ਹਨ ਪੰਜਾਬ ਦੇ ਪਹਾੜੀ ਤੇ ਮੈਦਾਨੀ ਰਾਜਪੂਤਾਂ ਦੇ ਜੰਗੀ ਕਾਰਨਾਮੇ, ਹੁਣ ਅੱਗੇ ਲਓ ਇਨ੍ਹਾਂ ਦੇ ਅੰਦਰੂਨੀ ਜੀਵਨ ਤੇ ਅਖ਼ਲਾਕੀ ਮੱਯਾਰ ਦਾ ਖ਼ਾਕਾ, ਜਿਸ ਤੋਂ ਇਨ੍ਹਾਂ ਦੇ ਭੂਤ-ਭਵਿੱਖ ਦਾ ਕੁਝ ਸਹੀ ਤੇ ਠੀਕ ਅਨੁਮਾਨ ਲੱਗ ਸਕਦਾ ਹੈ।

ਰਾਜਪੂਤਾਂ ਵਿਚ ਸਮੁੱਚੇ ਤੌਰ ਤੇ, ਜਿਵੇਂ ਕਿ ਪਿੱਛੇ ਵੀ ਦੱਸਿਆ ਗਿਆ ਹੈ, ਏਕਤਾ ਦਾ ਘਾਟਾ ਤੇ ਅੰਤਰ ਜਾਤਿ ਵਿਰੋਧ ਦੇ ਖ਼ਾਸ ਨੁਕਸਾਂ ਦੇ ਨਾਲ ਹੀ ਵਿਦਯਾ, ਬੁੱਧਿ ਤੇ ਦੂਰ-ਅੰਦੇਸ਼ੀ ਦੀ ਬੜੀ ਕਮੀ ਸੀ, ਜਿਸ ਦੀ ਗਵਾਹੀ ਜੰਮੂ, ਕੁੱਲੂ, ਕਾਂਗੜਾ, ਚੰਬਾ, ਗੁਲੇਰ, ਮੰਡੀ, ਬਿਲਾਸਪੁਰ, ਨੂਰਪੁਰ ਆਦਿ ਦੇ ਇਤਿਹਾਸ ਤੋਂ ਚੰਗੀ ਤਰ੍ਹਾਂ ਮਿਲਦੀ ਹੈ। ਇਸ ਤੋਂ ਬਿਨਾ ਇਲਾਕਾ ਪਹਾੜ ਵਿਚ ਇਧਰ ਉਧਰ ਦੂਰ-ਨੇੜੇ ਆਵਾਜਾਈ ਦੇ ਖ਼ਾਸ ਸਾਧਨ ਨਾ ਹੋਣ ਕਰ ਕੇ ਦੇਸ-ਵਿਦੇਸ ਸੰਬੰਧੀ ਨਵੀਂ ਤਾਜ਼ੀ ਵਾਕਿਫ਼ੀਅਤ ਦਾ ਦਾਇਰਾ ਤਾਂ ਹੋਰ ਵੀ ਬੜਾ ਸੰਕੁਚਿਤ ਤੇ ਸੀਮਿਤ ਰਿਹਾ, ਜਿਸ ਕਰ ਕੇ ਇਕ ਪਹਾੜੀ ਰਾਜੇ ਨੂੰ, ਜਿਵੇਂ ਕਿ ਸ੍ਰੀ ਦਸ਼ਮੇਸ਼ ਜੀ ਜੀਵਨ-ਇਤਿਹਾਸ ਤੋਂ ਪਤਾ ਲਗਦਾ ਹੈ, ਇਹ ਵੀ ਪਤਾ ਨਹੀਂ ਸੀ ਕਿ ਉਸ ਸਮੇਂ ਦਿੱਲੀ ਦੇ ਤਖ਼ਤ ਉਤੇ ਕਿਸ ਦੀ ਹਕੂਮਤ ਸੀ।

ਇਲਾਕਾ ਪਹਾੜ ਦੀ ਆਮਦਨ ਘੱਟ ਹੋਣ ਕਰ ਕੇ ਉਥੇ ਤੰਗ ਦਸਤੀ ਹਮੇਸ਼ਾ ਬਣੀ ਰਹਿੰਦੀ ਸੀ, ਇਸ ਲਈ ਲਗ ਭਗ ਸਾਰੇ ਹੀ ਪਹਾੜੀ ਰਾਜੇ, ਜਿਵੇਂ ਕਿ ਪਿੱਛੇ ਉਦਾਹਰਣ ਦਿੱਤੇ ਗਏ ਹਨ, ਕਈ ਵੇਰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਦਰਬਾਰ ਵਿਚ ਨੌਕਰ ਹੋ ਜਾਂਦੇ ਤੇ ਉਥੋਂ ਚੰਗੇ ਰੋਜ਼ੀਨੇ ਲੈਣ ਲੱਗ ਪੈਂਦੇ ਸਨ, ਤੇ ਜੇ ਕੋਈ ਚੰਗੀ (ਤੁਹਫ਼ੇ ਵਾਲੀ ਕੀਮਤੀ) ਚੀਜ਼ ਦੇਖਦੇ ਤਾਂ ਅਤਿ ਦੇ ਲਾਲਚ ਕਾਰਣ ਕਿਸੇ ਬਹਾਨੇ ਮੰਗਣੋਂ ਵੀ ਸੰਕੋਚ ਨਹੀਂ ਸਨ ਕਰਦੇ, ਜਿਵੇਂ ਕਿ ਰਾਜਾ ਭੀਮ ਚੰਦ ਨੇ ਹੀ ਗੁਰੂ ਦਸ਼ਮੇਸ਼ ਤੋਂ ਸਫ਼ੈਦ ਹਾਥੀ, ਰਾਜਾ ਹੰਡੂਰ ਨੇ ਇਕ ਤਾਰ ਦਾ ਗੋਂਦਵਾ ਜਾਨਵਰ ਅਤੇ ਰਾਜਾ ਕ੍ਰਿਪਾਲ ਦੇਵ ਬਾਹੂ (ਜੰਮੂ) ਵਾਲੇ ਨੇ ਆਪਣੇ ਵਜ਼ੀਰ ਮੀਆਂ ਨਾਥ ਤੋਂ ਸੋਹਣੀ ਤਲਵਾਰ ਮੰਗਣ ਲਈ ਮੂੰਹ ਖੋਲ੍ਹਿਆ ਸੀ, ਇਸ ਲਈ ਇਸ ਮੰਗ-ਖਾਊ ਸੁਭਾਉ ਦਾ ਨਤੀਜਾ ਕਦੇ ਵੀ ਜੰਗ ਤੋਂ ਸਿਵਾਇ ਹੋਰ ਕੁਝ ਨਾ ਨਿਕਲਿਆ। ਇਸ ਕਾਰਣ ਜਦ ਆਪਣੇ ਹੀ ਲੋਕਾਂ ਵਲੋਂ ਜਾਂ ਦਿੱਲੀਓਂ ਮੁਗ਼ਲ ਦਰਬਾਰ ਵਲੋਂ ਫ਼ੌਜ ਭੇਜ ਕੇ ਉਨ੍ਹਾਂ ਦੇ ਨਮਦੇ ਕੱਸੇ ਜਾਂਦੇ ਸਨ ਤਾਂ ਉਹ ਗੁਰੂ ਜੀ ਤੋਂ ਜਾਂ ਆਪਣੇ ਹੀ ਹੋਰ ਭਰਾਵਾਂ ਤੋਂ ਵਿਰੁੱਧ ਹਥਿਆਰ ਚੁੱਕ ਲੈਂਦੇ ਸਨ ਤੇ ਇਸ ਤਰ੍ਹਾਂ ਉਨ੍ਹਾਂ ਦੀ ਵੀਰ ਪਰੰਪਰਾ ਸਾਂਝੀ ਕੌਮੀਅਤ ਦੇ ਨੁਕਤੇ ਤੋਂ ਇਕ ਪਾਸੇ ਹਟ ਕੇ ਨਿਰੋਲ ਖ਼ੁਦਗਰਜ਼ੀ ਦੇ ਰਾਹ ਚੱਲ ਪੈਂਦੀ ਸੀ।

ਮੁਸਲਿਮ ਰਾਜਪੂਤ

ਮੁੱਖ ਸ਼ਬਦ :

ਹਿੰਦੂ ਰਾਜਪੂਤਾਂ ਤੋਂ ਬਾਦ ਹੁਣ ਵਾਰੀ ਆਉਂਦੀ ਹੈ ਮੁਸਲਿਮ ਰਾਜਪੂਤਾਂ ਦੀ। ਮੁਸਲਿਮ ਰਾਜਪੂਤ, ਜਿਹੜੇ ਕਿ ਬਹਾਦਰੀ ਦੇ ਪੱਖ ਤੋਂ ਬੜਾ ਅਹਿਮ ਦਰਜਾ ਰਖਦੇ ਹਨ, ਬਹੁਤੇ ਪੰਜਾਬ ਦੇ ਮੈਦਾਨੀ ਇਲਾਕੇ ਦੇ ਹੀ ਵਸਨੀਕ ਹਨ। ਉਂਜ ਪੰਜਾਬ ਦੇ ਮੁਸਲਿਮ ਰਾਜਪੂਤ ਜੋਧੇ ਹੋਏ ਤਾਂ ਬਹੁਤ ਹਨ, ਜਿਵੇਂ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀਆਂ ਵਾਰਾਂ

ਦੀਆਂ ਨੌਂ ਧੁਨਾਂ ਦੇ ਸੰਕੇਤਕ ਸਿਰਲੇਖਾਂ—ਮਲਿਕ ਮੁਰੀਦ, ਰਾਇ ਕਮਾਲ ਦੀ ਮੌਜਦੀ, ਮਹਿਮੇ ਹਸਨੇ ਕੀ ਧੁਨੀਂ ਆਦਿ ਤੋਂ ਪਤਾ ਲਗਦਾ ਹੈ, ਪਰ 17ਵੀਂ ਸਦੀ ਦੇ ਪ੍ਰਸਿੱਧ ਜੋਧੇ ਦੋ ਹੀ ਸਨ—(1) ਦੁੱਲਾ ਭੱਟੀ ਤੇ (2) ਮਿਰਜ਼ਾ ਖਰਲ। ਏਥੇ ਪਹਿਲਾਂ ਦੁੱਲੇ ਭੱਟੀ ਬਾਰੇ ਉਸ ਦੇ ਜੰਗੀ ਕਾਰਨਾਮਿਆਂ ਦਾ ਯਥਾ ਸੰਭਵ ਕੁਝ ਕੁ ਵੇਰਵਾ ਦਿੱਤਾ ਜਾਂਦਾ ਹੈ।

ਦੁੱਲਾ ਭੱਟੀ :

ਭੱਟੀ ਖ਼ਾਨਦਾਨ, ਜਿਸ ਵਿਚ ਦੁੱਲੇ ਦਾ ਜਨਮ ਹੋਇਆ, ਜੈਸਲਮੇਰ (ਰਾਜਸਥਾਨ) ਦੇ ਉਸ ਚੰਦ੍ਰ ਵੰਸ਼ੀ ਰਾਜ-ਕੁਲ ਦੀ ਉਪਜ-ਨਿਪਜ ਹੈ ਜਿਸ ਦਾ ਸਿੱਧਾ ਸੰਬੰਧ ਯਾਦਵਾਂ ਦੇ ਵਡੇਰੇ ਸ੍ਰੀ ਕ੍ਰਿਸ਼ਨ ਜੀ ਦੇ ਨਾਲ ਜਾ ਜੁੜਦਾ ਹੈ। ਭੱਟੀ ਲੋਕ ਪਹਿਲੇ ਪਹਿਲ ਜੈਸਲਮੇਰ ਤੋਂ ਪੰਜਾਬ ਵਿਚ ਕਿਵੇਂ ਆਏ, ਇਹ ਤਾਂ ਨਿਸਚੇ ਪੂਰਵਕ ਕਿਹਾ ਨਹੀਂ ਜਾ ਸਕਦਾ, ਪਰ ਕਿਸੇ ਸਮੇਂ ਸਰਸਾ, ਹਿੱਸਾਰ ਆਦਿ ਇਲਾਕਿਆਂ ਉਤੇ ਇਨ੍ਹਾਂ ਦੀ ਹੀ ਹਕੂਮਤ ਸੀ, ਜਿਸ ਕਰ ਕੇ ਇਸ ਇਲਾਕੇ ਦਾ ਨਾਉਂ ਭਟਿਆਣਾ ਪ੍ਰਸਿੱਧ ਹੈ। ਇਸੇ ਤਰ੍ਹਾਂ ਬਠਿੰਡਾ (ਭਟਿੰਡਾ), ਭਟਨੇਰ, ਦਰਿਆ ਸਤਲੁਜ, ਬਿਆਸ, ਰਾਵੀ, ਝਨਾਂ, ਜਿਹਲਮ ਆਦਿ ਦੇ ਭੱਟੀ, ਜੋ ਪਿੱਛੋਂ ਕਾਫ਼ੀ ਗਿਣਤੀ ਵਿਚ ਮੁਸਲਮਾਨ ਵੀ ਹੋ ਗਏ, ਕਿਸੇ ਸਮੇਂ ਬੜੇ ਮਸ਼ਹੂਰ ਜੋਧੇ ਤੇ ਰਾਠ ਹੋ ਚੁੱਕੇ ਹਨ। ਜ਼ਿਲਾ ਗੁੱਜਰਾਂ ਵਾਲੇ ਵਿਚ ਪਿੰਡੀ ਭੱਟੀਆਂ ਨਾਮੀ ਪਿੰਡ ਅਜਿਹੇ ਭੱਟੀ ਰਾਠਾਂ ਦਾ ਹੀ ਇਕ ਪਿੰਡ ਹੈ। ਦੁੱਲੇ ਭੱਟੀ ਦਾ ਪਿਉ ਫ਼ਰੀਦ ਖ਼ਾਨ ਭੱਟੀ ਇਸੇ ਨਗਰ ਦਾ ਵਸਨੀਕ ਸੀ।

ਮੁਗ਼ਲ ਬਾਦਸ਼ਾਹ ਅਕਬਰ ਦੇ ਸਮੇਂ, ਜਿਵੇਂ ਕਿ ਮੁਗ਼ਲੇਈ ਇਤਿਹਾਸ ਦੀਆਂ ਕੁਝ ਕੁ ਰਵਾਇਤਾਂ ਤੋਂ ਪਤਾ ਲਗਦਾ ਹੈ, ਫ਼ਰੀਦ ਖ਼ਾਨ ਭੱਟੀ ਨੇ ਧਾੜੇ ਮਾਰ ਕੇ ਪੰਜਾਬ ਦੇ ਇਲਾਕਾ ਬਾਰ ਵਿਚ ਆਪਣੀ ਧਾਕ ਜਮਾ ਰੱਖੀ ਸੀ। ਅਕਬਰ ਨੇ ਜਦ ਵੇਖਿਆ ਕਿ ਫ਼ਰੀਦ ਖ਼ਾਂ ਦਾ ਜ਼ੋਰ ਵਧਦਾ ਹੀ ਜਾਂਦਾ ਹੈ ਤਾਂ ਆਪਣੀਆਂ ਫ਼ੌਜਾਂ ਭੇਜ ਕੇ ਇਕ ਅਜਿਹਾ ਹੱਲਾ ਕਰਵਾਇਆ, ਜਿਸ ਵਿਚ ਫ਼ਰੀਦ ਖ਼ਾਨ ਗ੍ਰਿਫ਼ਤਾਰ ਹੋਣ ਤੇ ਕਤਲ ਕੀਤਾ ਗਿਆ। ਦੁੱਲੇ ਭੱਟੀ ਦਾ ਅਜੇ ਉਸ ਸਮੇਂ ਜਨਮ ਨਹੀਂ ਸੀ ਹੋਇਆ। ਦੁੱਲੇ ਦੀ ਮਾਂ ਲੱਧੀ ਉਸ ਸਮੇਂ ਗਰਭਵਤੀ ਸੀ। ਪਿੱਛੋਂ ਜਦ ਦੁੱਲੇ ਦਾ ਜਨਮ ਹੋਇਆ ਤਾਂ ਸਾਰੇ ਪਰਿਵਾਰ ਵਿਚ ਬੜੀ ਖ਼ੁਸ਼ੀ ਮਨਾਈ ਗਈ। ਐਨ ਉਸੇ ਮਹੀਨੇ, ਤਾਰੀਖ਼ ਤੇ ਸਮੇਂ, ਜਦ ਦੁੱਲੇ ਦਾ ਜਨਮ ਹੋਇਆ ਤਾਂ ਬਾਦਸ਼ਾਹ ਅਕਬਰ ਦੇ ਮਹਲਾਂ ਵਿਚ ਵੀ ਬੜੀਆਂ ਸੁੱਖਣਾਂ ਸੁਖਣ ਤੋਂ ਬਾਦ ਸ਼ਾਹਜ਼ਾਦਾ ਸਲੀਮ ਉਰਫ਼ ਬਾਬਾ ਸ਼ੇਖ਼ੂ ਦਾ ਜਨਮ ਇਕ ਰਾਜਪੂਤ ਬੇਗਮ ਦੇ ਪੇਟੋਂ ਹੋਇਆ[1], ਜੋ ਰਾਜਾ ਬਿਹਾਰੀ ਮੱਲ ਕਛਵਾਹੇ ਦੀ ਲੜਕੀ ਸੀ, ਪਰ ਸ਼ਾਹਜ਼ਾਦਾ ਸਲੀਮ ਬਚਪਨ ਤੋਂ ਹੀ 'ਲੋੜੀਂਦਾ ਗੁੜ ਢਿੱਲਾ ਹੀ ਢਿੱਲਾ' ਦੀ ਕਹਾਉਤ ਅਨੁਸਾਰ ਬੜਾ ਕਮਜ਼ੋਰ ਸੀ। ਬੜੇ ਬੜੇ ਹਕੀਮਾਂ ਦੀ ਰਾਇ ਨਾਲ ਅਕਬਰ ਨੇ ਕਿਸੇ ਬਹਾਦੁਰ ਰਾਜਪੂਤ ਦਾਈ ਦੀ ਭਾਲ ਕਰਨੀ ਸ਼ੁਰੂ ਕੀਤੀ, ਜੋ ਸ਼ਾਹਜ਼ਾਦਾ ਸਲੀਮ ਨੂੰ ਆਪਣਾ ਦੁੱਧ ਚੁੰਘਾਵੇ। ਅਖ਼ੀਰ ਕੁਝ ਦਿਨਾਂ ਦੀ ਢੂੰਡ-ਭਾਲ ਪਿੱਛੋਂ ਦੁੱਲੇ ਦੀ ਮਾਂ ਲੱਧੀ ਅਕਬਰ ਦੇ ਹੁਕਮ ਨਾਲ ਸ਼ਾਹਜ਼ਾਦਾ ਸਲੀਮ ਦੀ ਦਾਈ ਨਿਯੁਕਤ ਹੋਈ ਤੇ ਸ਼ਾਹਜ਼ਾਦਾ ਸਲੀਮ ਨੂੰ ਮਾਤਾ ਲੱਧੀ ਦੇ ਕਹਿਣ ਤੇ ਕੁਝ ਸਮੇਂ ਵਾਸਤੇ ਪਿੰਡੀ ਭੱਟੀਆਂ ਹੀ

---

[1]ਦੇਖੋ, ਤੁਜ਼ਕਿ ਜਹਾਂਗੀਰੀ (ਫ਼ਾਰਸੀ), ਨਵਲ ਕਿਸ਼ੋਰ ਪ੍ਰੈਸ, ਲਖਨਊ, ਸਫ਼ੇ 2-3.

ਸ਼ਾਹੀ ਖ਼ਰਚ ਦੇ ਕੇ ਭੇਜ ਦਿੱਤਾ ਗਿਆ। ਇਸ ਤਰ੍ਹਾਂ ਸ਼ਾਹਜ਼ਾਦਾ ਸਲੀਮ ਤੇ ਦੁੱਲਾ ਦੋਵੇਂ ਇਕੱਠੇ ਹੀ ਧਰਮ ਦੇ ਭਾਈ ਬਣ ਕੇ ਇਕੋ ਮਾਂ ਦਾ ਦੁੱਧ ਚੁੰਘਦੇ ਰਹੇ। ਜਦ ਦੋਵੇਂ ਵੱਡੇ ਹੋਏ ਤਾਂ ਦੁੱਲਾ ਭੱਟੀ ਸ਼ਸਤ੍ਰ-ਅਸਤ੍ਰ ਚਲਾਉਣ ਤੇ ਤੀਰੰਦਾਜ਼ੀ ਕਰਨ ਵਿਚ ਸ਼ਾਹਜ਼ਾਦਾ ਸਲੀਮ ਦੇ ਮੁਕਾਬਲੇ ਤੇ ਹਮੇਸ਼ਾਂ ਅੱਵਲ ਰਹਿੰਦਾ ਰਿਹਾ। ਬਾਦਸ਼ਾਹ ਅਕਬਰ ਨੂੰ ਦੁੱਲੇ ਦੀ ਤੀਰੰਦਾਜ਼ੀ ਦੇਖ ਕੇ ਕੁਝ ਖ਼ਾਰ ਅਵੱਸ਼ ਹੋਈ, ਪਰ ਸ਼ਾਹਜ਼ਾਦਾ ਸਲੀਮ ਉਰਫ਼ ਸ਼ੇਖ਼ੂ ਬਾਬਾ ਦਾ ਸਨੇਹ ਉਸ ਦਿਲੀ ਖ਼ਾਰ ਅੱਗੇ ਹਮੇਸ਼ਾ ਰੋਕ ਬਣਦਾ ਰਿਹਾ।

ਸੰਨ 1582 ਤੋਂ 1598 ਤਕ ਪੰਜਾਬ ਦੀ ਰਿਹਾਇਸ਼ ਸਮੇਂ ਹੀ ਸ਼ਾਹਜ਼ਾਦਾ ਸਲੀਮ ਦੀ ਆਪਣੇ ਪਿਤਾ ਅਕਬਰ ਦੇ ਨਾਲ ਕੁਝ ਅਣਬਣ ਸ਼ੁਰੂ ਹੋ ਗਈ। ਇਸ ਅਣਬਣ ਦਾ ਇਕ ਕਾਰਣ ਸ਼ਾਹਜ਼ਾਦਾ ਸਲੀਮ ਦੀਆਂ ਕੁਝ ਆਪਹੁਦਰੀਆਂ ਅੱਯਾਸ਼ੀ ਗੱਲਾਂ ਕਰ ਕੇ ਅਕਬਰ ਦਾ ਝੁਕਾਉ ਉਸੇ ਦੇ ਵੱਡੇ ਪੁਤ੍ਰ ਸ਼ਾਹਜ਼ਾਦਾ ਖ਼ੁਸਰੋ ਵਲ ਹੋਣਾ ਵੀ ਸੀ, ਜਿਸ ਦੇ ਨਤੀਜੇ ਵਜੋਂ ਸੰਨ 1601 ਵਿਚ ਜਦ ਸਲੀਮ ਨੇ ਇਲਾਹਾਬਾਦ ਜਾ ਕੇ ਅਕਬਰ ਤੋਂ ਵਿਰੁੱਧ ਬਗ਼ਾਵਤ ਕੀਤੀ ਤਾਂ ਉਸ ਵਲੋਂ ਆਪਣੇ ਪਰਮ ਸਨੇਹੀ ਰਾਜਾ ਬਾਸੂ (ਨੂਰਪੁਰ) ਨੂੰ ਪੰਜਾਬ ਦੇ ਇਲਾਕਾ ਪਹਾੜ ਵਿਚ ਅਤੇ ਦੁੱਲੇ ਭੱਟੀ ਨੂੰ ਮੈਦਾਨੀ ਇਲਾਕਾ ਬਾਰ ਵਿਚ, ਜਿਸ ਨੂੰ ਹੁਣ ਦੁੱਲੇ ਦੀ ਬਾਰ ਕਿਹਾ ਜਾਂਦਾ ਹੈ, ਆਦਿ ਅਨੇਕ ਥਾਵੀਂ ਲੁੱਟ-ਮਾਰ ਕਰਨ ਦਾ ਇਸ਼ਾਰਾ ਹੋਇਆ ਤੇ ਪੰਜਾਬ ਵਿਚ ਰਾਜਦ੍ਰੋਹ ਦਾ ਉਸ ਸਮੇਂ ਅਜਿਹਾ ਤੂਫ਼ਾਨ ਮਚਿਆ, ਜਿਸ ਦੇ ਨਾਲ ਕਿਲ੍ਹਾ ਲਾਹੌਰ ਦੀਆਂ ਕੰਧਾਂ ਤਕ ਕੰਬ ਗਈਆਂ। ਇਸ ਰਾਜਦ੍ਰੋਹ ਦੀ ਵਾਗਡੋਰ ਬਹੁਤੀ ਰਾਜਾ ਬਾਸੂ ਤੇ ਦੁੱਲੇ ਭੱਟੀ ਦੇ ਹੱਥਾਂ ਵਿਚ ਸੀ। ਦੁੱਲਾ ਭੱਟੀ ਇਲਾਕਾ ਬਾਰ ਵਿਚ ਇਸ ਤਰ੍ਹਾਂ ਬਗ਼ਾਵਤ ਫੈਲਾ ਕੇ ਇਕ ਪਾਸੇ ਤਾਂ ਅਕਬਰ ਤੋਂ ਆਪਣੇ ਪਿਤਾ ਫ਼ਰੀਦ ਖ਼ਾਨ ਦੇ ਕਤਲ ਦਾ ਬਦਲਾ ਲੈ ਰਿਹਾ ਸੀ ਤੇ ਦੂਜੇ ਪਾਸੇ ਸ਼ਾਹਜ਼ਾਦਾ ਸਲੀਮ ਦੀ ਉਕਸਾਹਟ ਨਾਲ, ਜੋ ਉਸ ਦਾ ਹਮਸ਼ੀਰ ਭਰਾ ਸੀ, ਇਹ ਬਗ਼ਾਵਤ ਇਕ ਵੱਖਰੀ ਰਾਜਨੀਤਿਕ ਅਹਿਮੀਅਤ ਵੀ ਰਖਦੀ ਸੀ।

ਅਕਬਰ ਦੇ ਸਾਮ੍ਹਣੇ ਇਸ ਸਮੇਂ ਭਾਵੇਂ ਦੱਖਣ ਦਾ ਰਾਜ-ਰੌਲਾ ਵੀ ਬੜੀ ਭਯਾਨਕ ਸ਼ਕਲ ਧਾਰਣ ਕਰ ਰਿਹਾ ਸੀ, ਪਰ ਉਸ ਨੇ ਪਹਿਲਾਂ ਪੰਜਾਬ ਨੂੰ ਕਾਬੂ ਵਿਚ ਰੱਖਣਾ ਵਧੇਰੇ ਜ਼ਰੂਰੀ ਤੇ ਲਾਭਦਾਇਕ ਸਮਝਿਆ, ਜਿਸ ਕਰ ਕੇ ਮਿਰਜ਼ਾ ਅਲਾਉੱਦੀਨ ਅਤੇ ਜ਼ਿਆਉੱਦੀਨ ਦੇ ਅਧੀਨ ਦੁੱਲੇ ਭੱਟੀ ਉਤੇ ਪੂਰੇ ਜ਼ੋਰ-ਸ਼ੋਰ ਨਾਲ ਫੌਜ ਕਸ਼ੀ ਕਰ ਦਿੱਤੀ ਗਈ। ਦੁੱਲੇ ਭੱਟੀ ਨੇ ਅੱਗੋਂ ਲੜਾਈ ਵਿਚ ਬੜਾ ਸਖ਼ਤ ਮੁਕਾਬਲਾ ਕੀਤਾ, ਤੇ ਫ਼ੌਜਦਾਰ ਮਿਰਜ਼ਾ ਅਲਾਉੱਦੀਨ ਦੇ ਮਾਰੇ ਜਾਣ ਤੇ ਸ਼ਾਹੀ ਫ਼ੌਜਾਂ ਦਾ ਹੋਰ ਵੀ ਬਹੁਤ ਸਾਰਾ ਜਾਨੀ ਤੇ ਮਾਲੀ ਨੁਕਸਾਨ ਹੋਇਆ, ਪਰ ਫੇਰ ਵੀ ਅਥਾਹ ਸ਼ਾਹੀ ਫੌਜਾਂ ਅੱਗੇ ਬਹਾਦੁਰ ਦੁੱਲੇ ਭੱਟੀ ਦੀ, ਜੋ ਇਕ ਨਿਹੱਥੇ ਬਹਾਦੁਰ ਤੋਂ ਵੱਧ ਹੈਸੀਅਤ ਨਹੀਂ ਸੀ ਰੱਖਦਾ, ਕੋਈ ਪੇਸ਼ ਨਾ ਗਈ ਤੇ ਉਹ ਮਿਰਜ਼ਾ ਜ਼ਿਆਉੱਦੀਨ ਦੇ ਹੱਥੀਂ ਧੋਖੇ ਨਾਲ ਗ੍ਰਿਫ਼ਤਾਰ ਹੋਣ ਤੇ ਲਾਹੌਰ ਲਿਜਾ ਕੇ ਫ਼ਾਂਸੀ ਦੇ ਤਖ਼ਤੇ ਉਤੇ ਲਟਕਾ ਦਿੱਤਾ ਗਿਆ। ਅੰਤ ਸਮੇਂ ਉਸ ਨੇ ਸ਼ਾਹਜ਼ਾਦਾ ਸਲੀਮ ਨੂੰ ਯਾਦ ਕੀਤਾ, ਪਰ ਮੇਲ ਨਾ ਹੋ ਸਕਿਆ। ਜਿਸ ਸਮੇਂ ਦੁੱਲਾ ਭੱਟੀ ਫ਼ਾਂਸੀ ਚੜ੍ਹਿਆ ਤਾਂ ਉਸ ਦਾ ਖ਼ੂਬਸੂਰਤ ਪੁਤ੍ਰ ਹੁਸੈਨ ਖ਼ਾਨ ਭੱਟੀ[1]

[1]ਢਾਡੀਆਂ ਦੀਆਂ ਵਾਰਾਂ ਦੇ ਕਥਨ ਅਨੁਸਾਰ ਸਹੀ ਨਾਮ 'ਨੂਰ ਖ਼ਾਨ'।

ਉਸ ਦੇ ਕੋਲ ਹੀ ਬੈਠਾ ਸੀ ਤੇ ਦੁੱਲੇ ਦੇ ਚਿਹਰੇ ਉਤੇ ਸਹਿਮ ਜਾਂ ਗ਼ਮੀ ਦਾ ਕੋਈ ਨਾਂ-ਨਿਸ਼ਾਨ ਨਹੀਂ ਸੀ, ਤੇ ਉਸ ਦਾ ਮੱਥਾ ਵੀਰਤਾ ਦੇ ਅਥਾਹ ਜੋਸ਼ ਵਿਚ ਅੱਗ ਦੇ ਅੰਗਿਆਰ ਵਾਂਗੁ ਲਾਲੋ ਲਾਲ ਹੋ ਕੇ ਦਗ ਰਿਹਾ ਸੀ। ਦੁੱਲੇ ਦੀ ਜ਼ਬਾਨ ਉਤੇ ਉਸ ਸਮੇਂ ਸਿਵਾਇ ਬਾਦਸ਼ਾਹ ਅਕਬਰ ਨੂੰ ਤੇਜ਼-ਤੱਤੀਆਂ ਗਾਲ੍ਹਾਂ ਕੱਢਣ ਦੇ ਹੋਰ ਕੋਈ ਲਫ਼ਜ਼ ਨਹੀਂ ਸੀ। ਇਸੇ ਕਾਰਣ ਮਲਿਕ ਅਲੀ ਕੋਤਵਾਲ ਨੂੰ, ਜਿਸ ਨੇ ਦੁੱਲੇ ਨੂੰ ਫ਼ਾਂਸੀ ਦੇ ਤਖ਼ਤੇ ਉਤੇ ਲਟਕਾਇਆ, ਸਹੀ ਸਹੀ ਰੀਪੋਰਟ ਦੇਣ ਕਰ ਕੇ ਪਿੱਛੋਂ ਸ਼ਾਹੀ ਹੁਕਮ ਨਾਲ ਬੁਰੀ ਤਰ੍ਹਾਂ ਪ੍ਰਾਣ ਦੰਡ ਦਿੱਤਾ ਗਿਆ ਸੀ[1]।

ਇਹ ਹੈ ਦੁੱਲੇ ਭੱਟੀ ਦੀ ਇਤਿਹਾਸਿਕ ਕਹਾਣੀ, ਹੁਣ ਅੱਗੋਂ ਲਓ ਕਿੱਸਾਕਾਰੀ ਦੇ ਪੱਖ ਤੋਂ ਉਸ ਦੀ ਵੀਰਤਾ ਤੇ ਉਸ ਦੇ ਪ੍ਰਤੀ ਫਲ। ਦੁੱਲੇ ਭੱਟੀ ਦੀ ਬਹਾਦੁਰੀ ਦੇ ਕੁਝ ਜੰਗੀ ਗੀਤ, ਜੋ ਇਲਾਕਾ ਸਾਂਦਲ ਬਾਰ ਵਿਚ 'ਵਾਰਾਂ' ਵਜੋਂ ਗਾਏ ਜਾਂਦੇ ਹਨ, ਕ੍ਰਮ ਅਨੁਸਾਰ ਇਸ ਪ੍ਰਕਾਰ ਹਨ :

ਦੁੱਲੇ ਦਾ ਰੋਜ਼ਾਨਾ ਜੀਵਨ

(1) ਬੱਕੀ ਦੁੱਲੇ ਲੈ ਲਵੀ ਮਾਰੇ ਅਕਬਰ ਦੇ ਰਾਹ।

ਮਿਰਜ਼ਾ ਨਜ਼ਾਮੁੱਦੀਨ ਦੇ ਅਧੀਨ ਸ਼ਾਹੀ ਫ਼ੌਜਾਂ ਦੀ ਦੁੱਲੇ ਤੋਂ ਵਿਰੁੱਧ ਚੜ੍ਹਤ ਤੇ ਉਸ ਦੀ ਔਰਤ ਦਾ ਭੈੜਾ ਸੁਪਨਾ :

(2) ਸੁਖ ਨਾਲ ਸੁਤੀ ਸੇਜ ਪਰ, ਸੁਪਨਾ ਆਇਆ ਰਾਤ।
ਮੇਰਾਂ ਸੋਨੇ ਦਾ ਪਲੰਗ ਮੜੱਕਿਆ, ਟੁੱਟੇ ਚਾਰੇ ਸਾਲ।
ਮੱਥੇ ਦੀ ਬਿੰਦੀ ਭੁਇੰ ਪਈ, ਨੌ ਬਲ ਖਾ ਗਈ ਨੱਥ।
ਚੂੜਾ ਟੁੱਟਿਆ ਹਾਥੀ ਦੰਦ ਦਾ, ਫਿੱਕਾ ਪਿਆ ਸੁਹਾਗ।
ਮਾਏ ! ਦੁੱਲਾ ਪਿਆ ਤੇਰਾ ਕੈਦ ਵਿਚ, ਲੁਟ ਗਈ ਸਾਂਦਲ ਬਾਰ ॥

ਅੱਗੋਂ ਲੱਧੀ (ਮਾਂ) ਦਾ ਦਲੇਰੀ-ਭਰਿਆ ਜਵਾਬ :

(3) ਬੋਲੀ ਲੱਧੀ, "ਕੀ ਕਹੇ ? ਸੁਣਨੀ, ਬਹੂਏ ! ਬਾਤ।
ਗਿਦੜੀ ਨੇ ਜਾਏ ਪੰਜ ਸਤ, ਮੈਂ ਸੀਹਣੀ ਨੇ ਇਕ।
ਜਦ ਮੇਰਾ ਦੁੱਲਾ ਘੁਰਕਦਾ, ਕਰਦਾ ਮਾਰੋ ਮਾਰ।
ਫ਼ੌਜਾਂ ਸ਼ਾਹੀ ਭਜਦੀਆਂ, ਮੁੜ ਨਾ ਲੈਂਦੀਆਂ ਸਾਰ ॥

ਉਸ ਦੀ ਨੂੰਹ ਨੂਰਨ ਦਾ ਇਤਰਾਜ਼ :

(4) ਬੋਲੀ ਨੂਰਨ, "ਕੀ ਕਹੇਂ ? ਸੁਣ ਨੀ, ਸੱਸੇ ! ਬਾਤ।
ਕੀ ਚੋਰਾਂ ਦੇ ਮਾਮਲੇ, ਕੀ ਝੂਠੇ ਦਾ ਇਤਬਾਰ।
ਜੈਸਾ ਦੁੱਲਾ ਤੈਂ ਜਣਿਆ, ਐਸਾ ਜਣੇ ਨ ਨਾਰ।
ਰਾਤ ਨਚਾਵੇ ਕੰਚਨੀ, ਦਿਨ ਨੂੰ ਜਾਇ ਸ਼ਿਕਾਰ।

---

[1]ਦੇਖੋ, ਤਹਿਕੀਕਾਤਿ ਚਿਸ਼ਤੀ (ਉਰਦੂ) ਕ੍ਰਿਤ ਮੌਲਵੀ ਨੂਰ ਅਹਿਮਦ ਚਿਸ਼ਤੀ, ਸੰਨ 1324 ਹਿਜਰੀ, ਸਫ਼ਾ 46.

ਭੀੜ ਪਈ ਤੇ ਭੱਜਦਾ, ਸਾਨੂੰ ਨ ਨਾਲ ਲਿਜਾਇ ।
ਵਰਜ ਅਜਿਹੇ ਪੁੱਤ ਨੂੰ ਸੱਸੇ ! ਬਦੀਆਂ ਬੁਰੀ ਬਲਾ ॥

ਕਵੀ ਕਿਸ਼ਨ ਸਿੰਘ 'ਆਰਿਫ਼' ਨੇ ਇਸ ਤੋਂ ਅੱਗੇ ਕਿੱਸਾ 'ਦੁੱਲਾ ਭੱਟੀ' ਵਿਚ ਪਹਿਲਾਂ ਦੁੱਲੇ ਦੇ ਪੁਤ੍ਰ ਨੂਰ ਖ਼ਾਂ ਦੀ ਬਹਾਦੁਰੀ ਮੁਗ਼ਲ ਫ਼ੌਜਦਾਰ ਮਿਰਜ਼ਾ ਨਜ਼ਾਮੁੱਦੀਨ[1] ਨਾਲ ਲੜਾਈ ਹੋਣ ਤੇ ਦੱਸੀ ਹੈ ਤੇ ਫੇਰ ਦੁੱਲੇ ਦੀ ਸੂਰਵੀਰਤਾ ਦਾ ਜ਼ਿਕਰ ਕੀਤਾ ਹੈ। ਜਦ ਮਿਰਜ਼ਾ ਨਜ਼ਾਮੁੱਦੀਨ ਦੇ ਅਧੀਨ ਮੁਗਲੇਈ ਸਿਪਾਹ ਨੇ ਪਿੰਡੀ ਭੱਟੀਆਂ ਉੱਤੇ ਹਮਲਾ ਕੀਤਾ ਤਾਂ ਨੂਰ ਖ਼ਾਂ ਦੀ ਉਮਰ ਮਸਾਂ 10 ਵਰ੍ਹਿਆਂ ਦੀ ਸੀ, ਪਰ ਫੇਰ ਵੀ ਉਹ ਬਹਾਦੁਰ ਪਿਉ ਦਾ ਪੁਤ੍ਰ ਹੋਣ ਕਰ ਕੇ ਬੜੇ ਹੌਂਸਲੇ ਨਾਲ ਲੜਿਆ, ਜਿਵੇਂ ਕਿ ਲਿਖਿਆ ਹੈ :

ਦਸ ਸਾਲ ਦੀ ਉਮਰ ਸੀ ਨੂਰ ਖ਼ਾਂ ਦੀ,
ਜਦੋਂ ਜੰਗ ਨੂੰ ਕੀਤਾ ਤਿਆਰ ਯਾਰੋ ।
ਲੱਕ ਕਸ ਕੇ ਪਹਿਨ ਹਥਿਆਰ ਸਾਰੇ,
ਵੜਿਆ ਦੂਰੋਂ ਕਰਦਾ ਮਾਰੋ ਮਾਰ ਯਾਰੋ ।
ਕੰਬ ਗਏ ਨੀ ਮੁਗਲ ਸਰਦਾਰ ਸਾਰੇ,
ਜਦੋਂ ਗੱਜਿਆ ਖ਼ੂਬ ਲਲਕਾਰ ਯਾਰੋ ।
ਸਾਰੇ ਆਖਦੇ ਸੀ ਦੁੱਲਾ ਆਇ ਗਿਆ,
ਖ਼ੂਨ ਓਸ ਕੀਤੇ ਬੇਸ਼ੁਮਾਰ ਯਾਰੋ ।
ਮੁਗ਼ਲ ਜਾਨ ਬਚਾਂਵਦੇ ਇਕ ਦੂਜੀ,
ਕੱਠੇ ਨੱਸਦੇ, ਨਾ ਦੋ ਚਾਰ ਯਾਰੋ ।

ਇਸੇ ਤਰ੍ਹਾਂ ਫੇਰ ਉਹੋ ਦੁੱਲੇ ਦਾ ਕਹਿਰੀ ਜੰਗ ਬਿਆਨ ਕਰਦਾ ਹੈ :

ਦੁੱਲਾ ਪਹੁੰਚਿਆ ਮੁਗ਼ਲਾਂ ਦੇ ਪਾਸ ਜਾ ਕੇ,
ਜਿਵੇਂ ਜੰਞ ਨੂੰ ਪੈਂਦੀ ਹੈ ਧਾੜ ਲੋਕੋ ।
ਪਹਿਲਾਂ ਜਾਇ ਬੰਦੂਕ ਦਾ ਵਾਰ ਕੀਤਾ,
ਗੋਲੀ ਚਲਦੀ ਸੀ ਕਾੜ ਕਾੜ ਲੋਕੋ ।
ਗਿਆ ਮੁੱਕ ਬਾਰੂਦ ਜਾਂ ਪਾਸ ਵਾਲਾ,
ਫੇਰ ਤੀਰ ਛੱਡੇ ਧਾੜ ਧਾੜ ਲੋਕੋ ।
ਵਾਂਗੂ ਪੱਤਿਆਂ ਮੁਗ਼ਲ ਉਡਾਇ ਛੱਡੇ,
ਸੱਟੇ ਜ਼ਿਮੀਂ ਉਤੇ ਝਾੜ ਝਾੜ ਲੋਕੋ ।
ਹੋਏ ਜ਼ਖ਼ਮ ਜਾਂ ਤੀਰ ਫੜ ਲਿਆ ਨੇਜ਼ਾ,
ਸੀਨੇ ਸੁੱਟਦਾ ਸੀ ਪਾੜ ਪਾੜ ਲੋਕੋ ।
ਹਾਲ ਮੰਦਾ ਜਾਂ ਮਿਰਜ਼ੇ ਨੂੰ ਨਜ਼ਰ ਆਇਆ,
ਜਾਇ ਪਕੜਦਾ ਲੱਧੀ ਦੀ ਆੜ ਲੋਕੋ ।

---

[1]ਦੁਲੇ ਭੱਟੀ ਦੇ ਲੋਕ-ਗੀਤਾਂ ਦੇ ਅਨੁਸਾਰ ਮਿਰਜ਼ਾ ਜ਼ਿਆਉੱਦੀਨ ।

ਦੁੱਲਾ ਪਹੁੰਚਿਆ ਮਿਰਜ਼ੇ ਦੇ ਪਾਸ ਜਾ ਕੇ,
ਲੱਧੀ ਰੋਕਦੀ ਵਾਂਗੁ ਪਹਾੜ ਲੋਕੋ ॥

ਦੁੱਲੇ ਨੇ ਇਸ ਸਮੇਂ ਮਿਰਜ਼ਾ ਨਜ਼ਾਮੁੱਦੀਨ ਨੂੰ ਮਾਂ ਲੱਧੀ ਦੀ ਸਿਫ਼ਾਰਿਸ਼ ਮੰਨ ਕੇ ਉਸੇ ਤਰ੍ਹਾਂ ਬਖ਼ਸ਼ ਦਿੱਤਾ, ਜਿਸ ਤਰ੍ਹਾਂ ਕਿ ਰਾਜਪੂਤ ਅਜਿਹੀਆਂ ਬੇਪਰਵਾਹੀ ਭਰੀਆਂ ਬਖ਼ਸ਼ਿਸ਼ਾਂ ਕਰ ਕੇ ਆਦਿ ਕਾਲ ਤੋਂ ਗ਼ਲਤੀਆਂ ਕਰਦੇ ਆਏ ਹਨ। ਦਰਅਸਲ ਰਾਜਪੂਤ ਜੋਧੇ ਲੜ ਮਰਨ ਨੂੰ ਤਾਂ ਹਮੇਸ਼ਾਂ ਅੱਗੇ ਰਹੇ ਹਨ, ਪਰ ਜਿੱਥੇ ਅਕਲ ਨਾਲ ਕੁਝ ਰਾਜਨੀਤਿ ਵਰਤਣੀ ਪਵੇ ਉਥੇ ਹਮੇਸ਼ਾਂ ਧੋਖਾ ਖਾਂਦੇ ਤੇ ਆਪਣੇ ਆਪ ਦਾ ਨਾਸ਼ ਕਰਵਾਂਦੇ ਰਹੇ ਹਨ। ਇਸੇ ਕਾਰਣ ਮਾਤਾ ਲੱਧੀ ਦੇ ਕਹਿਣ ਤੇ ਇਹ ਬਖ਼ਸ਼ਿਸ਼ ਦੁੱਲੇ ਲਈ ਉਲਟੀ ਮਾਰੂ ਸਾਬਿਤ ਹੋਈ। ਦੁੱਲਾ ਸਿੱਧਾ ਪੱਧਰਾ ਸੂਰਵੀਰ ਹੋਣ ਕਰ ਕੇ ਮਿਰਜ਼ਾ ਨਜ਼ਾਮੁੱਦੀਨ ਦੇ ਅਖੌਤੀ ਮੂੰਹ-ਮੁਲਾਹਜ਼ੇ ਵਿਚ ਫਸ ਗਿਆ ਤੇ ਕਪਟ-ਜਾਲ ਨੂੰ ਨਾ ਸਮਝ ਸਕਿਆ, ਜਿਸ ਕਰ ਕੇ ਛੇਤੀ ਹੀ ਮਿਰਜ਼ਾ ਨਜ਼ਾਮੁੱਦੀਨ ਨੇ ਉਸ ਨੂੰ ਇਕ ਦਿਨ ਮਦਹੋਸ਼ੀ ਦੀ ਹਾਲਤ ਵਿਚ ਹੀ ਲਾਹੌਰ ਲਿਜਾ ਕੇ ਕੈਦ ਕਰਵਾ ਦਿੱਤਾ। ਪਿੱਛੋਂ ਇਸ ਸਾਜ਼ਿਸ਼ ਦਾ ਪਤਾ ਲੱਗਣ ਤੇ ਦੁੱਲੇ ਨੇ ਬੜਾ ਅਫ਼ਸੋਸ ਕੀਤਾ, ਪਰ ਫੇਰ ਕੀ ਬਣਦਾ ਸੀ। ਇਸ ਲਈ ਜਦ ਉਸ ਨੂੰ ਪ੍ਰਾਣ-ਦੰਡ ਦਾ ਹੁਕਮ ਹੋਇਆ ਤਾਂ ਉਸ ਨੇ ਆਪਣੇ ਹਮਸ਼ੀਰ ਭਰਾ ਸ਼ਾਹਜ਼ਾਦਾ ਸਲੀਮ ਅਥਵਾ ਸ਼ੇਖ਼ੂ ਨੂੰ ਮਿਲਣ ਦਾ ਬੜਾ ਜਤਨ ਕੀਤਾ[1], ਪਰ ਉਹ ਵੀ ਭੀੜ ਪਈ ਤੇ ਕਿਸੇ ਕਾਰਣ ਮੌਕੇ ਤੇ ਨਾ ਬਹੁੜ ਸਕਿਆ। ਆਖ਼ਰ ਦੁੱਲੇ ਨੂੰ, ਜਿਵੇਂ ਕਿ ਪਿੱਛੇ ਦੱਸਿਆ ਗਿਆ ਹੈ, ਸਰੇ ਆਮ ਲਾਹੌਰ ਦੇ ਚੌਕ ਨੱਖ਼ਾਸ ਵਿਚ ਫ਼ਾਂਸੀ ਦਿੱਤੀ ਗਈ। ਕਵੀ ਕਿਸ਼ਨ ਸਿੰਘ ਆਰਿਫ਼ ਨੇ ਕੈਦ ਖ਼ਾਨੇ ਵਿਚ ਦੁੱਲੇ ਦਾ ਟੱਕਰ ਮਾਰ ਕੇ ਖ਼ੁਦਕਸ਼ੀ ਦੇ ਤਰੀਕੇ ਨਾਲ ਮਰਨਾ ਲਿਖਿਆ ਹੈ, ਜੋ ਠੀਕ ਨਹੀਂ ਹੈ, ਦਰਅਸਲ ਇਤਿਹਾਸਿਕ ਲਿਖਤਾਂ ਦੇ ਮੁਤਾਬਿਕ ਦੁੱਲੇ ਦੇ ਫ਼ਾਂਸੀ ਚੜ੍ਹਾਏ ਜਾਣ ਦੀ ਹੀ ਠੀਕ ਤਸਦੀਕ ਹੁੰਦੀ ਹੈ।

ਮਿਰਜ਼ਾ ਖਰਲ :

ਹੀਰ-ਰਾਂਝੇ ਦਾ ਕਿੱਸਾ, ਜਿਵੇਂ ਕਿ ਖੋਜ ਕਰਨ ਤੇ ਪਤਾ ਲਗਦਾ ਹੈ, ਬਾਦਸ਼ਾਹ ਸਕੰਦਰ ਲੋਧੀ ਦੇ ਸਮੇਂ ਨਾਲ ਸੰਬੰਧਿਤ ਹੈ ਤੇ ਮਿਰਜ਼ਾ-ਸਾਹਿਬਾਂ ਦੀ ਪ੍ਰੇਮ-ਕਥਾ ਉਨ੍ਹਾਂ ਤੋਂ ਲਗ ਭਗ ਪੌਣੇ ਦੋ ਸੌ ਸਾਲ ਪਿੱਛੋਂ ਬਾਦਸ਼ਾਹ ਜਹਾਂਗੀਰ ਦੇ ਸਮੇਂ ਦੀ ਘਟਨਾ ਹੈ। ਕਾਰਣ ਇਸ ਦਾ ਵਧੇਰੇ ਇਹੋ ਹੈ ਕਿ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਸਮੇਂ ਵਿਚ ਭਾਈ ਗੁਰਦਾਸ ਨੇ ਆਪਣੀ ਪੁਸਤਕ ਵਾਰਾਂ ਗਯਾਨ ਰਤਨਾਵਲੀ ਦੀ ੨੭ਵੀਂ ਵਾਰ ਦੇ ਮੁੱਢ ਵਿਚ, ਜਿੱਥੇ ਹੀਰ-ਰਾਂਝਾ, ਸੱਸੀ ਪੁੰਨੂ, ਸੋਹਣੀ ਮਹੀਂਵਾਲ, ਸੋਰਠ ਬੀਜਾ ਆਦਿ ਪ੍ਰੇਮੀਆਂ ਦੇ ਨਾਂ ਦਿੱਤੇ ਹਨ, ਉੱਥੇ ਮਿਰਜ਼ਾ-ਸਾਹਿਬਾਂ ਦਾ ਕਿਤੇ ਜ਼ਿਕਰ ਨਹੀਂ ਕੀਤਾ। ਭਾਈ ਗੁਰਦਾਸ ਦੀ ਉਹ ਪਉੜੀ ਇਸ ਤਰ੍ਹਾਂ ਹੈ :

ਲੈਲਾ ਮਜਨੂੰ ਆਸਕੀ ਚਹੁ ਚੱਕੀਂ ਜਾਤੀ।
ਸੋਰਠਿ ਬੀਜਾ ਗਾਵੀਐ ਜਸ ਸੁਘੜਾ ਵਾਤੀ।

---

[1]ਮੈਨੂੰ ਸ਼ੇਖ਼ੂ ਦੇ ਮਿਲਨ ਦਾ ਸ਼ੌਕ ਆਹਾ, ਐਪਰ ਆਗਿਆ ਵਕਤ ਸਬੂਰ ਦਾ ਹੈ।
(ਦੇਖੋ, ਕਿੱਸਾ ਦੁੱਲਾ ਭੱਟੀ ਕ੍ਰਿਤ ਕਵੀ ਕਿਸ਼ਨ ਸਿੰਘ, ਆਰਿਫ਼)

ਸੱਸੀ ਪੁੰਨੂ ਦੋਸਤੀ ਹੋਇ ਜਾਤ ਅਜਾਤੀ।
ਮਹੀਵਾਲ ਨੋ ਸੋਹਣੀ ਨੈਂ ਤਰਦੀ ਰਾਤੀ।
ਰਾਂਝਾ ਹੀਰ ਵਖਾਣੀਐ ਉਹ ਪਿਰਮ ਪਰਾਤੀ।
ਪੀਰ ਮੁਰੀਦਾਂ ਪਿਰਹੜੀ ਗਾਵਨ ਪ੍ਰਭਾਤੀ ॥ ੧ ॥

(ਵਾਰ ੨੭)

ਇਸ ਲਈ ਇਸ ਤੋਂ ਬਾਦ ਜਦ ਇਹ ਘਟਨਾ ਜਹਾਂਗੀਰ[1] ਦੇ ਰਾਜ ਦੇ ਲਗ ਭਗ ਅੰਤਲੇ ਦਿਨਾਂ ਵਿਚ ਹੋਈ ਤਾਂ ਕਵੀ ਪ੍ਰੀਲੂ ਨੇ ਸਭ ਤੋਂ ਪਹਿਲਾਂ ਇਹ ਕਿੱਸਾ ਕਲਮਬੰਦ ਕੀਤਾ ਤੇ ਫੇਰ ਬਾਦਸ਼ਾਹ ਔਰੰਗਜ਼ੇਬ ਆਲਮਗੀਰ ਦੇ ਸਮੇਂ ਵਿਚ ਹਾਫ਼ਿਜ਼ ਬਰਖ਼ੁਰਦਾਰ ਨੇ ਇਸ ਪ੍ਰੇਮਕ ਕਿੱਸੇ ਨੂੰ ਨਵੀਂ ਰੰਗਣ ਚਾੜ੍ਹ ਕੇ ਹੋਰ ਵੀ ਚਮਕਾ ਦਿੱਤਾ।

ਹੀਰ ਦਾ ਕਿੱਸਾ ਤਾਂ ਨਿਰੋਲ ਪ੍ਰੇਮਕ ਹੈ, ਪਰ ਮਿਰਜ਼ਾ ਸਾਹਿਬਾਂ ਦੇ ਕਿੱਸੇ ਵਿਚ ਪ੍ਰੇਮ ਦੇ ਮੁਕਾਬਲੇ ਤੇ ਵੀਰਤਾ ਦੀ ਝਲਕ ਵਧੇਰੇ ਹੈ, ਇਸ ਲਈ ਅਸੀਂ ਇਥੇ ਉਸ ਨੂੰ ਜੇ ਮਿਰਜ਼ੇ ਦੀ ਵੀਰਤਾ ਤਕ ਹੀ ਸੀਮਿਤ ਰੱਖੀਏ ਤਾਂ ਉਹ ਇਕ ਅੱਵਲ ਦਰਜੇ ਦਾ ਯੁੱਧ-ਵੀਰ ਸਾਬਤ ਹੁੰਦਾ ਹੈ ਤੇ ਪ੍ਰੇਮ-ਕਹਾਣੀ ਉਸ ਦੇ ਤੀਰਾਂ ਦੀ ਬੁਛਾੜ ਦੇ ਓਹਲੇ ਹੋ ਕੇ ਆਪਣੇ ਆਪ ਅੰਤਰਧਿਆਨ ਹੋ ਜਾਂਦੀ ਹੈ।

ਮਿਰਜ਼ਾ, ਜਿਵੇਂ ਕਿ ਉਸ ਦੇ ਪ੍ਰੇਮਕ ਕਿੱਸਿਆਂ ਤੋਂ ਪਤਾ ਲਗਦਾ ਹੈ ਖ਼ਰਲ ਜਾਤਿ ਦਾ ਰਾਜਪੂਤ, ਪਿੰਡ ਦਾਨਾਬਾਦ ਜ਼ਿਲਾ ਮਿੰਟਗੁਮਰੀ ਦਾ ਵਸਨੀਕ ਤੇ ਆਪਣੇ ਇਲਾਕੇ ਵਿਚ ਇਕ ਮੰਨਿਆ ਪ੍ਰਮੰਨਿਆ ਸੂਰਵੀਰ ਜੋਧਾ ਸੀ।

ਖਰਲ ਰਾਜਪੂਤ ਉਨ੍ਹਾਂ ਦਿਨਾਂ ਵਿਚ ਸਿਆਲ, ਭੱਟੀ, ਚੇਧੜ ਆਦਿ ਰਾਜਪੂਤਾਂ ਵਾਂਗੂ ਹੀ ਪੰਜਾਬ ਦੇ ਜੱਟਾਂ ਨਾਲ ਰਿਸ਼ਤੇ-ਨਾਤੇ ਹੋਣ ਕਰ ਕੇ ਉਨ੍ਹਾਂ ਵਿਚ ਹੀ ਘੁਲ ਮਿਲ ਗਏ ਤੇ ਕਿਰਤੀ ਕਿਸਾਨ ਹੋਣ ਕਰ ਕੇ ਆਪਣੇ ਆਪ ਨੂੰ ਜੱਟ ਅਖਵਾਣ ਲੱਗ ਪਏ ਸਨ। ਰਾਜਾ ਕਰਣ ਦੀ ਸੰਤਾਨ ਕਹਾਉਣ ਦੇ ਬਾਵਜੂਦ ਰਾਵੀਓਂ ਆਰ-ਪਾਰ ਦੇ ਖਰਲ ਨਿੱਤ ਏਧਰ ਉਧਰ ਧਾੜੇ ਮਾਰਨ ਤੇ ਲੋਕਾਂ ਦੇ ਪਸ਼ੂ ਖਿਸਕਾਉਣ ਦੇ ਕਾਰਣ ਬੜੇ ਪ੍ਰਸਿੱਧ ਸਨ। ਜੱਟਾਂ ਵਿਚੋਂ ਭਾਵੇਂ ਚੀਮੇ ਤੇ ਚੱਠੇ ਵੀ ਬੜੇ ਮਾਰ-ਖੋਰ ਹਨ, ਜਿਵੇਂ ਕਿ ਅਖਾਣ ਹੈ :

ਚੀਮੇ ਅਤੇ ਚੱਠੇ।
ਖਾਣ ਪੀਣ ਨੂੰ ਵੱਖੋ ਵੱਖ ਤੇ ਲੜਨ-ਭਿੜਨ ਨੂੰ ਕੱਠੇ।

ਪਰ ਖਰਲ ਤਾਂ ਇਨ੍ਹਾਂ ਦੋਹਾਂ ਨਾਲੋਂ ਇਸ ਕੰਮ ਵਿਚ ਹੋਰ ਵੀ ਮੋਹਰੀ ਸਨ, ਜਿਸ ਤਰ੍ਹਾਂ ਕਿ ਉਸ ਸਮੇਂ ਦੀਆਂ ਆਮ ਕਹਾਉਤਾਂ ਹਨ :

1. ਕੀ ਖਰਲਾਂ ਦੀ ਦੋਸਤੀ, ਕੀ ਖਰਲਾਂ ਦੇ ਰਾਹ।
ਢੋਰ ਪਰਾਏ ਹੱਕਣੇ, ਲੜਨ-ਭਿੜਨ ਦਾ ਵਾਹ।
2. ਖਰਲ, ਭਰੇ ਗਰਲ।
ਡੋਗਰ, ਵੱਟੂ, ਖੱਗੇ, ਭੱਟੀ।
ਕਾਠੀ, ਸਿਆਲਾਂ ਦੀ ਜੜ ਕੱਟੀ।

---

[1] "ਮਿਰਜ਼ਾ ਸਾਹਿਬਾਂ ਦਾ ਵਾਕਿਆ ਜਹਾਂਗੀਰ ਦੇ ਸਮੇਂ ਦੀ ਯਾਦ ਹੈ।" (ਵੇਖੋ, ਪੰਜਾਬ ਦੇ ਹੀਰੇ ਕ੍ਰਿਤ ਮੌਲਾ ਬਖ਼ਸ਼ 'ਕੁਸ਼ਤਾ', ਸੁਦਰਸ਼ਨ ਪ੍ਰੈਸ, ਅੰਮ੍ਰਿਤਸਰ, ੧੯੫੦, ਸਫ਼ਾ ੩੯)

ਇਸੇ ਕਾਰਣ ਖਰਲ ਆਪਣੇ ਹੀ ਖ਼ਾਨਦਾਨ ਵਿਚੋਂ ਉਸ ਨੌਜਵਾਨ ਨੂੰ ਸਾਹੇ ਬੰਨ੍ਹਾਉਣ ਤੇ ਵਿਆਹ ਕਰਾਉਣ ਦੀ ਇਜਾਜ਼ਤ ਨਹੀਂ ਸਨ ਦਿੰਦੇ, ਜੋ ਇਕ ਅੱਧੀ ਵੇਰ ਲੋਕਾਂ ਦੇ ਪਸ਼ੂ ਨਾ ਹੱਕ ਲਿਆਵੇ ਜਾਂ ਕਿਸੇ ਪਾਸਿਓਂ ਧਾੜਾ ਨਾ ਮਾਰ ਆਵੇ। ਨਿਰੋਲ ਸਾਧੂ ਜਾਂ ਆਪਣੀ ਦਸਾਂ ਨੌਹਾਂ ਦੀ ਕਮਾਈ ਉਤੇ ਗੁਜ਼ਾਰਾ ਕਰਨ ਵਾਲੇ ਵਿਅਕਤੀ ਨੂੰ ਉਹ ਲੋਕ ਨਿਰਾ ਅਪਾਹਿਜ, ਯਤੀਮ ਜਾਂ ਅਨਾਥ ਆਦਮੀ ਮੰਨ ਕੇ ਉਸ ਦੇ ਨਾਲ ਰਿਸ਼ਤਾ-ਨਾਤਾ ਜੋੜਨਾ ਗੁਨਾਹ ਸਮਝਦੇ ਸਨ। ਡੋਗਰ, ਭੱਟੀ, ਵੱਟੂ ਤੇ ਖਰਲ ਹਮੇਸ਼ਾਂ ਸਰਕਾਰੋਂ-ਦਰਬਾਰੋਂ ਬਾਗ਼ੀ ਰਹਿਣ ਕਰ ਕੇ ਆਪਣੀ ਮਾਰੀ ਆਪ ਖਾਂਦੇ ਸਨ ਤੇ ਚੰਧੜਾਂ ਨਾਲ ਖਰਲਾਂ ਦੀ ਹਮੇਸ਼ਾਂ ਅਣ-ਬਣ ਰਹਿੰਦੀ ਸੀ। ਝੰਗ ਦੇ ਸਿਆਲ ਰਾਜਪੂਤਾਂ ਨਾਲ ਤਾਂ ਇਨ੍ਹਾਂ ਦੇ ਅੱਛੇ ਖ਼ਾਸੇ ਗੂੜ੍ਹੇ ਰਿਸ਼ਤੇਦਾਰੀ ਦੇ ਸੰਬੰਧ ਵੀ ਸਨ।

ਉਨ੍ਹਾਂ ਦਿਨਾਂ ਵਿਚ ਝੰਗ ਦਾ ਰਾਇ ਖੀਵਾ ਖ਼ਾਨ ਮਿਰਜ਼ੇ ਖਰਲ ਦਾ ਸਕਾ ਮਾਮਾ ਸੀ, ਜਿਸ ਕਰ ਕੇ ਮਿਰਜ਼ਾ ਛੋਟੀ ਉਮਰੇ ਆਪਣੇ ਨਾਨਕੇ ਘਰ ਝੰਗ ਹੀ ਰਹਿਣ ਲੱਗ ਪਿਆ। ਖੀਵੇ ਖ਼ਾਨ ਦੀ ਸੋਹਣੀ ਸੁਨੱਖੀ ਧੀ ਸਾਹਿਬਾਂ ਦੇ ਨਾਲ, ਜੋ ਮਿਰਜ਼ੇ ਦੀ ਮਮੇਰ ਭੈਣ ਸੀ, ਇਕ ਦਿਨ ਮਸੀਤੇ ਪੜ੍ਹਦਿਆਂ ਸੀ ਉਸ ਦੀਆਂ ਅੱਖਾਂ ਲੱਗ ਗਈਆਂ ਤੇ ਆਪਸ ਵਿਚ ਸ਼ਾਦੀ ਦਾ ਪ੍ਰਣ ਹੋਣ ਤੇ ਸਦੀਵੀ ਸਨੇਹ ਪੈਦਾ ਹੋ ਗਿਆ। ਮੁਸਲਮਾਨਾਂ ਵਿਚ ਮਾਸੀਆਂ-ਫੁੱਫੀਆਂ ਦੀ ਸੰਤਾਨ ਦੇ ਪਰਸਪਰ ਰਿਸ਼ਤੇ-ਨਾਤੇ ਹੋਣੇ ਕੋਈ ਬੁਰੇ ਨਹੀਂ ਮੰਨੇ ਜਾਂਦੇ, ਪਰ ਫੇਰ ਵੀ ਕੁਝ ਸਮਾਂ ਪਾ ਕੇ ਜਦ ਸਾਹਿਬਾਂ ਦੇ ਮਾਪਿਆਂ ਨੂੰ ਮਿਰਜ਼ਾ-ਸਾਹਿਬਾਂ ਦੇ ਇਸ ਮੇਲ-ਜੋਲ ਦਾ ਪਤਾ ਲੱਗਿਆ ਤਾਂ ਉਹ ਲੋਕ-ਚਰਚਾ ਤੋਂ ਡਰਦੇ ਮਾਰੇ ਮਿਰਜ਼ੇ ਦੇ ਨਾਲ ਨਾਰਾਜ਼ ਹੋ ਗਏ ਤੇ ਮਿਰਜ਼ਾ ਉਨ੍ਹਾਂ ਦੇ ਅੱਖਾਂ ਦੇ ਤੌਰ ਬਦਲੇ ਹੋਏ ਦੇਖ ਕੇ ਆਪਣੇ ਨਗਰ ਦਾਨਾਬਾਦ ਚਲਾ ਗਿਆ।

ਸਿਆਲਾਂ ਦੇ ਸਰਦਾਰ ਖੀਵਾ ਖ਼ਾਨ ਨੇ ਮੌਕਾ ਤਾੜ ਕੇ ਸਾਹਿਬਾਂ ਦਾ ਰਿਸ਼ਤਾ ਨੇੜੇ ਹੀ ਚੰਧੜ ਸਰਦਾਰਾਂ ਦੇ ਕਰ ਦਿੱਤਾ ਤੇ ਨਿਕਾਹ ਦਾ ਦਿਨ ਟਿੱਕ ਕੇ ਬਾਰਾਤ ਵੀ ਛੇਤੀ ਹੀ ਸੱਦ ਲਈ। ਪਤਾ ਲੱਗਣ ਤੇ ਉਧਰੋਂ ਮਿਰਜ਼ੇ ਨੇ ਗੁੱਸਾ ਖਾਧਾ ਤੇ ਨੀਲੀ ਘੋੜੀ ਉਤੇ ਸਵਾਰ ਹੋ ਕੇ ਝਟ ਪਟ ਮੌਕੇ ਤੇ ਹੀ ਝੰਗ ਜਾ ਪੁੱਜਾ। ਸਾਹਿਬਾਂ ਦੇ ਹੱਥਾਂ ਉਤੇ ਉਸ ਸਮੇਂ ਮਹਿੰਦੀ ਲੱਗ ਰਹੀ ਸੀ ਤੇ ਉਹ ਮਿਰਜ਼ੇ ਨੂੰ ਯਾਦ ਕਰ ਰਹੀ ਸੀ। ਮਿਰਜ਼ੇ ਨੇ ਜਾਂਦਿਆਂ ਹੀ ਸਾਹਿਬਾਂ ਨੂੰ ਖ਼ਬਰ ਭੇਜੀ ਤੇ ਫੇਰ ਰਾਤੀਂ ਸਮਾਂ ਪਾ ਕੇ ਉਸ ਨੂੰ ਮਹਿੰਦੀ ਰੰਗੇ ਹੱਥੀਂ ਹੀ ਨੀਲੀ ਘੋੜੀ ਉਤੇ ਚਾੜ੍ਹ ਲਿਆ ਤੇ ਅੱਖ ਦੇ ਪਲਕਾਰੇ ਵਿਚ 'ਅਹ ਗਿਆ ਅਹੁ ਗਿਆ' ਹੋ ਗਈ। ਇਸ ਤਰ੍ਹਾਂ ਸਾਹੇ ਬੱਧੀ ਕੁੜੀ ਦੀ ਰੱਖਿਆ ਦਾ ਮਾਪਿਆਂ ਨੂੰ ਕੁਦਰਤੀ ਤੌਰ ਤੇ ਪਹਿਲਾਂ ਹੀ ਖ਼ਿਆਲ ਹੁੰਦਾ ਹੈ, ਇਸ ਕਾਰਣ ਪਤਾ ਲੱਗਣ ਤੇ ਸਿਆਲਾਂ ਨੇ ਤੁਰਤ ਫੁਰਤ ਮਿਰਜ਼ੇ ਉਤੇ ਚੜ੍ਹਾਈ ਕਰ ਦਿੱਤੀ।

ਮਿਰਜ਼ਾ ਅਜੇ ਦਾਨਾਬਾਦ ਨਹੀਂ ਪੁੱਜਾ ਸੀ ਕਿ ਸਿਆਲਾਂ ਨੇ ਉਸ ਨੂੰ ਰਸਤੇ ਵਿਚ ਹੀ ਇਕ ਜੰਡ ਹੇਠ ਸੁੱਤੇ ਪਏ ਨੂੰ ਅਚਾਣਕ ਜਾ ਦੱਬਿਆ ਤੇ ਕਤਲ ਕਰ ਸੁੱਟਿਆ। ਇਸ ਨਾਜ਼ੁਕ ਮੌਕੇ ਤੇ ਸਾਹਿਬਾਂ ਨੇ ਆਪਣੇ ਭਰਾਵਾਂ ਦੇ ਸਨੇਹ ਕਾਰਣ ਮਿਰਜ਼ੇ ਨਾਲ ਕੁਝ ਧੋਖਾ ਵੀ ਕੀਤਾ, ਜਿਸ ਕਰ ਕੇ ਉਸ ਦਾ ਤੀਰਾਂ ਦਾ ਭੱਥਾ ਇਸ ਖ਼ਿਆਲ ਨਾਲ ਜੰਡ ਉਤੇ ਟੰਗ ਦਿੱਤਾ ਕਿ ਮਿਰਜ਼ਾ ਕਿਤੇ ਉਨ੍ਹਾਂ ਤੀਰਾਂ ਨਾਲ ਉਸ ਦੇ ਭਾਈ ਬੀਰ ਤੇ ਸ਼ਮੀਰ ਨੂੰ

ਹੀ ਨਾ ਮਾਰ ਸੁੱਟੇ। ਸਾਹਿਬਾਂ ਨੇ ਆਪਣੀ ਜਾਚੇ ਤਾਂ ਆਪਣੇ ਅੰਮਾ-ਜਾਏ ਭਰਾਵਾਂ ਨਾਲ ਇਸ ਤਰ੍ਹਾਂ ਹਮਦਰਦੀ ਪ੍ਰਗਟ ਕੀਤੀ, ਪਰ ਇਹ ਹਮਦਰਦੀ ਉਸ ਨੂੰ ਮਹਿੰਗੇ ਭਾ ਪਈ। ਜਦ ਮਿਰਜ਼ਾ ਨਿਹੱਥਾ ਹੋਣ ਕਾਰਣ ਸਾਹਿਬਾਂ ਦੇ ਭਰਾਵਾਂ ਹੱਥੋਂ ਹੀ ਬੁਰੀ ਤਰ੍ਹਾਂ ਮਾਰਿਆ ਗਿਆ ਤਾਂ ਉਨ੍ਹਾਂ ਭਰਾਵਾਂ ਨੇ ਫੇਰ ਆਪਣੀ ਭੈਣ ਸਾਹਿਬਾਂ ਦੇ ਨਾਲ ਵੀ ਉਹੋ ਜਿਹਾ ਵਰਤਾਉ ਹੀ ਕੀਤਾ ਤੇ ਉਸ ਨੂੰ ਪਿੰਡ ਲਿਜਾ ਕੇ ਇਹ ਕਹਿ ਕੇ ਸੂਲੀ ਚਾੜ੍ਹ ਦਿੱਤਾ ਕਿ ਉਹ ਸਾਰੇ ਕੁੜਮ-ਕਬੀਲੇ ਦੇ ਸਾਮ੍ਹਣੇ ਸਿਆਲਾਂ ਦਾ ਨੱਕ ਵੱਢ ਕੇ ਮਿਰਜ਼ੇ ਨਾਲ ਕਿਉਂ ਨੱਸੀ ਸੀ। ਇਸ ਤੋਂ ਬਾਦ ਬੀਰ-ਸ਼ਮੀਰ ਨੇ ਆਪਣੇ ਪਿਉ ਸਰਦਾਰ ਖੀਵਾ ਖ਼ਾਨ ਦੀ ਰਜ਼ਾਮੰਦੀ ਨਾਲ ਸਾਹਿਬਾਂ ਦੇ ਬਦਲੇ ਉਸ ਦੀ ਛੋਟੀ ਭੈਣ ਦਾ ਨਿਕਾਹ ਕਰ ਕੇ ਚੰਧੜਾਂ ਨੂੰ ਖ਼ੁਸ਼ ਕਰ ਦਿੱਤਾ। ਇਹ ਹੈ ਮਿਰਜ਼ਾ ਸਾਹਿਬਾਂ ਦੀ ਸੰਖੇਪ ਪ੍ਰੇਮ-ਕਥਾ, ਜੋ ਤਾਰੀਖ਼ਿ ਝੰਗ ਸਿਆਲ ਦੇ ਅਨੁਸਾਰ ਦਿੱਤੀ ਗਈ ਹੈ।

ਮਿਰਜ਼ਾ ਨਿਰਾ ਪ੍ਰੇਮੀ ਜਾਂ ਆਸ਼ਕ ਹੀ ਨਹੀਂ, ਸਗੋਂ ਅੱਵਲ ਦਰਜੇ ਦਾ ਬਹਾਦੁਰ ਤੇ ਜਵਾਨ-ਮਰਦ ਵੀ ਸੀ। ਸਮਕਾਲੀ ਕਵੀ ਪੀਲੂ ਨੇ ਉਸ ਦੀ ਇਹ ਦਰਦਨਾਕ ਕਥਾ ਇਕ ਵਾਰ ਦੀ ਸ਼ਕਲ ਵਿਚ ਲਿਖੀ ਹੈ, ਜਿਸ ਨੂੰ ਢਾਡੀ ਲੋਕ ਹੇਕਾਂ ਲਾ ਕੇ ਗਾਇਆ ਕਰਦੇ ਹਨ। ਮੁਗ਼ਲ ਬਾਦਸ਼ਾਹ ਜਹਾਂਗੀਰ ਦਾ ਸਮਕਾਲੀ ਪੀਲੂ ਕਵੀ ਇਸ ਕਿੱਸੇ ਦੇ ਮੁੱਢ ਵਿਚ ਹੀ ਮਿਰਜ਼ੇ ਤੇ ਸਾਹਿਬਾਂ ਦੇ ਜਨਮ ਤੇ ਬਚਪਨ ਬਾਰੇ ਕ੍ਰਮਵਾਰ ਇਸ ਤਰ੍ਹਾਂ ਲਿਖਦਾ ਹੈ :

(1) ਘਰ ਵੰਝਲ ਦੇ ਜੰਮਿਆ, ਮਿਰਜ਼ਾ ਕਰੜੇ ਬਾਰ।
ਜਨਮ ਦਿਤਾ ਮਾਂ-ਬਾਪ ਨੇ, ਰੂਪ ਦਿਤਾ ਕਰਤਾਰ।
ਜੇਹਾ ਮਿਰਜ਼ਾ ਸੂਰਮਾ, ਖਰਲਾਂ ਦਾ ਸਰਦਾਰ।

(2) ਧੀ ਸਾਹਿਬਾਂ ਖੀਵੇ ਖਾਨ ਦੀ, ਜੰਮੀ ਮੰਗਲਵਾਰ।
ਪਹਿਲੇ ਵਰ੍ਹੇ ਦੀ ਸਾਹਿਬਾਂ, ਵਿਚ ਪੰਘੂੜੇ ਯਾਰ।
ਦੂਜੇ ਵਰ੍ਹੇ ਦੀ ਸਾਹਿਬਾਂ, ਬੰਗੜੀਆਂ ਛਣਕਾਰ।
ਤੀਜੇ ਵਰ੍ਹੇ ਦੀ ਸਾਹਿਬਾਂ, ਖੇਡੇ ਵਿਚ ਦਰਬਾਰ।
ਚਹੁੰ ਵਰ੍ਹਿਆਂ ਦੀ ਸਾਹਿਬਾਂ, ਤੁਰਦੀ ਪੱਬਾਂ ਦੇ ਭਾਰ।...
ਸੱਤਾਂ ਵਰ੍ਹਿਆਂ ਦੀ ਸਾਹਿਬਾਂ, ਕੱਤਣ ਨਾਲ ਪਿਆਰ।

ਤੇ ਫੇਰ ਪੀਲੂ ਅੱਗੇ ਜਾ ਕੇ ਉਸ ਦੇ ਚਰਖ਼ੇ ਦੀ ਸਿਫ਼ਤ ਕਰਦਾ ਹੈ :

ਚਰਖਾ ਘੜਿਆ ਘਾੜੂਆਂ, ਤਕਲਾ ਘੜਿਆ ਲੁਹਾਰ।
ਵੱਟੀ ਮਾਹਲ ਸਹੇਲੀਆਂ, ਚਮਰਖ ਘੜੀ ਚਮਾਰ।
ਤੀਲੀ ਦਿੱਤੀ ਆਸ਼ਕਾਂ, ਮਨ ਚਿਤਿਆ ਕਰਤਾਰ।
ਚਉਬਾਰੇ ਚੜ੍ਹ ਕੱਤਦੀ, ਨਰਮਾ ਤੇ ਗੁਲਜ਼ਾਰ।
ਠੋਕ ਉਣਾਵਾਂ ਪੱਗੜੀ, ਦੇਸਾਂ ਮਿਰਜ਼ੇ ਯਾਰ।

ਇਸੇ ਤਰ੍ਹਾਂ ਪੀਲੂ ਨੇ ਮਿਰਜ਼ੇ ਖਰਲ ਦਾ ਸ਼ਿਕਾਰ ਚੜ੍ਹਨਾ ਇਨ੍ਹਾਂ ਲਫ਼ਜ਼ਾਂ ਵਿਚ ਬਿਆਨਿਆ ਹੈ :

ਮਿਰਜ਼ਾ ਪੁੱਤ ਅਮੀਰ ਦਾ, ਚੜ੍ਹਿਆ ਆਪ ਸ਼ਿਕਾਰ।

ਨਾਲ ਭਾਈਆਂ ਦੀਆਂ ਜੋੜੀਆਂ, ਨੀਲੀ ਦਾ ਅਸਵਾਰ ।
ਸੀਸ ਮੁੰਡਾਸਾ ਸਾਰ[1] ਦਾ, ਤਰਕਸ਼ ਤੀਰ ਹਜ਼ਾਰ ।

ਤੇ ਫੇਰ ਮਿਰਜ਼ਾ-ਸਾਹਿਬਾਂ ਦੇ ਇਸ਼ਕ ਦਾ ਮੁੱਢ ਇਸ ਤਰ੍ਹਾਂ ਤੋਰਦਾ ਹੈ :

ਸਾਹਿਬਾਂ ਪੜ੍ਹਦੀ ਪੱਟੀਆਂ, ਮਿਰਜ਼ਾ ਪੜ੍ਹੇ ਕੁਰਾਨ ।
ਵਿਚ ਮਸੀਤੇ ਲੱਗੀਆਂ, ਜਾਣੇ ਕੁੱਲ ਜਹਾਨ ।

ਪਰ ਜਦ ਇਹ ਪ੍ਰੇਮ ਸਿਰੇ ਨਾ ਚੜ੍ਹਦਾ ਦਿੱਸਿਆ ਤੇ ਸਾਹਿਬਾਂ ਮਾਂ-ਪਿਉ ਨੇ ਮਨਮਰਜ਼ੀ ਨਾਲ ਹੋਰ ਥਾਵੇਂ ਵਿਆਹੁਣੀ ਚਾਹੀ ਤਾਂ ਫੇਰ ਮਿਰਜ਼ੇ ਨੇ ਆਪਣੀ ਪ੍ਰੇਮਕਾ ਨੂੰ ਲਿਆਉਣ ਲਈ ਉਹੋ ਦਾਉ ਵਰਤਿਆ ਜੋ ਇਸ ਇਲਾਕੇ ਦੇ ਖਰਲ ਹਮੇਸ਼ਾਂ ਗਿਰਦ-ਨਵਾਹੀ ਵਿਚ ਧਾੜੇ ਮਾਰ ਕੇ ਵਰਤਿਆ ਕਰਦੇ ਹਨ, ਕਿਉਂਕਿ ਮਿਰਜ਼ਾ ਇਕ ਸ਼ੇਰ ਮਰਦ ਸੀ । ਉਹ ਆਪਣੇ ਭਰਾਵਾਂ ਦੇ ਸਾਮ੍ਹਣੇ ਅਪਾਹਿਜ ਜਾਂ ਯਤੀਮ ਜਿਹਾ ਬਣ ਕੇ ਨਹੀਂ ਸੀ ਰਹਿਣਾ ਚਾਹੁੰਦਾ । ਇਸ ਲਈ ਉਸ ਨੇ ਨੀਲੀ ਘੋੜੀ ਉਤੇ ਕਾਠੀ ਪਾਈ ਤੇ ਪੂਰੀ ਤਰ੍ਹਾਂ ਸਨੱਧ ਬੱਧ ਹੋ ਕੇ ਝੰਗ ਸਿਆਲਾਂ ਨੂੰ ਤੁਰ ਪਿਆ । ਇਹ ਦੇਖ ਕੇ ਉਸ ਦੇ ਪਿਤਾ ਵੰਝਲ ਨੇ ਉਸ ਨੂੰ ਰੋਕਿਆ, ਜਿਵੇਂ ਕਿ ਕਵੀ ਪੀਲੂ ਲਿਖਦਾ ਹੈ :

ਚੜ੍ਹਦੇ ਮਿਰਜ਼ੇ ਖ਼ਾਨ ਨੂੰ ਵੰਝਲ ਦਿੰਦਾ ਮੱਤ ।
ਭੱਠ ਓਇ ਰੰਨਾਂ ਦੀ ਦੋਸਤੀ, ਖੁਰੀ ਜਿਨ੍ਹਾਂ ਦੀ ਮੱਤ ।
ਹੱਸ ਕੇ ਲਾਵਣ ਯਾਰੀਆਂ, ਰੋ ਕੇ ਦਿੰਦੀਆਂ ਦੱਸ ।
ਲੱਖੀਂ ਹੱਥ ਨ ਆਂਵਦੀ, ਦਾਨਿਸ਼ਮੰਦਾਂ ਦੀ ਪੱਤ ।
ਸਾਹਿਬਾਂ ਆਈਂ ਨਾ ਛੱਡ ਕੇ, ਤਦ ਹੀ ਰਹਸੀ ਪੱਤ ।

ਇਸੇ ਤਰ੍ਹਾਂ ਮਿਰਜ਼ੇ ਖ਼ਾਨ ਨੂੰ ਉਸ ਦੀ ਮਾਂ ਨੇ ਵੀ ਸ਼ੁਭ ਮਤ ਦਿੱਤੀ ਤੇ ਝੰਗ ਸਿਆਲੀਂ ਜਾਣ ਤੋਂ ਰੋਕਿਆ, ਪਰ ਮਿਰਜ਼ਾ ਨਾ ਰੁਕਿਆ ਤੇ ਉਸ ਨੇ ਓਹੋ ਉੱਤਰ ਦਿੱਤਾ :

ਵਿਆਹ ਹੋਵੇ ਤਾਂ ਛੱਡ ਦਿਆਂ, ਮੈਥੋਂ ਮੰਗ ਨ ਛਡੀ ਜਾ ।
ਜੇਕਰ ਮੰਗ ਮੈਂ ਛੱਡ ਦਿਆਂ, ਲੱਗੇ ਖਰਲਾਂ ਨੂੰ ਲਾਜ ।

ਤੇ ਬਸ ਫੇਰ ਕੀ ਸੀ :

ਮਿਰਜ਼ਾ ਸਿਆਲਾਂ ਨੂੰ ਟੁਰ ਪਿਆ, ਚਲਿਆ ਹੋ ਅਸਵਾਰ ।
ਸੁੰਮ ਬੱਕੀ ਦੇ ਖੜਕਦੇ, ਜਿਵੇਂ ਲੋਹੇ ਪੈਨ ਧਗਾਨ[2] ।
ਦੁੰਮ ਬੱਕੀ ਦੀ ਇਉਂ ਫਿਰੇ, ਜਿਉਂ ਚੌਰੀ ਕਰੇ ਗੁਲਾਮ ।

ਇਸ ਤਰ੍ਹਾਂ ਮਿਰਜ਼ਾ ਦਾਨਾਬਾਦੋਂ ਚੱਲ ਕੇ ਰੰਗ ਸਿਆਲੀਂ ਜਾ ਕੇ ਆਪਣੀ ਮਾਸੀ ਬੀਬੋ ਨੂੰ ਮਿਲਿਆ ਤੇ ਉਸ ਦੇ ਹੱਥੀਂ ਸਾਹਿਬਾਂ ਨੂੰ ਆਪਣੇ ਆਉਣ ਦੀ ਖ਼ਬਰ ਭੇਜੀ । ਇਸ ਤੋਂ ਬਾਦ ਉਸ ਨੇ ਜਾਮ ਲੁਹਾਰ ਤੋਂ 1000 ਕਿੱਲੀਆਂ ਘੜਵਾਈਆਂ । ਉਹ ਕਿੱਲੀਆਂ ਖੀਵੇ ਖ਼ਾਨ ਦੇ ਮਹੱਲਾਂ ਦੀਆਂ ਕੰਧਾਂ ਵਿਚ ਗੱਡ ਕੇ ਮਿਰਜ਼ਾ ਅਛੋਪਲੇ ਹੀ ਸਾਹਿਬਾਂ ਦੇ ਕੋਲ ਜਾ ਪੁੱਜਾ,

---

[1] ਲੋਹੇ ਦਾ ਖੋਦ, ਅਥਵਾ ਟੋਪ ।

[2] ਬਦਾਨ ।

ਜੋ ਰਾਂਗਲੇ ਪੀੜ੍ਹੇ ਉਤੇ ਮੌਲੀ-ਮਹਿੰਦੀ ਲਗਾ ਕੇ ਨਵ ਵਧੂ ਬਣੀ ਬੈਠੀ ਸੀ। ਸਾਹਿਬਾਂ ਪਹਿਲਾਂ ਹੀ ਮਿਰਜ਼ੇ ਦਾ ਰਾਹ ਤੱਕ ਰਹੀ ਸੀ। ਜਦ ਉਸ ਨੇ ਮਿਰਜ਼ੇ ਨੂੰ ਦੇਖਿਆ ਤਾਂ ਅਜਿਹੀ ਤਦਬੀਰ ਬਣਾਈ ਕਿ ਉਹ ਦੋਵੇਂ ਉਥੋਂ ਭੇਤ-ਭਰੇ ਤਰੀਕੇ ਨਾਲ ਖਿਸਕੇ ਤੇ ਬੱਕੀ ਉਤੇ ਸਵਾਰ ਹੋ ਕੇ ਦਾਨਾਬਾਦ ਨੂੰ ਚੱਲ ਪਏ, ਪਰ ਰਸਤੇ ਵਿਚ ਬੱਕੀ ਦੀ ਮੱਧਮ ਚਾਲ ਦੇਖ ਸਾਹਿਬਾਂ ਨੇ ਮਿਰਜ਼ੇ ਨੂੰ ਕੁਝ ਡਰ ਦੱਸਿਆ ਤੇ ਮਖ਼ੌਲ ਨਾਲ ਕਿਹਾ :

ਮਾੜੀ ਤੇਰੀ ਟੈਰਕੀ ਮਿਰਜ਼ਿਆ, ਲਿਆਇਆ ਕਿਧਰੋਂ ਟੋਰ।
ਸੁੱਕਾ ਇਹ ਦਾ ਚੌਖਟਾ, ਕਾਗਾਂ ਖਾਧੀ ਕੰਗਰੋੜ।
ਜੇ ਘਰ ਨਹੀਂ ਸੀ ਤੇਰੇ ਬਾਪ ਦੇ, ਮੰਗ ਲਿਆਉਂਦੋਂ ਹੋਰ।
ਘੋੜੇ ਖੀਵੇ ਖ਼ਾਨ ਦੇ ਬੜੇ ਮਰਾਤਬ ਖੋਰ।
ਭੱਜਿਆਂ ਨੂੰ ਜਾਣ ਨ ਦੇਣਗੇ, ਉੱਧਲ ਗਈਆਂ ਦੇ ਚੋਰ।

ਪਰ ਅੱਗੋਂ ਮਿਰਜ਼ੇ ਨੇ ਉੱਤਰ ਵਿਚ ਬੜੇ ਹੌਂਸਲੇ ਨਾਲ ਬੱਕੀ ਦੀ ਰੂਪ-ਰੇਖਾ ਦੱਸੀ ਤੇ ਕਿਹਾ ਕਿ :

ਕੰਨ ਲੰਮੇ ਖੁਰ ਪਤਲੇ, ਦੁੰਮ ਬੱਕੀ ਦੀ ਸਿਆਹ।
ਦੇਖ ਕੇ ਮੇਰੀ ਟੈਰ ਨੂੰ ਨੀ ਤੂੰ ਝੋਰੇ ਚਿੱਤ ਨ ਪਾ।
ਮੇਰੀ ਬੱਕੀ ਤੋਂ ਡਰਨ ਫ਼ਰੇਸ਼ਤੇ, ਤੇ ਮੈਥੋਂ ਡਰੇ ਖ਼ੁਦਾ।

ਇਧਰ ਮਿਰਜ਼ਾ ਇਸ ਤਰ੍ਹਾਂ ਆਪਣੀ ਸੂਰਵੀਰਤਾ ਦੱਸ ਕੇ ਸਾਹਿਬਾਂ ਦਾ ਦਿਲ ਬਹਿਲਾਉਂਦਾ ਹੋਇਆ ਰਸਤੇ ਵਿਚ ਹੀ ਥੱਕ ਕੇ ਇਕ ਥਾਵੇਂ ਇਕ ਜੰਡ ਹੇਠ ਜਾ ਸੁੱਤਾ, ਤੇ ਉਧਰੋਂ ਪਤਾ ਲੱਗਣ ਤੇ ਸਾਹਿਬਾਂ ਦੇ ਭਾਈ ਵੀਰ ਸ਼ਮੀਰ ਨੇ ਫ਼ੌਜ ਲੈ ਕੇ ਉਸ ਦਾ ਪਿੱਛਾ ਕੀਤਾ ਤੇ ਉਸ ਨੂੰ ਰਸਤੇ ਵਿਚ ਹੀ ਜਾ ਲਿਆ। ਸਾਹਿਬਾਂ ਨੇ ਘੋੜਿਆਂ ਦੀਆਂ ਟਾਪਾਂ ਦੀ ਆਵਾਜ਼ ਸੁਣ ਕੇ ਮਿਰਜ਼ੇ ਨੂੰ ਜਗਾਇਆ ਤੇ ਕਿਹਾ :

ਉੱਠੀਂ ਮਿਰਜ਼ਿਆ ! ਸੁੱਤਿਆ, ਕਿਹੇ ਆਏ ਅਸਵਾਰ।
ਹੱਥੀਂ ਤੇਗਾਂ ਨੰਗੀਆਂ, ਕਰਦੇ ਮਾਰੋ ਮਾਰ।
ਮੇਰੇ ਬਾਬਲ ਵਰਗੀਆਂ ਘੋੜੀਆਂ, ਵੀਰ ਜਿਹੇ ਅਸਵਾਰ।
ਕੀ ਢੂੰਢਾਊੜੇ ਅਸਾਂ ਦੇ, ਕੀ ਇਹ ਮੀਰ ਸ਼ਿਕਾਰ ?

ਸਾਹਿਬਾਂ ਦੇ ਮੂੰਹੋਂ ਇਸ ਤਰ੍ਹਾਂ ਸਿਆਲਾਂ ਦੀ ਚੜ੍ਹਾਈ ਸੁਣ ਕੇ ਮਿਰਜ਼ਾ ਬੜੇ ਜੋਸ਼ ਨਾਲ ਉਠਿਆ ਤੇ ਉਸ ਨੇ ਦੁਸ਼ਮਨ ਦਾ ਮੁਕਾਬਲਾ ਕਰਨਾ ਸ਼ੁਰੂ ਕੀਤਾ :

ਮਿਰਜ਼ੇ ਨੇ ਆਉਂਦਾ ਦੇਖਿਆ ਸਾਹਿਬਾਂ ਦਾ ਵੀਰ ਸ਼ਮੀਰ।
ਤੇ ਮਿਰਜ਼ੇ ਨੇ ਗੋਸ਼ਿਓਂ ਕੱਢਿਆ, ਕਰੜੀ ਮੁਖੀ ਦਾ ਤੀਰ।
ਕਰ ਬਿਸਮਿੱਲਾ ਛੱਡਿਆ, ਫਿਰਦਾ ਵਾਂਗੂ ਭੰਬੀਰ।
ਘੋੜੀ ਉਤੋਂ ਲਾਹ ਲਿਆ, ਸਾਹਿਬਾਂ ਦਾ ਵੀਰ ਸ਼ਮੀਰ।

ਇਸ ਤਰ੍ਹਾਂ ਮਿਰਜ਼ੇ ਦੇ ਹੱਥੋਂ ਸਾਹਿਬਾਂ ਦੇ ਵੀਰ ਸ਼ਮੀਰ ਦੇ ਮਰਨ ਤੇ ਸਿਆਲ ਪਿੱਛੇ ਹਟ ਗਏ ਤੇ ਮਿਰਜ਼ਾ ਜੰਗ ਫ਼ਤਿਹ ਹੋਇਆ ਸਮਝ ਕੇ ਅਭਿਮਾਨ ਨਾਲ ਫੇਰ

ਉਸੇ ਤਰ੍ਹਾਂ ਜੰਡ ਹੇਠ ਜਾ ਕੇ ਸੌਂ ਗਿਆ ਤੇ ਸਾਹਿਬਾਂ ਨੂੰ ਕਹਿ ਦਿੱਤਾ, ਜਿਵੇਂ ਕਿ ਕਵੀ ਪੀਲੂ ਲਿਖਦਾ ਹੈ :

ਮਿਰਜ਼ੇ ਦੇ ਦਿਲ ਵਿਚ ਬੜਾ ਗੁਮਾਨ ਸੀ, ਫਿਰ ਸੁੱਤਾ ਜੰਡੋਰੇ ਦੇ ਪਾਸ ।
ਮੈਂ ਵਲ ਵੱਢ ਦਿਆਂਗਾ ਸੂਰਮੇ, ਦੇਵਾਂ ਪੂਰ ਖਪਾ ।
ਸਾਹਿਬਾਂ ! ਮੈਨੂੰ ਝਟ ਕੁ ਢੌਂਕਾ ਲਾ ਲੈਣ ਦੇ, ਸੁੱਤਾ ਨਾਹ ਜਗਾ ।
ਦਿਨ ਚੜ੍ਹਦੇ ਨੂੰ ਚਲਾਂਗੇ, ਤੈਨੂੰ ਲੈ ਜਾਂ ਦਾਨਾਬਾਦ ।

ਬੱਸ ਫੇਰ ਕੀ ਸੀ, ਇਸ ਤਰ੍ਹਾਂ ਬੇਪਰਵਾਹੀ ਕਰਨ ਤੇ ਮਿਰਜ਼ੇ ਦਾ ਉਹੋ ਹਾਲ ਹੋਇਆ ਜੋ ਅਜਿਹੇ ਅਸਲੀਅਤ ਤੋਂ ਅਨਜਾਣ ਬਹਾਦੁਰਾਂ ਦਾ ਹੋਇਆ ਕਰਦਾ ਹੈ। ਸਿਆਲ ਫੇਰ ਫ਼ੌਜਾਂ ਜੋੜ ਕੇ ਬੜੀ ਤੇਜ਼ੀ ਨਾਲ ਚੜ੍ਹ ਆਏ, ਜਿਵੇਂ ਕਿ ਕਵੀ ਪੀਲੂ ਲਿਖਦਾ ਹੈ :

ਹੋਣੀ ਸਿਰ ਮਿਰਜ਼ੇ ਤੇ ਟੁੱਟ ਪਈ, ਰਲੀ ਸਿਆਲਾਂ ਦੇ ਨਾਲ ।
ਛੁੱਟੀ ਕਾਨੀ ਗ਼ਜ਼ਬ ਦੀ, ਲੈ ਗਈ ਮਿਰਜ਼ੇ ਨੂੰ ਨਾਲ ।
ਰੂਹ ਮਿਰਜ਼ੇ ਦੀ ਨਿਕਲ ਗਈ, ਲੱਗੀ ਜੰਡੋਰੇ ਦੇ ਨਾਲ ।

ਤੇ ਫਿਰ ਮਿਰਜ਼ਾ ਦੁਸ਼ਮਨ ਦਾ ਰੌਲਾ ਸੁਣ ਕੇ ਮੁੜ ਫੇਰ ਜਾਗਿਆ, ਪਰ ਇਸ ਸਮੇਂ ਸਾਹਿਬਾਂ ਨੇ ਇਹ ਸੋਚ ਕੇ ਕਿ ਕਿਤੇ ਮਿਰਜ਼ੇ ਦੇ ਹੱਥੋਂ ਉਸ ਦੇ ਸਾਰੇ ਹੀ ਭਾਈ-ਭਰਾ ਨਾ ਮਾਰੇ ਜਾਣ, ਇਸ ਲਈ ਉਸ ਦਾ ਤਰਕਸ਼ ਜੰਡ ਦੇ ਨਾਲ ਅਜਿਹਾ ਉੱਚਾ ਕਰ ਕੇ ਟੰਗ ਦਿੱਤਾ, ਜਿੱਥੇ ਮਿਰਜ਼ੇ ਦਾ ਹੱਥ, ਉਸ ਦੇ ਮਧਰੇ ਕੱਦ ਦੇ ਕਾਰਣ, ਪਹੁੰਚ ਨਹੀਂ ਸੀ ਸਕਦਾ। ਇਹ ਦੇਖ ਕੇ ਮਿਰਜ਼ੇ ਨੇ ਸਾਹਿਬਾਂ ਨੂੰ ਬੜੇ ਕ੍ਰੋਧ ਨਾਲ ਕਿਹਾ :

ਮੰਦਾ ਕੀਤੋਈ ਸਾਹਿਬਾਂ, ਮੇਰਾ ਤਰਕਸ਼ ਟੰਗਿਆ ਜੰਡ ।
ਤਿੰਨ ਸੌ ਕਾਨੀ ਮਿਰਜ਼ੇ ਖ਼ਾਨ ਦੀ, ਦਿੰਦਾ ਸਿਆਲਾਂ ਨੂੰ ਵੰਡ ।
ਪਹਿਲੀ ਮਾਰਾਂ ਤੇਰੇ ਵੀਰ ਦੇ, ਦੂਜੀ ਕੁਲੇ ਦੇ ਤੰਗ ।
ਤੀਜੀ ਮਾਰਾਂ ਉਸ ਦੇ, ਜੈਂਦੀ ਹੈਂ ਤੂੰ ਮੰਗ ।

ਬੱਸ ਫੇਰ ਭਲਾ ਇਸ ਤਰ੍ਹਾਂ ਉਲਾਂਭੇ ਦੇਣ ਤੇ ਕੀ ਬਣਦਾ ਸੀ। ਸਿਆਲਾਂ ਨੇ ਹੱਲਾ ਕਰ ਕੇ ਮਿਰਜ਼ੇ ਨੂੰ ਤੀਰਾਂ ਨਾਲ ਛਾਣ ਕੇ ਧਰਤੀ ਉਤੇ ਸਦਾ ਦੀ ਨੀਂਦੇ ਸਵਾ ਦਿੱਤਾ :

ਸਿਰੋਂ ਮੁੰਡਾਸਾ[1] ਢਹਿ ਪਿਆ, ਗਲ ਵਿਚ ਖੁਲ੍ਹੀ ਝੰਡ ।
ਬਾਝ ਭਰਾਵਾਂ ਜੱਟ ਮਾਰਿਆ, ਕੋਈ ਨ ਮਿਰਜ਼ੇ ਦੇ ਸੰਗ ।
ਮਿਰਜ਼ਾ ਮਾਰਿਆ ਮਲਕੁਲਮੌਤ ਨੇ, ਕੁਝ ਮਾਰਿਆ ਉਹ ਨੂੰ ਗੁਮਾਨ ।
ਵਿਚ ਕਬਰਾਂ ਦੇ ਖਪ ਗਿਆ, ਮਿਰਜ਼ਾ ਸੋਹਣਾ ਜੁਆਨ ।

ਇਸ ਤੋਂ ਬਾਦ ਸਾਹਿਬਾਂ ਦਾ ਸਿਆਲਾਂ ਦੇ ਹੱਥ ਗ੍ਰਿਫ਼ਤਾਰ ਹੋਣ ਤੇ ਜੋ ਹਾਲ ਹੋਇਆ, ਉਹ ਪਾਠਕ ਪਿੱਛੇ ਪੜ੍ਹ ਹੀ ਚੁੱਕੇ ਹਨ, ਇਸ ਲਈ ਉਸ ਨੂੰ ਏਥੇ ਮੁੜ ਦੁਹਰਾਉਣਾ ਜੋਗ ਨਹੀਂ ਹੈ। ਪਰ ਮਿਰਜ਼ੇ ਦੇ ਇਸ ਖ਼ੂਨ ਨਾਲ ਖਰਲਾਂ ਤੇ ਸਿਆਲਾਂ ਦਾ ਪਰਸਪਰ

[1]ਭਾਵ—ਲੋਹੇ ਦਾ ਟੋਪ ।

ਸਦੀਵੀ ਵਿਰੋਧ ਪੈ ਗਿਆ। ਇਹ ਇਕ ਆਮ ਰਵਾਇਤ ਹੈ ਕਿ ਜੱਟ ਅਜਿਹਾ ਵਿਰੋਧ ਕਦੇ ਦਿਲੋਂ ਨਹੀਂ ਭੁਲਾਇਆ ਕਰਦੇ, ਇਸ ਲਈ ਜਦੋਂ ਵੀ ਮੌਕਾ ਹੱਥ ਆਵੇ ਤਾਂ ਉਹ ਵੈਰੀ ਨੂੰ ਜਾ ਮਾਰਦੇ ਹਨ। ਇਹੋ ਹਾਲ ਖਰਲਾਂ ਨੇ ਕੀਤਾ ਤੇ ਜਦ ਮਿਰਜ਼ੇ ਦੇ ਮਾਰੇ ਜਾਣ ਦੀ ਦੁਖਦਾਈ ਖ਼ਬਰ ਦਾਨਾਬਾਦ ਪਹੁੰਚੀ ਤਾਂ ਸਾਰੇ ਹੀ ਖਰਲ, ਜਿਨ੍ਹਾਂ ਵਿਚ ਮਿਰਜ਼ੇ ਦੇ ਭਾਈ-ਭਰਾ ਵੀ ਸ਼ਾਮਲ ਸਨ, ਏਕਾ ਕਰ ਕੇ ਪੂਰੀ ਤਰ੍ਹਾਂ ਸਨੱਧ ਬੱਧ ਹੋਏ ਤੇ ਘੋੜਿਆਂ ਦੀ ਥਾਵੇਂ ਝੋਟਿਆਂ ਉਤੇ ਸਵਾਰ ਹੋ ਕੇ ਝੰਗ ਸਿਆਲਾਂ ਉਤੇ ਟੁੱਟ ਪਏ, ਜਿਵੇਂ ਕਿ ਲੋਕ ਕਵੀ ਗ਼ੁਲਾਮ ਹੁਸੈਨ ਦਾ ਕਥਨ ਹੈ :

ਖਰਲਾਂ ਜੰਗ ਦਾ ਜੋੜੇ, ਝੋਟੇ ਮੰਗੂਆਂ 'ਚੋਂ ਫੜੇ।
ਉਨ੍ਹਾਂ ਉਤੇ ਜੀਨ ਸਵਾਰੇ, ਓਹ ਖ਼ੌਰੂ ਪਾਂਦੇ ਚੜ੍ਹੇ।
ਓਹ ਲੰਘ ਗਏ ਚੀਰ ਸਾਂਦਲ ਬਾਰ ਨੂੰ,
ਜਾ ਝੰਗ ਸਿਆਲੀਂ ਖੀਵੇ ਖ਼ਾਂ ਦੇ ਵੜੇ।

ਇਸੇ ਤਰ੍ਹਾਂ ਕਵੀ ਖ਼੍ਵਾਹਿਸ਼ ਅਲੀ ਨੇ ਆਪਣੇ ਕਿੱਸਾ ਮਿਰਜ਼ਾ ਸਾਹਿਬਾਂ[1] ਵਿਚ ਖਰਲਾਂ ਦਾ ਸੰਢਿਆਂ ਉਤੇ ਸਵਾਰ ਹੋ ਕੇ ਚੜ੍ਹਾਈ ਕਰਨ ਦਾ ਨਕਸ਼ਾ ਇਸ ਤਰ੍ਹਾਂ ਖਿੱਚਿਆ ਹੈ :

ਉਪਰ ਝੋਟੇ ਸੰਢਿਆਂ, ਭੂਰੇ ਲੈਂਦੇ ਕੱਸ।
ਗਲੀਂ ਉਨ੍ਹਾਂ ਦੇ ਪਾਂਵਦੇ, ਜੰਗ ਟੱਲੀ ਤੇ ਹੱਸ।
ਸੰਢੇ ਭਲਾ ਕਿਉਂ ਲੈ ਚਲੇ, ਇਹ ਵੀ ਦੇਵਾਂ ਦੱਸ।
ਰਾ ਰਹਿਮੂ ਇਹ ਸੋਚਿਆ, ਪਿਛਾਂਹ ਨ ਆਵਣ ਨੱਸ।
ਮੁੜਦੇ ਮੂਲ ਨ ਮੋੜਿਆਂ, ਜੱਟ ਹੋਏ ਬੇਵੱਸ।

ਇਸ ਦੇ ਨਾਲ ਹੀ ਇਹ ਵੀ ਦੱਸਿਆ ਹੈ ਕਿ ਖਰਲਾਂ ਦੇ ਹੱਥਾਂ ਵਿਚ ਉਸ ਸਮੇਂ ਕਿਹੜੇ ਕਿਹੜੇ ਸ਼ਸਤ੍ਰ-ਅਸਤ੍ਰ ਸਨ :

ਨਾਲ ਉਨ੍ਹਾਂ ਦੇ ਸਭ ਨੇ, ਲਿਆ ਜੰਗ ਵਾਲਾ ਸਭ ਸਮਿਆਨ।
ਜਮਧਰ ਨੇਜ਼ੇ ਬਰਛੀਆਂ, ਤੀਰ ਜੁ ਸਣੇ ਕਮਾਨ।
ਲਏ ਤਮਾਚੇ ਬਾਜ਼ਿਆਂ, ਕੇਈ ਤਬਰ ਘੁਮਾਨ।
ਵਿਚ ਵਿਚ ਡਾਂਗਾਂ ਪਕੜ ਕੇ ਚੱਲੇ ਨਾਲ ਗੁਮਾਨ।
ਬਾਜ਼ੇ ਕਰਦੇ ਆਜਿਜ਼ੀ, ਅੱਗੇ ਉਸ ਰਹਮਾਨ।
ਰੱਖ ਲਿਆਵੀਂ ਖੀਵਿਓਂ, ਸਾਡਾ ਧਰਮ ਇਮਾਨ।
ਬਹਿ ਕੇ ਉਪਰ ਸੰਢਿਆਂ, ਟੁਰ ਪਏ ਸ਼ੇਰ ਜਵਾਨ।
ਰਾ ਰਹਿਮੂ ਝੱਟ ਚੜ੍ਹ ਪਿਆ, ਲੈ ਕੇ ਨਾਮ ਰਹਮਾਨ॥

(ਸਫ਼ਾ ੪੬)

ਫੇਰ ਇਸ ਤੋਂ ਅੱਗੇ ਲਿਖਿਆ ਹੈ ਕਿ ਇਹ ਖ਼ੂਨੀ ਲੜਾਈ ਲੜ ਕੇ ਖਰਲਾਂ ਨੇ ਕਿਵੇਂ ਫ਼ਤਿਹ ਹਾਸਲ ਕੀਤੀ ਤੇ ਮਿਰਜ਼ੇ ਦਾ ਵੈਰ ਕਿਸ ਤਰ੍ਹਾਂ ਲਿਆ :

---

[1] ਪ੍ਰਕਾਸ਼ਕ : ਮੁਨਸ਼ੀ ਅਜ਼ੀਜ਼ੁੱਦੀਨ, ਤਾਜਰ ਕੁਤਬ, ਕਸ਼ਮੀਰੀ ਬਾਜ਼ਾਰ, ਲਾਹੌਰ।

ਫ਼ੌਜਾਂ ਆਹਮੋ ਸਾਮ੍ਹਣੇ ਹੋਈਆਂ ਜਦੋਂ ਤਿਆਰ ।
ਲੱਗੀ ਉਥੇ ਵਰ੍ਹਨ ਸੀ ਜਮਧਰ ਛੁਰੀ ਕਟਾਰ ।
ਦੋਂਹ ਤਰਫ਼ਾਂ ਥੀਂ ਸੂਰਮੇ, ਔਣ ਅਗਾਂਹ ਲਲਕਾਰ ।
'ਫੜ ਲੋ ਫੜ ਲੋ' ਓਸ ਜਾ ਲੱਗੀ ਹੋਣ ਪੁਕਾਰ ।
ਇਕ ਦੂਜੇ ਨੂੰ ਮਾਰਦੇ ਨੇਜ਼ਾ ਤੇ ਤਲਵਾਰ ।
ਕਈ ਵਿਚ ਤੀਰ ਕਮਾਨ ਦਾ ਕਰਨ ਬਹਾਦੁਰ ਵਾਰ ।
ਵਿਚ ਉਨ੍ਹਾਂ ਦੇ ਜੰਗ ਦੇ ਡਾਢਾ ਪਿਆ ਘਮਸਾਨ ।
ਤਖ਼ਤਾ ਇਕ ਜ਼ਮੀਨ ਦਾ, ਚੜ੍ਹਿਆ ਵਲ ਅਸਮਾਨ ।
ਧੂੰਦ ਗੁਬਾਰਾ ਪੈ ਗਿਆ, ਅੰਦਰ ਉਸ ਮੈਦਾਨ ।
ਹੱਥ ਪਸਾਰਿਆ ਨਜ਼ਰ ਕੀ, ਦਿਸਣੋਂ ਰਿਹਾ ਜਹਾਨ ।
ਅਜ਼ਰਾਈਲ ਵੀ ਦੇਖ ਕੇ ਹੋਇਆ ਬਹੁਤ ਹੈਰਾਨ ।
ਬੋਲ ਜ਼ਬਾਨੋਂ ਆਖਦਾ, ਰੱਬਾ ਦਈਂ ਅਮਾਨ ।
ਡਰ ਡਰ ਕੇ ਹੱਥ ਪਾਂਵਦਾ, ਲੱਗ ਨ ਜਾਇ ਨਿਸ਼ਾਨ ।
ਅੰਦਰ ਐਸੇ ਜੰਗ ਦੇ ਮੁਸ਼ਕਿਲ ਬਚਦੀ ਜਾਨ ।
ਆਖ਼ਰ ਖਰਲਾਂ ਮਾਰ ਲਏ, ਫੜ ਕੇ ਕੁੱਲ ਸਿਆਲ ।
ਜ਼ਿੰਦਾ ਇਕ ਨ ਛੱਡਿਆ, ਕਿਆ ਬੁੱਢਾ ਕਿਆ ਬਾਲ ।

(ਸਫ਼ਾ ੪੮)

ਮਿਰਜ਼ੇ ਖਰਲ ਦੇ ਖ਼ੂਨ ਦਾ ਬਦਲਾ ਇਸ ਤਰ੍ਹਾਂ ਉਸ ਦੇ ਭਰਾਵਾਂ ਨੇ ਖੀਵੇ ਖ਼ਾਨ ਤੋਂ ਲਿਆ ਤੇ ਸਿਆਲਾਂ ਦੀ ਬਰਬਾਦੀ ਕਰ ਕੇ ਹਮੇਸ਼ਾਂ ਲਈ ਇਕ ਮਿਸਾਲ ਕਾਇਮ ਕਰ ਦਿੱਤੀ । ਮਿਰਜ਼ੇ ਖਰਲ ਦਾ ਇਹ ਕਿੱਸਾ ਆਮ ਕਿੱਸਿਆਂ ਵਾਂਗ ਨਿਰਾ ਪੂਰਾ ਇਕ ਇਸ਼ਕੀਆ ਕਿੱਸਾ ਨਹੀਂ, ਸਗੋਂ ਭਾਰਤ ਦੇ ਪ੍ਰੇਮ ਸੰਬੰਧੀ ਵੀਰ-ਕਾਵ੍ਯ ਦਾ ਇਕ ਉੱਤਮ ਨਮੂਨਾ ਹੈ, ਜਿਸ ਦੀ ਮਿਸਾਲ ਸ਼ਾਇਦ ਹੀ ਹੋਰ ਕਿਤੋਂ ਮਿਲ ਸਕੇ । ਕਵੀ ਪੀਲੂ ਤੇ ਮੀਆਂ ਹਾਫ਼ਿਜ਼ ਬਰਖ਼ੁਰਦਾਰ ਮਿਰਜ਼ੇ ਦੀ ਇਹ ਪ੍ਰੇਮਕ ਵਾਰ ਅਥਵਾ ਇਸ਼ਕੀਆ ਜੰਗਨਾਮਾ ਲਿਖਣ ਕਰ ਕੇ ਹੀ ਪੰਜਾਬੀ ਸਾਹਿੱਤ ਵਿਚ ਹਮੇਸ਼ਾਂ ਲਈ ਅਮਰ ਹੋ ਗਏ ਹਨ ।

ਕਾਂਗੜੇ ਦੀ ਵਾਰ

ਇਹ ਵਾਰ ਅਥਵਾ ਜੰਗਨਾਮਾ, ਜੋ ਕਾਂਗੜੇ ਦੇ ਭੋਜਕੀਆਂ ਦਾ ਲੋਕ-ਗੀਤ ਹੈ, ਸੰਨ 1956 ਦੇ ਨੇੜੇ ਤੇੜੇ ਮੈਨੂੰ ਭਾਈ ਮੋਹਨ ਸਿੰਘ ਜੀ ਵੈਦ ਤਰਨ ਤਾਰਨ (ਅਮ੍ਰਿਤਸਰ) ਦੇ ਪੁਸਤਕਾਲੇ ਵਿਚੋਂ ਉਨ੍ਹਾਂ ਦੇ ਸੁਪੁਤ੍ਰ ਭਾਈ ਸਾਹਿਬ ਤ੍ਰਿਲੋਕ ਸਿੰਘ ਜੀ ਵੈਦ ਦੀ ਉਦਾਰਤਾ ਨਾਲ ਪ੍ਰਾਪਤ ਹੋਇਆ ਸੀ। ਇਹ ਜੰਗੀ ਗੀਤ, ਜੋ ਕਾਂਗੜੇ ਦੇ ਭੋਜਕੀ ਲੋਕ ਦੇਵੀ ਦੀਆਂ ਭੇਟਾਂ ਵਜੋਂ ਗਾਉਂਦੇ ਹਨ, ਦੋ ਕਵੀਆਂ ਦੀ ਰਲੀ-ਮਿਲੀ ਪੁਰਾਣੀ ਰਚਨਾ ਹੈ। ਉਹ ਕਵੀ ਹਨ : (1) ਕਵੀ ਭੋਲਾ ਤੇ (2) ਤੁਲਸੀ ਦਾਸ।

ਮੁਗ਼ਲ ਬਾਦਸ਼ਾਹ ਅਕਬਰ ਦੇ ਸੰਬੰਧ ਵਿਚ ਇਹ ਲੋਕ-ਕਥਾ ਆਮ ਪ੍ਰਚਲਿਤ ਹੈ ਕਿ ਉਹ ਕਾਂਗੜੇ ਦੀ ਦੇਵੀ ਜੁਆਲਾ ਮੁਖੀ ਪਰ ਬੜੀ ਸ਼ੁੱਧਾ ਨਾਲ ਸਵਾ ਲੱਖ ਰੁਪਏ 'ਦਾ ਸੋਨੇ ਦਾ ਛਤ੍ਰ ਚੜ੍ਹਾਉਣ ਵਾਸਤੇ ਆਗਰੇ ਤੋਂ ਨੰਗੀ ਪੈਰੀਂ ਚੱਲ ਕੇ ਗਿਆ ਸੀ, ਪਰ ਇਹ ਕਹਾਣੀ ਕਿੱਥੋਂ ਤਕ ਸਹੀ ਹੈ, ਇਸ ਬਾਰੇ ਇਤਿਹਾਸਿਕ ਸਬੂਤ ਕੋਈ ਨਹੀਂ ਮਿਲਦਾ, ਸਿਵਾਇ ਇਸ ਦੇ ਕਿ ਕਾਂਗੜੇ ਦਾ ਕਿਲ੍ਹਾ, ਜਿਵੇਂ ਕਿ ਇਸ ਵਾਰ ਤੋਂ ਪਤਾ ਲਗਦਾ ਹੈ, ਦੇਵੀ ਦੁਰਗਾ ਨੇ ਕਾਂਗੜੇ ਦੇ ਰਾਜਾ ਤ੍ਰਿਲੋਕ ਚੰਦ ਨਾਲ ਕਿਸੇ ਗੱਲੋਂ ਨਾਰਾਜ਼ ਹੋਣ ਤੇ ਦਿੱਲੀ ਜਾ ਕੇ ਉਥੋਂ ਬਾਦਸ਼ਾਹ ਅਕਬਰ ਨੂੰ ਚੜ੍ਹਾ ਲਿਆਂਦਾ ਸੀ, ਜਿਸ ਕਰ ਕੇ ਰਾਜਾ ਤ੍ਰਿਲੋਕ ਚੰਦ ਦੇ ਸ਼ਿਕਸਤ ਖਾਣ ਤੇ ਇਹ ਕਿਲ੍ਹਾ ਫ਼ਤਿਹ ਹੋਇਆ ਸੀ, ਪਰ ਇਸ ਵਾਰ ਦਾ ਇਹ ਕਥਨ ਇਤਿਹਾਸਿਕ ਪੱਖ ਤੋਂ ਸਹੀ ਨਹੀਂ ਢੁਕਦਾ, ਕਿਉਂਕਿ ਮੁਗ਼ਲੇਈ ਇਤਿਹਾਸ ਦੇ ਕਥਨ ਅਨੁਸਾਰ ਬਾਦਸ਼ਾਹ ਅਕਬਰ ਨੇ ਸੰਨ 1580 ਈ. ਵਿਚ ਨਗਰ ਕੋਟ (ਕਾਂਗੜਾ) ਉਤੇ ਚੜ੍ਹਾਈ ਕੀਤੀ, ਪਰ ਫ਼ਤਿਹ ਨਾ ਹਾਸਲ ਕਰ ਸਕਿਆ। ਇਸ ਤੋਂ ਬਾਦ ਸੰਨ 1605 ਤੋਂ 1612 ਤਕ, ਜਦ ਕਿ ਏਥੇ ਅਕਬਰ ਦੀ ਥਾਵੇਂ ਜਹਾਂਗੀਰ ਦਾ ਰਾਜ ਸੀ ਤੇ ਕਾਂਗੜੇ ਉਤੇ ਕਟੋਚ ਰਾਜਾ ਤ੍ਰਿਲੋਕ ਚੰਦ ਦੀ ਹਕੂਮਤ ਸੀ ਤਾਂ ਸ਼ਾਹੀ ਫ਼ੌਜਾਂ ਨੇ ਇਕ-ਦੋ ਵੇਰ ਕਾਂਗੜਾ ਲੈਣ ਦੇ ਜਤਨ ਕੀਤੇ, ਪਰ ਉਹ ਨਿਸਫਲ ਹੀ ਗਏ। ਆਖ਼ਰ ਸੰਨ 1613 ਤੋਂ 1620 ਤਕ ਜਦ ਕਾਂਗੜੇ ਦੀ ਗੱਦੀ ਉਤੇ ਰਾਜਾ ਹਰੀ ਚੰਦ ਬੈਠਾ, ਜੋ ਅਜੇ ਬਾਲ ਉਮਰ ਵਿਚ ਹੀ ਸੀ, ਤਾਂ ਮੁਗ਼ਲ ਹਾਕਿਮਾਂ ਨੇ ਜਹਾਂਗੀਰ ਦੇ ਇਸ਼ਾਰੇ ਨਾਲ ਪਹਾੜੀ ਰਾਜਿਆਂ ਨਾਲ, ਜਿਨ੍ਹਾਂ ਵਿਚ ਰਾਜਾ ਗੁਲੇਰ ਤੇ ਰਾਜਾ ਨੂਰ ਪੁਰ ਮੋਢੀ ਸਨ, ਅੰਦਰਗਤੀ ਗੰਢ ਤ੍ਰੁਪ ਕਰ ਕੇ ਚੜ੍ਹਾਈ ਕੀਤੀ ਤਾਂ ਸੰਨ 1620 ਈ. ਵਿਚ ਕਾਂਗੜੇ ਦਾ ਇਹ ਦ੍ਰਿੜ੍ਹ ਕਿਲ੍ਹਾ ਬੜੀ ਮੁਸ਼ਕਿਲ ਨਾਲ ਫ਼ਤਿਹ ਹੋਇਆ। ਇਸ ਤਰ੍ਹਾਂ ਕਾਂਗੜਾ ਫ਼ਤਿਹ ਹੋਣ ਤੇ ਨਾਬਾਲਿਗ ਰਾਜਾ ਹਰੀ ਚੰਦ ਨੂੰ, ਜੋ ਉਸ ਸਮੇਂ ਮਸਾਂ 12 ਕੁ ਸਾਲ ਦਾ ਬੱਚਾ ਹੀ ਸੀ, ਜਾਗੀਰ ਵਜੋਂ ਰਾਜਗਿਰਿ ਦਾ ਇਲਾਕਾ ਮਿਲਿਆ ਤੇ ਬਾਕੀ ਸਾਰੀ ਰਿਆਸਤ ਮੁਗ਼ਲ ਹਕੂਮਤ ਦੇ ਪੇਟ ਜਾ ਪਈ।

ਇਹ ਹੈ ਕਾਂਗੜੇ ਦੇ ਫ਼ਤਿਹ ਹੋਣ ਦਾ ਸੰਖੇਪ ਹਾਲ, ਪਰ ਇਸ ਵਾਰ ਵਿਚ ਇਸ ਸਾਰੀ ਦੀ ਸਾਰੀ ਇਤਿਹਾਸਿਕ ਵਾਰਤਾ ਨੂੰ ਮਨੋਕਲਪਿਤ ਰੂਪ ਦੇ ਕੇ ਕੁਝ ਹੋਰਵੇਂ ਹੀ ਦੱਸਿਆ ਹੈ ਤੇ ਕਾਂਗੜੇ ਦੀ ਜਿੱਤ ਦਾਸਿਹਰਾ ਮੱਲੋ-ਜ਼ੋਰੀ ਅਕਬਰ ਦੇ ਸਿਰ ਬੰਨ੍ਹਿਆ ਗਿਆ ਹੈ, ਜੋ ਦਰਅਸਲ ਇਸ ਘਟਨਾ ਤੋਂ 15 ਸਾਲ ਪਹਿਲਾਂ ਸੰਨ 1605 ਵਿਚ ਹੀ ਮਰ ਗਿਆ ਸੀ। ਖ਼ੈਰ, ਇਸ ਇਤਿਹਾਸਿਕ ਉਕਾਈ ਦੇ ਬਾਵਜੂਦ ਵੀ ਇਹ ਵਾਰ ਆਪਣੀ ਕਿਸਮ ਦਾ ਇਕ ਪਹਿਲਾ ਜੰਗੀ ਗੀਤ ਹੈ, ਜੋ 17ਵੀਂ ਸਦੀ ਦੀ ਰਾਜਪੂਤ ਵੀਰ-ਪਰੰਪਰਾ ਨਾਲ ਕਾਫ਼ੀ ਹੱਦ ਤਕ ਸੰਬੰਧਿਤ ਤੇ ਇਲਾਕਾ ਪਹਾੜ ਦੀ ਇਕ ਦੇਵਤਾਵਾਦੀ ਵਿਚਾਰ-ਧਾਰਾ ਦਾ ਪ੍ਰਤੀਕ ਹੋਣ ਕਰ ਕੇ ਪਾਠਕਾਂ ਦੀ ਦਿਲਚਸਪੀ ਲਈ ਏਥੇ ਹੂ-ਬਹੂ ਦਿੱਤਾ ਜਾ ਰਿਹਾ ਹੈ, ਜੋ ਇਸ ਪ੍ਰਕਾਰ ਹੈ :

• ਗੌਰੀ ਪੁਤ੍ਰ ਗਣੇਸ਼ ਪਦ, ਬੰਦੋ ਬਾਰੰਬਾਰ।
ਕਾਰਜ ਕੀਜੇ ਸਿਧ ਆ, ਦੇਹੋ ਬੁੱਧ ਉਦਾਰ ॥ ੧ ॥
ਜਿਸ ਕੇ ਨਾਮ ਪ੍ਰਤਾਪ ਤੇ, ਜਲ ਪਰ ਸੈਲ ਤਰਾਹਿ।
ਵੈ ਰਘੁਨਾਇਕ ਦਾਸ ਕੇ, ਸਦਾ ਵਸੈ ਮਨ ਮਾਹਿ ॥ ੨ ॥
ਸਿਮਰੋ ਮਾਤਾ ਸ਼ਾਰਦਾ, ਹੋਤ ਬੁੱਧਿ ਪ੍ਰਗਾਸ ॥
ਸਭਾ ਬਿਗਾਨੀ ਬੈਠ ਕੇ, ਪਤ ਰਾਖੋ ਸਭ ਰਾਸ ॥ ੩ ॥
ਉਚਾ ਗੜ੍ਹ ਤੇਰਾ ਕਾਂਗੜਾ, ਉਪਰ ਧੌਲੀ ਧਾਰ।
ਸੰਤ ਖੜੇ ਦਰਬਾਰ ਮੈਂ, ਬੋਲਣ ਜੈ ਜੈਕਾਰ ॥ ੪ ॥
ਜਵਾਲਾ ਰਾਣੀ ਮਾਂ ਸਭਨਾਂ ਦੀ, ਦੇਖੀ ਤੇਰੀ ਕਲਾ ਸਵਾਈ।
ਵਰ ਦਾਤੀ ਸਰਦਾਤੀ ਦੁਰਗਾ, ਜਗਤ ਜੋਤ ਜਗ ਮਾਈ ॥ ੫ ॥
ਉਠ ਪ੍ਰਭਾਤੇ ਸਿਮਰੀ ਦੁਰਗਾ, ਦਿੰਦੀ ਰਿੱਧ ਸਿੱਧ ਸਾਰ।
ਬੇਦ ਪੜ੍ਹੰਤੇ ਬ੍ਰਹਮੇ ਸਿਮਰੀ, ਦੇਂਦੀਏਂ ਬੇਦ ਵਿਚਾਰ ॥ ੬ ॥
ਨਲ ਰਾਜੇ ਬਿਸਕਰਮੇ ਸਿਮਰੀ, ਸੇਤ ਸਮੁੰਦਰੋਂ ਪਾਰ।
ਪਿਆਲ ਲੋਕ ਵਿਚ ਬਾਸਕ ਨੇ ਸਿਮਰੀ, ਛਡਿਆ ਕੁੰਡਲ ਮਾਰ ॥ ੭ ॥
ਧਰਤੀ ਧੌਲ ਧੌਲੇ ਨ ਸਿਮਰੀ, ਸਿਰ ਪੁਰ ਧਰਤੀ ਧਾਰ।
ਜਿਸ ਦਿਨ ਤੋਂ ਸਿਰ ਚੁਕੀਆ ਧਰਤੀ, ਫੇਰ ਨ ਦੇਈ ਉਤਾਰ ॥ ੮ ॥
ਹਨੂਮਾਨ ਬਲੀਏ ਨੇ ਸਿਮਰੀ, ਲੰਕਾ ਦੀਨ ਜਰਾਇ।
ਰਾਮ ਚੰਦ ਤੇ ਲਛਮਨ ਸਿਮਰੀ, ਲੰਕਾ ਫਤੇ ਕਰਾਇ ॥ ੯ ॥
ਕਿੰਗਰੇ ਕਿੰਗਰੇ ਸੈਨਾ ਚੜ੍ਹ ਗਈ, ਦੀਨੀ ਲੰਕ ਲੁਟਾਇ।
ਰਾਵਣ ਮਾਰ ਗਰਦ ਕਰ ਦੀਨਾ, ਰਾਜ ਬਿਭੀਖਨ ਪਾਇ ॥ ੧੦ ॥
ਜਿਨ ਸੇਵੀ ਮਾਂ ਤਿਨ ਫਲ ਪਾਇਆ, ਘਟ ਘਟ ਆਪ ਸਮਾ।
ਨਿਹਚਾ ਦੇ ਨਾਲ ਦੇਂਦੀਏ ਦੇਵਾ, ਜੇ ਕੋਈ ਨਿਹਚਾ ਲਾ ॥ ੧੧ ॥
ਵਿਚ ਕੁਲਛੇਤਰ ਪਾਂਡਵ ਸਿਮਰੀ, ਬਹੁੜੀ ਜਾਲਫ ਮਾਂ[2]।
ਚੌਂਸਠ ਜੋਗਨਿ ਨਾਲ ਲਿਆ, ਕੁਲਛੇਤ੍ਰ ਫੇਰੀ ਪਾ ॥ ੧੨ ॥

---

[2]ਜਾਲਪਾ ਮਾਈ (ਭਵਾਨੀ), ਦੇਵੀ ਦਾ ਇਕ ਵਿਸ਼ੇਸ਼ਣ।

ਹਥ ਤ੍ਰਿਸੂਲ ਸਿੰਘੇ ਪਰ ਗਜਦੀ, ਸੂਹਾ ਬਾਣਾ ਲਾ ।
ਵਿਚ ਦਲਾਂ ਦੇ ਜੋਧੇ ਸਿਮਰੈਂ, ਚਕ੍ਰ ਬਾਣ ਚਲਾ ॥ ੧੩ ॥
ਅੰਨ੍ਹਿਆਂ ਲੋਣ, ਗੁੰਗਿਆਂ ਜਿਹਬਾ, ਭੁਲਿਆਂ ਰਾਹ ਬਤਲਾ ।
ਵਡੇ ਵਡੇ ਸਿਧ ਸੇਵਾ ਕਰਦੇ, ਬਹਿੰਦੇ ਧੂਣੀਆਂ ਪਾ ॥ ੧੪ ॥
ਔਤਰਿਆਂ ਘਰ ਪੁਤਰ ਦੇਂਦੀ ਏਂ, ਛਡੀਆਂ ਵੇਲਾ ਵਧਾ ।
ਨਿਹਚਾ ਦੇ ਫਲ ਦੇਂਦੀ ਏਂ ਦੇਵਾ, ਜੇ ਕੋਈ ਨਿਹਚਾ ਲਾ ॥ ੧੫ ॥
ਸੁਤਾ ਪਿਆ ਤ੍ਰਿਲੋਕ ਚੰਦ ਰਾਜਾ, ਮਾਤਾ ਆਣ ਜਗਾ ।
"ਉਠ ਖਾਂ ਰਾਜਿਆ ! ਸੁਤਿਆ, ਚੌਪੜ ਦੇਹ ਵਿਛਾ" ॥ ੧੬ ॥
ਰਾਜਾ ਤਿਲੋਕ ਚੰਦ ਸੁਤਾ ਉਠ ਕੇ, ਚੌਪੜ ਦੇਹ ਵਿਛਾ ।
ਮਾਤਾ ਤੇ ਤ੍ਰਿਲੋਕ ਚੰਦ ਖੇਡਦੇ, ਹੀਰੇ ਬਾਜ਼ੀ ਲਾ ॥ ੧੭ ॥
ਵਿਚ ਸਮੰਦਰ ਦੇ ਬਾਣੀਆਂ ਕੂਕੇ, ਬਹੁੜੀ ਜਾਲਫ ਮਾਂ ॥
ਸਵਾ ਲਖੇ ਦਾ ਛਤ੍ਰ ਝੁਲਾਵਾਂ, ਬੇੜਾ ਬੰਨੇ ਲਾ ॥ ੧੮ ॥
ਇਤਨੀ ਅਰਜ਼ ਸੁਣੀ ਮਹਾ ਮਈਆ, ਦਹਿਣੀ ਭੁਜਾ ਵਧਾ ॥
ਖੱਬੇ ਹੱਥ ਡਾਲ ਢਾਲਦੀ, ਸੱਜੇ ਬੇੜਾ ਬੰਨੇ ਲਾ ॥ ੧੯ ॥
ਝਾਂਜਰ ਸਣੇ ਜਨੇਵਰ ਭਿਜੀਆ, ਚੂੜੇ ਸੰਦੀ ਬਾਂਹ ।
ਪਲ ਵਿਚ ਗਈਆ ਛਿਨ ਵਿਚ ਆਈਆ, ਬੇੜਾ ਪਾਰ ਲੰਘਾ ॥ ੨੦ ॥
ਖਾਰਾ ਜਲ ਮਿੱਠਾ ਕਰ ਦਿੱਤਾ ਮਾਤਾ, ਤ੍ਰਿਲੋਕ ਚੰਦ ਮੁਖ ਲਗਾ ।
ਰਾ ਤ੍ਰਿਲੋਕ ਚੰਦ ਪੁਛਣਾ ਕਰਦਾ, 'ਸਚ ਕਹੋ ਮੇਰੀ ਮਾਂ ॥ ੨੧ ॥
ਇੰਦ੍ਰ ਨਹੀਂ, ਮਾਈ ! ਬਰਖਾ ਨ ਬਰਖੇ, ਇਹ ਜਲ ਕਹਾਂ ਸੇ ਆ ?
ਅੰਮ੍ਰਤ ਬੂੰਦਾਂ ਮਾਈ ਠੰਡੀ ਹੁੰਦੀ, ਇਹ ਜਲ ਖਾਰਾ ਲਿਆ" ॥ ੨੨ ॥
"ਏਸ ਖ਼ਿਆਲੇ ਪਿਆ ਰਾਜਿਆ, ਹੋਵੇਂਗਾ ਤੂੰ ਨਾ ।"
"ਰਾਜ ਗਿਆ ਤਾਂ ਜਾਣ ਦੇ ਮਾਤਾ, ਰਾਜਿਆਂ ਈਨ ਨ ਜਾ ॥ ੨੩ ॥
ਆਕੀ ਵਿਚ ਸਮੁੰਦਰ ਸੇਵਕ, ਕੂਕੇ ਜਾਲਫ ਮਾਂ ।
ਪਲ ਵਿਚ ਗਈਆ ਛਿਨ ਵਿਚ ਆਈਆ, ਬੇੜਾ ਪਾਰ ਲੰਘਾ ॥ ੨੪ ॥
ਮਾਈਏ ! ਕਹਾਂ ਸਮੁੰਦਰ, ਕਹਾਂ ਸੇਵਕ, ਤੂੰ ਪਾਸਾ ਖੇਲੋਂ ਆ ।"
ਮੰਦਾ ਕੀਤਾ ਤ੍ਰਿਲੋਕ ਰਾਜੇ, ਮਾਤਾ ਦਸਤ ਉਠਾ ॥ ੨੫ ॥
ਕੱਢ ਚਪੇੜ ਮਾਰਦੀ ਮਾਤਾ, ਸਿਰ ਰਾਜੇ ਦੇ ਲਾ ।
ਉਠ ਖੜੀ ਜਦ ਹੁੰਦੀ ਮਾਤਾ, ਸ਼ੇਰ ਲਿਆ ਮੰਗਵਾ ॥ ੨੬ ॥
ਹੋ ਅਸਵਾਰ ਸਿੰਘੇ ਦੀ ਦੇਵੀ, ਵਿਚ ਦਿੱਲੀ ਦੇ ਜਾ ।
ਹਥ ਤ੍ਰਿਸੂਲ ਸਿੰਘੇ ਪਰ ਗਜਦੀ, ਸੂਹਾ ਬਾਣਾ ਲਾ ॥ ੨੭ ॥
ਲੈਂਕੜਾ ਬੀਰ[1] ਸੋਹੇ ਅਗਵਾਣੀ. ਭੈਰੋਂ ਚਵਰ ਝੁਲਾ ।

---

[1]ਲੈਂਕੜਾ (ਲੰਕਾ ਵਾਲਾ) ਬੀਰ (ਸੂਰਮਾ) ਹਨੂਮਾਨ । ਭੈਰੋਂ ਪਹਿਲਾਂ ਦੇਵੀ ਦਾ ਵਿਰੋਧੀ ਦੇਵਤਾ ਸੀ । ਕਹਿੰਦੇ ਹਨ ਕਿ ਇਕ ਵੇਰ ਉਸ ਨੇ ਦੇਵੀ ਨੂੰ ਕੁਵਚਨ ਕਹੇ, ਜਿਸ ਤੇ ਗੁੱਸੇ ਹੋ ਕੇ (ਬਾਕੀ ਦੇਖੋ ਸਫ਼ਾ 144 ਉਤੇ)

ਸੁਤਾ ਪਿਆ ਸੀ ਅਕਬਰ ਗਾਜੀ, ਮਾਤਾ ਜਾਇ ਜਗਾ ॥ ੨੮ ॥
"ਉਠ ਖਾਂ ਸੁੱਤਿਆ ਅਕਬਰ ਬਾਦਸ਼ਾਹ, ਕਾਂਗੜਾ ਦਿਆਂ ਦਿਵਾ।"
"ਨਾ ਫੌਜਾਂ, ਨਾ ਲਸ਼ਕਰ ਮਾਤਾ, ਕਾਂਗੜਾ ਕਿਵੇਂ ਮਿਲਾ" ॥ ੨੯ ॥
ਪਾਸੋਂ ਦੇਂਦੀਆਂ ਲਸ਼ਕਰ ਫੌਜਾਂ, ਕਾਂਗੜਾ ਮਿਲਦਾ ਨਾਂ।
ਦਿਨ ਹੋਇਆ ਤਾਂ ਉਠਿਆ ਬਾਦਸ਼ਾਹ, ਬੀਰਬਲ ਨੂੰ ਸਦਵਾ ॥ ੩੦ ॥
ਆਂਹਦਾ 'ਰਾਤੀਂ ਸੁਪਨਾ ਆਇਆ, ਮੈਨੂੰ ਕੰਨਿਆ ਸੁਪਨੇ ਆ।
ਹਥ ਤ੍ਰਿਸੂਲ ਸਿੰਘੇ ਪਰ ਗਜਦੀ, ਸੂਹਾ ਬਾਣਾ ਲਾ ॥ ੩੧ ॥
ਮੂਹੋਂ ਬਚਨ ਇਹੋ ਹੀ ਕਰਦੀ, ਕਾਂਗੜਾ ਦਿਆਂ ਦਿਵਾ।"
ਹੁਕਮ ਕੀਤਾ ਅਕਬਰ ਬਾਦਸ਼ਾਹ, ਪੰਡਿਤ ਲਿਆ ਬੁਲਾ ॥ ੩੨ ॥
ਕਢਿਆ ਪੁਸਤਕ ਪੰਡਿਤ ਨੇ, ਉਹੋ ਹੀ ਸਗਨ ਮਨਾ।
ਵਾਰ ਬੁਧੇ ਦੇ ਦਿਨ ਜੋ ਦਸਦੀ, ਡੇਰਾ ਬਾਹਰ ਕਢਾ।
ਲੈਂਕੜਾ ਬੀਰ ਮਨਾ ਕੇ ਅਕਬਰ, ਡੇਰਾ ਲਿਆ ਕਢਾ ॥ ੩੪ ॥
ਮਜ਼ਲੋਂ ਮਜ਼ਲੀ ਚਲਿਆ ਬਾਦਸ਼ਾਹ, ਲੈਂਕੜਾ ਬੀਰ ਮਨਾ।
ਲੈਂਕੜਾ ਬੀਰ ਮਨਾ ਕੇ, ਅਕਬਰ ਕਾਂਗੜੇ ਪਹੁੰਚਾ ਜਾ ॥ ੩੫ ॥
ਖ਼ਬਰਾਂ ਹੋਈਆਂ ਮਾਤਾ ਨੂੰ, ਜਦ ਬਾਦਸ਼ਾਹ ਪਹੁੰਚਾ ਆ।
ਕੱਚੀ ਤੰਦ ਨਾਲ ਮਾਤਾ, ਆਜੈਂਤੀ ਪਰ ਤੋਪ ਚੜ੍ਹਾ ॥ ੩੬ ॥
ਛੁਟੀਆਂ ਤੋਪਾਂ ਆਜੈਂਤੀ ਤੋਂ, ਤ੍ਰਿਲੋਕ ਚੰਦ ਖਬਰਾਂ ਪਾ।
ਥਰਨ ਥਰਨ ਕਰ ਕੰਬਿਆ ਰਾਜਾ, ਗਿਆ ਮੇਰਾ ਵਕਤ ਵਿਹਾ ॥ ੩੭ ॥
ਅਕਬਰ ਮੈਂ ਤੇ ਚੜ੍ਹਨ ਨ ਜੋਗਾ, ਮਾਤਾ ਚੜ੍ਹ ਕੇ ਆ।
ਹਥ ਮਰੋੜੇ ਤਲੀਆਂ ਝਾੜੇ, ਗਿਆ ਮੇਰਾ ਵਖਤ ਵਿਹਾ ॥ ੩੮ ॥
ਕਾਂਗੜੇ ਦਾ ਆ ਕੁਟਵਾਲ ਬੀਰ ਭੈਰੋਂ, ਕੋਲ ਭੈਰੋਂ ਦੇ ਆ।
ਨੰਗੀ ਪੈਰੀਂ ਆਇਆ ਭਾਜਾ, ਕੌਂਧ ਘਾਸ ਗਲ ਪਾ ॥ ੩੯ ॥
ਮੱਦ ਮਾਸ ਆਹਾਰ ਭੈਰੋਂ ਦਾ, ਦਿੰਦਾ ਭੇਟਾ ਜਾ।
ਹੱਥ ਬੰਨ੍ਹੇ ਬੰਨ੍ਹ ਅਰਜ਼ਾਂ ਕਰਦਾ, ਮੱਥਿਓਂ ਸੀਸ ਨਿਵਾ ॥ ੪੦ ॥
ਖ਼ੁਸ਼ੀ ਹੋਇਕੇ ਚੜ੍ਹਦਾ ਭੈਰੋਂ, ਹੱਥ ਤਮਾਚਾ ਲਿਆ।
ਛੁਟੇ ਤਮਾਚੇ ਭੈਰੋਂ ਦੇ, ਅਕਬਰ ਖਬਰਾਂ ਪਾ ॥ ੪੧ ॥

(ਸਫ਼ਾ 143 ਦੇ ਫ਼ੁਟਨੋਟ ਦੀ ਬਾਕੀ)

ਦੇਵੀ ਨੇ ਉਸ ਦਾ ਸਿਰ ਕੱਟ ਦਿੱਤਾ। ਫੇਰ ਉਸ ਨੂੰ ਅਮੀਂ ਜਲ ਦੇ ਛਿੱਟੇ ਦੇ ਕੇ ਜ਼ਿੰਦਾ ਕੀਤਾ ਜਾਂ ਉਂਜ 'ਮਰਿਆ ਬਲਾ ਟਲ ਗਈ' ਕਹਿ ਕੇ ਗਲੋਂ ਹੀ ਲਾਹ ਛੱਡਿਆ, ਇਸ ਗੱਲ ਦਾ ਕੋਈ ਪਤਾ ਨਹੀਂ ਲਗਦਾ, ਪਰ ਇਸ ਦੇ ਬਾਵਜੂਦ ਵੀ ਦੇਵੀ ਦੀਆਂ ਕਈ ਮੂਰਤੀਆਂ ਵਿਚ ਭੈਰੋਂ ਦੀ ਸ਼ਕਲ ਇਕ ਅਧੀਨ ਕਰਮਚਾਰੀ ਦੇ ਰੂਪ ਵਿਚ ਦਿਖਾਈ ਜਾਂਦੀ ਹੈ। ਏਥੇ ਛੰਦ-ਅੰਕ ੨੮ ਵਿਚ ਦੱਸਿਆ ਹੈ ਕਿ ਭੈਰੋਂ ਦੇਵਤਾ ਦੁਰਗਾ ਦੇਵੀ ਨੂੰ ਚੌਰ ਕਰਦਾ ਹੈ, ਪਰ ਅੱਗੇ ਛੰਦ-ਅੰਕ ੪੧-੪੨ ਵਿਚ ਉਹੋ ਹੀ ਭੈਰੋਂ ਦੇਵੀ ਦੇ ਮੁਕਾਬਲੇ ਤੇ ਰਾਜਾ ਤ੍ਰਿਲੋਕ ਚੰਦ ਵਲੋਂ ਜੰਗ ਕਰਦਾ ਦਰਸਾਇਆ ਗਿਆ ਹੈ, ਜੋ ਪਰਸਪਰ ਵਿਰੋਧੀ ਗੱਲਾਂ ਹਨ।

ਥਰਹਰ ਕੰਬਦਾ ਅਕਬਰ ਬਾਦਸ਼ਾਹ, ਡੇਰੇ ਬੈਠਾ ਆ।
ਡੇਰਾ ਕੂਚ ਕਰਾ ਕੇ, ਚਾਲੀ ਕੋਹੀਂ ਬੈਠਾ ਜਾ ॥ ੪੨ ॥
ਖਬਰਾਂ ਹੋਈਆਂ ਮਾਤਾ ਨੂੰ, ਜਦ ਭੈਰੋਂ ਕਰੀ ਲੜਾਈ।
ਮਨਸ਼ਾ ਦੇਵੀ ਮਹਾਂ ਮਾਇਆ, ਜਵਾਲਾ ਲਈ ਬੁਲਾਈ ॥ ੪੩ ॥
ਸੱਤੇ ਭੈਣਾਂ ਹੋਈਆਂ ਕੱਠੀਆਂ, ਭੈਰੋਂ ਲਿਆ ਬੁਲਾਈ।
"ਸਾਡਾ ਸਦਿਆ ਆਇਆ ਬਾਦਸ਼ਾਹ, ਆਪੇ ਆਇਆ ਨਾਹੀਂ" ॥ ੪੪ ॥
ਸੁੱਟੀ ਤਮਾਚਾ ਚਲਿਆ ਭੈਰੋਂ, ਡੇਰੇ ਬਹਿੰਦਾ ਜਾਈ।
ਇਤਨੇ ਮੈਂ ਮਾਤਾ ਜੀ ਨੇ, ਬਾਦਸ਼ਾਹ ਨੂੰ ਲਿਆ ਬੁਲਾਈ ॥ ੪੫ ॥
ਧੱਕੇ ਦੇ ਕੱਢ ਦਿੱਤਾ ਤ੍ਰਿਲੋਕ ਚੰਦ, ਅਕਬਰ ਰਾਜ ਬਹਾਈ।
ਹੁਕਮ ਕੀਤਾ ਅਕਬਰ ਸ਼ਾਹ ਨੇ, ਲਈ ਮਸੀਤ ਪਵਾਈ ॥ ੪੬ ॥
ਅੰਦਰ ਭਜਨ ਮਾਤਾ ਦਾ ਹੋਇ, ਬਾਹਰ ਮੁਗਲਾਂ ਬਾਂਗ ਦਿਵਾ।
ਮੁਗਲਾਂ ਤੇ ਮਉਲਾਣਿਆਂ ਭਰ ਕਰ ਦੂਤੀ ਲਾ ॥ ੪੭ ॥
ਜਾਦੂ ਦੀ ਅਗਨ ਬਲੇ ਵਿਚ ਪਰਬਤ, ਈਹਾ ਨ ਦੇਵੀ ਕਾ।
ਹੁਕਮ ਕੀਤਾ ਅਕਬਰ ਸ਼ਾਹ ਨੇ, ਤਵੇ ਲਏ ਮੰਗਵਾ ॥ ੪੮ ॥
ਸੱਤ ਸੱਤ ਤਵੇ ਜੜਾਏ ਬਾਦਸ਼ਾਹ, ਉਪਰ ਜੋਤ ਦੇ ਜਾ।
ਮੰਡੀਏ ਦੇ ਜਦ ਤਵੇ ਚੜ੍ਹਾਏ, ਕਰੜੀਆਂ ਮੇਖਾਂ ਲਾ ॥ ੪੯ ॥
ਸੱਤੇ ਤਵੇ ਜਦ ਫੋੜਦੀ ਮਾਤਾ, ਕਲਜੁਗ ਜੋਤ ਸਵਾ।
ਮੁਗਲਾਂ ਤੇ ਮਉਲਾਣਿਆਂ, ਭਰ ਕਰ ਦੂਤੀ ਲਾ ॥ ੫੦ ॥
ਜਾਦੂ ਦੀ ਅਗਨ ਬਲੇ ਵਿਚ ਪਰਬਤ, ਈਹਾਂ ਨਾ ਆਦਿ ਕੁਆਰ।
ਰਾਲ, ਤੇਲ ਤੇ ਗੰਧਕ ਪਾਵਣ, ਛਡਦੇ ਜੋਤ ਜਗਾ ॥ ੫੧ ॥
ਹੁਕਮ ਕੀਤਾ ਅਕਬਰ ਸ਼ਾਹ ਨੇ, ਨਹਿਰ ਲਵੋ ਮੰਗਵਾ।
ਲੱਖਾਂ ਰੁਪਏ ਖਰਚ ਕੇ ਅਕਬਰ, ਨਹਿਰ ਲਈ ਮੰਗਵਾ ॥ ੫੨ ॥
ਭਰ ਭਰ ਨਹਿਰ ਸੁਟਾਈ ਬਾਦਸ਼ਾਹ ਨੇ, ਮਾਤਾ ਦੀ ਜੋਤ ਸਵਾਈ।
ਸੁੱਤਾ ਪਿਆ ਸੀ ਅਕਬਰ ਬਾਦਸ਼ਾਹ, ਮਾਤਾ ਆਣ ਦਬਾਈ ॥ ੫੩ ॥
ਤੈਨੂੰ ਮਾਰਾਂ, ਦਿੱਲੀ ਉਜਾੜਾਂ, ਤੇਰੀ ਦੂਰ ਕਰਾਂ ਬਾਦਸ਼ਾਹੀ।
ਥਰਹਰ ਕਰ ਕੇ ਕੰਬਿਆ ਬਾਦਸ਼ਾਹ, ਰਿਹਾ ਹੋਸ਼ ਨਾ ਕਾਈ ॥ ੫੪ ॥
"ਮੈਂ ਭੀ ਪੁਤਰ ਤੁਮਾਰਾ ਮਾਤਾ, ਸਭ ਤੇਰੀ ਬਾਦਸ਼ਾਹੀ।"
ਹੱਥ ਬੰਨ੍ਹੇ ਬੰਨ੍ਹ ਅਰਜ਼ਾਂ ਕਰਦਾ, "ਮਿਹਰ ਕਰੋ ਮੇਰੀ ਮਾਈ ॥ ੫੫ ॥
ਸਵਾ ਲਖੇ ਦਾ ਛਤ੍ਰ ਚੜ੍ਹਾਵਾਂ, ਬਖ਼ਸ਼ ਲਵੋ ਮੇਰੀ ਮਾਂ।"
ਦਿਨ ਹੋਇਆ ਤਾਂ ਉਠ ਕੇ ਬਾਦਸ਼ਾਹ, ਬੇਗਮ ਲਈ ਬੁਲਾ ॥ ੫੬ ॥
ਨੰਗੀ ਪੈਰੀਂ ਚਲਿਆ ਬਾਦਸ਼ਾਹ, ਬੇਗਮ ਸੰਗ ਲਿਜਾ।
ਜਾਇ ਖੜਾ ਹੋਇ ਭੌਣ ਅੱਗੇ, ਕੌਂਧ ਘਾਸ ਗਲ ਪਾ ॥ ੫੭ ॥
ਸੱਦ ਭੋਜਕੀ ਹਮਨ ਕਰਾਇਆ, ਭੇਟਾ ਬੋਲਣ ਆ।
ਖ਼ੁਸ਼ੀ ਹੋਇ ਕਰ ਮਾਤਾ ਨੇ, ਤਬ ਦਰਸ਼ਨ ਦਿੱਤਾ ਆ ॥ ੫੮ ॥

ਚਿਲੇ ਕਮਾਨ ਚੜ੍ਹਾਇਆ ਮਾਤਾ ਨੇ, ਬਾਦਸ਼ਾਹ ਦਿਆ ਬਣਾ ।
ਮਸਤਕ ਤਿਲਕ ਲਗਾ ਕੇ, ਅਕਬਰ ਦਿੱਤਾ ਰਾਜ ਬਹਾ ॥ ੫੯ ॥
ਹੋ ਪ੍ਰਸੰਨ ਗਈ ਤਬ ਮਾਤਾ, ਬੈਠੀ ਆਸਣ ਲਾ ।
ਭੁੱਲਿਆਂ ਨੂੰ ਬਖ਼ਸ਼ੰਦੀ ਮਾਤਾ, ਜੋ ਕੋਈ ਨਿਹਚਾ ਲਾ ॥ ੬੦ ॥

ਇਸ ਵਾਰ ਨਾਲ ਸੰਬੰਧਿਤ ਕਿਸੇ 'ਭੇਟ' ਦੇ ਅੰਤ ਵਿਚ ਸੰਮਤ 1931 ਬਿ: ਅੱਸੂ 16 ਦਿਨ ਬੁੱਧਵਾਰ ਲਿਖਿਆ ਹੋਇਆ ਹੈ, ਜੋ ਇਸ ਦਾ ਰਚਨਾ-ਕਾਲ ਨਹੀਂ, ਬਲਕਿ ਇਸ ਦੇ ਨਕਲ ਕੀਤੇ ਜਾਣ ਦਾ ਸਮਾਂ ਹੈ । ਬੋਲੀ ਇਸ ਵਾਰ ਦੀ ਸ਼ੁੱਧ ਪਹਾੜੀ ਪੰਜਾਬੀ ਹੈ ਜੋ ਕਾਂਗੜੇ ਦੇ ਇਲਾਕੇ ਵਿਚ ਬੋਲੀ ਤੇ ਸਮਝੀ ਜਾਂਦੀ ਹੈ, ਪਰ ਨਾਲ ਹੀ ਇਸ ਵਾਰ ਵਿਚ ਕਿਤੇ ਕਿਤੇ ਹਿੰਦੀ ਦੀ ਪੁਠ ਵੀ ਚੜ੍ਹੀ ਹੋਈ ਹੈ । ਕਈ ਥਾਵੀਂ ਕੁਝ ਉਰਦੂ, ਫ਼ਾਰਸੀ ਤੇ ਪਹਾੜੀ ਬੋਲੀ ਦੇ ਸ਼ਬਦ ਵੀ ਵਰਤੇ ਗਏ ਹਨ । ਪੰਜਾਬੀ ਦੇ ਲੋਕ-ਸਾਹਿੱਤ ਵਿਚ ਇਹ 'ਵਾਰ' ਪਹਾੜੀ ਪੰਜਾਬੀ ਬੋਲੀ ਤੇ ਇਤਿਹਾਸ ਦਾ ਇਕ ਅੱਛਾ ਰਲਗੱਡ ਜਿਹਾ ਨਮੂਨਾ ਹੋਣ ਕਰ ਕੇ ਯੋਗ ਸਥਾਨ ਮੱਲਣ ਦੀ ਹਰ ਤਰ੍ਹਾਂ ਹੱਕਦਾਰ ਹੈ ।

ਸਹਾਇਕ ਪੁਸਤਕਾਂ ਦੀ ਸੂਚੀ

ਪੰਜਾਬੀ ਪੁਸਤਕਾਂ :

ਬਚਿਤ੍ਰ ਨਾਟਕ ਪਾਤਸ਼ਾਹੀ ੧੦, ਸ਼ਿਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਅਮ੍ਰਿਤਸਰ ।

ਸ੍ਰੀ ਗੁਰੁ ਸੋਭਾ (ਕਵਿ ਸੈਨਾਪਤਿ) ਸੰਪਾਦਕ—ਸ਼ਮਸ਼ੇਰ ਸਿੰਘ ਅਸ਼ੋਕ, ਸਿੱਖ ਇਤਿਹਾਸ ਰੀਸਰਚ ਬੋਰਡ, ਅਮ੍ਰਿਤਸਰ, ਸੰਨ 1968 ਈ. ।

ਨੀਸਾਣ ਤੇ ਹੁਕਮਨਾਮੇ (ਸ਼ਮਸ਼ੇਰ ਸਿੰਘ ਅਸ਼ੋਕ), ਸਿੱਖ ਇਤਿਹਾਸ ਰੀਸਰਚ ਬੋਰਡ, ਅਮਿਤਸਰ, ਸੰਨ 1960 ਈ. ।

ਗੁਰੁ ਬਿਲਾਸ ਪਾਤਸ਼ਾਹੀ ੬ (ਕਵਿ ਸੋਹਨ), ਵਜ਼ੀਰ ਹਿੰਦ ਪ੍ਰੈਸ, ਅਮ੍ਰਿਤਸਰ, 1960 ਈ. ।

ਗੁਰੁ ਬਿਲਾਸ ਪਾਤਸ਼ਾਹੀ ੧੦ (ਕੋਇਰ ਸਿੰਘ) ਸੰਪਾਦਕ—ਸ਼ਮਸ਼ੇਰ ਸਿੰਘ ਅਸ਼ੋਕ, ਪੰਜਾਬੀ ਯੂਨੀਵਰਸਿਟੀ, ਪਟਿਆਲਾ, ਸੰਨ 1960 ਈ. ।

ਗੁਰੁ ਮਹਿਮਾ ਪ੍ਰਕਾਸ਼ (ਬਾਬਾ ਸਰੂਪ ਦਾਸ, ਭੱਲਾ), ਹੱਥ-ਲਿਖਿਤ ਪ੍ਰਤੀ, ਸੰ. 1858 ਬਿ. ।

ਸ੍ਰੀ ਗੁਰ ਮਹਿਮਾ ਪ੍ਰਕਾਸ਼ (ਭਾਈ ਮੋਤਾ ਸਿੰਘ ਬੰਨੋਆਣੀਆ), ਗੁਰਮਤ ਗ੍ਰੰਥ ਪ੍ਰਚਾਰਕ ਸਭਾ, ਅਮ੍ਰਿਤਸਰ, 1953 ਬਿ. ।

ਗੁਰੁ ਪ੍ਰਤਾਪ ਸੂਰਜ (ਭਾਈ ਸੰਤੋਖ ਸਿੰਘ), ਖ਼ਾਲਸਾ ਸਮਾਚਾਰ, ਅਮ੍ਰਿਤਸਰ, 1960-65 ਈ. ।

ਗੁਰੁ ਰਤਨ ਮਾਲ—ਸੌ ਸਾਖੀ (ਸਾਹਿਬ ਸਿੰਘ), ਹੱਥ ਲਿਖਿਤ ਪ੍ਰਤੀ, ਸੰਮਤ 1893 ਬਿ. ।

ਗੁਰੁ ਪਦ ਪ੍ਰੇਮ ਪ੍ਰਕਾਸ਼ (ਬਾਬਾ ਸੁਮੇਰ ਸਿੰਘ), ਮਤਬੈ ਆਫ਼ਤਾਬ ਪੰਜਾਬ, ਲਾਹੌਰ, 1882 ਈ. ।

ਗ੍ਰੰਥ ਵਿਜਯ ਮੁਕਤ (ਜਨਮ ਸਾਖੀ ਗੁਰੂ ਗੋਬਿੰਦ ਸਿੰਘ), ਆਨੰਦ ਪ੍ਰਕਾਸ਼ ਪ੍ਰੈਸ, ਅਮ੍ਰਿਤਸਰ, 1851 ਬਿ. ।

ਭਾਈ ਬੰਨੋ ਪ੍ਰਕਾਸ਼ (ਭਾਈ ਜਵਾਹਰ ਸਿੰਘ), ਟਾਈਪ ਕੀਤੀ ਹੋਈ ਪ੍ਰਤੀ ਸ੍ਰੀ ਗੁਰੂ ਰਾਮਦਾਸ ਲਾਇਬ੍ਰੇਰੀ, ਅਮ੍ਰਿਤਸਰ, 1902 ਬਿ. ।

ਜਨਮ ਸਾਖੀ ਬਾਬਾ ਅਟੱਲ ਸਾਹਿਬ ਜੀ ਕੀ (ਉਤਮ ਸਿੰਘ ਕਾਲੜਾ), ਚਸ਼ਮੇ ਨੂਰ ਪ੍ਰੈਸ, ਅਮ੍ਰਿਤਸਰ ।

ਦਸਗੁਰਾਂ ਦੀ ਕਥਾ (ਕਵਿ ਕੰਕਣ), ਸੰਪਾਦਕ ਕ੍ਰਿਪਾਲ ਸਿੰਘ ਐਮ. ਏ., ਖ਼ਾਲਸਾ ਟ੍ਰੈਕਟ ਸੁਸਾਇਟੀ, ਅਮ੍ਰਿਤਸਰ, 1967 ਈ. ।

ਪ੍ਰਾਚੀਨ ਪੰਥ ਪ੍ਰਕਾਸ਼ (ਰਤਨ ਸਿੰਘ ਭੰਗੂ) ਖ਼ਾਲਸਾ ਸਮਾਚਾਰ, ਅਮ੍ਰਿਤਸਰ, 1939 ਈ. ।

ਸ੍ਰੀ ਗੁਰੁ ਪੰਥ ਪ੍ਰਕਾਸ਼ (ਗਿਆਨੀ ਗਿਆਨ ਸਿੰਘ), ਮਤਬਾ ਚਸ਼ਮੇ ਨੂਰ, ਸ੍ਰੀ ਅਮ੍ਰਿਤਸਰ, 1946 ਬਿ. ।

ਵਾਰਾਂ ਗਿਆਨ ਰਤਨਾਵਲੀ (ਭਾਈ ਗੁਰਦਾਸ), ਵਜ਼ੀਰ ਹਿੰਦ ਪ੍ਰੈਸ, ਅਮ੍ਰਿਤਸਰ ।

ਸਿੱਖਾਂ ਦੀ ਭਗਤ ਮਾਲਾ (ਭਾਈ ਮਨੀ ਸਿੰਘ), ਹੱਥ ਲਿਖਿਤ ਪ੍ਰਤੀ, ਮੇਰੇ ਆਪਣੇ ਪੁਸਤਕ-ਸੰਗ੍ਰਹ ਵਿਚੋਂ ।

ਮਾਲਵਾ ਦੇਸ ਰਟਨ ਦੀ ਸਾਖੀ ਪੋਥੀ, ਸੰਪਾਦਕ—ਭਾਈ ਵੀਰ ਸਿੰਘ, ਖ਼ਾਲਸਾ ਸਮਾਚਾਰ, ਅਮ੍ਰਿਤਸਰ, 1950 ਈ. ।

ਸ਼ਹੀਦ ਬਿਲਾਸ ਭਾਈ ਮਨੀ ਸਿੰਘ (ਗਿਆਨੀ ਗਰਜਾ ਸਿੰਘ), ਪੰਜਾਬੀ ਸਾਹਿੱਤ ਅਕਾਡਮੀ, ਲੁਦਿਹਾਣਾ, 1961 ਈ. ।

ਸ਼ਸ਼ਿ ਵੰਸ਼ ਵਿਨੋਦ (ਬਾਬਾ ਗਣੇਸ਼ਾ ਸਿੰਘ, ਬੇਦੀ), ਹੱਥ ਲਿਖਿਤ ਨੋਟ, ਵ੍ਰਿਜੇਸ਼ ਭਵਨ, ਨਾਭਾ (ਜ਼ਿਲਾ ਪਟਿਆਲਾ) ।

ਗੁਰੁ ਸ਼ਬਦ ਰਤਨਾਕਰ ਮਹਾਨ ਕੋਸ਼ (ਭਾਈ ਕਾਨ੍ਹ ਸਿੰਘ, ਨਾਭਾ), ਪਟਿਆਲਾ, 1960 ਈ. ।

ਪੰਜਾਬ ਦੇ ਹੀਰੇ (ਮੌਲਾ ਬਖ਼ਸ਼, ਕੁਸ਼ਤਾ), ਸੁਦਰਸ਼ਨ ਪ੍ਰੈਸ, ਅਮ੍ਰਿਤਸਰ, 1950 ਈ. ।

ਤਵਾਰੀਖ਼ ਗੁਰੂ ਖ਼ਾਲਸਾ, 3 ਹਿੱਸੇ, ਗਿਆਨੀ ਗਿਆਨ ਸਿੰਘ, ਵਜ਼ੀਰ ਹਿੰਦ ਪ੍ਰੈਸ, ਅਮ੍ਰਿਤਸਰ ।

ਗੁਰਪੁਰਬ ਨਿਰਣਯ (ਕਰਮ ਸਿੰਘ, ਹਿਸਟੋਰੀਅਨ), ਵਜ਼ੀਰ ਹਿੰਦ ਪ੍ਰੈਸ, ਅਮ੍ਰਿਤਸਰ, 1969 ਬਿ. ।

ਆਲੋਚਨਾ, ਗੁਰੂ ਗੋਬਿੰਦ ਸਿੰਘ-ਅੰਕ, ਪੰਜਾਬੀ ਸਾਹਿੱਤ ਅਕਾਡਮੀ, ਲੁਦਿਹਾਣਾ, 1966 ਈ. ।

ਨੈਂ ਝਨਾਂ (ਹਰਜੀਤ ਸਿੰਘ), ਪੰਜ ਦਰਿਆ ਪ੍ਰਕਾਸ਼ਨ, ਨਿਸਬਤ ਰੋਡ, ਲਾਹੌਰ, 1942 ਈ. ।

ਪ੍ਰਾਚੀਨ ਜੰਗ ਨਾਮੇ (ਸ਼ਮਸ਼ੇਰ ਸਿੰਘ ਅਸ਼ੋਕ), ਸ਼ਿਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਅਮ੍ਰਿਤਸਰ, 1950 ਈ. ।

ਪੰਜਾਬ ਦਾ ਸੰਖੇਪ ਇਤਿਹਾਸ (ਸ਼ਮਸ਼ੇਰ ਸਿੰਘ ਅਸ਼ੋਕ), ਲਾਹੌਰ ਬੁੱਕ ਸ਼ਾਪ, ਲੁਦਿਹਾਣਾ, 1958-61 ਈ. ।

ਪੰਜਾਬ ਦਾ ਇਤਿਹਾਸ (ਮੱਧ ਕਾਲੀਨ ਪੰਜਾਬ), ਸ਼ਮਸ਼ੇਰ ਸਿੰਘ ਅਸ਼ੋਕ, ਕਸਤੂਰੀ ਲਾਲ ਐਂਡ ਸਨਜ਼, ਅਮ੍ਰਿਤਸਰ, 1966 ਈ. ।

ਪੰਜਾਬੀ ਹੱਥ ਲਿਖਤਾਂ ਦੀ ਸੂਚੀ, ਦੋ ਭਾਗ, ਸ਼ਮਸ਼ੇਰ ਸਿੰਘ ਅਸ਼ੋਕ, ਭਾਸ਼ਾ ਵਿਭਾਗ, ਪੰਜਾਬ, ਪਟਿਆਲਾ, 1961-63 ਈ. ।

ਪੰਜਾਬੀ ਜੀਵਨ ਤੇ ਸੰਸਕ੍ਰਿਤੀ, ਸ਼ਮਸ਼ੇਰ ਸਿੰਘ ਅਸ਼ੋਕ, ਕਸਤੂਰੀ ਲਾਲ ਐਂਡ ਸਨਜ਼, ਬਾਜ਼ਾਰ ਮਾਈ ਸੇਵਾਂ, ਅਮ੍ਰਿਤਸਰ :

ਮੀਰੀ ਪੀਰੀ ਦੇ ਮਾਲਿਕ ਸ੍ਰੀ ਗੁਰੂ ਹਰਿਗੋਬਿੰਦ ਜੀ (ਸ਼ਮਸ਼ੇਰ ਸਿੰਘ ਅਸ਼ੋਕ), ਗੁਰਦੁਆਰਾ ਕਮੇਟੀ, ਬੰੜ ਹਾਈ ਕਲਾਂ, ਸੰਗਰੂਰ, 1966 ਈ. ।

ਸਾਡਾ ਹੱਥ ਲਿਖਿਤ ਪੰਜਾਬੀ ਸਾਹਿੱਤ (ਸ਼ਮਸ਼ੇਰ ਸਿੰਘ ਅਸ਼ੋਕ), ਸ਼ਿਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਅੰਮ੍ਰਿਤਸਰ, 1969 ਈ. ।

ਕਾਂਗੜਾ (ਡਾ. ਮਹਿੰਦਰ ਸਿੰਘ, ਰੰਧਾਵਾ), ਨਵਯੁਗ ਪਬਲਿਸ਼ਰਜ਼, ਦਿੱਲੀ, 1955 ਈ. ।

ਪੰਜਾਬ ਦੇ ਲੋਕ-ਗੀਤ (ਡਾ. ਮਹਿੰਦਰ ਸਿੰਘ, ਰੰਧਾਵਾ), ਲਾਹੌਰ ਬੁੱਕ ਸ਼ਾਪ, ਲੁਦਿਹਾਣਾ, 1956 ਈ. ।

ਕੁੱਲੂ ਦੇ ਲੋਕ-ਗੀਤ (ਡਾ. ਮਹਿੰਦਰ ਸਿੰਘ, ਰੰਧਾਵਾ), ਅਤਰ ਚੰਦ ਕਪੂਰ, ਦਿੱਲੀ,1955 ਈ. ।

ਬਾਰ ਦੇ ਢੋਲੇ (ਪ੍ਰੋ. ਸ਼ੇਰ ਸਿੰਘ, ਸ਼ੇਰ), ਹਿੰਦ ਪਬਲਿਸ਼ਰਜ਼, ਅੰਮ੍ਰਿਤਸਰ, 1954 ਈ. ।

ਹਿੰਦੀ ਪੁਸਤਕਾਂ :

ਜਹਾਂਗੀਰ ਕਾ ਆਤਮ ਚਰਿਤ (ਬ੍ਰਿਜ ਰਤਨ ਦਾਸ), ਨਾਗਰੀ ਪ੍ਰਚਾਰਿਣੀ ਸਭਾ, ਬਨਾਰਸ, 2014 ਬਿ. ।

ਮੁਗ਼ਲ ਦਰਬਾਰ (ਮੁਆਸਿਰ-ਉਲ-ਉਮਰਾ), ਪੰਜ ਹਿੱਸੇ, ਨਾਗਰੀ ਪ੍ਰਚਾਰਿਣੀ ਸਭਾ, ਬਨਾਰਸ ।

ਭਾਰਤ ਕੇ ਪ੍ਰਾਚੀਨ ਰਾਜ ਵੰਸ਼ (ਵਿਸ਼ੇਸ਼੍ਵਰ ਨਾਥ, ਰੇਉ), ਜੋਧਪੁਰ (ਰਾਜਸਥਾਨ), 1920-25 ਈ. ।

ਰਾਜਪੂਤਾਨੇ ਕਾ ਇਤਿਹਾਸ (ਗੌਰੀ ਸ਼ੰਕਰ ਹੀਰਾ ਚੰਦ, ਓਝਾ), ਅਜਮੇਰ, 1936 ਈ. ।

ਔਰੰਗਜ਼ੇਬ ਨਾਮਾ, ਤਿੰਨ ਭਾਗ, ਮੁਨਸ਼ੀ ਦੇਵੀ ਪ੍ਰਸਾਦ, ਜੋਧਪੁਰ (ਰਾਜਸਥਾਨ), ਛਾਪਾ ਬੰਬਈ ।

ਇਤਿਹਾਸ ਗੁਰੂ ਖ਼ਾਲਸਾ (ਸਾਧੂ ਗੋਬਿੰਦ ਸਿੰਘ, ਨਿਰਮਲੇ), ਸ੍ਰੀ ਵੇਂਕਟੇਸ਼੍ਵਰ ਸਟੀਮ ਪ੍ਰੈਸ, ਬੰਬਈ ।

ਗੁਰੂ ਗੋਬਿੰਦ ਸਿੰਘ (ਵੇਣੀ ਪ੍ਰਸਾਦ), ਇੰਡੀਅਨ ਪ੍ਰੈਸ, ਪ੍ਰਯਾਗ, 1931 ਈ. ।

ਸਿੱਖੋਂ ਕਾ ਉੱਥਾਨ ਔਰ ਪਤਨ (ਨੰਦ ਕੁਮਾਰ ਦੇਵ, ਸ਼ਰਮਾ) ਕਾਸ਼ੀ ਨਾਗਰੀ ਪ੍ਰਚਾਰਿਣੀ ਸਭਾ, 1997 ਬਿ. ।

ਉਰਦੂ-ਫ਼ਾਰਸੀ ਕਿਤਾਬਾਂ :

ਸੀਹਰਫ਼ੀ ਸੱਯਦ ਸ਼ਾਹ ਮੀਰਾਂ ਭੀਖ, ਹੱਥ ਲਿਖਿਤ ਪ੍ਰਤੀ, ਮੇਰੇ ਆਪਣੇ ਪੁਸਤਕ-ਸੰਗ੍ਰਹ ਵਿਚੋਂ ।

ਤੋਜ਼ਕਿ ਜਹਾਂਗੀਰੀ, ਨਵਲ ਕਿਸ਼ੋਰ ਪ੍ਰੈਸ, ਲਖਨਊ (ਉੱਤਰ ਪ੍ਰਦੇਸ਼) ।

ਤਾਰੀਖ਼ਿ ਮੁੰਤਖ਼ਿਬੁੱਲੁਬਾਬ ਖ਼ਾਫ਼ੀ ਖ਼ਾਨ (੩ ਹਿੱਸੇ), ਬੰਗਾਲ ਏਸ਼ੀਆਟਿਕ ਸੁਸਾਇਟੀ, ਕਲਕੱਤਾ ।

ਤਾਰੀਖ਼ਿ ਸਿੱਖਾਂ (ਮੁਨਸ਼ੀ ਖ਼ੁਸ਼ਵਕਤ ਰਾਇ) ਹੱਥ ਲਿਖਿਤ ਪ੍ਰਤੀ, ਮੇਰੇ ਆਪਣੇ ਪੁਸਤਕਾਲਯ ਵਿਚੋਂ ।

ਤਾਰੀਖ਼ਿ ਹਿੰਦੂਸਤਾਨ, 10 ਹਿੱਸੇ, ਮੌਲਵੀ ਜ਼ਕਾਉੱਲਾ, ਅਲੀਗੜ੍ਹ (ਉੱਤਰ ਪ੍ਰਦੇਸ਼) 1917 ਈ. ।

ਦਬਿਸਤਾਨਿ ਮਜ਼ਾਹਿਬ (ਮੁਹਸਿਨ ਫ਼ਾਨੀ)[1] ਨਵਲ ਕਿਸ਼ੋਰ ਪ੍ਰੈਸ, ਲਖਨਊ (ਉੱਤਰ ਪ੍ਰਦੇਸ਼) ।

ਰਾਜਪੂਤ ਗੋਤੇਂ (ਚੌਧਰੀ ਮੁਹੰਮਦ ਅਫ਼ਜ਼ਲ ਖ਼ਾਨ), ਅਮ੍ਰਿਤਸਰ ।

ਤਾਰੀਖ਼ਿ ਰਾਜਗਾਨਿ ਜੰਮੂ ਵ ਕਸ਼ਮੀਰ (ਠਾਕੁਰ ਕਾਨ੍ਹ ਸਿੰਘ, ਬਿਲਾਵਰੀਆ), ਲਾਹੌਰ, 1986 ਬਿ. ।

ਤਾਰੀਖ਼ਿ ਰਾਜਗਾਨਿ ਜੰਮਵਾਲ, ਹਿੱਸਾ ਦੋਇਮ (ਠਾਕੁਰ ਕਾਨ੍ਹ ਸਿੰਘ, ਬਿਲਾਵਰੀਆ), ਜੰਮੂ, ਸੰਮਤ 1988 ਬਿ. ।

ਤਾਰੀਖ਼ਿ ਰਾਜਪੂਤਾਨਿ ਦੁਆਬਾ ਜਾਲੰਧਰ, ਹਿੱਸਾ ਅੱਵਲ, ਕ੍ਰਿਤ ਨਗੀਨਾ ਰਾਮ ਪ੍ਰਮਾਰ, ਕਪੂਰਥਲਾ, ਸੰਮਤ 1965 ਬਿ. ।

ਤਾਰੀਖ਼ਿ ਰਿਆਸਤ ਹੰਡੂਰ ਉਰਫ਼ ਨਾਲਾਗੜ੍ਹ (ਲਾਲਾ ਬਾਲਕ ਰਾਮ, ਸ਼ਾਦ) ਬਿਜਵਾੜਾ, ਜ਼ਿਲਾ ਹੁਸ਼ਿਆਰਪੁਰ, ਸੰਮਤ 1952 ਬਿ. ।

ਖ਼ਜ਼ੀਨਾਤੁਲ ਅਸਫ਼ੀਆ (ਮੌਲਵੀ ਗ਼ੁਲਾਮ ਸਰਵਰ ਲਾਹੌਰੀ), ਨਵਲ ਕਿਸ਼ੋਰ ਪ੍ਰੈਸ, ਲਖਨਊ ।

ਇਕਬਾਲ ਨਾਮਾ ਜਹਾਂਗੀਰੀ ਕ੍ਰਿਤ ਮਿਰਜ਼ਾ ਮੁਹੰਮਦ ਉਰਫ਼ ਮੁਤਮਿਦ ਖ਼ਾਨ ਬਖ਼ਸ਼ੀ, ਉਸਮਾਨੀਆ ਯੂਨੀਵਰਸਿਟੀ, ਔਰੰਗਾਬਾਦ (ਦੱਖਨ), 1928 ਈ. ।

ਤਾਰੀਖ਼ਿ ਹਸਨ (ਕਸ਼ਮੀਰ) ਦੋ ਹਿੱਸੇ, ਕ੍ਰਿਤ ਪੀਰ ਗ਼ੁਲਾਮ ਹਸਨ, ਰਿਆਸਤ ਜੰਮੂ ਵ ਕਸ਼ਮੀਰ, 1954 ਈ. ।

ਤਾਰੀਖ਼ਿ ਰਿਆਸਤ ਸਿਰਮੌਰ ਕ੍ਰਿਤ ਕੰਵਰ ਰਣਜੋਰ ਸਿੰਘ ਰਈਸ, ਨਾਹਨ (ਸਿਰਮੌਰ), ਸੰਨ 1912 ਈ. ।

ਇਬਰਤਨਾਮਾ (ਤਾਰੀਖ਼ਿ ਸਿੱਖਾਂ), ਦੋ ਹਿੱਸੇ, ਕ੍ਰਿਤ ਮੁਫ਼ਤੀ ਅਲੀਉੱਦੀਨ, ਪੰਜਾਬੀ ਅਦਬੀ ਅਕਾਡਮੀ, ਲਾਹੌਰ, 1961 ਈ. ।

ਅਉਲੀਆਇ ਮੁਲਤਾਨ (ਸੱਯਦ ਮੁਹੰਮਦ ਅਉਲਾਦ ਅਲੀ ਗੀਲਾਨੀ), ਲਾਹੌਰ, 1962 ਈਸਵੀਂ ।

ਤਾਰੀਖ਼ਿ ਕਿਸ਼ਤਵਾੜ (ਪੰਡਿਤ ਸ਼ਿਉ ਜੀ ਦਰ) ਰਿਆਸਤ ਜੰਮੂ ਵ ਕਸ਼ਮੀਰ, ਸੰਨ 1962 ਈ. ।

[1]ਡਾਕਟਰ ਗੰਡਾ ਸਿੰਘ ਜੀ ਨੇ ਦਬਿਸਤਾਨਿ ਮਜ਼ਾਹਿਬ ਦਾ ਲੇਖਕ ਮੁਹਸਿਨ ਫ਼ਾਨੀ ਹੀ ਮੰਨਿਆ ਹੈ । (ਵੇਖੋ, A Bibliography of the Punjab, Punjabi University, Patiala, 1966, Page 162.)

ਤਹਕੀਕਾਤਿ ਚਿਸ਼ਤੀ (ਮੌਲਵੀ ਨੂਰਿ ਅਹਮਦ ਚਿਸ਼ਤੀ), ਹਮੀਦੀਆ ਸਟੀਮ ਪ੍ਰੈਸ, ਲਾਹੌਰ, 1324 ਈ. ।

ਦਾਰਾ ਸ਼ਿਕੋਹ ਕੇ ਮਜ਼ਹਬੀ ਅਕ਼ਾਇਦ (ਸੱਯਦ ਮੁਹੰਮਦ ਇਸਲਾਮ ਸ਼ਾਹ) ਲਾਹੌਰ, 1968 ਈਸਵੀ ।

ਹਯਾਤਿ ਸਰਮਦ (ਮੌਲਾਨਾ ਅਬੁਲ ਕਲਾਮ, ਆਜ਼ਾਦ), ਤਨਵੀਰ ਪ੍ਰੈਸ, ਲਖਨਊ ।

ਚਾਰ ਬਾਗਿ ਪੰਜਾਬ (ਗਣੇਸ਼ ਦਾਸ, ਵਡਹਿਰਾ), ਸੰਪਾਦਕ : ਪ੍ਰੋ. ਕ੍ਰਿਪਾਲ ਸਿੰਘ ਐਮ, ਏ., ਖ਼ਾਲਸਾ ਕਾਲਜ, ਅਮ੍ਰਿਤਸਰ, 1965 ਈ. ।

ਹਿੰਦੁਸਤਾਨ ਅਹਿਦਿ ਮੁਗ਼ਲੀਆ ਮੇਂ (ਨਿਕੋਲਾਸ ਮਨੂਚੀ), ਪੰਜ ਹਿੱਸੇ, ਅਨੁਵਾਦਕ—ਮੁਲਕ ਰਾਜ ਸ਼ਰਮਾ, ਲਾਹੌਰ ।

ਮਿਰਅਤੁੱ ਸਲਾਤੀਨ (ਸੈਰੁਲ ਮੁਤਾਖ਼ਰੀਨ), ਨਵਲ ਕਿਸ਼ੋਰ ਪ੍ਰੈਸ, ਲਖਨਊ, 1870 ਈ. ।

ਸ੍ਵਾਨਹ ਉਮਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ (ਦੌਲਤ ਰਾਇ), ਜੇ. ਐਸ. ਸੰਤ ਸਿੰਘ, ਦਿੱਲੀ, 1969 ਈ. ।

ਅੰਗ੍ਰੇਜ਼ੀ ਪੁਸਤਕਾਂ :

Akbar the Great Mogul by V. A. Smith, S. Chand & Co., Delhi, 1966.

History of the Punjab by Sayad Mohd. Latif, Calcutta, 1889.

Lahore, its History, Architetural Remains & Antiquities by Sayad Mohd. Latif, Lahore, 1956-57.

The Cambridge History of India, Vol. IV, S. Chand & Co., New Delhi, 1957.

History of Aurangzeb by Sir Jadu Nath Sarkar, Calcutta, 1912-21.

Mughal Rule in India by S. M. Edwardes & Garrett, New Delhi, 1962.

History of the Punjab Hill States (2 Vols.) by J. Hutchison & Vogel, Lahore, 1933.

History of the Sikhs by J. D. Cunningham, S. Chand & Co., Delhi, 1966.

The Sikh Religion (6 Vols.) by M. A. Maccauliffe, S. Chand & Co., Delhi, 1963.

Legends of the Punjab (3 Vols.) by R. C. Temple, Patiala, 1963.

Panjab Castes by Sir Denzil Ibbetson, Lahore, 1916.

Punjab Settlement Manual by J. M. Donic, I. C. S., Lahore, 1909.

A Glossary of the Tribes & Castes of the Punjab & North Western Frontier Province (3 Vols.) by Sir Denzil Ibbetson, Lahore, 1916.

Sakhee Book (Sau Sakhi) Translated by Sirdar Attar Singh, Chief of Bhadaur, Benares, 1873.

Banur Had Orders by S. Ajit Singh Baagha, Ranjit Printers & Publishers, Delhi-6, 1969.

Military system of the Sikhs by Dr. Fauja Singh M. A., Ph. D., Delhi, 1956.

Travels of Guru Gobind Singh by Dr. Fauja Singh, M. A., Ph. D., Punjabi University, Patiala, 1968.

ਸ਼ਬਦ-ਅਨੁਕ੍ਰਮਣਿਕਾ

(ਹ)

(ਕ)